# ਬੰਦਾ ਸਿੰਘ ਬਹਾਦਰ

ਕੁਲਦੀਪ ਭਟਨਾਗਰ

"ਕਵੀਦੀਪ"



ਲੇਖਕ ਨੇ ਇਸ ਨਾਵਲ ਵਿਚ ਇਕ ਇਤਿਹਾਸਕ ਹਸਤੀ ਨੂੰ ਭੂਤਕਾਲ ਵਿਚ ਰੰਗੀਜ਼ ਕੇ ਇਕ ਜਿਊਂਦਾ-ਜਾਗਦਾ ਪਾਤਰ ਬਣਾਇਆ ਹੈ ਜਿਹੜਾ ਪਾਠਕ ਦੇ ਅੰਤ੍ਰੀਵ ਨੂੰ ਮੁੜ-ਮੁੜ ਟੁੰਬਦਾ ਝੰਜੋੜਦਾ ਹੈ। ਲੇਖਕ ਨੇ ਪਰਾਏ ਇਤਿਹਾਸਕਾਰਾਂ ਵੱਲੋਂ ਪਾਏ ਭੁਲੇਖਿਆਂ ਨੂੰ ਦੂਰ ਕਰਕੇ ਇਨਸਾਨ ਨੂੰ ਇਨਸਾਨ ਨਾਲ ਜੋੜਨ ਦਾ ਇਕ ਠੋਸ ਯਤਨ ਕੀਤਾ ਹੈ।

— ਕਰਤਾਰ ਸਿੰਘ ਦੁੱਗਲ

ਲੇਖਕ ਨੇ ਬੜੀ ਡੂੰਘਾਈ ਅਤੇ ਸੰਵੇਦਨਸ਼ੀਲਤਾ ਨਾਲ ਭੁੱਲੇ-ਵਿਸਾਰੇ ਮਹਾਂਨਾਇਕ ਬੰਦਾ ਸਿੰਘ ਬਹਾਦਰ ਦੀ ਜੀਵਨੀ ਨੂੰ ਐਨੇ ਅਰਸੇ ਮਗਰੋਂ ਵੀ ਬੜੀ ਖੂਬੀ ਨਾਲ ਕਲਮਬੰਦ ਕੀਤਾ ਹੈ। ਨਾਵਲ ਦੇ ਪੰਨਿਆਂ ਵਿਚੋਂ ਬੰਦਾ ਸਿੰਘ ਬਹਾਦਰ ਇਕ ਸਰਵਪੱਖੀ ਸੂਰਮਾ ਸ਼ਖਸ਼ੀਅਤ ਵੱਜੋਂ ਉੱਭਰ ਕੇ ਰੂ-ਬਰੂ ਹੋ ਜਾਂਦਾ ਹੈ। ਨਾਵਲ ਦੀ ਸ਼ੈਲੀ ਬੜੀ ਸਹਿਜ ਅਤੇ ਸੁਭਾਵਕ ਹੈ ਜਿਸ ਨੇ ਨਾਵਲ ਦੇ ਪਲਾਟ ਦਾ ਚਿੱਤਰਣ ਸਗੋਂ ਹੋਰ ਪ੍ਰਮਾਣੀਕ ਰੂਪ ਵਿਚ ਕੀਤਾ ਹੈ।

—ਗੁਰਦਿਆਲ ਸਿੰਘ

ਬੰਦਾ ਬਹਾਦਰ ਭਾਵੇਂ ਇਕ ਇਤਿਹਾਸਕ ਨਾਵਲ ਨਹੀਂ ਹੈ ਪਰ ਇਤਿਹਾਸਕ ਪਿਛੋਕੜ ਵਿਚ ਲਿਖਿਆ ਇਹ ਨਾਵਲ ਠੋਸ ਪ੍ਰਗਟਾਵੇ ਦੇ ਆਧਾਰ ਤੇ 300 ਸਾਲ ਪੁਰਾਣੇ ਉਸ ਮਹਾਂਨਾਇਕ ਨਾਲ ਪੂਰਾ ਨਿਆਂ ਕਰਦਾ ਹੈ। ਉਸ ਮਹਾਂਨਾਇਕ ਦੇ ਸੰਤ ਅਤੇ ਸਿਪਾਹੀ ਦੇ ਮਿਸ਼ਰਿਤ ਵਿਅਕਤੀਤਵ ਨੂੰ ਲੇਖਕ ਨੇ ਬੜੀ ਖੂਬੀ ਨਾਲ ਚਿੱਤਰਿਆ ਹੈ ਅਤੇ ਉਸ ਦਲੇਰ ਸੈਨਾਪਤੀ ਨੂੰ ਇਕ ਬੇਹਤਰੀਨ ਮਨੁੱਖ ਦੇ ਰੁਤਬੇ ਦੇ ਯਥਾਰਥ ਦੇ ਅੰਦਰ ਹੀ ਪੇਸ਼ ਕੀਤਾ ਹੈ, ਜਿਸ ਨੇ ਆਪਣੀਆਂ ਬਾਹਾਂ ਦੇ ਜ਼ੋਰ ਨਾਲ ਇਕ ਵਿਸ਼ਾਲ ਜ਼ਾਲਿਮ ਹਕੂਮਤ ਨਾਲ ਲੋਹਾ ਲਿਆ।

—ਟੀ.ਆਰ. ਵਿਨੋਦ

ਭਾਰਤੀ ਇਤਿਹਾਸ ਵਿਚ ਅਜੇਹੇ ਮਹਾਂਨਾਇਕਾਂ ਦੀ ਗਿਣਤੀ ਵੀ ਘੱਟ ਨਹੀਂ ਹੈ ਜਿਨ੍ਹਾਂ ਦਾ ਅਗਿਆਤ ਕਾਰਨਾਂ ਕਰਕੇ ਢੁੱਕਵਾਂ ਮੁੱਲਾਂਕਣ ਨਹੀਂ ਹੋ ਸਕਿਆ। ਬੰਦਾ ਸਿੰਘ ਬਹਾਦਰ ਵੀ ਅਜੇਹੇ ਹੀ ਇਕ ਮਹਾਨਾਇਕ ਹਨ। ਲੇਖਕ ਨੇ ਹਰੇਕ ਦ੍ਰਿਸ਼ਟੀ ਤੋਂ ਇਸ 'ਮਹਾਨਾਇਕ' ਦੀ ਗਾਥਾ ਨਾਲ ਪੂਰਾ-ਪੂਰਾ ਨਿਆਂ ਕਰਨ ਦੀ ਈਮਾਨਦਾਰ ਕੋਸ਼ਿਸ਼ ਕੀਤੀ ਹੈ।

— ਚੰਦਰ ਤ੍ਰਿਖਾ (ਡਾ.)

# ਬੰਦਾ ਸਿੰਘ ਬਹਾਦਰ

## (ਇਤਿਹਾਸ ਦੇ ਪਿਛੋਕੜ ਵਿਚ)

ਕੁਲਦੀਪ ਭਟਨਾਗਰ

*'ਕਵੀਦੀਪ'*

logo and Imprint is owned by Unistar Books Pvt. Ltd.

*Copyright © 2002, 2004*

All rights reserved

Price : 175/-

**Banda Singh Bahadur(A novel)**

*by*

**Kuldeep Bhatnagar**

Punjabi Edition : 2002,2004
Published by Lokgeet Parkashan
S.C.O. 26-27, Sector 34 A, Chandigarh-160022, Ph.0172-5077427, 5077428
Type Setting & Design PCIS, Chandigarh and
Printed at Savitar Press, Chandigarh Ph:0172-5075710

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਕਾਲੇ ਬਾਣੇ ਵਾਲੇ
ਬਾਬੇ ਦੇ
ਨਾਂ

# ਭਾਗ ਸੂਚੀ


- *ਜਾਣ-ਪਛਾਣ* — *9*
- *ਦੋ ਸ਼ਬਦ* — *11*
- *ਧੰਨਵਾਦ ਸਹਿਤ* — *15*

1. ਸ਼ਿਕਾਰੀ — 21
2. ਵੈਰਾਗੀ — 24
3. ਮਾਧੋਦਾਸ — 29
4. ਤੰਤਰ ਵਿਦਿਆ — 34
5. ਗੁਰੂ ਆਗਮਨ — 38
6. ਕੂਚ — 40
7. ਆਸ਼ਰਮ — 42
8. ਗੁਰੂ ਦਰਸ਼ਨ — 44
9. ਬੰਦਾ ਸਿੰਘ ਬਹਾਦਰ — 50
10. ਲੰਮੀਆਂ ਵਾਟਾਂ — 55
11. ਪੰਜਾਬ ਵਿੱਚ ਦਾਖਲਾ — 59
12. ਸਮਾਣੇ ਦੀ ਜਿੱਤ ਤੇ ਹੋਰ ਜਿੱਤਾਂ — 65
13. ਰੋਪੜ — 73
14. ਸਰਹੰਦ ਦੀ ਤਿਆਰੀ — 76
15. ਛੱਪੜ-ਝਿੜੀ — 81
16. ਫਿਰ ਸੰਨਿਆਸੀ! — 96
17. ਮਾਲੇਰਕੋਟਲਾ — 101
18. ਬਾਦਸ਼ਾਹ ਪੰਜਾਬ ਵਿੱਚ — 106
19. ਉੱਤਰ ਭਾਰਤ — 109
20. ਹੈਦਰੀ ਝੰਡਾ — 113
21. ਦੋਆਬੀਆ ਸਿੱਖ — 118

22. ਬਾਦਸ਼ਾਹ ਦੀ ਪੈਹਲ 122
23. ਪੁੱਠੀ ਹਵਾ 125
24. ਕੱਸਦਾ ਜਾਂਦਾ ਜਾਲ 131
25. ਲੋਹਗੜ੍ਹ ਦੀ ਲੜਾਈ 134
26. ਬਾਦਸ਼ਾਹ ਬਹਾਦਰ ਸ਼ਾਹ ਦਾ ਤਵਾਰੀਖੀ ਸਫ਼ਰ 141
27. ਬੰਦਾ ਸਿੰਘ ਬਹਾਦਰ-ਦੂਸਰੀ ਪਾਰੀ 143
28. ਇੱਕ ਹੋਰ ਫਤਹਿ 149
29. ਲੋਹਗੜ੍ਹ ਰਾਜਧਾਨੀ....... ਫਿਰ ਤੋਂ 155
30. ਸਹੀ ਜਾਂ ਗਲਤ (ਅਕਤੂਬਰ 1713-ਫਰਵਰੀ 1715) 158
31. ਸਿੱਖ ਸਾਮਰਾਜ 168
32. ਘਰ ਨੂੰ ਲੱਗੀ ਅੱਗ ਘਰ ਦੇ ਚਿਰਾਗ ਦੇ ਨਾਲ 170
33. ਕੈਦ ਅਤੇ ਅਪਮਾਨ 185
34. ਮੈਂ ਵੀ ਜਾਣਾ ਹੈ 192
35. ਤਸੀਹੇ ਅਤੇ ਮੌਤ 194
36. ਉਪਸੰਹਾਰ 198
- *ਵਿਭਿੰਨ ਘਟਨਾਵਾਂ ਦੀਆਂ ਤਰੀਕਾਂ (1674-1716)* *201*
- *ਬਿਬਲਿਉਗ੍ਰਾਫੀ* *207*
- *ਬੰਦਾ ਨਿਵਾਸ ਦੀ ਯਾਤਰਾ* *208*

# ਜਾਣ-ਪਛਾਣ

ਤਿੰਨ ਸੌ ਸਾਲ ਪੁਰਾਣੇ ਕਿਸੇ ਇਤਿਹਾਸਕ ਨਾਇਕ ਬਾਰੇ ਲਿਖਣਾ ਖਤਰੇ ਤੋਂ ਖਾਲੀ ਨਹੀਂ ਹੈ। ਬੰਦਾ ਬਹਾਦਰ ਦੀ ਜੀਵਨੀ 1674 ਵਿਚ ਸ਼ੁਰੂ ਹੋਈ ਅਤੇ ਕਈ ਹੋਰ ਮਹਾਂਪੁਰਖਾਂ, ਜਿਵੇਂ ਸਿਕੰਦਰ ਮਹਾਨ ਅਤੇ ਸਵਾਮੀ ਵਿਵੇਕਾਨੰਦ ਦੀ ਤਰ੍ਹਾਂ ਛੇਤੀ ਹੀ (46 ਸਾਲ ਦੀ ਉਮਰ ਵਿਚ) ਖਤਮ ਹੋ ਗਈ। ਪੰਜਾਬੀ ਲੇਖਕਾਂ ਵੱਲੋਂ ਉਹਨਾਂ ਦੀ ਪਹਿਲੀ ਜੀਵਨੀ ਘੱਟ ਤੋਂ ਘੱਟ ਸੌ ਸਾਲ ਬਾਦ ਲਿਖੀ ਗਈ। ਇੰਨੇ ਅਰਸੇ ਬਾਦ ਲਿਖਣ ਵਾਲੇ ਨੂੰ ਜ਼ਾਹਿਰ ਹੈ ਕੋਈ ਵੀ ਗਵਾਹ ਨਹੀਂ ਮਿਲਿਆ ਹੋਵੇਗਾ। ਇਹ ਗੱਲ ਵੀ ਸਮਝ ਆਉਂਦੀ ਹੈ ਕਿ ਹੋਰ ਬਾਦ ਵਿਚ ਲਿਖਣ ਵਾਲਿਆਂ ਪੰਜਾਬੀ ਲੇਖਕਾਂ ਨੂੰ ਭਿੰਨ-ਭਿੰਨ ਤਰ੍ਹਾਂ ਦੇ ਕਿੱਸੇ ਸੁਣਨ ਨੂੰ ਮਿਲੇ ਹੋਣਗੇ। ਬੰਦਾ ਦੇ ਸਭ ਸਮਕਾਲੀ ਇਤਿਹਾਸਕਾਰ ਮੁਸਲਮਾਨ ਸਨ ਅਤੇ ਫਾਰਸੀ ਵਿਚ ਲਿਖਦੇ ਸਨ। ਕਿਸੇ ਕਾਰਨ ਤੋਂ ਬੰਦਾ ਬਹਾਦਰ ਪੰਜਾਬ ਦੇ ਇਤਿਹਾਸ ਦਾ ਇਕ ਵੱਡਾ ਨਾਇਕ ਅਖਵਾਉਣ ਤੋਂ ਖੁੰਝ ਗਿਆ। ਇਸ ਲਈ ਉਸਦੀ ਯਾਦ ਕਿਸੇ ਇਕ ਇਤਿਹਾਸਕ ਕਿਤਾਬ ਰਾਹੀਂ ਨਹੀਂ ਬਲਕਿ ਪੰਜਾਬ ਦੇ ਇਤਿਹਾਸ ਦੀਆਂ ਵੱਖ-ਵੱਖ ਕਿਤਾਬਾਂ ਦੇ ਇਕ-ਇਕ ਛੋਟੇ ਅਧਿਆਏ ਤੋਂ ਕੀਤੀ ਜਾਂਦੀ ਹੈ। ਨਵੀਆਂ ਜੀਵਨੀਆਂ ਵਿਚੋਂ ਡਾਕਟਰ ਗੰਡਾ ਸਿੰਘ ਦਾ ਸੰਨ 1999 ਵਿਚ ਛਪਿਆ ਨਾਵਲ *Life of Banda Singh Bahadur* ਮੈਨੂੰ ਸਭ ਤੋਂ ਭਰੋਸੇਯੋਗ ਲੱਗਦਾ ਹੈ। ਇਹਨਾਂ ਨੇ ਕਈ ਮੌਲਿਕ ਹੱਥ-ਲਿਖਤਾਂ ਵਿਚੋਂ ਹਵਾਲੇ ਦਿੱਤੇ ਹਨ ਅਤੇ ਤਰਕ ਦੇ ਸਹਾਰੇ ਘਟਨਾਕ੍ਰਮ ਤੈਅ ਕੀਤਾ ਹੈ। ਪ੍ਰੋਫੈਸਰ ਹਰਿ ਰਾਮ ਗੁਪਤਾ ਨੇ ਵੀ ਸੱਚ ਦੀ ਸੀਮਾ ਵਿਚ ਰਹਿੰਦੇ ਹੋਏ ਬੰਦਾ ਦੀ ਪ੍ਰਸ਼ੰਸਾ ਵਿਚ ਕਈ ਪੰਨੇ ਭਰੇ ਹਨ। ਸ੍ਰੀ ਜੀ. ਐਸ. ਦਿਓਲ ਦੀ ਪੁਸਤਕ ਦਾ ਵੀ ਮੈਂ ਅਧਿਐਨ ਕੀਤਾ ਹੈ। ਇੰਨ੍ਹਾਂ ਤਿੰਨਾਂ ਨੇ ਬੰਦਾ ਬਹਾਦਰ ਬਾਰੇ ਲਿਖੇ ਗਏ ਇਤਿਹਾਸ ਦੇ ਸਾਰੇ ਪ੍ਰਮਾਣ ਇਕੱਠੇ ਕੀਤੇ ਹਨ। ਭਾਈ ਪਰਮਾਨੰਦ ਦਾ 'ਵੀਰ ਵੈਰਾਗੀ' ਮੈਨੂੰ ਕਾਫੀ ਲੱਭਣ ਮਗਰੋਂ ਮਿਲਿਆ ਪਰ ਉਹਦੇ ਵਿਚ ਨਵੇਂ ਤਰਕ ਨਹੀਂ ਸਨ; ਹਾਂ ਨਜ਼ਰੀਆ ਕੁਝ ਹੋਰ ਸੀ। ਵਿਚ-ਵਿਚਾਲੇ ਕਈ ਹੋਰ ਕਿਤਾਬਾਂ ਸਾਹਮਣੇ ਆਈਆਂ (ਬਿਬਲਿਉਗ੍ਰਾਫੀ ਵਿਚ ਸੂਚੀ ਦੇਖੋ)। ਸਾਰਿਆਂ ਤੋਂ ਬਾਦ ਵਿਚ ਗ੍ਰੇਵਾਲ ਤੇ ਹਬੀਬ ਦੀ 'ਸਿੱਖ ਹਿਸਟਰੀ ਫਰਾੱਮ ਪਰਸ਼ਿਅਨ ਸੋਰਸਿਜ਼' ਕਿਤਾਬ ਸੀ ਜਿਸ ਵਿਚ ਸਮਕਾਲੀ ਫਾਰਸੀ ਲੇਖਾਂ ਦੇ ਹੂ-ਬਹੂ

ਅਨੁਵਾਦ ਹਨ। ਤੱਥਾਂ ਨੂੰ ਸਾਬਿਤ ਕਰਨ ਲਈ ਇਹ ਕਿਤਾਬ ਬਹੁਤ ਵਡਮੁੱਲੀ ਹੈ। ਕੁਝ ਮੈਂ ਖੁਦ ਸੋਚ-ਵਿਚਾਰ ਕਰਕੇ ਉਸ ਸਮੇਂ ਦੀਆਂ ਪਰਸਥਿਤੀਆਂ ਤੇ ਝਾਤ ਮਾਰੀ ਹੈ ਅਤੇ ਆਪਣੀ ਸਮਝ ਨਾਲ ਘਟਨਾਵਾਂ ਦਾ ਵਿਵਰਣ ਤੇ ਕ੍ਰਮ ਤੈਅ ਕੀਤਾ ਹੈ। ਕੁੱਲ ਮਿਲਾ ਕੇ ਬੰਦਾ ਬਹਾਦਰ ਇਤਿਹਾਸ ਦੇ ਪਿਛੋਕੜ ਵਿਚ ਲਿਖਿਆ ਇਕ ਨਾਵਲ ਹੈ। ਇਹ ਸ਼ੈਲੀ ਮੈਨੂੰ ਪੜ੍ਹਨ ਵਿਚ ਵੀ ਸਭ ਤੋਂ ਵੱਧ ਪਸੰਦ ਹੈ। ਜੇਕਰ ਇਸ ਕਿਤਾਬ ਦੇ ਪੰਨਿਆਂ ਤੋਂ ਬੰਦਾ ਬਹਾਦਰ ਜਿੰਦਾ ਹੋ ਕੇ ਬਾਹਰ ਆਏ ਅਤੇ ਪਾਠਕਾਂ ਦੇ ਰੂ-ਬਰੂ ਹੋਏ ਤਾਂ ਮੈਂ ਸਮਝਾਂਗਾ ਕਿ ਮੈਨੂੰ ਨਾਵਲ ਲਿਖਣ ਦਾ ਇਨਾਮ ਮਿਲ ਗਿਆ ਹੈ।

******

# ਦੋ ਸ਼ਬਦ

ਬਹੁਤ ਸਮਾਂ ਪਹਿਲਾਂ ਅਮਰ ਚਿੱਤਰ ਕਥਾ ਵਿਚ ਪੜ੍ਹਿਆ ਸੀ, ਜੋ ਮੈਨੂੰ ਹੁਣ ਤਕ ਯਾਦ ਹੈ। ਗੁਰੂ ਗੋਬਿੰਦ ਸਿੰਘ ਮਾਧੋ ਦਾਸ ਬੈਰਾਗੀ ਦੇ ਸਾਮ੍ਹਣੇ ਖਲੋਤੇ ਹਨ। ਬੈਰਾਗੀ ਆਪ ਧਿਆਨ ਵਿਚ ਮਗਨ ਹਨ। ਗੁਰੂ ਜੀ ਕਹਿੰਦੇ ਹਨ, "ਮਾਧੋ, ਹੁਣ ਤੇਰੇ ਉੱਠਣ ਦਾ ਸਮਾਂ ਆ ਗਿਆ ਹੈ। ਜ਼ੁਲਮ ਦੇ ਖਿਲਾਫ਼ ਹਥਿਆਰ ਚੁੱਕ।" ਸਿਰਫ ਇਕ ਵਾਰ ਬੁਲਾਉਣ ਤੇ ਹੀ ਮਾਧੋ ਨੇ ਕਿਹਾ, "ਮੈਂ ਤੁਹਾਡਾ ਬੰਦਾ ਹਾਂ, ਜਿੰਦਾਂ ਹੁਕਮ ਕਰੋਗੇ ਉਸੇ ਤਰ੍ਹਾਂ ਹੀ ਕਰਾਂਗਾ।" ਇਸ ਤੋਂ ਬਾਦ 'ਬੰਦਾ' ਨੇ ਸੈਨਾ ਇਕੱਠੀ ਕੀਤੀ ਅਤੇ ਸਰਹਿੰਦ ਤੇ ਹਮਲਾ ਬੋਲ ਦਿੱਤਾ ਜਿੱਥੇ ਗੁਰੂ ਜੀ ਦੇ ਦੋ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਨੂੰ ਜ਼ਿੰਦਾ ਦੀਵਾਰਾਂ ਵਿਚ ਚਿਣ ਦਿੱਤਾ ਗਿਆ ਸੀ। ਉਸ ਨਾਪਾਕ ਸ਼ਹਿਰ ਦੀ (ਬੰਦਾ ਦੇ ਸ਼ਬਦ) ਇੱਟ ਨਾਲ ਇੱਟ ਵਜਾ ਦਿੱਤੀ ਗਈ। ਮੁਗਲਾਂ ਦੀ ਹਕੂਮਤ ਵਾਲੇ ਪੰਜਾਬ ਦੇ ਕਿਸੇ ਹਿੱਸੇ ਨੂੰ ਵੀ ਉਸਨੇ ਨਾ ਬਖਸ਼ਿਆ ਪਰ ਦੰਤਕਥਾ ਅਨੁਸਾਰ ਮਾਲੇਰਕੋਟਲਾ, ਜਿੱਥੋਂ ਦੇ ਨਵਾਬ ਨੇ ਬੱਚਿਆਂ ਨੂੰ ਪਿਤਾ ਦੇ ਹਿੱਸੇ ਦੀ ਸਜ਼ਾ ਦੇਣ ਦੇ ਖਿਲਾਫ ਆਵਾਜ਼ ਉਠਾਈ ਸੀ, ਨੂੰ ਛੱਡ ਦਿੱਤਾ ਗਿਆ। ਸਮੇਂ ਦੇ ਨਾਲ ਮੁਗਲ ਸ਼ਾਸਕਾਂ ਦੀ ਪੂਰੀ ਤਾਕਤ ਬੰਦਾ ਦੇ ਪਿੱਛੇ ਪੈ ਗਈ ਅਤੇ ਬਹੁਤ ਬਹਾਦਰੀ ਨਾਲ ਲੜਨ ਦੇ ਬਾਵਜੂਦ ਅਖੀਰ ਬੰਦਾ ਨੂੰ ਕੈਦ ਕਰ ਲਿਆ ਗਿਆ।

ਬੰਦਾ ਦੀ ਮੌਤ ਬੜੀ ਦਰਦਨਾਕ ਹੋਈ। ਉਸਦੇ ਸ਼ਰੀਰ ਦੇ ਵੱਖ-ਵੱਖ ਹਿੱਸਿਆਂ ਨੂੰ ਗਰਮ ਸਲਾਖਾਂ ਨਾਲ ਵਿੰਨਿਆ ਅਤੇ ਨੋਚਿਆ ਗਿਆ। ਬੰਦਾ ਨੇ ਸੀ ਤੱਕ ਨਹੀਂ ਕੀਤੀ ਸ਼ਾਂਤੀ ਤੇ ਬਹਾਦਰੀ ਨਾਲ ਸਹਿੰਦਾ ਰਿਹਾ ਅਤੇ ਅਖੀਰ ਪਰਲੋਕ ਸਿਧਾਰ ਗਿਆ। ਪਿੱਛੇ ਜਿਹੇ ਮੈਂ ਆਪਣੇ ਇਕ ਦੋਸਤ ਤੋਂ, ਜੋ ਕਿ ਅੰਮ੍ਰਿਤਧਾਰੀ ਹੋਣ ਦੇ ਨਾਲ ਬੁੱਧੀਜੀਵੀ ਵੀ ਅਖਵਾਉਂਦਾ ਹੈ, ਬੰਦਾ ਬਾਰੇ ਰਾਏ ਪੁੱਛੀ। ਉਸਨੇ ਕੀ ਗਲਤੀ ਕੀਤੀ ਸੀ, ਜਿਸ ਕਾਰਨ ਇੰਨਾਂ ਕੁਝ ਦੇਣ ਤੋਂ ਬਾਦ ਵੀ ਪੰਜਾਬੀ ਲੋਕ ਉਸਨੂੰ ਸ਼ਹੀਦ ਜੋਧਾ ਜਾਂ ਸੰਤ ਨਹੀਂ ਕਹਿੰਦੇ? ਕਿਉਂ ਪੰਜਾਬ ਵਿਚ ਬੰਦਾ ਦੀ ਕੋਈ ਸਮਾਧੀ ਨਹੀਂ ਹੈ? ਇਸ ਸਵਾਲ ਨੇ ਹੀ ਮੈਨੂੰ ਬੰਦਾ ਬਾਰੇ ਅੱਗੇ ਪੜ੍ਹਨ ਅਤੇ ਖੋਜ ਕਰਨ ਲਈ ਪ੍ਰੇਰਿਤ ਕੀਤਾ। ਕਈ ਕਿਤਾਬਾਂ ਪੜ੍ਹੀਆਂ ਜਿਸ ਵਿਚ ਬੰਦਾ ਬਾਰੇ ਵਿਸਥਾਰ ਨਾਲ ਲਿਖਿਆ ਹੈ। ਕਈ ਲੋਕਾਂ ਨਾਲ ਜੋ ਸਿੱਖ ਇਤਿਹਾਸ ਨੂੰ ਚੰਗੀ ਤਰਾਂ ਜਾਣਦੇ ਨੇ, ਗੱਲ-ਬਾਤ

ਕੀਤੀ। ਲੋਹਗੜ੍ਹ ਕਿਲੇ ਦੀਆਂ ਪਹਾੜੀਆਂ ਤੇ ਚੜ੍ਹਿਆ ਅਤੇ ਗੁਰੂਦੁਆਰੇ ਵਿਚ ਅਰਦਾਸ ਕੀਤੀ। ਬੰਦਾ ਬਹਾਦਰ ਦੇ ਰਸਤੇ ਸਢੌਰਾ ਤੋਂ ਸਮਾਨਾ, ਛੱਪੜ ਝਿੜੀ ਅਤੇ ਸਰਹਿੰਦ ਗਿਆ। ਸਢੌਰਾ ਵਿਚ ਕਤਲਗੜ੍ਹੀ ਦੇ ਗੁਰੂਦੁਆਰੇ ਵਿਚ ਅਰਦਾਸ ਕੀਤੀ। ਬੰਦਾ ਬਹਾਦਰ ਵੱਲੋਂ ਢਾਹੀਆਂ ਗਈਆਂ ਇਮਾਰਤਾਂ ਦੀਆਂ ਮੂਕ ਨਾਨਕਸ਼ਾਹੀ ਇੱਟਾਂ ਦੇ ਅਚੰਭੇ ਨੂੰ ਪਛਾਣਿਆਂ। ਸਮਾਨਾ ਵਿਚ ਬੰਦਾ ਨੇ ਸਈਅਦਾਂ ਦੀਆਂ ਵਿਸ਼ਾਲ ਹਵੇਲੀਆਂ ਵਿਚੋਂ ਇਕ ਵੀ ਨਹੀਂ ਛੱਡੀ। ਸਿਰਫ਼ ਇਕ ਹਵੇਲੀ ਦੀ ਚਾਰਦੀਵਾਰੀ ਬਚੀ ਹੈ ਜਿਸ ਵਿਚ ਅੱਜ ਗਿਣ ਕੇ ਤੇਈ ਮਕਾਨ ਬਣੇ ਹੋਏ ਹਨ। ਇਸ ਤੋਂ ਹਵੇਲੀ ਦੇ ਆਕਾਰ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਸਾਰਿਆਂ ਤੋਂ ਬਾਦ ਵਰਤਮਾਨ ਡੇਰਾ ਬੰਦਾ ਬਹਾਦਰ ਰਿਆਸੀ (ਜੰਮੂ) ਗਿਆ ਅਤੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਗੁਰਦਾਸਪੁਰ ਵਿਚ ਬਾਬਾ ਬੰਦਾ ਦੀ 'ਥੇਹ' ਦਾ ਨਿਰੀਖਣ ਕੀਤਾ। ਅਰਦਾਸ ਨਾਲ ਕੁਝ ਚਮਤਕਾਰ ਹੋਇਆ ਹੋਵੇਗਾ, ਕਿਉਂਕਿ ਜਿਵੇਂ ਜਿਵੇਂ ਮੈਂ ਲਿਖਦਾ ਗਿਆ ਬੰਦਾ ਬਹਾਦਰ ਦੀ ਕਹਾਣੀ ਦਿਮਾਗ ਵਿਚ ਉੱਤਰਦੀ ਚਲੀ ਗਈ। ਉਸ ਦੇ ਆਧਾਰ ਤੇ ਹੀ ਇਹ ਕਿਤਾਬ ਲਿਖ ਰਿਹਾ ਹਾਂ।

ਪਾਠਕ ਗੌਰ ਕਰਨ ਕਿ ਮੈਂ ਧਰਮ ਦੇ ਪ੍ਰਸ਼ਨ ਨੂੰ ਇਕ ਪਾਸੇ ਛੱਡ ਦਿੱਤਾ ਹੈ। ਬਲਕਿ ਆਪਣੀ ਕਿਤਾਬ ਦੇ ਨਾਇਕ ਨੂੰ ਬੰਦਾ ਸਿੰਘ ਬਹਾਦਰ ਦੇ ਰੂਪ ਵਿਚ ਨਾ ਵੇਖ ਕੇ ਕੋਸ਼ਿਸ਼ ਇਹ ਕੀਤੀ ਹੈ ਕਿ ਇਕ ਮੁਸ਼ਕਿਲ ਇਤਿਹਾਸਕ ਦੌਰ ਵਿਚ ਬੰਦਾ ਬਹਾਦਰ ਦੇ ਮਨੁੱਖੀ ਉਤਾਰ-ਚੜ੍ਹਾਓ ਦਾ ਅਧਿਐਨ ਕੀਤਾ ਜਾਵੇ। ਮੈਨੂੰ ਨਹੀਂ ਪਤਾ ਕਿ ਉਸਨੇ ਮਾਤਾ ਸੁੰਦਰੀ ਦੇ ਅਦਬ ਵਿਚ ਕੋਈ ਗੁਸ਼ਤਾਖੀ ਕੀਤੀ ਸੀ ਜਾਂ ਨਹੀਂ। ਮਾਤਾ ਸੁੰਦਰੀ ਨੇ ਇਸ ਸਾਰੇ ਕਾਂਡ ਵਿਚ ਕੋਈ ਭਾਗ ਲਿਆ, ਇਹ ਵੀ ਇਤਿਹਾਸ ਪੂਰੀ ਤਰ੍ਹਾਂ ਨਹੀਂ ਦੱਸਦਾ। ਸਭ ਤੋਂ ਵੱਡੀ ਗੱਲ, ਗੁਰੂ ਗੋਬਿੰਦ ਸਿੰਘ ਨੇ ਮਾਧੋ ਦਾਸ ਬੈਰਾਗੀ ਨੂੰ ਕੀ ਨਿਰਦੇਸ਼ ਦਿੱਤੇ ਸੀ ਅਤੇ ਉਨ੍ਹਾਂ ਵਿਚੋਂ ਕਿਸ ਦੀ ਪਾਲਣਾ ਵਿਚ ਬੰਦਾ ਤੋਂ ਕੁਤਾਹੀ ਹੋਈ, ਇਹ ਸਭ ਗੱਲਾਂ ਮੈਂ ਲੇਖਕ ਦੀ ਸੁਤੰਤਰਤਾ ਦੇ ਆਲਮ ਵਿਚ ਲੈ ਲਈਆਂ ਹਨ। ਖਾਸ ਇਹ ਕੋਸ਼ਿਸ਼ ਕੀਤੀ ਹੈ ਕਿ ਸਿੱਖ ਧਰਮ ਦੀ ਮਰਿਆਦਾ ਦੇ ਵਿਵਰਣ ਵਿਚ ਕੋਈ ਕਮੀ ਨਾ ਰਹਿ ਜਾਵੇ। ਹਰ ਕੋਸ਼ਿਸ਼ ਦੇ ਬਾਵਜੂਦ ਇਸ ਵਿਚ ਜੇ ਕੋਈ ਘਾਟ ਰਹਿ ਗਈ ਹੋਵੇ ਤਾਂ ਪਾਠਕਾਂ ਤੋਂ ਮਾਫ਼ੀ ਚਾਹੁੰਦਾ ਹਾਂ।

ਨਾਵਲ ਦੀ ਭਾਸ਼ਾ ਬੜੀ ਸਹਿਜ ਅਤੇ ਸੁਭਾਵਕ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਕਿ ਅਸੀਂ ਪਾਤਰਾਂ ਦੇ ਸਮਕਾਲੀ ਹੋ ਕੇ ਉਨ੍ਹਾਂ ਤੇ ਨੇੜਿਉਂ ਝਾਤ ਮਾਰ ਸਕੀਏ।

ਇਤਿਹਾਸ ਦੇ ਵੱਖੋ-ਵੱਖਰੇ ਟੁਕੜਿਆਂ ਵਿਚ ਲਿਖੀਆਂ ਘਟਨਾਵਾਂ ਅਤੇ ਉਨ੍ਹਾਂ ਦੀਆਂ ਤਰੀਕਾਂ ਸਾਫ਼ ਨਹੀਂ ਹੁੰਦੀਆਂ। ਬੰਦਾ ਲੋਹਗੜ੍ਹ ਜਾਣ ਤੋਂ ਪਹਿਲਾਂ ਮਾਲੇਰਕੋਟਲਾ ਅਤੇ ਸਹਾਰਨਪੁਰ ਗਿਆ ਸੀ ਜਾਂ ਬਾਦ ਵਿਚ ? ਬੰਦਾ ਨੇ ਕਲਾਨੌਰ ਅਤੇ ਬਟਾਲਾ ਕਿੰਨੀ ਵਾਰੀ ਜਿੱਤਿਆ ? ਬਿਸਟ-ਦੁਆਬ ਦੇ ਸਿੱਖਾਂ ਦੀ ਜਿੱਤ ਤੇ ਕੀ ਬੰਦਾ ਵੀ ਉਨ੍ਹਾਂ ਦੇ ਨਾਲ ਸੀ ? ਉਸ ਨੇ ਲਾਹੌਰ ਵਿਚ ਆਪਣੀ ਤਾਜ਼ਪੋਸ਼ੀ ਕੀਤੀ ਜਾਂ ਨਹੀਂ ? ਇਤਿਹਾਸਕਾਰਾਂ ਦੇ ਵੱਖੋ-ਵੱਖਰੇ ਮਤ ਹਨ। ਇਸ ਲਈ ਮੈਂ ਜਾਂ ਤਾਂ ਇਕ ਹੀ ਇਤਿਹਾਸਕਾਰ ਦੇ ਮਤ ਤੇ ਚੱਲਿਆ ਹਾਂ ਜਾਂ ਕਿਸੇ ਵੇਲੇ ਕਿਸੇ ਦੇ ਵੀ ਨਹੀਂ। ਕਿਉਂਕਿ ਇਹ ਨਿਰੋਲ ਇਤਿਹਾਸ ਨਹੀਂ ਹੈ, ਇਕ ਨਾਵਲ ਹੈ ਇਸ ਲਈ ਇਹ ਸੁਤੰਤਰਤਾ ਮੈਂ ਲੈ ਰਿਹਾ ਹਾਂ।

ਸੂਬੇਦਾਰ-ਫੌਜਦਾਰ-ਪਰਗਨਾਦਾਰ ਦਾ ਮਸਲਾ 'ਇਬਰਤਨਾਮਾ' ਦੇ ਅਨੁਵਾਦ ਨਾਲ ਸਾਫ਼ ਹੋਇਆ। ਇਸ ਵਿਚ ਵੱਡੇ ਇਲਾਕੇ (ਜਿਵੇਂ ਸਰਹੰਦ) ਦੇ ਹਾਕਮ ਨੂੰ ਸੂਬੇਦਾਰ, ਛੋਟੇ ਇਲਾਕੇ (ਜਿਵੇਂ ਜਲੰਧਰ ਦੋਆਬਾ) ਦੇ ਮੁਖੀਆਂ ਨੂੰ ਫੌਜਦਾਰ ਅਤੇ ਇਸ ਤੋਂ ਵੀ ਛੋਟੇ ਖੇਤਰਫਲ (ਜਿਵੇਂ ਕਲਾਨੌਰ, ਬਟਾਲਾ) ਨੂੰ ਪਰਗਨਾ ਕਿਹਾ ਗਿਆ ਹੈ। ਮੈਂ ਵੀ ਇਸੇ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ।

ਪੁਰਾਣੇ ਸਮੇਂ ਅਨੁਸਾਰ ਕਰੀਬ ਢਾਈ ਘੜੀ ਦਾ ਅੱਜ ਦਾ ਇਕ ਘੰਟਾ ਹੁੰਦਾ ਹੈ ਅਤੇ ਤਿੰਨ ਘੰਟਿਆ ਦਾ ਇਕ ਪਹਿਰ। ਹਾਲਾਂਕਿ ਉਸ ਵੇਲੇ ਭਾਰਤੀ ਤਰੀਕਾਂ ਤੇ ਮਹੀਨਿਆਂ ਦਾ ਰਿਵਾਜ ਸੀ ਅਤੇ ਮੁਗਲ ਆਪਣੇ ਹੀ ਤੂਰਾਨੀ ਕਲੰਡਰ ਨਾਲ ਤਰੀਕਾਂ ਗਿਣਦੇ ਸਨ, ਪਾਠਕਾਂ ਨੂੰ ਪੜ੍ਹਦੇ ਸਮੇਂ ਹੀ ਇਕਦਮ ਯਥਾਰਥ ਨਾਲ ਸਬੰਧ ਸਥਾਪਤ ਕਰਵਾਉਣ ਵਾਸਤੇ ਇੱਥੇ ਅੰਗ੍ਰੇਜ਼ੀ ਤਰੀਕਾਂ, ਮਹੀਨੇ ਅਤੇ ਸਾਲ ਦਿੱਤੇ ਗਏ ਹਨ।

ਕਦੀ-ਕਦੀ ਮੈਂ ਛੋਟੇ-ਮੋਟੇ ਪਾਤਰਾਂ ਨੂੰ ਫ਼ਰਜੀ ਨਾਂ ਦਿੱਤੇ ਹਨ ਜਿਨ੍ਹਾਂ ਦਾ ਮੁੱਖ ਬਿਰਤਾਂਤ ਤੇ ਕੋਈ ਖਾਸ ਪ੍ਰਭਾਵ ਨਹੀਂ ਬਲਕਿ ਉਨ੍ਹਾਂ ਦੇ ਨਾਮਕਰਨ ਨਾਲ ਚੱਲਦੀ ਕਹਾਣੀ ਹੋਰ ਸਾਫ ਹੋ ਜਾਂਦੀ ਹੈ।

ਤਾਂ ਅੱਗੇ ਪੜ੍ਹੋ। ਇਸ ਗੱਲ ਵਿਚ ਤਾਂ ਕੋਈ ਸ਼ਕ ਨਹੀ ਲੱਗਦਾ ਕਿ ਮਾਧੋਦਾਸ ਨੂੰ ਪਾਹੁਲ ਦੇ ਕੇ ਸੱਚਾ ਸਿੱਖ ਬਣਾਇਆ ਗਿਆ। ਡੇਰਾ ਬੰਦਾ ਬਹਾਦਰ ਤੇ ਮੈਨੂੰ ਦੱਸਿਆ ਗਿਆ ਕਿ ਹਰਿਦੁਆਰ ਦੇ ਪੰਡਤਾਂ ਦੀ ਬਹੀ ਵਿਚ ਦਰਜ ਹੈ-"ਬੰਦਾ ਬਹਾਦਰ, ਮੁਤਬੰਨਾ ਪੁੱਤਰ ਸ਼੍ਰੀ ਗੁਰੂ ਗੋਬਿੰਦ ਸਿੰਘ।" ਗੁਰੂ ਸਾਹਿਬ ਦਾ ਮੁਤਬੰਨਾ ਪੁੱਤਰ ਜ਼ਰੂਰ ਸਿੱਖ ਹੀ ਹੋਵੇਗਾ।

# ਧੰਨਵਾਦ ਸਹਿਤ

ਨਾਵਲ ਦੇ ਅਖੀਰ ਵਿੱਚ ਦਿੱਤੀ ਹੋਈ ਪੁਸਤਕ ਸੂਚੀ ਵਿੱਚ ਉਹਨਾ ਗਿਆਰਾਂ ਕਿਤਾਬਾਂ ਦੇ ਨਾਂ ਹਨ ਜਿਹਨਾਂ ਨੂੰ ਮੈਂ ਇਸ ਨਾਵਲ ਨੂੰ ਲਿਖਣ ਤੋਂ ਪਹਿਲਾਂ ਪੜ੍ਹਿਆ ਹੈ। ਹਰੇਕ ਵਿਚੋਂ ਕੁਝ ਨਾ ਕੁਝ ਨਵੀਂ ਜਾਣਕਾਰੀ ਮਿਲੀ ਹੈ। ਇਕ-ਅੱਧ ਲੇਖਕਾਂ ਨਾਲ ਮੈਂ ਗਲਬਾਤ ਵੀ ਕੀਤੀ ਹੈ। ਇਹਨਾਂ ਸਾਰਿਆਂ ਨੂੰ ਮੇਰਾ ਲੱਖ ਲੱਖ ਧੰਨਵਾਦ। ਇਹਨਾਂ ਕਿਤਾਬਾਂ ਦੇ ਮਾਧਿਅਮ ਰਾਹੀਂ ਮੈਨੂੰ ਇਸ ਨਾਵਲ ਵਾਸਤੇ ਸਮੱਗਰੀ ਮਿਲੀ ਹੈ।

ਸਭ ਤੋਂ ਜ਼ਿਆਦਾ ਭਰੋਸੇਯੋਗ ਜਾਣਕਾਰੀ ਗਰੇਵਾਲ ਅਤੇ ਹਬੀਬ ਦੀ ਕਿਤਾਬ ਤੋਂ ਮਿਲੀ ਹੈ। ਇਹਨਾਂ ਨੇ ਪੰਜ ਮੌਲਿਕ ਸਮਕਾਲੀ ਲੇਖਕਾਂ ਦਾ ਅਨੁਵਾਦ ਪੇਸ਼ ਕੀਤਾ ਹੈ। ਇਹ ਫ਼ਾਰਸੀ ਦੇ ਮੌਲਿਕ ਲੇਖਕ ਹਨ ਮੁਹੰਮਦ ਕਾਸਿਮ, ਮਿਰਜ਼ਾ ਮੁਹੰਮਦ (ਇਬਰਤਨਾਮਾ), ਮੁਹੰਮਦ ਦਾਦੀ ਕਾਮਵਰ ਖਾਨ, ਖਫ਼ੀ ਖਾਨ ਅਤੇ ਮੁਹੰਮਦ ਸ਼ਫ਼ੀ। ਇਹਨਾਂ ਸਵਰਗਵਾਸੀ ਲੇਖਕਾਂ ਨੂੰ ਬਹੁਤ ਬਹੁਤ ਧੰਨਵਾਦ।

ਕੱਚਾ ਖਰੜਾ ਪੜ੍ਹ ਕੇ ਮੇਰੀ ਪਤਨੀ ਨਿਰੁਪਮਾ ਅਤੇ ਪੁਤਰੀ ਮਨੀਸ਼ਾ ਨੇ ਕੁਝ ਮਹੱਤਵਪੂਰਨ ਸੁਝਾਅ ਦਿੱਤੇ ਹਨ। ਜਿਹਨਾਂ ਲਈ ਮੈਂ ਉਹਨਾਂ ਦਾ ਧੰਨਵਾਦੀ ਹਾਂ। ਇਸ ਸਿਲਸਿਲੇ ਵਿਚ ਕਿੰਨੀਆਂ ਸ਼ਾਮਾਂ ਤੇ ਛੁੱਟੀਆਂ ਮੈਂ ਘਰ ਤੋਂ ਅੱਡ ਬਿਤਾਈਆਂ ਅਤੇ ਪਤਨੀ ਨੂੰ ਮਾਯੂਸ ਕੀਤਾ, ਉਹਦੇ ਲਈ ਮੈਂ ਉਹਨਾਂ ਤੋਂ ਖਿਮਾ ਦਾ ਜਾਚਕ (ਅਤੇ ਦੋਬਾਰਾ ਧੰਨਵਾਦੀ) ਹਾਂ।

ਮੇਰੇ ਪਿਆਰੇ ਦੋਸਤ ਮਨੀਸ਼ ਨੇ ਛੱਪੜ ਝਿੜੀ ਦਾ ਮੌਕਾ ਵੇਖ ਕੇ ਅਤੇ ਤਿੰਨ ਸੌ ਸਾਲ ਪੁਰਾਣੀ ਯੁੱਧ ਨੀਤੀ ਦਾ ਅਧਿਐਨ ਕਰਕੇ ਸਾਰੇ ਯੁੱਧ ਦਾ ਕ੍ਰਮ ਬਣਾਇਆ। ਜਿਸ ਨਾਲ ਇਹ ਅਧਿਆਏ ਯਥਾਰਥਵਾਦੀ ਬਣਿਆ। ਇਹ ਕੰਮ ਹੋਰ ਕੋਈ ਨਹੀਂ ਕਰ ਸਕਦਾ ਸੀ। ਮੈਂ ਉਹਨਾਂ ਦਾ ਸ਼ੁਕਰਗੁਜ਼ਾਰ ਹਾਂ। ਮੇਰੇ ਦੋਸਤਾਂ (ਸਪ੍ਰੂ), ਪ੍ਰੋਫੈਸਰ ਅੰਗਿਰਸ ਅਤੇ ਸ਼੍ਰੀ ਹਰੀਸ਼ ਜੈਨ (ਪ੍ਰਕਾਸ਼ਕ) ਨੇ ਪਹਿਲੀ ਹੱਥ-ਲਿਖਤ ਵੇਖੀ ਅਤੇ ਉੱਚ ਕੋਟੀ ਦੇ ਸੁਝਾਅ ਦਿੱਤੇ ਜਿਸ ਕਾਰਨ ਨਾਵਲ ਵਿੱਚ ਮਹੱਤਵਪੂਰਨ ਤਬਦੀਲੀਆਂ ਹੋਈਆਂ। ਇਹਨਾਂ ਸਭ ਦੇ ਯੋਗਦਾਨ ਸਲਾਹੁਣ ਯੋਗ ਹਨ। ਸ੍ਰੀ ਸੁਰਿੰਦਰ ਸਿੰਘ, ਰਿਟਾਇਰਡ ਅਧਿਕਾਰੀ ਇੰਡੀਅਨ ਡਿਫੈਂਸ ਅਕਾਊਂਟਸ ਸਰਵਿਸ ਜਿਨ੍ਹਾਂ ਦਾ ਗਿਆਨ

ਇਸ ਵਿਸ਼ੇ ਬਾਰੇ ਕਿਸੇ ਤੋਂ ਘੱਟ ਨਹੀਂ ਸੀ, ਨੇ ਪਹਿਲੇ ਸਿੱਖ ਸਮਰਾਜ ਦਾ ਸਿੱਕਾ ਮੈਨੂੰ ਵਿਖਾਇਆ ਅਤੇ ਉਸਦੀ ਤਸਵੀਰ ਛਾਪਣ ਦੀ ਇਜਾਜ਼ਤ ਦਿੱਤੀ। ਇਸਦੇ ਲਈ ਮੈਂ ਉਹਨਾਂ ਦਾ ਅਤਿ ਧੰਨਵਾਦੀ ਹਾਂ। ਸਿੱਕੇ ਉੱਤੇ ਲਿਖੀ ਇਬਾਰਤ ਦਾ ਜਨਾਬ 'ਤਾਸੀਰ' ਸਾਹਿਬ ਨੇ ਕਵਿਤਾ ਰੂਪ ਵਿੱਚ ਬਹੁਤ ਖ਼ੂਬਸੂਰਤ ਅਨੁਵਾਦ ਕੀਤਾ ਹੈ। ਸੁੰਦਰ ਰੇਖਾ-ਚਿੱਤਰਾਂ ਲਈ ਮੈਂ ਸ਼੍ਰੀ ਪਰਵੀਣ ਦਾ ਬੜਾ ਆਭਾਰੀ ਹਾਂ।

ਜਿਹੜੀ ਜਿਹੜੀ ਥਾਂ ਤੋਂ ਮੈਂ ਬੰਦਾ ਬਹਾਦਰ ਦੇ ਰਸਤੇ ਤੋਂ ਗੁਜਰਿਆ, ਸਾਰੇ ਪਿੰਡ ਸ਼ਹਿਰ ਵਾਲਿਆਂ ਨੇ ਮੈਨੂੰ ਪੂਰਾ ਸਹਿਯੋਗ ਦਿੱਤਾ। ਇਹਨਾਂ ਸਾਰਿਆਂ ਦੇ ਨਾਂ ਕਾਫੀ ਜ਼ਿਆਦਾ ਹੋਣ ਕਰਕੇ ਮੈਂ ਸਾਰੇ ਨਹੀਂ ਲਿੱਖ ਸਕਦਾ। ਸ਼੍ਰੀ ਪਰਵੀਨ ਪਾਹੁਜਾ ਅਤੇ ਉਨ੍ਹਾਂ ਦੇ ਭਰਾ ਟੋਨੀ ਨੇ ਬੜੀ ਮੇਹਨਤ ਨਾਲ ਕੰਪਿਊਟਰ ਤੇ ਛੱਪੜ-ਝਿੜੀ ਦੇ ਜੰਗ ਦੇ ਗ੍ਰਾਫਿਕ ਡਿਜ਼ਾਈਨ ਬਣਾਏ, ਜੋ ਕਿ ਜੰਗ ਦੇ ਵੱਖੋ-ਵੱਖਰੇ ਪੜਾਵਾਂ ਨੂੰ ਬਹੁਤ ਚੰਗੀ ਚਿੱਤਰਦੇ ਹਨ। ਉਨ੍ਹਾਂ ਨੂੰ ਬਹੁਤ-ਬਹੁਤ ਧੰਨਵਾਦ। ਅਖੀਰ ਵਿਚ, ਪਰ ਮਹੱਤਵ ਵਿੱਚ ਸਭ ਤੋਂ ਉੱਤੇ, ਮੇਰੇ ਧੰਨਵਾਦ ਚੇਤਨ ਠਾਕੁਰ ਅਤੇ ਉਹਨਾਂ ਦੀ ਪਤਨੀ ਬੀਨਾ ਨੂੰ ਜਾਂਦਾ ਹੈ। ਅਪਣੇ ਕਿੱਤੇ ਵਿੱਚ ਰੁੱਝੇ ਹੋਣ ਦੇ ਬਾਵਜੂਦ ਆਪਣੇ ਆਰਾਮ ਵਿਚੋਂ ਬਹੁਮੁੱਲਾ ਸਮਾਂ ਕੱਢ ਕੇ ਉਹਨਾਂ ਨੇ ਇਸ ਨਾਵਲ ਨੂੰ ਹਿੰਦੀ ਵਿੱਚ ਟਾਈਪ ਕੀਤਾ। ਬੀਨਾ ਨੇ ਪਹਿਲਾਂ ਹਿੰਦੀ ਵਿੱਚ ਡਿਕਟੇਸ਼ਨ ਲਈ ਅਤੇ ਬਾਦ ਵਿੱਚ ਚੇਤਨ ਨਾਲ ਬੈਠ ਕੇ ਪੜ੍ਹ ਪੜ੍ਹ ਕੇ ਟਾਈਪ ਕਰਵਾਇਆ। ਉਰਦੂ ਅਤੇ ਹਿੰਦੀ ਦਾ ਚੰਗਾ ਗਿਆਨ ਹੋਣ ਦੀ ਵਜ੍ਹਾ ਨਾਲ ਚੇਤਨ ਨੇ ਸ਼ਬਦਾਂ ਦੇ ਉਲਟ ਫੇਰ ਵਿੱਚ ਬਰਾਬਰ ਮਦਦ ਵੀ ਕੀਤੀ। ਮੇਰਾ ਇਹ ਕਹਿਣਾ ਅਤੱਕਥਨੀ ਨਹੀਂ ਹੋਵੇਗੀ ਕਿ ਇਹਨਾਂ ਦੋਹਾਂ ਦੇ ਯੋਗਦਾਨ ਤੋਂ ਬਗੈਰ ਇਹ ਨਾਵਲ ਕਦੇ ਦਿਨ ਦੀ ਲੋਅ ਨਹੀਂ ਵੇਖ ਸਕਦਾ ਸੀ। ਮੈਂ ਹਰਦੀਪ ਸਿੰਘ ਮੁਹਾਲੀ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਸਿੱਖ ਸਮਰਾਜ ਕਾਲ ਦੇ ਇਕ ਹੋਰ ਸਿੱਕੇ ਚਿੱਤਰ ਇਸ ਨਾਵਲ ਵਿਚ ਛਾਪਣ ਲਈ ਦਿੱਤੇ।



ਅਗਲਾ ਪਾਸਾ



ਪਿਛਲਾ ਪਾਸਾ

ਤਗ਼ੇ ਨਾਨਕ ਵਾਹਿਬ ਅਸਤ
ਸਿੱਕਾ ਜ਼ਦ ਵਰ ਹਰਦੋ ਆਲਮ
ਫਤਹਿ ਗੋਬਿੰਦ ਸਿੰਘ ਸ਼ਾਹੇ-ਸ਼ਾਹਾਨ
ਫਜ਼ਲ ਸੱਚਾ ਸਾਹਿਬ ਅਸਤ ॥

(ਨਾਨਕ ਦੀ ਰੱਬੀ ਸ਼ਕਤੀ ਨਾਲ
ਸਿੱਕਾ ਸਾਰੇ ਜਹਾਨ ਵਿਚ ਚੱਲੇ
ਸ਼ਹਿਨਸ਼ਾਹਾਂ ਦੇ ਸ਼ਾਹ ਗੋਬਿੰਦ ਸਿੰਘ ਦੀ ਫਤਿਹ
ਸੱਚਾ ਸਾਹਿਬ ਦੀ ਕਿਰਪਾ ਨਾਲ)

ਜ਼ਰਬ ਖਾਲਸਾ ਮੁਬਾਰਕ ਬਖ਼ਤ
ਬਾਮਨ ਉਲ-ਦੈਹਰ, ਜ਼ੀਨਤ-ਉਲ-ਤਖ਼ਤ
ਮਸ਼ਵਰਤ ਸ਼ਹਿਰ
ਸੰਨ 2

(ਖਾਲਸਾ ਟਕਸਾਲ, ਸੁਲੱਖਣੀ ਘੜੀ
ਸ਼ਰਨਾਗਤ ਧਾਮ ਤਖ਼ਤ ਦੀ ਸ਼ਾਨ
ਰਿਆਇਆ ਦੀ ਸੰਮਤੀ)

*(ਇਹ ਸਿੱਕਾ ਉਹ ਨਹੀਂ ਹੈ ਜਿਸਦਾ ਜ਼ਿਕਰ ਨਾਵਲ ਵਿਚ ਕੀਤਾ ਗਿਆ ਹੈ)*

ਜੇ ਤਉ ਪ੍ਰੇਮ ਖੇਲਣ ਕਾ ਚਾਉ
ਸਿਰ ਧਰਿ ਤਲੀ ਗਲੀ ਮੇਰੀ ਆਉ

# ਸ਼ਿਕਾਰੀ

"ਓਏ ਲਛਮਣਾ, ਤੂੰ ਕਿੱਧਰ ਚਲਾ ਗਿਆ---- ?"

ਪਿਤਾ ਰਾਮਦੇਵ ਦਾ ਇਹ ਮਿਠਾਸ ਅਤੇ ਗੁੱਸੇ ਭਰਿਆ ਬੁਲਾਵਾ ਸੀ ਆਪਣੇ ਲਾਡਲੇ ਪੁੱਤਰ ਲਛਮਣ ਲਈ ਜਿਹੜਾ ਘਰ ਵਿੱਚ ਕਿਤੇ ਨਜ਼ਰ ਨਹੀਂ ਸੀ ਆ ਰਿਹਾ। ਉਂਜ ਇਹ ਕੋਈ ਨਵੀਂ ਗੱਲ ਨਹੀਂ ਸੀ। ਸਵੇਰ ਦਾ ਨਾਸ਼ਤਾ ਕਰਕੇ ਲਛਮਣ ਤੀਰ-ਕਮਾਨ ਲੈ ਕੇ ਆਪਣੇ ਟੱਟੂ ਤੇ ਸਵਾਰ ਹੋ ਕੇ ਨਿੱਕਲ ਜਾਂਦਾ ਅਤੇ ਸਾਰਾ ਦਿਨ ਜੰਗਲ ਵਿੱਚ ਫਿਰਦਾ ਰਹਿੰਦਾ। ਕਦੀ ਕਦੀ ਤਾਂ ਉਹ ਦੋ-ਤਿੰਨ ਦਿਨ ਗਾਇਬ ਹੀ ਰਹਿੰਦਾ। ਪਰਤਦਾ ਤਾਂ ਮੋਢੇ ਉਤੇ ਸ਼ਿਕਾਰ ਲਈ ਘਰ ਵਿਚ ਵੜਦਾ। ਕਦੀ ਕੋਈ ਪੰਛੀ, ਜੰਗਲੀ ਮੁਰਗਾ ਅਤੇ ਕਦੀ ਕਦੀ ਹਿਰਨ, ਟੱਬਰ ਵਾਲਿਆਂ ਲਈ ਖਾਣੇ ਦਾ ਪ੍ਰਬੰਧ ਕਰਕੇ ਹੀ ਮੁੜਦਾ। ਉਹ ਤੀਰ ਕਮਾਨ ਚਲਾਉਣ ਵਿੱਚ ਇੰਨਾ ਮਾਹਿਰ ਸੀ ਕਿ ਉੱਡਦੀ ਚਿੜੀ ਨੂੰ ਵੀ ਫੁੰਡ ਸੁੱਟਦਾ। ਇੱਕ ਹੀ ਤੀਰ ਨਾਲ ਚੀਤਲ ਦੇ ਦਿਲ ਨੂੰ ਵਿੰਨ੍ਹ ਸੁੱਟਦਾ। ਉਹ ਆਪਣੇ ਘੋੜੇ ਨੂੰ ਮੀਲਾਂ ਤਕ ਦੁੜਾਉਂਦਾ ਰਹਿੰਦਾ। ਉਸਦਾ ਘੋੜਾ ਵੀ ਉਸ ਨਾਲ ਹੀ ਖੁਸ਼ ਰਹਿੰਦਾ ਸੀ।

ਪਿਛਲੇ ਕੁਝ ਦਿਨਾਂ ਤੋਂ ਉਹ ਪਰਿਵਾਰ ਦੀ ਪੁਰਾਣੀ ਜੰਗਾਲੀ ਹੋਈ ਤਲਵਾਰ ਨੂੰ ਚਮਕਾ ਰਿਹਾ ਸੀ। ਅੱਜ ਉਹ ਤਲਵਾਰ ਲੈ ਕੇ ਸ਼ਿਕਾਰ ਨੂੰ ਗਿਆ ਹੋਇਆ ਸੀ।

ਅਚਾਨਕ ਬਾਹਰ ਖੜਕਾ ਹੋਇਆ। ਧੰਮ ਦੀ ਅਵਾਜ਼ ਨਾਲ ਕੋਈ ਚੀਜ਼ ਹੇਠਾਂ ਡਿੱਗੀ।

"ਆ ਗਿਆ" ਪਿਤਾ ਨੇ ਸੋਚਿਆ।

ਬਾਹਰ ਨਿਕਲ, ਵੇਖਿਆ ਇੱਕ ਵੱਡਾ ਜੰਗਲੀ ਬੱਕਰਾ, ਸਿਰ ਧੜ ਤੋਂ ਵੱਖਰਾ, ਗੋਹੇ ਨਾਲ ਲਿੱਪੇ ਵਿਹੜੇ ਵਿੱਚ ਪਿਆ ਹੋਇਆ ਸੀ। ਕੋਲ ਥੱਕਿਆ ਹੋਇਆ ਲਛਮਣ ਬੈਠਿਆ ਹੋਇਆ ਸੀ ਤੇ ਕੋਲ ਪਈ ਸੀ ਲਹੂ ਨਾਲ ਲਿਬੜੀ ਹੋਈ ਤਲਵਾਰ।

"ਕੀ ਹੋਇਆ ? ਅੱਜ ਥੱਕ ਗਿਐਂ ? ਤਲਵਾਰ ਬਹੁਤੀ ਚਲਾਉਣੀ ਪਈ ਸੀ ?"

"ਨਹੀਂ ਬਾਪੂ' ਲਛਮਣ ਬੋਲਿਆ। "ਇਸ ਦਾ ਸਿਰ ਤਾਂ ਇੱਕ ਵਾਰ ਨਾਲ ਹੀ ਵੱਖਰਾ ਹੋ ਗਿਆ ਸੀ। ਇਸ ਦੀ ਮਾਦਾ ਅਤੇ ਬੱਚਾ ਭੱਜ ਗਏ। ਹੱਥ ਈ ਨਹੀਂ ਆਏ।

"ਮਾਦਾ ਅਤੇ ਬੱਚੇ ਪਿੱਛੇ ਪੈਣ ਦੀ ਕੀ ਲੋੜ ਸੀ। ਇਸ ਬੱਕਰੇ ਨਾਲ ਸਾਡੇ

ਤਿੰਨ ਦਿਨ ਲੰਘ ਜਾਣੇ ਨੇ। ਇਹਦੀ ਖੱਲ ਦੀਆਂ ਜੁੱਤੀਆਂ ਬਣਵਾਵਾਂਗੇ। ਤੇ......।"

"ਉਂਜ ਹੀ ਬੱਸ ਤਲਵਾਰ ਚਲਾਉਣ ਵਿੱਚ ਸੁਆਦ ਆ ਰਿਹਾ ਸੀ।"

ਪਿਤਾ ਨੂੰ ਜਿੱਥੇ ਇੱਕ ਪਾਸੇ ਆਪਣੇ ਰਾਜਪੂਤ ਪੁੱਤਰ ਤੇ ਮਾਣ ਹੋਇਆ ਉਥੇ ਉਹਨੂੰ ਥੋੜ੍ਹਾ ਡਰ ਵੀ ਲੱਗਾ। ਇਹਨੇ ਤਾਂ ਆਪਣੀ ਜ਼ਿਦ ਪੂਰੀ ਕਰਨੀ ਹੈ। ਕਿਸੇ ਦਾ ਜੀਊਣ-ਮਰਨ ਇਹਦੇ ਲਈ ਕੋਈ ਅਰਥ ਨਹੀਂ ਰੱਖਦਾ। ਹੇ ਭਗਵਾਨ! ਇਸ ਦੇ ਭਾਗਾਂ ਵਿਚ ਪਤਾ ਨਹੀਂ ਕੀ ਲਿਖਿਆ ਹੈ?"

******

ਅਗਲੇ ਦਿਨ ਵੱਡੇ ਤੜਕੇ ਤੋਂ ਹੀ ਲਛਮਣ ਘਰੋਂ ਫਿਰ ਗਾਇਬ ਸੀ। ਪਿਤਾ ਨੇ ਵੇਖਿਆ ਕਿ ਤਲਵਾਰ ਤੇ ਤੀਰ ਕਮਾਨ ਕੰਧ ਦੀਆਂ ਕਿੱਲੀਆਂ ਤੇ ਨਹੀਂ ਸਨ। ਇੱਕ ਲੰਮਾ ਸਾਹ ਲੈ ਕੇ ਉਸ ਨੇ ਸੋਚਿਆ ਕਿ ਹੁਣ ਸ਼ਾਮ ਤਕ ਨਹੀਂ ਪਰਤਦਾ। ਅੱਜ ਸ਼ਾਮੀ ਜਦੋਂ ਆਏਗਾ ਤਾਂ ਕਹਾਂਗਾ ਉਹਨੂੰ, ਵਿਚਾਰੇ ਬੇਜ਼ੁਬਾਨ ਜਾਨਵਰ ਘੋੜੇ ਨੂੰ ਤਾਂ ਆਰਾਮ ਕਰਨ ਦਿਆ ਕਰੇ।

ਪਿਤਾ ਅਜੇ ਸਵੇਰ ਦਾ ਨਾਸ਼ਤਾ ਕਰਕੇ ਬਾਹਰ ਧੁੱਪ ਸੇਕ ਰਿਹਾ ਸੀ ਕਿ ਲਛਮਣ ਆਉਂਦਾ ਦਿਖਾਈ ਦਿੱਤਾ। ਨੇੜੇ ਆਇਆ ਤਾਂ ਵੇਖਿਆ ਕਿ ਤਲਵਾਰ ਉਂਜ ਹੀ ਕਮਰਕੱਸੇ ਵਿਚ ਸੀ। ਤੀਰ ਵੀ ਸਾਰੇ ਹੀ ਨਜ਼ਰ ਆ ਰਹੇ ਸਨ-ਸ਼ਾਇਦ ਦੋ ਗਾਇਬ ਹੋਣਗੇ। ਲਛਮਣ ਕਦੀ ਵੀ ਸ਼ਿਕਾਰ ਤੋਂ ਬਾਦ ਤੀਰਾਂ ਨੂੰ ਸਾਫ ਕਰਕੇ ਭੱਥੇ ਵਿੱਚ ਰੱਖਣਾ ਨਹੀਂ ਸੀ ਭੁੱਲਦਾ। ਹੋਰ ਕੋਲ ਆਇਆ ਤਾਂ ਚਿਹਰੇ ਤੇ ਥਕਾਵਟ ਅਤੇ ਘੋਰ ਨਮੋਸ਼ੀ ਜਿਹੀ ਨਜ਼ਰ ਆਈ। ਇਸ ਮਾਣਮੱਤੇ ਰਾਜਪੂਤ ਨੂੰ ਕੀ ਹੋ ਗਿਆ?

"ਕੀ ਹੋਇਆ ਪੁੱਤਰ! ਰੋਣੀ ਸੂਰਤ ਕਿਉਂ ਬਣਾਈ ਹੋਈ ਐ।"

ਜਵਾਬ ਵਿੱਚ ਲਛਮਣ ਦੀਆਂ ਅੱਖਾਂ ਵਿਚੋਂ ਅੱਥਰੂ ਨਿੱਕਲ ਆਏ। ਹੈਰਾਨੀ ਸੀ, ਲਛਮਣ ਅਤੇ ਰੋਣਾ? ਅੱਜ ਜ਼ਰੂਰ ਕੋਈ ਅਜੀਬ ਕਾਰਾ ਵਾਪਰਿਆ ਹੈ। ਪੁਚਕਾਰ ਕੇ ਪਿਤਾ ਨੇ ਉਹਨੂੰ ਆਪਣੇ ਕੋਲ ਬਿਠਾ ਲਿਆ। ਲਛਮਣ ਬੋਲਿਆ-"ਮੈਂ ਹੁਣ ਸ਼ਿਕਾਰ ਨਹੀਂ ਕਰਾਂਗਾ।"

ਪਿਤਾ ਹੈਰਾਨ ਹੋਇਆ। ਫਿਰ ਪੁੱਛਿਆ,"ਪਰ ਹੋਇਆ ਕੀ, ਇਹ ਤਾਂ ਦੱਸ!"

"ਸ਼ੁਰੂ ਵਿੱਚ ਹੀ ਇੱਕ ਹਿਰਨੀ ਨਜ਼ਰ ਆਈ। ਉਦੋਂ ਮੈਂ ਤਿਆਰ ਵੀ ਨਹੀਂ ਸੀ। ਸੋਚਿਆ ਚਲੋ ਵੇਖਦੇ ਹਾਂ। ਸੁਭਾਵਿਕ ਹੀ ਇੱਕ ਤੀਰ ਚਲਾ ਦਿੱਤਾ। ਤੀਰ

ਨਿਸ਼ਾਨੇ ਤੇ ਲੱਗਿਆ ਤੇ ਹਿਰਨੀ ਉਥੇ ਹੀ ਡਿੱਗ ਪਈ। ਪਰ ਧਰਤੀ ਤੇ ਡਿੱਗਣ ਸਾਰ ਹੀ ਉਸ ਦਾ ਪੇਟ ਫੱਟ ਗਿਆ ਤੇ ਦੋ ਨਿੱਕੇ ਨਿੱਕੇ ਬੱਚੇ ਬਾਹਰ ਡਿੱਗ ਪਏ ਅਤੇ ਫਿਰ......।" ਮੁੰਡਾ ਫਿਰ ਰੋਣਹਾਕਾ ਹੋ ਗਿਆ। ਫਿਰ ਉਹਦੀਆਂ ਅੱਖਾਂ ਵਿਚੋਂ ਅੱਥਰੂ ਨਿਕਲ ਪਏ—ਪਰ ਸੰਭਲ ਕੇ ਬੋਲਿਆ "ਮੈਂ ਹੁਣ ਨਹੀਂ ਜਾਵਾਂਗਾ।" ਇਹ ਕਹਿ ਕੇ ਉਹਨੇ ਤਲਵਾਰ ਅਤੇ ਤੀਰ ਕਮਾਨ ਧਰਤੀ ਤੇ ਰੱਖ ਦਿੱਤੇ।

"ਇਸ ਤਲਵਾਰ ਅਤੇ ਤੀਰ ਕਮਾਨ ਦਾ ਕੀ ਹੋਏਗਾ, ਪੁੱਤਰ?"

"ਪਤਾ ਨਹੀਂ ਬਾਪੂ, ਮੈਨੂੰ ਤਾਂ ਇਹ ਹੁਣ ਚੰਗੇ ਨਹੀਂ ਲੱਗਦੇ।"

ਲਛਮਣ ਦੇ ਇਹ ਸ਼ਬਦ ਜਿਵੇਂ ਪੱਥਰ ਤੇ ਲਕੀਰ ਹੋ ਗਏ। ਉਸੇ ਦਿਨ ਉਸ ਨੇ ਇਹ ਕਰੜਾ ਪ੍ਰਣ ਲੈ ਲਿਆ। ਤਲਵਾਰ ਨੂੰ ਮੁੜ ਜੰਗਾਲ ਲੱਗਣਾ ਸ਼ੁਰੂ ਹੋ ਗਿਆ ਤੇ ਕਮਾਨ ਦੀ ਡੋਰੀ ਢਿੱਲੀ ਹੋ ਗਈ। ਲਛਮਣ ਨੇ ਫਿਰ ਕਦੀ ਉਹਨਾਂ ਵੱਲ ਵੇਖਿਆ ਤੱਕ ਨਹੀਂ।

ਲਛਮਣ ਬੁਝਿਆ ਬੁਝਿਆ ਰਹਿਣ ਲੱਗਾ। ਉਸ ਦਾ ਕਿਸੇ ਕੰਮ ਵਿਚ ਮਨ ਹੀ ਨਾ ਲਗਦਾ।

------

# ਵੈਰਾਗੀ

ਇੱਕ ਦਿਨ ਸਵੇਰੇ ਉਠਦਿਆਂ ਹੀ ਪਿਤਾ ਨੇ ਲਛਮਣ ਦਾ ਬਿਸਤਰਾ ਵੇਖਿਆ—ਲਛਮਣ ਫਿਰ ਗਾਇਬ ਸੀ। ਪਰ ਹਥਿਆਰ ਕੋਨੇ ਵਿੱਚ ਪਏ ਸਨ। ਘੋੜਾ ਵੀ ਬਾਹਰ ਬੱਝਾ ਹੋਇਆ ਸੀ। ਪਿਤਾ ਬਾਹਰ ਆਇਆ। ਉਹਨਾਂ ਦਾ ਮਕਾਨ ਥੋੜੀ ਉਚਾਈ ਤੇ ਸੀ। ਉਥੋਂ ਉਹਨਾਂ ਦਾ ਸੱਤ ਵਿਘਿਆਂ ਦਾ ਖੇਤ ਸਾਫ ਦਿਖਾਈ ਦਿੰਦਾ ਸੀ। ਲਛਮਣ ਖੇਤ ਵਿੱਚ ਬੈਠਾ ਬੰਨੇ ਠੀਕ ਕਰ ਰਿਹਾ ਸੀ। ਸ਼ਾਇਦ ਉਹ ਚਾਹੁੰਦਾ ਸੀ ਕਿ ਰਾਤੀਂ ਵਰ੍ਹੇ ਮੀਂਹ ਦਾ ਪਾਣੀ ਖੇਤ ਵਿੱਚ ਹੀ ਰਹੇ, ਬਾਹਰ ਨਾ ਜਾਵੇ।

ਸਾਰੀ ਸਵੇਰ ਉਡੀਕ ਕਰਨ ਤੋਂ ਬਾਦ ਜਦੋਂ ਲਛਮਣ ਘਰ ਨਹੀਂ ਆਇਆ ਤਾਂ ਪਿਤਾ ਨੇ ਚਾਰ ਮੋਟੀਆਂ ਮੋਟੀਆਂ ਰੋਟੀਆਂ ਪਕਾਈਆਂ ਅਤੇ ਕਲ੍ਹ ਦੇ ਬਚੇ ਮੀਟ ਦਾ ਸਲੂਣਾ ਲੈ ਕੇ ਖੇਤ ਵਿੱਚ ਪਹੁੰਚ ਗਿਆ। ਲਛਮਣ ਨੇ ਅੱਧੇ ਖੇਤ ਵਿੱਚ ਕਿਆਰੀਆਂ ਬਣਾ ਦਿੱਤੀਆਂ ਸਨ ਅਤੇ ਅਜੇ ਵੀ ਜ਼ੋਰ-ਜ਼ੋਰ ਨਾਲ ਖੇਤ ਦੀ ਮਿੱਟੀ ਇਧਰ ਉਧਰ ਕਰਨ ਲੱਗਾ ਹੋਇਆ ਸੀ। ਦੁਪਹਿਰ ਦੀ ਚਿਲਕਦੀ ਧੁੱਪ ਨਾਲ ਉਹਦਾ ਮੂੰਹ ਲਾਲ ਸੂਹਾ ਹੋਇਆ ਪਿਆ ਸੀ ਤੇ ਪਸੀਨੇ ਨਾਲ ਕੁੜਤਾ ਪਿੰਡੇ ਤੇ ਚਿਪਕ ਗਿਆ ਸੀ। ਜਾਪਦਾ ਸੀ ਸਵੇਰ ਦਾ ਸਿਰ ਸੁੱਟ ਕੇ ਕੰਮ ਤੇ ਲੱਗਾ ਹੋਇਆ ਸੀ।

ਪਿਤਾ ਨੇ ਕੋਲ ਜਾ ਕੇ ਲਛਮਣ ਨੂੰ ਹਲੂਣਿਆ ਅਤੇ ਖਾਣਾ ਖਾਣ ਲਈ ਬਿਠਾ ਲਿਆ। ਰੋਟੀ ਖਤਮ ਹੁੰਦਿਆ ਹੀ ਉਹ ਫਿਰ ਉਠ ਕੇ ਕੰਮ ਤੇ ਲੱਗਣ ਲਈ ਜਾਣ ਲੱਗਾ ਤਾਂ ਪਿਤਾ ਨੇ ਫੜ ਕੇ ਬਿਠਾ ਲਿਆ।

"ਹੁਣ ਸਾਰਾ ਦਿਨ ਖੇਤਾਂ ਵਿੱਚ ਰਹੇਂਗਾ ਜਾਂ ਕੁਝ ਹੋਰ ਵੀ ਕਰੇਂਗਾ ?" ਪਿਤਾ ਨੇ ਕਿਹਾ।

ਹੋਰ ਕੀ ਕਰਾਂ ? ਲਛਮਣ ਨੇ ਪੁੱਛਿਆ "ਕੁਝ ਪੜ੍ਹ ਲਿਖ ਲੈ।"

"ਮੇਰੀ ਤਾਂ ਇਹੀ ਪੜ੍ਹਾਈ ਹੈ ਬਾਪੂ। ਖੇਤ ਦਾ ਕੰਮ ਤੇ....।"

ਉਹਦੇ ਮੂੰਹ ਵਿਚੋਂ 'ਸ਼ਿਕਾਰ' ਸ਼ਬਦ ਨਿੱਕਲਦਾ ਨਿੱਕਲਦਾ ਰਹਿ ਗਿਆ। "ਨਹੀਂ.....। ਹੁਣ ਜਦੋਂ ਥੋੜਾ ਸਮਾਂ ਮਿਲਿਆ ਹੈ ਤਾਂ ਪੰਡਤ ਜੀ ਅਤੇ ਮੌਲਵੀ ਸਾਹਿਬ ਤੋਂ ਥੋੜਾ ਪੜ੍ਹਨਾ ਲਿਖਣਾ ਸਿੱਖ ਲੈ। ਸ਼ਾਇਦ ਕਦੀ ਕੰਮ ਆ ਜਾਵੇ।"

ਲਛਮਣ ਕੁਝ ਕਹਿਣ ਹੀ ਲਗਾ ਸੀ ਕਿ ਪਿਤਾ ਨੇ ਰੋਕ ਲਿਆ। "ਉਂਜ ਵੀ ਇਹ ਖੇਤ ਕਿੰਨਾ ਕੁ ਹੈ। ਇਹਨੂੰ ਤਾਂ ਮੈਂ ਇਕੱਲਾ ਹੀ ਸੰਭਾਲ ਸਕਦਾ ਹਾਂ।"

ਅਗਲੇ ਦਿਨ ਤੋਂ ਲਛਮਣ ਪੰਡਤ ਜੀ ਦੇ ਘਰ ਜਾਣ ਲੱਗ ਪਿਆ ।

ਪਰ ਲਛਮਣ ਦਾ ਮਨ ਨਾ ਖੇਤ ਵਿਚ, ਨਾ ਘਰ ਅਤੇ ਨਾ ਪੜ੍ਹਾਈ ਵਿੱਚ ਲੱਗਦਾ ਸੀ। ਹਿਰਨੀ ਦੇ ਸ਼ਿਕਾਰ ਦੀ ਯਾਦ ਆਉਂਦਿਆਂ ਹੀ ਉਹਦਾ ਮਨ ਪਰੇਸ਼ਾਨ ਹੋ ਉੱਠਦਾ। ਉਸ ਦੇ ਅੰਦਰੋਂ ਆਵਾਜ਼ ਆਉਂਦੀ। 'ਕੁਝ ਹੋਰ ਕਰ।' ਪਰ ਉਸ ਨੂੰ ਸਮਝ ਨਾ ਆਉਂਦੀ ਕਿ ਕੀ ਕਰੇ। ਤੀਰ ਕਮਾਨ ਬਾਰੇ ਸੋਚਦਿਆਂ ਹੀ ਉਸ ਦੀਆਂ ਅੱਖਾਂ ਸਾਹਮਣੇ ਹਿਰਨੀ ਦੇ ਪੇਟ ਵਿਚੋਂ ਨਿਕਲੇ ਦੋ ਬੱਚਿਆਂ ਦਾ ਤੜਫ ਤੜਫ ਕੇ ਮਰਨ ਦਾ ਦ੍ਰਿਸ਼ ਸਜੀਵ ਹੋ ਉੱਠਦਾ।

ਬੁਝੇ ਹੋਏ ਮਨ ਨਾਲ ਇੱਕ ਦਿਨ ਉਹ ਸਵੇਰੇ ਸਵੇਰੇ ਖੇਤ ਦੇ ਬੰਨੇ 'ਤੇ ਬੈਠਾ ਹੋਇਆ ਸੀ। ਦੂਰ ਤੋਂ ਸਾਧੂਆਂ ਦੀ ਟੋਲੀ ਆਉਂਦੀ ਦਿਸੀ। ਪੋਹ ਮਹੀਨੇ ਦੀ ਸਰਦੀ। ਸਾਧੂਆਂ ਦੇ ਪਿੰਡੇ ਤੇ ਕੋਈ ਕੱਪੜਾ ਨਹੀਂ ਸੀ। ਲਛਮਣ ਨੂੰ ਕੰਬਲ ਵਿੱਚ ਵੀ ਸਰਦੀ ਲੱਗ ਰਹੀ ਸੀ। ਸਾਧੂ ਉਹਦੇ ਕੋਲ ਆ ਕੇ ਖੁਲ੍ਹੀ ਥਾਂ ਬੈਠ ਗਏ।

"ਬੱਚਿਆ, ਕੁਝ ਖਾਣ-ਪੀਣ ਨੂੰ ਮਿਲੇਗਾ?"

"ਬਾਬਾ ਇਹ ਤਾਂ ਛੋਟਾ ਜਿਹਾ ਪਿੰਡ ਹੈ।"

ਸਾਧੂਆਂ ਨੇ ਇੱਕ ਦੂਜੇ ਵੱਲ ਵੇਖਿਆ। ਨਿਰਾਸ਼ ਹੋਏ ਉਹ ਉੱਠਣ ਹੀ ਲੱਗੇ ਸਨ ਕਿ ਲਛਮਣ ਬੋਲ ਪਿਆ।

"ਮਹਾਰਾਜ! ਬੈਠੋ। ਮੈਂ ਆਪਣੇ ਬਾਪੂ ਨੂੰ ਪੁੱਛਦਾ।"

ਦੌੜਦਾ ਹੋਇਆ ਲਛਮਣ ਘਰ ਗਿਆ। ਪਿਤਾ ਸਵੇਰ ਲਈ ਨਾਸ਼ਤਾ ਤਿਆਰ ਕਰਨ ਲੱਗਾ ਸੀ ਕਿ ਲਛਮਣ ਬੋਲ ਪਿਆ-

"ਬਾਪੂ, ਬਹੁਤ ਸਾਰੇ ਸਾਧੂ ਪਿੰਡ ਆਏ ਹਨ। ਭੁੱਖੇ ਲੱਗਦੇ ਨੇ। ਕੀ ਅਸੀਂ ਉਹਨਾਂ ਨੂੰ ਖਾਣ ਲਈ ਕੁਝ ਦੇ ਸਕਦੇ ਹਾਂ।"

ਕਈ ਦਿਨਾਂ ਬਾਦ ਪਿਤਾ ਨੇ ਲਛਮਣ ਦੇ ਚੇਹਰੇ ਤੇ ਰੌਣਕ ਜਿਹੀ ਵੇਖੀ ਸੀ। ਪਿਤਾ ਨੇ ਆਟੇ ਵਾਲਾ ਡੱਬਾ ਟੋਹਿਆ ਤੇ ਕਿਹਾ-"ਕਿਉਂ ਨਹੀਂ। ਅੱਠ ਦਸ ਬੰਦਿਆਂ ਦਾ ਪੇਟ ਤਾਂ ਭਰ ਸਕਦਾ ਹੈ।"

ਸਾਧੂ ਵੀ ਇੰਨੇ ਹੀ ਸਨ। ਲਛਮਣ ਉਤਸ਼ਾਹ ਨਾਲ ਸਾਧੂਆਂ ਨੂੰ ਇਹ ਦੱਸਣ ਲਈ ਖੇਤ ਵੱਲ ਦੌੜ ਗਿਆ। ਉਦੋਂ ਤਕ ਕੁਝ ਸਾਧੂ ਧੁੱਪੇ ਲੇਟੇ ਹੋਏ ਸਨ। ਕੁਝ ਖੇਤ ਨਾਲ ਵਗਦੀ ਖਾਲ਼ ਵਿਚੋਂ ਹੱਥ ਮੂੰਹ ਧੋ ਰਹੇ ਸਨ। ਦੋ ਸਾਧੂ ਇਸ਼ਨਾਨ ਦੀ ਤਿਆਰੀ

ਕਰ ਰਹੇ ਸਨ। ਲਛਮਣ ਨੇ ਵੇਖਿਆ ਕਿ ਸਾਧੂ ਕਈ ਕਮੰਡਲ ਠੰਢੇ ਪਾਣੀ ਦੇ ਸਿਰ ਵਿੱਚ ਪਾਈ ਜਾ ਰਹੇ ਸਨ। ਪਰ ਉਹਨਾਂ ਨੂੰ ਜਿਵੇਂ ਠੰਢ ਨਹੀਂ ਸੀ ਲੱਗ ਰਹੀ। ਸਗੋਂ ਉਹ 15-20 ਮਿੰਟ ਖੜੇ ਖੜੇ ਪ੍ਰਾਰਥਨਾ ਵੀ ਕਰ ਰਹੇ ਸਨ। ਲਛਮਣ ਨੇ ਇਕ ਬਜ਼ੁਰਗ ਸਾਧੂ ਜੋ ਉਹਨਾਂ ਦੀ ਟੋਲੀ ਦਾ ਮੁਖੀ ਜਾਪਦਾ ਸੀ, ਨੂੰ ਪੁੱਛਿਆ-

"ਤੁਹਾਨੂੰ ਠੰਢ ਨਹੀਂ ਲੱਗਦੀ ?"

"ਨਹੀਂ ਬੱਚਿਆ। ਜਦੋਂ ਸਾਰੇ ਦੇਸ ਵਿਚ ਘੁੰਮਦੇ ਹਾਂ ਤਾਂ ਭੁੱਖ-ਪਿਆਸ, ਸਰਦੀ ਗਰਮੀ ਸਭ ਪਿੱਛੇ ਰਹਿ ਜਾਂਦੇ ਹਨ।"

"ਤਾਂ ਤੁਸੀਂ ਆਪਣੇ ਘਰਾਂ ਤੇ ਖੇਤਾਂ ਨੂੰ ਛੱਡ ਕੇ ਬਾਹਰ ਚਲੇ ਜਾਂਦੇ ਹੋ ?"

ਬਜ਼ੁਰਗ ਸਾਧੂ ਆਪਣੀ ਟੋਲੀ ਵੱਲ ਵੇਖਦਿਆਂ ਥੋੜਾ ਹੱਸਿਆ ਤੇ ਬੋਲਿਆ,"ਸਾਡੇ ਕੋਈ ਘਰ ਜਾਂ ਖੇਤ ਨਹੀਂ ਹਨ।"

"ਤਾਂ ਫਿਰ ਤੁਹਾਨੂੰ ਖਾਣਾ ਕਿੱਥੋਂ ਮਿਲਦਾ ਹੈ ?"

"ਅਸੀਂ ਕੇਵਲ ਇਕ ਸਮੇਂ ਖਾਣਾ ਹੁੰਦਾ ਹੈ। ਉਹਦਾ ਪ੍ਰਬੰਧ ਤੇਰੇ ਜਿਹਾ ਕੋਈ ਚੰਗਾ ਬੱਚਾ ਕਰ ਦਿੰਦਾ ਹੈ।"

"ਪਰ......।" ਲਛਮਣ ਪੁੱਛਣਾ ਚਾਹੁੰਦਾ ਸੀ ਕਿ ਜਿੱਥੇ ਉਹ ਨਹੀਂ ਹੁੰਦਾ, ਉਥੇ ਖਾਣਾ ਕੌਣ ਦਿੰਦਾ ਹੈ। ਸਾਧੂ ਨੇ ਜਿਵੇਂ ਉਹਦੇ ਮਨ ਦੀ ਗੱਲ ਜਾਣ ਲਈ-ਉਹ ਬੋਲ ਪਿਆ-"ਭਗਵਾਨ ਦੀ ਸ਼ਰਨ ਵਿੱਚ ਚਲੇ ਜਾਈਏ ਤਾਂ ਉਹ ਭੁੱਖਾ ਨਹੀਂ ਰੱਖਦਾ।"

ਲਛਮਣ ਦੇ ਮਨ ਵਿੱਚ ਅਨੇਕਾਂ ਹੀ ਸੁਆਲ ਸਨ ਪਰ ਉਹ ਇਸੇ ਜੱਕੋ ਤੱਕੀ ਵਿੱਚ ਸੀ-ਪੁੱਛਾਂ ਕਿ ਨਾ ਪੁੱਛਾਂ ? ਪਰ ਫਿਰ ਉਹਨੇ ਪੁੱਛ ਹੀ ਲਿਆ। "ਤੁਸੀਂ ਕਰਦੇ ਕੀ ਹੋ ?"

"ਥਾਂ-ਥਾਂ ਘੁੰਮਣਾ, ਸਤਸੰਗ ਕਰਨਾ, ਪ੍ਰਮਾਤਮਾ ਦੇ ਨਾਮ ਦਾ ਪ੍ਰਚਾਰ ਕਰਨਾ। ਕੁਰੁਕਸ਼ੇਤਰ ਵਿੱਚ ਕੁੰਭ ਸਮੇਂ ਸਾਡਾ ਅਖਾੜਾ ਲਗਦਾ ਹੈ। ਹਰ ਸਾਲ ਦੋ ਤਿੰਨ ਮਹੀਨੇ ਅਸੀਂ ਉਥੇ ਹੀ ਰਹਿੰਦੇ ਹਾਂ।"

ਕੁਰੁਕਸ਼ੇਤਰ ਦੀ ਕਹਾਣੀ ਲਛਮਣ ਨੇ ਆਪਣੇ ਪਿਤਾ ਤੋਂ ਸੁਣੀ ਹੋਈ ਸੀ। ਕਦੀ ਉਹ ਸੋਚਦਾ ਸੀ ਕਿ ਮੈਂ ਵੀ ਅਰਜਨ ਜਿਹਾ ਬਣਾਂਗਾ। ਤੀਰ ਕਮਾਨ ਨਾਲ ਸਾਰਿਆਂ ਦੇ ਛੱਕੇ ਛੁਡਾ ਦਿਆਂਗਾ। ਇਹ ਲਾਲਸਾ ਦੁਬਾਰਾ ਉਸ ਦੇ ਮਨ ਵਿੱਚ ਜਾਗਣ ਲੱਗੀ।

ਬਿਜਲੀ ਵਾਂਗ ਇੱਕ ਵਿਚਾਰ ਉਸਦੇ ਮਨ ਵਿੱਚ ਚਮਕਿਆ......ਕਿਉਂ ਨਾ

ਮੈਂ ਇਹਨਾਂ ਸਾਧੂਆਂ ਨਾਲ ਹੀ ਚਲਾ ਜਾਵਾਂ? ਇਹਨਾਂ ਨਾਲ ਤਾਂ ਕੰਮ ਵੀ ਕੋਈ ਨਹੀਂ ਕਰਨਾ ਪੈਂਦਾ।

ਫਿਰ ਉਹਨੂੰ ਆਪਣੇ ਪਿਤਾ ਦਾ ਧਿਆਨ ਆਇਆ-ਇਕੱਲਾ ਰਹਿ ਜਾਵੇਗਾ। ਪਰ ਨਾਲ ਹੀ ਉਹਨੂੰ ਜਾਪਦਾ ਜਿਵੇਂ ਇਹ ਥਾਂ ਉਸ ਲਈ ਨਹੀਂ ਹੈ। ਉਹਨੇ ਤਾਂ ਬਹੁਤ ਦੂਰ ਜਾਣਾ ਹੈ। ਇਹੋ ਜਿਹੀਆਂ ਸੋਚਾਂ ਨੂੰ ਉਸ ਨੇ ਘੇਰਿਆ ਹੋਇਆ ਸੀ।

ਬੱਚੇ ਦੇ ਚਿਹਰੇ ਉੱਤੇ ਬਦਲਦੇ ਭਾਵਾਂ ਨੂੰ ਜਿਵੇਂ ਸਾਧੂ ਨੇ ਪੜ੍ਹ ਲਿਆ ਸੀ। ਅਚਾਨਕ ਉਹ ਬੋਲਿਆ-"ਸਾਡੇ ਨਾਲ ਚੱਲੇਂਗਾ ਬੱਚਾ?"

ਲਛਮਣ ਨੂੰ ਹੈਰਾਨੀ ਹੋਈ। ਕਿਵੇਂ ਸਾਧੂ ਨੇ ਉਹਦੇ ਮਨ ਦੀ ਗੱਲ ਜਾਣ ਲਈ ਹੈ। ਉਸ ਦੇ ਦਿਲ ਵਿੱਚ ਸਾਧੂਆਂ ਪ੍ਰਤੀ ਸਤਿਕਾਰ ਹੋਰ ਵਧ ਗਿਆ।

ਸਾਧੂ ਨੇ ਲਛਮਣ ਨੂੰ ਫਿਰ ਗੌਰ ਨਾਲ ਵੇਖਿਆ, "ਜੇ ਸਾਡੇ ਨਾਲ ਰਹੇਂਗਾ ਤਾਂ ਬਹੁਤ ਕੁਝ ਸਿੱਖੇਂਗਾ।"

ਲਛਮਣ ਦੇ ਬਾਲ-ਮਨ ਨੇ ਇਸ ਗੱਲ ਤੇ ਇੱਕਦਮ ਵਿਸ਼ਵਾਸ ਕਰ ਲਿਆ। ਮਨ ਖੁਸ਼ੀ ਨਾਲ ਭਰ ਗਿਆ। ਜਿਵੇਂ ਹੁਣੇ ਹੀ ਉਸ ਨੂੰ ਬੜੀਆਂ ਸ਼ਕਤੀਆਂ ਮਿਲ ਗਈਆਂ ਹੋਣ। ਉਸ ਨੂੰ ਹੋਰ ਕੁਝ ਨਹੀਂ ਸੁੱਝਿਆ। ਉਹ ਦੌੜਿਆ-ਦੌੜਿਆ ਘਰ ਪਹੁੰਚਿਆ। ਅੰਦਰ ਵੜਦਿਆਂ ਹੀ ਉਸ ਦੇ ਪੈਰ ਠਿਠਕੇ ਜੇ ਪਿਤਾ ਨੇ ਮਨ੍ਹਾ ਕਰ ਦਿੱਤਾ ਤਾਂ--। ਉਹ ਅੰਦਰ ਗਿਆ ਪਰ ਪਿਤਾ ਨਾਲ ਕੋਈ ਗੱਲ ਨਾ ਕੀਤੀ।

ਪਿਤਾ ਗਰਮ ਗਰਮ ਦਾਲ ਕਮੰਡਲ ਵਿੱਚ ਪਾ ਰਿਹਾ ਸੀ। ਕਿਹਾ-"ਤੇਰੇ ਸਾਧੂਆਂ ਲਈ ਰੋਟੀ ਅਤੇ ਦਾਲ ਬਣਾ ਦਿੱਤੀ ਹੈ। ਚੱਲ ਚੁੱਕ-- ਮੈਂ ਵੀ ਤੇਰੇ ਨਾਲ ਚੱਲਦਾ ਹਾਂ।"

ਹੱਥ ਵਿੱਚ ਰੋਟੀਆਂ ਦੀ ਪੋਟਲੀ ਅਤੇ ਦਾਲ ਭਰਿਆ ਡੋਲੂ ਫੜੀ ਦੋਵੇਂ ਪਿਤਾ ਪੁੱਤਰ ਤੁਰ ਪਏ। ਲਛਮਣ ਨੂੰ ਜਿਵੇਂ ਬਹੁਤੀ ਕਾਹਲੀ ਸੀ ਉਹ ਤੇਜ਼ ਤੇਜ਼ ਤੁਰ ਰਿਹਾ ਸੀ।

******

ਬਹੁਤ ਸੋਚ ਵਿਚਾਰ ਕੇ ਲਛਮਣ ਇਸ ਨਤੀਜੇ ਤੇ ਪੁੱਜਾ ਕਿ ਬਾਪੂ ਨੂੰ ਅਜੇ ਆਪਣੇ ਸਾਧੂਆਂ ਨਾਲ ਜਾਣ ਦੀ ਗੱਲ ਨਹੀਂ ਦੱਸਣੀ ਚਾਹੀਦੀ। ਉਹਨੂੰ ਨਹੀਂ ਦੱਸਾਂਗਾ ਤਾਂ ਵੀ ਬੁਰਾ ਲੱਗੇਗਾ ਪਰ ਜੇ ਦੱਸ ਕੇ ਜਾਵਾਂਗਾ ਤਾਂ ਕਿਹੜਾ ਘੱਟ ਦੁੱਖ

ਹੋਵੇਗਾ ? ਲਛਮਣ ਇਹ ਖਤਰਾ ਮੁੱਲ ਨਹੀਂ ਸੀ ਲੈਣਾ ਚਾਹੁੰਦਾ ਕਿ ਪਿਤਾ ਉਹਨੂੰ ਸਾਧੂਆਂ ਨਾਲ ਜਾਣ ਤੋਂ ਰੋਕ ਦੇਵੇ।

ਉਹ ਸ਼ਾਮ ਨੂੰ ਫਿਰ ਸਾਧੂਆਂ ਕੋਲ ਬੈਠਣ ਲਈ ਆਇਆ। ਕੁਝ ਬੋਲਿਆ ਨਹੀਂ ਬਸ! ਸਾਧੂਆਂ ਦੇ ਤੌਰ ਤਰੀਕੇ ਵੇਖਦਾ ਰਿਹਾ।

ਹਮੇਸ਼ਾਂ ਵਾਂਗ ਬਾਬਾ ਸਾਧੂ ਜਿਸ ਦਾ ਨਾਂ ਜਾਨਕੀ ਦਾਸ ਸੀ, ਉਸ ਦੇ ਦਿਲ ਵਿਚਲੀ ਗੱਲ ਸਮਝ ਗਿਆ ਤੇ ਸਿੱਧਾ ਸਵਾਲ ਕੀਤਾ-"ਸਾਡੇ ਨਾਲ ਚਲੇਂਗਾ ਲਛਮਣਾ ?"

ਇਸ ਸਿੱਧੇ ਸਵਾਲ ਦਾ ਕੋਈ ਟੇਢਾ-ਮੇਢਾ ਜਵਾਬ ਤਾਂ ਬਣਦਾ ਨਹੀਂ ਸੀ। ਲਛਮਣ ਨੇ ਉਪਰ ਮੂੰਹ ਕਰਕੇ ਉੱਤਰ ਦਿੱਤਾ,"ਹਾਂ, ਤੁਹਾਡੇ ਨਾਲ ਜਾਣਾ ਤਾਂ ਚਾਹੁੰਦਾ ਹਾਂ ਪਰ--" ਫਿਰ ਕੁਝ ਰੁਕ ਕੇ ਬੋਲਿਆ,"ਪਰ ਬਾਪੂ ਨੂੰ ਬੁਰਾ ਲੱਗੇਗਾ।"

ਜਾਨਕੀ ਦਾਸ ਮੁਸਕਰਾਇਆ,"ਇਥੇ ਕੋਈ ਵੀ ਕਿਸੇ ਦਾ ਨਹੀਂ ਹੈ। ਹਰ ਇਕ ਨੂੰ ਆਪਣੇ ਬਾਰੇ ਆਪ ਹੀ ਸੋਚਣਾ ਪੈਂਦਾ ਹੈ। ਕੀ ਪਤਾ ਤੇਰੇ ਲਈ ਬਾਹਰ ਦੀ ਦੁਨੀਆਂ ਵਿੱਚ ਕੁਝ ਹੋਰ ਲਿਖਿਆ ਹੋਵੇ। ਤੇਰਾ ਪਿਤਾ ਕੁਝ ਦੇਰ ਇੰਤਜ਼ਾਰ ਕਰਕੇ ਫਿਰ ਆਪੇ ਹੀ ਤੇਰਾ ਰਾਹ ਵੇਖਣਾ ਬੰਦ ਕਰ ਦੇਵੇਗਾ।"

ਇਹ ਗੱਲ ਲਛਮਣ ਦੀ ਸਰਲ ਬੁੱਧੀ ਨੂੰ ਠੀਕ ਜਾਪੀ। ਆਖਿਰ ਇਥੇ ਵੀ ਉਹ ਕਿਹੜਾ ਕੋਈ ਵੱਡਾ ਕੰਮ ਕਰ ਰਿਹਾ ਹੈ ?

"ਕਲ ਸਵੇਰੇ ਹੀ ਅਸੀਂ ਇਥੋਂ ਚੱਲ ਪਵਾਂਗੇ" ਸਾਧੂ ਬੋਲਿਆ।

"ਇਥੋਂ ਕਿੱਥੇ ਜਾਵਾਂਗੇ, ਬਾਬਾ ਜੀ।"

"ਸਾਡਾ ਕੋਈ ਪੱਕਾ ਟਿਕਾਣਾ ਤਾਂ ਹੈ ਨਹੀਂ-ਪਰ ਇਥੋਂ ਪੰਜਾਬ ਵਾਲੇ ਪਾਸੇ ਹੀ ਚੱਲਾਂਗੇ। ਤੂੰ ਸਵੇਰੇ ਸਵੇਰੇ ਆ ਜਾਈਂ। ਤੜਕੇ ਹੀ ਨਿੱਕਲਾਂਗੇ।"

------

# ਮਾਧੋ ਦਾਸ

ਉਤਸੁਕਤਾ ਅਤੇ ਘਬਰਾਹਟ ਕਾਰਨ ਲਛਮਣ ਨੂੰ ਸਾਰੀ ਰਾਤ ਨੀਂਦ ਨਹੀਂ ਆਈ। ਉਹ ਆਪਣੇ ਬਿਸਤਰੇ ਤੇ ਕੰਬਲ ਲਈ ਕਰਵਟਾਂ ਬਦਲਦਾ ਰਿਹਾ। ਸਵੇਰ ਦੇ ਪਹਿਲੇ ਪਹਿਰ ਜਦੋਂ ਮੁਰਗੇ ਨੇ ਬਾਂਗ ਦਿੱਤੀ ਉਹ ਅਛੋਪਲਾ ਜਿਹਾ ਖੜਾ ਹੋਇਆ ਤੇ ਦਰਵਾਜ਼ੇ ਅੱਗੇ ਆ ਗਿਆ। ਇੱਕ ਵਾਰ ਮੁੜ ਕੇ ਪਿਤਾ ਵੱਲ ਵੇਖਿਆ ਉਹ ਗੂਹੜੀ ਨੀਂਦ ਵਿੱਚ ਸੀ। ਲਛਮਣ ਚੁਪਚਾਪ ਦਰਵਾਜ਼ੇ ਵਿਚੋਂ ਨਿਕਲ ਕੇ ਸਿਰਫ ਆਪਣੀ ਜੁੱਤੀ ਅਤੇ ਕੰਬਲ ਲੈ ਕੇ ਸਾਧੂਆਂ ਦੀ ਮੰਡਲੀ ਵਿੱਚ ਆ ਗਿਆ।

ਸਾਰੇ ਸਾਧੂ ਜਾਗੇ ਹੋਏ ਸਨ ਅਤੇ ਆਪਣਾ ਸਮਾਨ ਸਮੇਟ ਰਹੇ ਸਨ। ਤਾਰਿਆਂ ਦੀ ਲੋਅ ਵਿੱਚ ਹੀ ਪੂਰੀ ਤਿਆਰੀ ਹੋ ਗਈ। ਬਿਨਾ ਕੋਈ ਸ਼ਬਦ ਬੋਲੇ ਟੋਲੀ ਕੱਚੇ ਰਾਹ ਤੇ ਦੱਖਣ ਵਲ ਚੱਲ ਪਈ। ਬਾਬਾ ਜਾਨਕੀ ਦਾਸ ਦੇ ਨਾਲ ਨਾਲ ਲਛਮਣ ਵੀ ਕੁਝ ਘਾਬਰਿਆ ਹੋਇਆ ਲੰਬੇ ਲੰਬੇ ਕਦਮ ਪੁੱਟਦਾ ਤੁਰੀ ਜਾ ਰਿਹਾ ਸੀ।

ਸੂਰਜ ਕਾਫੀ ਉੱਚਾ ਆ ਗਿਆ ਸੀ ਜਦੋਂ ਸਾਧੂਆਂ ਨੇ ਰੁਕਣ ਦਾ ਫੈਸਲਾ ਕੀਤਾ। ਸਰਦ ਰੁੱਤ ਦੀ ਕੋਸੀ ਕੋਸੀ ਧੁੱਪ ਵਿੱਚ ਸਾਧੂਆਂ ਨੇ ਪਹਿਲਾ ਪੜਾਅ ਕੀਤਾ। ਹੁਣ ਤਕ ਇਹ ਟੋਲੀ ਲਛਮਣ ਦੇ ਪਿੰਡ ਤੋਂ ਕੋਈ ਦਸ ਮੀਲ ਦੂਰ ਨਿਕਲ ਆਈ ਸੀ।

ਰੁਕਦਿਆਂ ਹੀ ਲਛਮਣ ਦਿਲ ਵਿੱਚ ਸੋਚਣ ਲਗਾ। ਇੱਕ ਟੀਸ ਜਿਹੀ ਉੱਠੀ ਅਤੇ ਪਿਤਾ ਦਾ ਧਿਆਨ ਆਇਆ। ਸਵੇਰੇ ਉਠਦਿਆਂ ਹੀ ਉਹਨੇ ਦੇਖ ਲਿਆ ਹੋਵੇਗਾ ਕਿ ਮੇਰਾ ਬਿਸਤਰਾ ਖਾਲੀ ਹੈ। ਕੁਝ ਦੇਰ ਸੋਚਿਆ ਹੋਵੇਗਾ ਕਿ ਸਾਧੂਆਂ ਨਾਲ ਹੋਵੇਗਾ, ਹੁਣੇ ਆ ਜਾਵੇਗਾ। ਫਿਰ ਜਦੋਂ ਟਿੱਬੇ ਤੋਂ ਥੱਲੇ ਵੇਖਿਆ ਹੋਵੇਗਾ ਤਾਂ ਸਾਧੂਆਂ ਦੀ ਟੋਲੀ ਨੂੰ ਉਥੇ ਨਾ ਵੇਖ ਕੇ ਮਨ ਵਿੱਚ ਸ਼ੱਕ ਪੈਦਾ ਹੋ ਗਿਆ ਹੋਵੇਗਾ। ਜਾਂ ਫਿਰ ਪਾਗਲਾਂ ਵਾਂਗ ਅਵਾਜ਼ਾਂ ਲਗਾਉਂਦਾ ਇੱਧਰ ਉਧਰ ਦੌੜਿਆ ਹੋਵੇਗਾ। ਲਛਮਣ ਦਾ ਮਨ ਭਰ ਆਇਆ। ਉਹ ਰੋਣਾ ਚਾਹੁੰਦਾ ਸੀ ਪਰ......। ਸਾਧੂ ਤਾਂ ਕਦੀ ਵੀ ਤੇ ਕਿਤੇ ਵੀ ਜਾ ਸਕਦੇ ਹਨ ਇਸ ਲਈ ਲੱਭਣਾ ਮੁਸ਼ਕਲ ਹੋ ਰਿਹਾ ਹੋਵੇਗਾ।

ਜਾਨਕੀ ਦਾਸ ਨੇ ਪਿਆਰ ਨਾਲ ਲਛਮਣ ਦੇ ਸਿਰ ਤੇ ਹੱਥ ਰੱਖਿਆ। ਲਛਮਣ ਉਸ ਦੇ ਨਾਲ ਚੰਬੜ ਗਿਆ ਹੁਬਕੀਂ ਹੁਬਕੀਂ ਰੋਣ ਲੱਗਾ। ਦੇਰ ਤੋਂ ਰੁੱਕੇ ਹੋਏ

ਅੱਥਰੂ ਉਹਦੀਆਂ ਅੱਖਾਂ ਵਿਚੋਂ ਟੱਪਕਣ ਲੱਗ ਪਏ।

"ਲਛਮਣ! ਕੁਝ ਖਾ ਲੈ। ਫਿਰ ਅੱਗੇ ਚੱਲਣਾ ਹੈ।" ਜਾਨਕੀ ਦਾਸ ਨੇ ਇੱਕ ਕਟੋਰਾ ਦਲੀਆ ਲਛਮਣ ਦੇ ਅੱਗੇ ਰੱਖ ਦਿੱਤਾ। ਲਛਮਣ ਨੇ ਉਹ ਚੁਪਚਾਪ ਖਾ ਲਿਆ ਤੇ ਕਟੋਰਾ ਮਿੱਟੀ ਨਾਲ ਮਾਂਜ ਕੇ ਉਸ ਸਾਧੂ ਨੂੰ ਦੇ ਦਿੱਤਾ ਜਿਹੜਾ ਦਲੀਆ ਵੰਡ ਰਿਹਾ ਸੀ।

ਟੋਲੀ ਫਿਰ ਚੱਲ ਪਈ। ਹੁਣ ਸਾਰੇ ਇੱਕ ਰਾਹ ਤੇ ਤੇਜ਼-ਤੇਜ਼ ਤੁਰ ਰਹੇ ਸਨ। ਜਾਪਦਾ ਸੀ ਇਹ ਸਾਰਾ ਰਸਤਾ ਸਾਧੂਆਂ ਦਾ ਪਹਿਲਾਂ ਹੀ ਦੇਖਿਆ-ਭਾਲਿਆ ਹੈ। ਦੁਪਹਿਰ ਵੇਲੇ ਫਿਰ ਇੱਕ ਥਾਂ ਤੇ ਰੁਕੇ। ਇਥੇ ਜਾਨਕੀ ਦਾਸ ਨੇ ਲਛਮਣ ਨੂੰ ਆਪਣੇ ਕੋਲ ਬੁਲਾਇਆ ਤੇ ਕਿਹਾ-

"ਹੁਣ ਤੂੰ ਸਾਡੇ ਨਾਲ ਆ ਗਿਆ ਹੈਂ। ਰਿਵਾਜ ਅਨੁਸਾਰ ਸਾਨੂੰ ਤੇਰਾ ਨਵਾਂ ਨਾਂ ਰੱਖਣਾ ਪਏਗਾ। ਜਾਓ ਉਸ ਨਹਿਰ ਵਿਚ ਇਸ਼ਨਾਨ ਕਰਕੇ ਆਉ।"

ਨਹਾ ਕੇ ਲਛਮਣ ਜਦੋਂ ਆ ਗਿਆ ਤਾਂ ਵੇਖਿਆ ਕਿ ਇਕ ਥਾਂ ਤੇ ਉਹਦੇ ਲਈ ਵਿਸ਼ੇਸ਼ ਆਸਣ ਤਿਆਰ ਕੀਤਾ ਹੋਇਆ ਸੀ। ਇੱਕ ਪਾਸੇ ਨਾਲ ਜਾਨਕੀ ਦਾਸ ਬੈਠ ਗਿਆ। ਬਾਕੀ ਦੇ ਸਾਰੇ ਸਾਧੂ ਆਸੇ ਪਾਸੇ ਬੈਠ ਗਏ। ਜਾਨਕੀ ਦਾਸ ਨੇ ਕੁਝ ਮੰਤਰ ਪੜ੍ਹੇ ਪਾਣੀ ਦੇ ਛਿੱਟੇ ਉਸ ਉਪਰ ਸੁੱਟੇ।

"ਅੱਜ ਤੋਂ ਤੇਰਾ ਨਾਂ ਮਾਧੋ ਦਾਸ ਹੋਇਆ।" ਹੁਣ ਤੇਰਾ ਨਾਤਾ ਤੇਰੇ ਪਹਿਲੇ ਨਾਂ, ਗੋਤ, ਪਰਿਵਾਰ ਆਦਿ ਤੋਂ ਟੁੱਟ ਗਿਆ। ਹੁਣ ਤੂੰ ਬੈਰਾਗੀ ਹੈਂ ਅਤੇ ਸਾਡੇ ਨਾਲ ਥਾਂ ਥਾਂ ਘੁੰਮੇਂਗਾ। ਸਾਡੀ ਸਾਰੀ ਵਿਦਿਆ ਗ੍ਰਹਿਣ ਕਰੇਂਗਾ ਤੇ ਇਕ ਦਿਨ ਸਾਡੇ ਅਖਾੜੇ ਨੂੰ ਸੰਭਾਲੇਂਗਾ। ਭਗਵਾਨ ਤੇਰੀ ਮੱਦਦ ਕਰੇ।'

ਇਸ ਛੋਟੀ ਜਿਹੀ ਰਸਮ ਨਾਲ ਲਛਮਣ ਬਦਲ ਗਿਆ। ਜਿਵੇਂ ਅਸਲ ਵਿੱਚ ਹੀ ਉਹ ਲਛਮਣ ਤੋਂ ਮਾਧੋਦਾਸ ਬਣ ਗਿਆ। ਅਚਾਨਕ ਉਹਨੂੰ ਜਾਪਿਆ ਕਿ ਜਿਵੇਂ ਉਹਦਾ ਕੋਈ ਪਰਿਵਾਰ ਹੋਵੇ ਈ ਨਾ। ਉਹਨੂੰ ਸਾਰੀ ਧਰਤੀ ਆਪਣੀ ਲੱਗਣ ਲਗ ਪਈ। ਇੰਜ ਪਿਛਲੇ ਜੀਵਨ ਨਾਲੋਂ ਉਹਦਾ ਨਾਤਾ ਟੁੱਟ ਗਿਆ।

******

ਰਾਜੌਰੀ ਦੇ ਪਹਾੜਾਂ ਤੋਂ ਹੇਠਾਂ ਆ ਕੇ ਜੰਮੂ ਪ੍ਰਾਂਤ ਪਾਰ ਕਰਕੇ ਸਾਧੂਆਂ ਦੀ ਇਹ ਟੋਲੀ ਨੀਮ ਪਹਾੜੀ ਇਲਾਕੇ ਵਿੱਚ ਆ ਗਈ। ਰਾਹ ਵਿੱਚ ਚਲਦਿਆਂ-

ਚਲਦਿਆਂ ਜਾਨਕੀ ਦਾਸ ਨੇ ਪੁੱਛਿਆ,

"ਮਾਧੋ ਦਾਸ, ਪਹਿਲਾਂ ਪਹਾੜਾਂ ਵਿੱਚ ਕਿੰਨਾ ਕੁ ਘੁੰਮਿਆ ਹੈਂ ?"

ਹੁਣ ਲਛਮਣ ਨੂੰ ਸਾਰੇ ਮਾਧੋ ਜਾਂ ਮਾਧੋ ਦਾਸ ਕਹਿ ਕੇ ਬੁਲਾਉਣ ਲੱਗ ਪਏ ਸਨ।

"ਆਪਣਾ ਪਿੰਡ ਤੇ ਬਸ ਥੋੜਾ ਇਧਰ ਉੱਧਰ।" ਮਾਧੋ ਨੇ ਉੱਤਰ ਦਿੱਤਾ।

"ਚੱਲ ਫਿਰ ਤੈਨੂੰ ਵੱਡੇ ਵੱਡੇ ਪਹਾੜ ਅਤੇ ਘਣੇ ਜੰਗਲਾਂ ਦੇ ਦਰਸ਼ਨ ਕਰਾਈਏ।" ਜਾਨਕੀ ਦਾਸ ਨੇ ਮੁਸਕਰਾਉਂਦਿਆਂ ਹੋਇਆ ਕਿਹਾ।

ਗੁਰਦਾਸਪੁਰ, ਹੁਸ਼ਿਆਰਪੁਰ ਹੁੰਦੇ ਹੋਏ ਉਹ ਪਹਾੜਾਂ ਅਤੇ ਜੰਗਲਾਂ ਰਾਹੀਂ ਸਿਰਮੌਰ ਦੇ ਇਲਾਕੇ ਵਿੱਚ ਜਾ ਵੜੇ ਸਨ। ਮਾਧੋ ਹਰ ਥਾਂ ਨੂੰ ਬੜੀ ਹੈਰਾਨੀ ਨਾਲ ਵੇਖਦਾ ਅਤੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕਰਦਾ। ਕਈ ਮਹੀਨੇ ਘੁੰਮਦੇ ਘੁੰਮਾਉਂਦੇ ਰਹਿਣ ਨਾਲ ਮਾਧੋ ਨੂੰ ਇਹਨਾਂ ਇਲਾਕਿਆਂ ਦਾ ਚੰਗਾ ਗਿਆਨ ਹੋ ਗਿਆ ਸੀ। ਮਾਧੋ ਦਾਸ ਜਿਵੇਂ ਇੱਕ ਰਿੜ੍ਹਦੇ ਪੱਥਰ ਵਾਂਗ ਸੀ। ਪਿੰਡ-ਪਿੰਡ, ਕਦੀ ਸ਼ਹਿਰ ਅਤੇ ਕਦੀ ਕਦੀ ਲੰਮੀਆਂ ਰਾਹਾਂ ਜਿਹਨਾਂ ਉੱਤੇ ਬਿਨਾਂ ਕਿਸੇ ਮੰਜ਼ਲ ਦੇ ਕਈ ਕਈ ਦਿਨ ਚੱਲੀ ਜਾਣਾ ਪੈਂਦਾ ਹੈ। ਹੁਣ ਲਗਭਗ ਸਾਰੇ ਸਾਧੂ ਉਹਦੇ ਮਿੱਤਰ ਬਣ ਚੁੱਕੇ ਸਨ। ਟੋਲੀ ਵਿੱਚ ਸਭ ਤੋਂ ਛੋਟਾ ਹੋਣ ਕਰਕੇ ਸਾਰੇ ਉਹਨੂੰ ਪਿਆਰ ਕਰਦੇ ਅਤੇ ਉਹਦੀਆਂ ਨਿੱਕੀਆਂ ਮੋਟੀਆਂ ਜ਼ਰੂਰਤਾਂ ਦਾ ਧਿਆਨ ਰੱਖਦੇ ਸਨ। ਮਾਧੋ ਵੀ ਸਾਰਿਆਂ ਦੇ ਕੰਮ ਚਾਈਂ ਚਾਈਂ ਕਰਦਾ ਸੀ। ਆਸ਼ਰਮ ਸਾਫ ਕਰਨਾ, ਟੋਲੀ ਲਈ ਬਾਜ਼ਾਰ ਤੋਂ ਸਮਾਨ ਆਦਿ ਲਿਆਉਣਾ ਮਾਧੋ ਨੂੰ ਚੰਗਾ ਲੱਗਣ ਲੱਗ ਪਿਆ ਸੀ। ਰਾਤੀਂ ਉਹ ਬਾਬਾ ਜਾਨਕੀ ਦਾਸ ਦੇ ਪੈਰ ਘੁੱਟਦਾ। ਬਾਬਾ ਜਾਨਕੀ ਦਾਸ ਉਹਨੂੰ ਆਪਣੇ ਪੁੱਤਰ ਵਾਂਗ ਪਿਆਰ ਕਰਦੇ ਸਨ। ਹੁਣ ਉਹਦੇ ਮਨ ਵਿਚੋਂ ਅਸਲੀ ਪਿਤਾ ਦੀ ਯਾਦ ਧੁੰਦਲੀ ਹੋ ਰਹੀ ਸੀ। ਪਰ ਮਾਧੋ ਦੇ ਮਨ ਵਿੱਚ ਇਕ ਖਾਸ ਤਰਾਂ ਦੀ ਬੇਚੈਨੀ ਰਹਿਣ ਲੱਗ ਪਈ ਸੀ। ਜਦੋਂ ਮਨ ਬਹੁਤਾ ਅਸ਼ਾਂਤ ਹੁੰਦਾ ਤਾਂ ਜਿਵੇਂ ਕੋਈ ਗੀਤ ਜਿਹੇ ਬੋਲ ਉਹਦੇ ਮੂੰਹ ਵਿੱਚੋਂ ਆਪ ਮੁਹਾਰੇ ਨਿਕਲਣ ਲੱਗ ਪੈਂਦੇ—

ਪਿੰਡ-ਸ਼ਹਿਰ ਮੈਂ ਘੁੰਮਾਂ ਢੂੰਡਾਂ।
ਜੰਗਲ ਨਦੀਆਂ ਪਾਰ ਕਰਾਂ।
ਮਨ ਦੀ ਚਿੰਤਾ ਵਧਦੀ ਜਾਏ।
ਇਹਨੂੰ ਕੌਣ ਸਮਝਾਏ।
ਮੈਂ ਬੰਦਾ ਬੈਰਾਗੀ।
ਮੈਂ ਮਾਧੋ ਬੈਰਾਗੀ।

ਕੀ ਮਨੋਰਥ ਹੈ ਇਸ ਜੀਵਨ ਦਾ ? ਪੰਦਰਾਂ ਸਾਲ ਦੀ ਇਸ ਕੱਚੀ ਉਮਰ ਵਿੱਚ ਦਰ ਦਰ ਭਟਕਣਾ ਅਤੇ ਰੋਜ਼ ਭੀਖ ਮੰਗ ਕੇ ਰੋਟੀ ਖਾਣਾ—ਇਹ ਉਹਨੂੰ ਆਪਣਾ ਜੀਵਨ-ਮਨੋਰਥ ਨਹੀਂ ਸੀ ਲੱਗਦਾ। ਕੁਝ ਯੋਗ ਆਸਣ ਕਰਨਾ ਅਤੇ ਸਮਾਧੀ ਲਾਉਣੀ ਸਿੱਖ ਲਈ ਸੀ। ਪਰ ਹੌਲੀ ਹੌਲੀ ਉਹਨੂੰ ਪਤਾ ਲੱਗ ਗਿਆ ਕਿ ਇਹਨਾਂ ਸਾਧੂਆਂ ਕੋਲ ਨਾ ਤਾਂ ਕੋਈ ਉੱਚੀ ਵਿਦਿਆ ਹੀ ਹੈ ਅਤੇ ਨਾ ਹੀ ਇਹਨਾਂ ਵਿੱਚ ਕੋਈ ਵੱਡਾ ਗੁਰੂ ਗਿਆਨੀ ਹੈ ਜਿਹੜਾ ਉਸ ਦੀ ਗਿਆਨ-ਤ੍ਰਿਸ਼ਨਾ ਨੂੰ ਸ਼ਾਂਤ ਕਰ ਸਕੇ। ਲਗਭਗ ਇਕ ਸਾਲ ਘੁੰਮਦਿਆਂ ਹੋਇਆ ਉਹਨਾਂ ਇਕ ਵਾਰ ਪੰਜਾਬ ਦੇ ਇਕ ਸ਼ਹਿਰ ਕਸੂਰ (ਹੁਣ ਪਾਕਿਸਤਾਨ) ਵਿੱਚ ਵਿਸਾਖੀ (13 ਅਪ੍ਰੈਲ 1686) ਦੇ ਮੌਕੇ ਤੇ ਬਾਹਰਵਾਰ ਡੇਰਾ ਜਮਾਇਆ। ਇਥੇ ਉਹਨਾਂ ਦੇ ਅਖਾੜੇ ਦੇ ਪੁਰਾਣੇ ਸਾਧੂ ਬਾਬਾ ਰਾਮਦਾਸ ਦੀ ਸਮਾਧੀ ਸੀ। ਇਥੇ ਵਿਸਾਖੀ ਦੇ ਮੌਕੇ ਤੇ ਵੱਡਾ ਮੇਲਾ ਲੱਗਾ ਹੋਇਆ ਸੀ।

ਮੇਲੇ ਵਿੱਚ ਹੋਰ ਅਖਾੜਿਆਂ ਦੇ ਸਾਧੂ ਵੀ ਆਏ ਹੋਏ ਸਨ। ਮਾਧੋ ਦਾਸ ਨੇ ਵੇਖਿਆ, ਹਰ ਇੱਕ ਅਖਾੜੇ ਦਾ ਆਪਣਾ ਆਪਣਾ ਇਲਾਕਾ ਸੀ ਤੇ ਆਪਣੇ ਆਪਣੇ ਰਿਵਾਜ ਸਨ। ਇਸੇ ਤਰ੍ਹਾਂ ਘੁੰਮਦੇ ਘੁੰਮਦੇ ਕਿਸੇ ਤੀਰਥ ਸਥਾਨ ਤੇ ਜਾਂ ਕਿਸੇ ਸਮਾਧੀ ਤੇ ਵੱਖ ਵੱਖ ਅਖਾੜਿਆਂ ਦੇ ਸਾਧੂ ਆਪਸ ਵਿੱਚ ਮਿਲ ਪੈਂਦੇ ਸਨ। ਪਰ ਇੱਕ ਹੈਰਾਨੀ ਸੀ ਕਿ ਇਹਨਾਂ ਦੀ ਭਾਸ਼ਾ ਸਾਂਝੀ ਜਿਹੀ ਸੀ। ਉਸ ਵਿੱਚ ਪੰਜਾਬੀ, ਡੋਗਰੀ, ਖੜੀ ਬੋਲੀ, ਗੁਜਰਾਤੀ, ਮਰਾਠੀ ਆਦਿ ਭਾਸ਼ਾਵਾਂ ਦੇ ਸ਼ਬਦ ਅਕਸਰ ਬੋਲੇ ਜਾਂਦੇ ਸਨ। ਸਾਰੀ ਸਾਰੀ ਰਾਤ ਆਪਣੀ ਇਸ ਸਾਂਝੀ ਭਾਸ਼ਾ ਵਿੱਚ ਸਾਧੂ ਭਜਨ ਗਾਉਂਦੇ ਰਹਿੰਦੇ ਸਨ। ਇਸ ਭਾਸ਼ਾ ਨੂੰ ਸਾਰੇ ਹੀ ਸਮਝ ਲੈਂਦੇ ਸਨ। ਆਮ ਬੋਲਚਾਲ ਵਿੱਚ ਇਸ ਭਾਸ਼ਾ ਨੂੰ 'ਸਧੂਕੜੀ' ਕਿਹਾ ਜਾਂਦਾ ਸੀ। ਮੇਲੇ ਵਿੱਚ ਕਈ ਸਾਧੂ ਆਪਣੇ ਅਖਾੜੇ ਬਦਲ ਲੈਂਦੇ ਸਨ। ਇਕ ਦਿਨ ਸਵੇਰੇ ਮਾਧੋ ਦਾਸ ਨਦੀ ਤੇ ਨਹਾਉਣ ਗਿਆ ਤੇ ਉਹ ਬੈਰਾਗੀ ਰਾਮ ਦਾਸ ਦੇ ਅਖਾੜੇ ਵਿੱਚ ਭਰਤੀ ਹੋ ਗਿਆ। ਉਹਨੂੰ ਡਰ ਸੀ ਕਿ ਉਹ ਪਹਿਲੇ ਅਖਾੜੇ ਵਾਲੇ ਰੌਲਾ ਪਾਉਣਗੇ। ਬਾਬਾ ਜਾਨਕੀ ਦਾਸ ਸ਼ਾਇਦ ਗੁੱਸੇ ਹੋ ਜਾਏਗਾ। ਪਰ ਇੰਜ ਕੁਝ ਵੀ ਨਹੀਂ ਹੋਇਆ।

ਫਿਰ ਇੱਕ ਦਾਸ ਤੋਂ ਦੂਜਾ ਦਾਸ, ਇਕ ਰਾਮ ਤੋਂ ਦੂਜਾ ਰਾਮ। ਇਸ ਤਰ੍ਹਾਂ ਭਟਕਦਿਆਂ ਕਈ ਮਹੀਨੇ ਲੰਘ ਗਏ। ਬਿਨਾਂ ਮੰਜ਼ਲ ਤੋਂ ਭਟਕਦਿਆਂ ਭਟਕਦਿਆਂ ਕਦੋਂ ਰਾਜਸਥਾਨ, ਰਾਜਸਥਾਨ ਤੋਂ ਭਾਰਤ ਦੇ ਕਿੰਨੇ ਇਲਾਕੇ ਗਾਹ ਮਾਰੇ ਮਾਧੋ ਦਾਸ ਨੂੰ ਯਾਦ ਹੀ ਨਾ ਰਿਹਾ। ਫਿਰ ਉਹਨਾਂ ਦਾ ਟੋਲਾ ਪੰਚਵਟੀ ਦੇ ਸਥਾਨ ਤੇ ਜਾ

ਪੁੱਜਾ। ਪੰਚਵਟੀ ਦਾ ਵਾਤਾਵਰਨ ਬੜਾ ਗੰਭੀਰ ਸੀ ਜਿਵੇਂ ਸੀਤਾ ਰਾਮ ਦੀ ਪੂਜਾ ਲਈ ਹੀ ਇਹ ਸਥਾਨ ਬਣਿਆ ਹੋਵੇ। ਇੱਥੇ ਮਾਧੋ ਦਾਸ ਨੂੰ ਕਈ ਵੱਡੇ ਗਿਆਨੀ ਸਾਧੂ ਤੇ ਤਾਂਤਰਿਕ ਮਿਲੇ ਜਿਹੜੇ ਕਈ ਕਈ ਸਾਲ ਤੋਂ ਇਥੇ ਤਪੱਸਿਆ ਕਰ ਰਹੇ ਸਨ। ਇੱਥੇ ਹੀ ਉਸ ਇੱਕ ਯੋਗੀ ਔਘੜ ਨਾਥ ਦੀ ਸੋਭਾ ਸੁਣੀ ਤੇ ਜੰਗਲ ਵਿੱਚ ਉਹਨੂੰ ਜਾ ਲੱਭਿਆ। ਮਾਧੋਦਾਸ ਇਸ ਯੋਗੀ ਵੱਲ ਖਿੱਚਿਆ ਗਿਆ। ਔਘੜ ਨਾਥ ਦੀ ਲੰਬੀ ਦਾਹੜੀ, ਖੁੱਲੇ ਵਾਲ, ਦਰਮਿਆਨਾ ਕੱਦ, ਸਾਦੀ ਪੋਸ਼ਾਕ ਅਤੇ ਸਰੀਰ ਦੇ ਮੁਤਾਬਕ ਕਾਫੀ ਵੱਡਾ ਚਿਹਰਾ-ਉਹਦੀ ਸਾਰੀ ਸ਼ਖਸੀਅਤ ਬੜੀ ਪ੍ਰਭਾਵਸ਼ਾਲੀ ਸੀ। ਮਾਧੋ ਦਾਸ ਨੂੰ ਇਹ ਨਵਾਂ ਗੁਰੂ ਧਾਰਨ ਕਰਨ ਵਿੱਚ ਕੋਈ ਸੰਕੋਚ ਨਾ ਹੋਇਆ। ਸੋਚ ਰਿਹਾ ਸੀ ਪਤਾ ਨਹੀਂ ਇਥੇ ਕਿੰਨੀ ਕੁ ਦੇਰ ਟਿਕਾਂਗਾ। ਔਘੜ ਨਾਥ ਦੇ ਹੋਰ ਵੀ ਬਹੁਤ ਸਾਰੇ ਚੇਲੇ ਸਨ ਪਰ ਮਾਧੋਦਾਸ ਉਸ ਨਾਲ ਇੰਜ ਚਿਪਕਿਆ ਕਿ ਉਹ ਸਾਰਿਆਂ ਨਾਲੋਂ ਵਧ ਲਾਡਲਾ ਬਣ ਗਿਆ। ਸਵੇਰੇ ਪ੍ਰਭਾਤ ਵੇਲੇ ਉਠ ਕੇ ਗੁਰੂ ਦੀ ਸੇਵਾ ਵਿਚ ਲੱਗ ਜਾਂਦਾ ਸੀ। ਉਹਦੀ ਸਫਾਈ ਤੇ ਖਾਣੇ ਆਦਿ ਦਾ ਪ੍ਰਬੰਧ ਮਾਧੋ ਦਾਸ ਹੀ ਕਰਦਾ। ਜਦੋਂ ਜੋਗੀ ਧਿਆਨ ਵਿੱਚ ਬੈਠਦਾ ਤਾਂ ਮਾਧੋ ਦਾਸ ਸਾਹਮਣੇ ਬੈਠਾ ਜੋਗੀ ਨੂੰ ਵੇਖਦਾ ਰਹਿੰਦਾ। ਰਾਤ ਨੂੰ ਜੋਗੀ ਦੇ ਸੌਣ ਤੋਂ ਬਾਦ ਹੀ ਸੌਂਦਾ। ਜਦੋਂ ਜੋਗੀ ਜੰਗਲ ਵਿੱਚ ਜਾਉਂਦਾ ਮਾਧੋ ਦਾਸ ਨਾਲ ਹੀ ਹੁੰਦਾ। ਉਹ ਜੋਗੀ ਲਈ ਰਸਤਾ ਬਣਾਉਂਦਾ। ਜੋਗੀ ਦੀ ਜੰਗਲੀ ਜੀਵਾਂ ਤੋਂ ਰੱਖਿਆ ਕਰਨ ਲਈ ਮਾਧੋ ਨੇ ਧਨੁਸ਼ ਬਾਣ ਬਣਾ ਲਿਆ ਸੀ।

ਜੋਗੀ ਨੇ ਵੀ ਮਾਧੋ ਦਾਸ ਨੂੰ ਆਪਣੀ ਵਿਦਿਆ ਸਿਖਾਣੀ ਸ਼ੁਰੂ ਕਰ ਦਿੱਤੀ। ਪਹਿਲਾਂ ਉਹਨੂੰ ਸਮਾਧੀ ਲਾਉਣ ਦੀ ਤਰਕੀਬ ਦੱਸੀ ਫਿਰ ਮੰਤਰ ਉਚਾਰਨ ਕਰਨ ਦੀ ਜਾਚ ਦੱਸੀ। ਮਾਧੋ ਦਾਸ ਨੇ ਪੰਡਤਾਂ ਤੇ ਸਾਧੂਆਂ ਤੋਂ ਜੋ ਭਾਸ਼ਾ ਸਿੱਖੀ ਸੀ ਉਹ ਹੁਣ ਬੜੇ ਕੰਮ ਆਈ। ਉਹ ਮੰਤਰਾਂ ਦਾ ਸਹੀ ਉਚਾਰਨ ਕਰਨ ਲਗ ਪਿਆ ਸੀ। ਇੱਕ ਦਿਨ ਯੋਗੀ ਨੇ ਉਹਨੂੰ ਤੰਤਰ ਵਿਦਿਆ ਦੇ ਸਬਕ ਦੇਣੇ ਸ਼ੁਰੂ ਕਰ ਦਿੱਤੇ। ਮਾਧੋ ਦਾਸ ਨੂੰ ਜਾਪਿਆ ਉਹਨੂੰ ਉਹਦੀ ਮੰਜ਼ਿਲ ਮਿਲ ਗਈ ਹੈ। ਜਿਵੇਂ ਜਿਵੇਂ ਉਹਦਾ ਤੰਤਰ ਗਿਆਨ ਵਧਦਾ ਜਾਂਦਾ ਉਹਦੀ ਸੰਤੁਸ਼ਟੀ ਵੀ ਵਧਦੀ ਜਾਂਦੀ।

------

# ਤੰਤਰ ਵਿਦਿਆ

ਦੀਖਿਆ ਤੋਂ ਬਾਦ ਪਹਿਲੇ ਦਿਨ ਜੋਗੀ ਬਾਬੇ ਨੇ ਮਾਧੋ ਦਾਸ ਨੂੰ ਆਪਣੇ ਕੋਲ ਬਿਠਾਇਆ ਅਤੇ ਪੁੱਛਿਆ,"ਸਾਹਮਣੇ ਕੰਧ ਉੱਤੇ ਕੀ ਦਿਸਦਾ ਹੈ?"

ਮਾਧੋ ਦਾਸ ਨੇ ਧਿਆਨ ਨਾਲ ਵੇਖਿਆ, ਫਿਰ ਚੰਗੀ ਤਰ੍ਹਾਂ ਘੂਰ ਕੇ ਵੇਖਿਆ, ਕੁਝ ਹੀ ਦਿਨ ਪਹਿਲਾਂ ਦੀਵਾਰ 'ਤੇ ਸਫੇਦ ਕਲੀ ਕੀਤੀ ਸੀ। ਬਾਬੇ ਨੂੰ ਮਾਧੋ ਦਾਸ ਨੇ ਕਿਹਾ ਕਿ ਸਫੇਦ ਦੀਵਾਰ ਤੋਂ ਇਲਾਵਾ ਹੋਰ ਕੁਝ ਨਹੀਂ ਦਿਸਦਾ।

ਬਾਬੇ ਨੇ ਇੱਕ ਮੰਤਰ ਉਚਾਰਿਆ।ਮਾਧੋ ਦਾਸ ਨੂੰ ਵੀ ਅਜਿਹਾ ਕਰਨ ਲਈ ਕਿਹਾ। ਬਾਬੇ ਦੇ ਸਿਖਾਏ ਤਰੀਕੇ ਨਾਲ ਮਾਧੋ ਦਾਸ ਨੇ ਮੰਤਰ ਬੋਲਿਆ ਅਤੇ ਅੱਖਾਂ ਬੰਦ ਰਖਦਿਆਂ ਹੀ ਹੱਥ ਨਾਲ ਦੀਵਾਰ ਉੱਤੇ ਜਿਵੇਂ ਹਵਾ ਦਾ ਤੀਰ ਮਾਰਿਆ, ਮੂੰਹ ਤੋਂ ਨਿਕਲਿਆ "ਛੂ"।

ਅੱਖਾਂ ਖੋਹਲੀਆਂ ਤਾਂ ਵੇਖਿਆ ਦੀਵਾਰ ਉੱਤੇ ਇੱਕ ਕਾਲਾ ਧੱਬਾ ਬਣਿਆ ਹੋਇਆ ਹੈ ਜਿਵੇਂ ਕਿਸੇ ਨੇ ਹੱਥ ਵਿੱਚ ਰੰਗ ਲੈ ਕੇ ਸੁੱਟਿਆ ਹੋਵੇ। ਹੈਰਾਨੀ ਅਤੇ ਖੁਸ਼ੀ ਨਾਲ ਮਾਧੋ ਦਾਸ ਬਾਬੇ ਦੇ ਪੈਰਾਂ 'ਤੇ ਝੁਕ ਗਿਆ।

*****

ਕੋਲ ਬੈਠੇ ਮਾਧੋ ਨੂੰ ਬਾਬਾ ਜੀ ਨੇ ਕਿਹਾ,"ਸਾਹਮਣੇ ਰੱਖੇ ਪਿੱਤਲ ਦੇ ਬਰਤਨ ਨੂੰ ਵੇਖ ਰਿਹਾ ਏਂ? ਇਸਨੂੰ ਹਿਲਾ।"

ਬਾਬਾ ਜੀ ਨੇ ਉੱਠਣ ਲੱਗੇ ਮਾਧੋ ਨੂੰ ਫੜ੍ਹ ਕੇ ਬਿਠਾ ਲਿਆ, "ਉਹਦੇ ਕੋਲ ਜਾ ਕੇ ਤਾਂ ਕੋਈ ਵੀ ਹਿਲਾ ਲਵੇਗਾ। ਇੱਥੇ ਬੈਠਕੇ ਹਿਲਾ।" ਬਾਬਾ ਜੀ ਨੇ ਮੰਤਰ ਦੱਸਿਆ। ਮਾਧੋ ਨੇ ਮੰਤਰ ਦਾ ਉਚਾਰਣ ਕੀਤਾ ਅਤੇ ਮਨ ਦੀ ਇੱਛਾ ਸ਼ਕਤੀ ਨਾਲ ਬਰਤਨ ਨੂੰ ਹਿਲਾਇਆ। ਅੱਖਾਂ ਖੋਲ੍ਹ ਕੇ ਵੇਖਿਆ, ਬਰਤਨ ਥੋੜ੍ਹਾ ਜਿਹਾ ਹਿੱਲਿਆ ਸੀ। ਕੋਲ੍ਹ ਬੈਠੇ ਮਾਧੋ ਨੂੰ ਬਾਬਾ ਜੀ ਨੇ ਕਿਹਾ,"ਸਾਹਮਣੇ ਪਾਣੀ ਦਾ ਘੜਾ ਵੇਖ ਰਿਹਾ ਏਂ? ਇਸਨੂੰ ਤੋੜ ਦੇ।" ਪਿਛਲੇ ਅਨੁਭਵ ਤੋਂ ਸਿੱਖ ਕੇ ਐਤਕੀਂ ਮਾਧੋ ਉੱਠਿਆ ਨਹੀਂ। ਬਾਬਾ ਜੀ ਵੱਲ ਨਵੇਂ ਮੰਤਰ ਦੀ ਆਸ ਵਿੱਚ ਤੱਕਣ ਲੱਗਾ। ਉਹਨਾਂ

ਕਿਹਾ,"ਮੰਤਰ ਉਹੀ ਏ। ਇੱਛਾ ਸ਼ਕਤੀ ਲਗਾਉਣੀ ਪਵੇਗੀ।

ਮਾਧੋ ਨੇ ਫਿਰ ਅੱਖਾਂ ਮੀਟ ਕੇ ਮਨ ਵਿੱਚ ਮੰਤਰ ਬੋਲ ਕੇ ਜ਼ੋਰ ਲਗਾਇਆ। ਕੁੱਝ ਨਹੀਂ ਹੋਇਆ।

ਬਾਬਾ ਜੀ ਬੋਲੇ,"ਹੋਰ ਕੋਸ਼ਿਸ਼ ਕਰ, ਜ਼ਰੂਰ ਸਫ਼ਲ ਹੋਵੇਂਗਾ।" ਮਿੱਟੀ ਦੇ ਉਸ ਘੜੇ ਨੂੰ ਤੋੜਨ ਵਿੱਚ ਮਾਧੋ ਨੂੰ ਪੂਰੇ ਦਸ ਦਿਨ ਲੱਗੇ। ਫਿਰ ਤਾਂ ਉਤਸ਼ਾਹਿਤ ਹੋਕੇ ਉਸ ਨੇ ਆਪਣੇ ਕਮਰੇ ਦੀਆਂ ਵਸਤਾਂ ਇੱਧਰ-ਉੱਧਰ ਖਿਸਕਾਉਣੀਆਂ ਸ਼ੁਰੂ ਕਰ ਦਿੱਤੀਆਂ। ਇੰਨਾਂ ਮਜ਼ਾ ਆਇਆ ਕਿ ਉਹ ਆਸ਼ਰਮ ਦੇ ਹਰ ਕਮਰੇ ਵਿੱਚ ਆਫ਼ਤ ਲਿਆਈ ਰੱਖਦਾ।

ਇਕ ਦਿਨ ਬਾਬਾ ਜੀ ਨੇ ਟੋਕਿਆ,"ਖੇਡਾਂ ਦਾ ਸਮਾਂ ਖਤਮ ਹੋ ਗਿਆ ਮਾਧੋ, ਅਗਲੀ ਵਿਦਿਆ ਲਈ ਰੋਜ਼ ਸਵੇਰੇ ਘੱਟੋ-ਘੱਟ ਦੋ ਘੰਟੇ ਧਿਆਨ ਲਗਾਉਣਾ ਪਵੇਗਾ ਅਤੇ ਫਿਰ ਹਵਨ ਵਿੱਚ ਆਹੂਤੀ ਦੇਣੀ ਪਵੇਗੀ। ਮਾਧੋ ਨੇ ਸਾਰੇ ਨਿਰਦੇਸ਼ਾਂ ਦਾ ਪਾਲਣ ਕੀਤਾ। ਹੌਲ਼ੀ ਹੌਲ਼ੀ ਉਸਦੀ ਸ਼ਕਤੀ ਵਧਣ ਲੱਗੀ। ਬਾਬਾ ਜੀ ਦੇ ਕਹਿਣ ਤੇ ਆਸ਼ਰਮ ਵਿੱਚ ਜੋ ਲੋਕ ਆਉਂਦੇ ਸਨ, ਉਹਨਾਂ ਦੀਆਂ ਤਰ੍ਹਾਂ-ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣਾ ਅਤੇ ਜੜੀਆਂ-ਬੂਟੀਆਂ ਦੀਆਂ ਦੁਆਈਆਂ ਦੇਣੀਆਂ ਸ਼ੁਰੂ ਕੀਤੀਆਂ।

*****

"ਮੇਰੇ ਕੋਲ ਲੱਛਮੀ ਨਹੀਂ ਰਹਿੰਦੀ, ਛੋਟੇ ਬਾਬਾ ਜੀ।" ਆਸ਼ਰਮ ਵਿੱਚ ਆਉਣ ਵਾਲੇ ਇਕ ਵਿਅਕਤੀ ਨੇ ਸ਼ਿਕਾਇਤ ਕੀਤੀ। ਮਾਧੋ ਨੇ ਉਸਨੂੰ ਮੰਤਰ ਦਿੱਤਾ ਅਤੇ ਕਿਹਾ,"ਸੱਤ ਦਿਨ ਤੱਕ ਰੋਜ਼ ਹਵਨ ਕਰਨਾ। ਹਵਨ ਵਿੱਚ ਆਹੂਤੀ ਪਾਉਣ ਮਗਰੋਂ ਅੱਖਾਂ ਮੀਟ ਕੇ ਬੋਲਣਾ,"ਆਗੱਛ.......।"

ਦਸਾਂ ਦਿਨਾਂ ਪਿੱਛੋਂ ਉਹੀ ਵਿਅਕਤੀ ਪਰੇਸ਼ਾਨ ਜਿਹਾ ਫਿਰ ਤੋਂ ਆ ਗਿਆ, ਕਹਿਣ ਲੱਗਾ,"ਜੋ ਕੁੱਝ ਮੇਰੇ ਕੋਲ਼ ਸੀ, ਉਹ ਵੀ ਚਲਾ ਗਿਆ ਮਹਾਰਾਜ।"

ਮਾਧੋ ਦਾਸ ਦੀ ਕ੍ਰੋਧ ਦੀ ਸੀਮਾ ਨਾ ਰਹੀ, ਬੋਲਿਆ,"ਹਵਨ ਠੀਕ ਵਿਧੀ ਨਾਲ ਕੀਤਾ ਸੀ ?"

"ਹਾਂ ਮਹਾਰਾਜ.....।"

"ਉਸ ਮਗਰੋਂ ਕੀ ਕਿਹਾ ਸੀ ?"

"ਆ। ਗੱਛ। ਆ। ਗੱਛ।"

"ਤੂੰ ਤਾਂ ਬਿਲਕੁਲ ਪਾਗਲ ਏਂ।" ਮਾਧੋ ਹੱਸ ਪਿਆ,"ਤੂੰ ਲੱਛਮੀ ਨੂੰ ਪਹਿਲਾਂ ਕਹਿ ਰਿਹਾ ਏਂ ਆ ਜਾ ਮਗਰੋਂ ਕਹਿ ਰਿਹਾ ਏਂ, ਚਲੀ ਜਾ। ਹੁਣ ਦੱਸ, ਲੱਛਮੀ ਤੇਰੇ ਕੋਲ ਕਿਵੇਂ ਟਿਕੇਗੀ?"

*****

ਇਕ ਮਹੀਂਵਾਲ ਆਇਆ।

"ਛੋਟੇ ਬਾਬਾ ਜੀ, ਮੇਰੀਆਂ ਬਾਰਾਂ ਗਾਵਾਂ ਦਾ ਝੁੰਡ ਕਿਤੇ ਚਲਾ ਗਿਆ ਏ। ਸਮਝ ਨਹੀਂ ਆਉਂਦੀ ਕਿ ਰਾਤੋ-ਰਾਤ ਦਰਿਆ 'ਚ ਡੁੱਬ ਗਿਆ ਜਾਂ ਖੰਭ ਲਾ ਕੇ ਹਵਾ 'ਚ ਉੱਡ ਗਿਆ।"

ਮਾਧੋ ਨੇ ਧਿਆਨ ਲਗਾਇਆ ਤੇ ਪੁੱਛਿਆ,"ਇਕਬਾਲ, ਤੇਰੇ ਪਿੰਡ ਵਿੱਚ ਇਕ ਲੰਮਾ ਜਿਹਾ, ਪੱਕੇ ਕਾਲੇ ਰੰਗ ਦਾ ਆਦਮੀ ਕੌਣ ਏ? ਹਮੇਸ਼ਾ ਪੀਲਾ ਸਾਫ਼ਾ ਬੰਨਦਾ ਏ।"

"ਪੀਲਾ ਸਾਫ਼ਾ......" ਮਹੀਂਵਾਲ ਬੋਲਿਆ,"ਉਹ ਤਾਂ ਸ਼ੇਖੂ....."

"ਹਾਂ ਉਹੀ.....। ਕੱਲ ਰਾਤ ਹਨ੍ਹੇਰੇ ਵਿੱਚ ਤੇਰੀਆਂ ਗਾਵਾਂ ਖੋਲ੍ਹ ਕੇ ਪੱਛਮ ਵੱਲ ਲੈ ਗਿਆ ਏ, ਲੱਭ ਲੈ... ਮਿਲ ਜਾਣਗੀਆਂ..." ਮਾਧੋ ਬੋਲਿਆ।

*****

ਸਰਦੀਆਂ ਦੇ ਦਿਨਾਂ ਵਿੱਚ ਇਕ ਕਿਸਾਨ ਆਪਣੇ 11 ਸਾਲਾਂ ਦੇ ਮੁੰਡੇ ਨੂੰ ਲੈ ਕੇ ਆਇਆ,"ਖੂਹ ਵਿੱਚ ਡਿੱਗ ਪਿਆ ਸੀ ਬਾਬਾ ਜੀ, ਪੱਥਰ ਨਾਲ ਵੱਜ ਕੇ ਚੂਲਾ ਪਾਟ ਗਿਆ ਏ, ਪੀੜ ਬਹੁਤ ਏ।"

ਮਾਧੋ ਨੇ ਧਿਆਨ ਨਾਲ ਵੇਖਿਆ,"ਇਹ ਵੀ ਕੋਈ ਸੱਟ ਏ ਤੁਕਾਰਾਮ? ਘਰ ਵਿੱਚ ਇਮਲੀ ਪਈ ਹੋਣੀ ਏ, ਕੁੱਟ ਕੇ ਥੋੜ੍ਹੀ ਉਬਾਲ ਕੇ ਬੰਨ ਦੇ। ਤੀਜੇ ਦਿਨ ਦੁਬਾਰਾ ਛਾਲ ਮਾਰਨ ਨੂੰ ਤਿਆਰ ਨਾ ਹੋਵੇ ਤਾਂ ਕਹੀਂ।"

*****

ਮਾਧੋ ਨੂੰ ਸ਼ਰਾਰਤ ਸੁੱਝੀ। ਆਪਣੇ ਪਲੰਗ ਉੱਤੇ ਮੰਤਰ ਬੰਨਿਆ ਅਤੇ ਬਾਹਰ ਆ ਗਿਆ। ਬਾਹਰ ਲੋਕ ਉਡੀਕ ਕਰ ਰਹੇ ਸਨ ਉਹਨਾਂ ਨੂੰ ਕਿਹਾ,"ਇਕ ਆਦਮੀ ਮੇਰੇ ਨਾਲ ਬੈਠਕ ਵਿੱਚ ਆ ਜਾਵੇ। ਬਾਕੀ ਮੇਰੇ ਪਲੰਘ ਤੇ ਅਰਾਮ ਕਰਨ। ਥੋੜੀ ਦੇਰ ਮਗਰੋਂ ਆਉਣ।"

ਦੋ ਤਿੰਨ ਲੋਕ ਮਾਧੋ ਦੇ ਕਮਰੇ ਵਿੱਚ ਆਏ ਅਤੇ ਉਸਦੇ ਪਲੰਘ ਤੇ ਬੈਠਣ ਲੱਗੇ। ਅਚਾਨਕ ਪਲੰਘ ਜ਼ੋਰ ਨਾਲ ਹਿੱਲਿਆ ਅਤੇ ਤਿੰਨੇ ਜਣੇ ਜ਼ਮੀਨ ਤੇ ਧੜੱਮ ਕਰਦੇ ਡਿੱਗ ਪਏ। ਬਾਹਰ ਮਾਧੋ ਚੁਪ ਚੁਪੀਤੇ ਸਾਰਾ ਨਜ਼ਾਰਾ ਵੇਖ ਰਿਹਾ ਸੀ, ਅੰਦਰ ਦੇ ਹਾਲਾਤ ਵੇਖ ਕੇ ਉਹ ਉੱਚੀ ਸਾਰੀ ਹੱਸ ਪਿਆ। ਛੋਟੇ ਬਾਬਾ ਜੀ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ। ਦੂਰੋਂ-ਦੂਰੋਂ ਲੋਕ ਆਉਂਦੇ, ਕੋਈ ਜੜ੍ਹੀ-ਬੂਟੀ ਲੈਂਦਾ ਅਤੇ ਬੱਚੇ ਦੀ ਬੀਮਾਰੀ ਦੂਰ ਹੋਣ ਤੇ ਬਾਬਾ ਜੀ ਦੇ ਚਰਣ ਧੋ ਕੇ ਜਾਂਦਾ। ਕੋਈ ਦੁਸ਼ਮਣ ਤੋਂ ਬਦਲਾ ਲੈਂਦਾ, ਕੋਈ ਵਪਾਰ ਵਿੱਚ ਵਾਧਾ ਮੰਗਦਾ। ਆਸ਼ਰਮ ਫੈਲਦਾ ਗਿਆ ਅਤੇ ਚੇਲਿਆਂ ਦਾ ਝੁੰਡ ਵੀ ਵਧਦਾ ਗਿਆ। ਚੜ੍ਹਾਵੇ ਵਿੱਚ ਦਿਨ ਦੂਣੀ ਰਾਤ ਚੌਗਣੀ ਬਰਕਤ ਹੁੰਦੀ ਗਈ। ਇਕ ਦਿਨ ਉਹ ਚੜ੍ਹਿਆ, ਜਿਸ ਦਿਨ ਬਾਬਾ ਔਘੜ ਨਾਥ ਜੀ ਮਰਨ ਕੰਢੇ ਪੁੱਜੇ ਹੋਏ ਸਨ ਅਤੇ ਉਹਨਾਂ ਮਾਧੋ ਨੂੰ ਦਿਨੇ ਹੀ ਆਪਣੀ ਕੁਟੀਆ ਵਿੱਚ ਬੁਲਾਇਆ। ਬਾਬਾ ਜੀ ਦਾ ਫਿੱਕਾ ਚਿਹਰਾ ਵੇਖ ਕੇ ਮਾਧੋ ਨੂੰ ਬੜਾ ਧੱਕਾ ਲੱਗਾ। ਸਵੇਰੇ ਜਦੋਂ ਉਹ ਬਾਬਾ ਜੀ ਦਾ ਕੰਮ ਕਰਕੇ ਗਿਆ ਸੀ, ਉਸ ਵੇਲੇ ਤਾਂ ਉਹ ਚੰਗੇ ਭਲੇ ਸਨ। ਉਹ ਸਿਰਹਾਣੇ ਖਲੋ ਕੇ ਮਹਾਮ੍ਰਿਤਯੂੰਜੇ ਮੰਤਰ ਦਾ ਜਾਪ ਕਰਨ ਲੱਗਾ ਤਾਂ ਬਾਬਾ ਜੀ ਨੇ ਇਸ਼ਾਰੇ ਨਾਲ ਰੋਕ ਦਿੱਤਾ,"ਹੁਣ ਹੋਰ ਜੀਵਤ ਰਹਿਣ ਦਾ ਸਮਾਂ ਨਹੀਂ ਏ। ਤੈਨੂੰ ਆਪਣੀ ਸਾਰੀ ਵਿਦਿਆ ਦੇ ਕੇ ਜਾ ਰਿਹਾ ਆਂ, ਪਰੰਤੂ ਮੇਰੀ ਇੱਕ ਗੱਲ ਪੱਲੇ ਬੰਨ ਲੈ.....।"

"ਤੁਹਾਡਾ ਹਰ ਹੁਕਮ ਮੇਰੇ ਲਈ ਜੀਵਨ ਦਾ ਉਦੇਸ਼ ਹੈ ਬਾਬਾ ਜੀ, ਤੁਸੀਂ ਹੁਕਮ ਕਰੋ।"

"ਇਸ ਵਿਦਿਆ ਨੂੰ ਕਦੇ ਤੂੰ ਸ਼ਰਾਰਤਾਂ ਵਿੱਚ ਲਗਾਇਆ ਹੈ, ਅਤੇ ਕਦੇ ਲੋਕਾਂ ਦੇ ਛੋਟੇ-ਛੋਟੇ ਕੰਮਾਂ ਵਿੱਚ। ਪਰੰਤੂ ਤੇਰੇ ਜੀਵਨ ਵਿੱਚ ਇਕ ਪਲ ਆਏਗਾ ਜੋ ਤੈਨੂੰ ਬਹੁਤ ਉੱਚਾ ਚੁੱਕੇਗਾ। ਉਸਨੂੰ ਪਛਾਨਣ ਵਿੱਚ ਭੁੱਲ ਨਹੀਂ ਕਰਨੀ।"

"ਇਹ ਸਮਾਂ ਕਦੋਂ ਆਵੇਗਾ ਬਾਬਾ ਜੀ ?"

ਪਰੰਤੂ ਬਾਬਾ ਜੀ ਦੀਆਂ ਅੱਖਾਂ ਬੰਦ ਹੋ ਚੁੱਕੀਆਂ ਸਨ। ਇਕ ਹੌਲੇ ਜਿਹੇ 'ਓਮ' ਦੇ ਨਾਲ ਹੀ ਉਹਨਾਂ ਅੰਤਿਮ ਸਾਹ ਛੱਡਿਆ ਅਤੇ ਪ੍ਰਾਣ ਤਿਆਗ ਦਿੱਤੇ।

------

# ਗੁਰੂ ਆਗਮਨ

17 ਸਤੰਬਰ 1708 ਦੀ ਸਵੇਰ। ਮਹਾਂਰਾਸ਼ਟਰ ਦੇ ਨਾਂਦੇੜ ਇਲਾਕੇ ਵਿੱਚ ਘਣਾ ਜੰਗਲ। ਜੰਗਲ ਵਿੱਚ ਪੁਰਾਣੇ ਸਮੇਂ ਤੋਂ ਬਣਿਆ ਇੱਕ ਕੱਚਾ ਰਾਹ। ਰਾਹ ਉਤੇ ਕੁਝ ਦਿਨ ਪਹਿਲਾਂ ਹੋਈ ਬਰਸਾਤ ਦੇ ਨਿਸ਼ਾਨ ਸਨ। ਢੱਕ ਅਤੇ ਸੁਹਾਂਜਣੇ ਦੀਆਂ ਝਾੜੀਆਂ ਦੇ ਨਾਲ-ਨਾਲ ਇਮਲੀ ਦੇ ਪੱਤੇ ਸਭ ਤੋਂ ਉਪਰ ਸਨ ਅਤੇ ਹਲਕੀ ਹਲਕੀ ਧੁੱਪ ਵਿੱਚ ਚਮਕਣ ਲਈ ਤਿਆਰ ਸਨ।

ਅਚਾਨਕ ਧੁੱਪ-ਛਾਂ ਦੇ ਡੱਬ-ਖੜੱਬਿਆਂ ਵਿੱਚੋਂ ਹਥਿਆਰਬੰਦ ਸੈਨਿਕਾਂ ਦਾ ਦਸਤਾ ਨਜ਼ਰ ਆਉਂਦਾ ਹੈ। ਸਭ ਤੋਂ ਅੱਗੇ ਸਫੇਦ ਅਰਬੀ ਘੋੜੇ ਤੇ ਸਵਾਰ ਹਨ-ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਉਹਨਾਂ ਦੀ ਸ਼ਖਸੀਅਤ ਦੀ ਹਰ ਚੀਜ਼ ਅਦੁੱਤੀ ਅਤੇ ਤੇਜ਼ ਭਰਪੂਰ ਹੈ। ਚੌੜਾ ਮੱਥਾ ਅਤੇ ਚਿਹਰੇ ਤੋਂ ਪ੍ਰਗਟ ਹੁੰਦਾ ਦੈਵੀ ਪ੍ਰਕਾਸ਼ ਜਿਸ ਅੱਗੇ ਸੂਰਜ ਦੀ ਰੌਸ਼ਨੀ ਵੀ ਫਿੱਕੀ ਪੈ ਰਹੀ ਸੀ। ਸਾਲਾਂ ਬੱਧੀ ਲਗਾਤਾਰ ਲੜਾਈ ਅਤੇ ਘੋੜ ਸਵਾਰੀ ਕਰਨ ਤੇ ਵੀ ਰੀੜ ਬਿਲਕੁਲ ਸਿੱਧੀ। ਪ੍ਰਵੀਨ ਘੋੜ ਸਵਾਰੀ, ਘੋੜੇ ਦੀਆਂ ਟਾਪਾਂ ਨਾਲ ਸਰੀਰ ਜਿਵੇਂ ਲਹਿਰਾ ਰਿਹਾ ਹੋਵੇ। ਕਮਰ ਵਿੱਚ ਕਿਰਪਾਨ, ਖੱਬੇ ਮੋਢੇ 'ਤੇ ਕਮਾਣ, ਸੱਜੇ ਮੋਢੇ ਤੇ ਕੁਝ ਉਚੇਰਾ  ਤਰਕਸ਼ ਅਤੇ ਤੀਰ ਜਿਹਨਾਂ ਨੇ ਪਤਾ ਨਹੀਂ ਕਿੰਨੇ ਯੋਧਿਆਂ ਦੇ ਛੱਕੇ ਛੁਡਾਏ ਸਨ। ਸਭ ਤੋਂ ਉਪਰ ਦਸਤਾਰ ਵਿੱਚ ਲੱਗੀ ਸੁੰਦਰ ਕਲਗੀ-ਜਿਸ ਕਰਕੇ ਉਹਨਾਂ ਨੂੰ ਕਲਗੀਧਰ ਵੀ ਕਿਹਾ ਜਾਂਦਾ ਹੈ।

ਔਰੰਗਜ਼ੇਬ ਨੇ ਸਿੱਖਾਂ ਉਤੇ ਭਾਂਤ-ਭਾਂਤ ਦੇ ਜੋ ਜ਼ੁਲਮ ਕੀਤੇ ਸਨ ਉਹਨਾਂ ਨੂੰ ਇੱਕ ਤਰ੍ਹਾਂ ਨਾਲ ਭੁਲਾ ਕੇ ਗੁਰੂ ਗੋਬਿੰਦ ਸਿੰਘ ਜੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨਾਲ ਗੱਲਬਾਤ ਕਰਨ ਲਈ ਤਿਆਰ ਹੋ ਗਏ ਸਨ। ਉਹਨਾਂ ਨੂੰ ਆਸ ਸੀ ਗੱਲਬਾਤ ਨਾਲ ਪਿਛਲੇ 21 ਵਰ੍ਹਿਆਂ ਤੋਂ ਚਲੀ ਆ ਰਹੀ ਅਸ਼ਾਂਤੀ ਖਤਮ ਹੋ ਜਾਵੇਗੀ। ਬਹਾਦਰ ਸ਼ਾਹ ਨਿਦੋਸ਼ਿਆਂ ਤੇ ਜ਼ੁਲਮ ਕਰਨ ਵਾਲੇ ਸੂਬਾ ਸਰਹੰਦ ਨੂੰ ਸਜ਼ਾ ਦੇਵੇਗਾ।

ਕਿੱਥੇ ਪੰਜਾਬ ਤੇ ਕਿੱਥੇ ਮਹਾਂਰਾਸ਼ਟਰ। ਆਮ ਆਦਮੀ ਘੋੜੇ ਤੇ ਇੰਨਾ ਲੰਬਾ ਸਫਰ ਨਹੀਂ ਕਰ ਸਕਦਾ। ਪਰ ਗੁਰੂ ਸਾਹਿਬ ਨੂੰ ਆਪਣਾ ਮਨੋਰਥ ਪਤਾ ਸੀ ਉਹ ਧੀਰਜ ਨਾਲ ਵਧਦੇ ਰਹੇ। ਪਰ ਬਹਾਦਰ ਸ਼ਾਹ ਦੱਖਣ ਦੀਆਂ ਲੜਾਈਆਂ ਵਿੱਚ ਧਸਦਾ ਗਿਆ ਤੇ ਨਾਲ ਹੀ ਉਹ ਪੰਜਾਬ ਦੇ ਮੁਸਲਮਾਨ ਹਾਕਮਾਂ ਨਾਲ ਵਿਗਾੜਨੀ

ਨਹੀਂ ਸੀ ਚਾਹੁੰਦਾ। ਗੁਰੂ ਸਾਹਿਬ ਗੋਦਾਵਰੀ ਨਦੀ ਦੇ ਕਿਨਾਰੇ ਨਾਂਦੇੜ ਦੇ ਸਥਾਨ ਵੱਲ ਚੱਲ ਪਏ।

ਨਾਂਦੇੜ ਕਿਉਂ ? ਰਾਜਸਥਾਨ ਵਲੋਂ ਆਉਂਦਿਆਂ ਹੋਇਆਂ ਉਹਨਾਂ ਨੂੰ ਮਾਧੋ ਦਾਸ ਬਾਰੇ ਕਹਾਣੀਆਂ ਸੁਣਨ ਨੂੰ ਮਿਲੀਆਂ ਸਨ। ਉਦੋਂ ਮਾਧੋ ਦਾਸ ਕੋਈ 30 ਕੁ ਸਾਲਾਂ ਦਾ ਜਵਾਨ ਸੀ। ਮਾਧੋ ਦਾਸ ਦੇ ਪ੍ਰਭਾਵ ਅਤੇ ਕੁਝ ਅਜੋੜ ਆਦਤਾਂ ਬਾਰੇ ਵੀ ਪਤਾ ਲੱਗਾ ਸੀ। ਬਚਪਨ ਵਿੱਚ ਉਹਦੇ ਸ਼ਿਕਾਰੀ ਹੋਣ ਅਤੇ ਹਿਰਨੀ ਦੇ ਬੱਚਿਆਂ ਦੇ ਮਰਨ ਤੇ ਦਇਆ ਵੱਸ ਸ਼ਿਕਾਰ ਛੱਡਣ ਬਾਰੇ ਕਈ ਕਥਾਵਾਂ ਮੂੰਹੋ-ਮੂੰਹ ਸੁਣਾਈਆਂ ਜਾ ਰਹੀਆਂ ਸਨ। ਅਜਕਲ੍ਹ ਉਹਨੂੰ ਰਿੱਧੀਆਂ ਸਿੱਧੀਆਂ ਦਾ ਮਾਲਕ ਮੰਨਿਆ ਜਾ ਰਿਹਾ ਸੀ। ਹਿੰਦੂ ਅਤੇ ਮੁਸਲਮਾਨ ਸਾਰੇ ਉਹਦੀਆਂ ਸ਼ਕਤੀਆਂ ਤੋਂ ਪ੍ਰਭਾਵਿਤ ਸਨ। ਕੋਈ ਉਹਨੂੰ ਬਾਬਾ ਕਹਿੰਦਾ, ਕੋਈ ਗੁਰੂ ਅਤੇ ਕੋਈ ਬੈਰਾਗੀ।

ਕੀ ਇਹ ਉਹੀ ਨੌਜਵਾਨ ਸੀ ਜੋ ਉਨ੍ਹਾਂ ਨੂੰ ਸਿਰਮੌਰ ਦੇ ਜੰਗਲਾਂ ਵਿਚ ਇਕ ਵਾਰੀ ਸ਼ਿਕਾਰ ਖੇਡਦਾ ਮਿਲਿਆ ਸੀ ? ਗੁਰੂ ਗੋਬਿੰਦ ਸਿੰਘ ਪਹਿਲਾਂ ਹੀ ਐਲਾਨ ਕਰ ਚੁੱਕੇ ਸਨ ਕਿ ਉਨ੍ਹਾਂ ਤੋਂ ਬਾਦ ਸਿੱਖਾਂ ਦਾ ਧਰਮ ਗੁਰੂ ਸਿਰਫ ਆਦਿ ਗਰੰਥ ਹੀ ਹੋਵੇਗਾ। ਪਰ ਕੀ ਇਸ ਦੇਵ ਪੁਰਸ਼ ਨੂੰ ਜੋ ਮਹਾਂਰਾਸ਼ਟਰ ਵਿਚ ਪਹਿਲਾਂ ਹੀ ਧਾਰਮਕ ਨੇਤਾ ਵੱਜੋਂ ਜਾਣਿਆ ਜਾਂਦਾ ਸੀ, ਉਹ ਆਪਣੇ ਬਾਦ ਸਿੱਖਾਂ ਦਾ ਸੈਨਾਪਤੀ ਬਣਾ ਸਕਦੇ ਸਨ ? ਆਖਰ ਕੋਈ ਤਾਂ ਚਾਹੀਦਾ ਸੀ ਜੋ ਹਥਿਆਰਬੰਦ ਸਿੱਖਾਂ ਦੀ ਅਗਵਾਈ ਕਰ ਸਕੇ ਅਤੇ ਜਾਲਮਾਂ ਦੇ ਖਿਲਾਫ਼ ਜੰਗ ਜਾਰੀ ਰੱਖ ਸਕੇ। ਧਨੁੱਖ-ਬਾਣ ਦਾ ਧਨੀ, ਰਿੱਧਿਆਂ-ਸਿੱਧੀਆਂ ਦਾ ਮਾਲਕ ਅਤੇ ਧਾਰਮਕ ਆਗੂ, ਇਸ ਤੋਂ ਚੰਗਾ ਸੈਨਾਪਤੀ ਉਨ੍ਹਾਂ ਨੂੰ ਹੋਰ ਕੌਣ ਮਿਲ ਸਕਦਾ ਸੀ।

------

# ਕੂਚ

ਬਾਬਾ ਜੀ ਦੇ ਚਲਾਣੇ ਮਗਰੋਂ ਮਾਧੋ ਦਾ ਮਨ ਉੱਖੜ ਗਿਆ। ਆਸ਼ਰਮ ਉਸਨੂੰ ਸੁੰਨਾ ਸੁੰਨਾ ਜਿਹਾ ਲੱਗਦਾ। ਮਿੱਟੀ ਦੀਆਂ ਕੰਧਾਂ ਉਸਨੂੰ ਖਾਣ ਪੈਂਦੀਆਂ। ਇਕ ਦਿਨ ਕਿਸੇ ਨੂੰ ਬਿਨਾਂ ਦੱਸੇ ਮਾਧੋ ਨੇ ਸਵੇਰੇ-ਸਵੇਰੇ ਦੱਖਣ ਵੱਲ ਨੂੰ ਰੁਖ਼ ਕੀਤਾ। ਉਸ ਦੇ ਨਾਲ ਕੇਵਲ ਇਕ ਜੋੜੀ ਕਪੜੇ, ਇਕ ਚਾਦਰ ਅਤੇ ਖਾਣ-ਪੀਣ ਲਈ ਦੋ ਬਰਤਨ ਸਨ। ਇਹ ਸਮਾਂ ਸੰਨ 1691 ਦਾ ਸੀ ਅਤੇ ਮਾਧੋ ਇਸ ਸਮੇਂ 21 ਸਾਲਾਂ ਦਾ ਗੱਭਰੂ ਜੁਆਨ ਸੀ।

ਨਗਰਾਂ ਪਿੰਡ ਮੈਂ ਭਟਕਾਂ, ਫਿਰਾਂ  
ਜੰਗਲ ਨਦੀਆਂ ਪਾਰ ਕਰਾਂ  
ਮਨ ਦੀ ਚਿੰਤਾ ਵਧਦੀ ਜਾਵੇ  
ਕੌਣ ਇਹਨੂੰ ਸਮਝਾਵੇ  
ਮੈਂ ਬੰਦਾ ਬੈਰਾਗੀ

ਫਿਰ ਤੋਂ ਇਕ ਵਾਰ, ਉਹ ਉਦੇਸ਼ਹੀਣ ਯਾਤਰੂ ਵਾਂਗ ਜੀਵਨ ਬਤੀਤ ਕਰਨ ਲੱਗਾ। ਕਿਤੇ ਵੀ ਰਾਹ ਵਿੱਚ ਰੁਕ ਜਾਂਦਾ ਅਤੇ ਕੁੱਝ ਦੇਰ ਅਰਾਮ ਕਰਕੇ ਫਿਰ ਤੁਰ ਪੈਂਦਾ। ਗੋਦਾਵਰੀ ਨਦੀ ਦਾ ਕਿਨਾਰਾ ਉਸ ਨੇ ਛੱਡਿਆ ਨਹੀਂ। ਦੱਖਣ ਵੱਲ ਵਧਦੇ ਹੋਏ ਅਨੇਕਾਂ ਪਿੰਡ ਅਤੇ ਛੋਟੇ-ਛੋਟੇ ਸ਼ਹਿਰ ਆਏ, ਜਿੱਥੇ ਰੁਕਦਾ, ਪਿੰਡ ਵਾਲਿਆਂ ਨੂੰ ਸਲਾਹਾਂ ਦੇਂਦਾ, ਉਹਨਾਂ ਦੇ ਨਿੱਕੇ-ਮੋਟੇ ਕੰਮ ਕਰਦਾ ਅਤੇ ਅੱਗੇ ਵੱਧ ਜਾਂਦਾ। ਜਿਵੇਂ ਇਕ ਵਾਰ ਉਹ ਵੱਖ-ਵੱਖ ਸਾਧੂਆਂ ਦੀਆਂ ਟੋਲ੍ਹੀਆਂ ਨਾਲ ਜੁੜ ਗਿਆ ਸੀ ਉਵੇਂ ਹੀ ਹੁਣ ਨੌਜੁਆਨ ਉਸ ਨਾਲ ਜੁੜਨ ਲੱਗੇ ਸਨ। ਪੰਚਵਟੀ ਵਿੱਚ ਪ੍ਰਾਪਤ ਕੀਤੀ ਹੋਈ ਪ੍ਰਸਿੱਧੀ ਉਸਦੇ ਅੱਗੇ-ਅੱਗੇ ਚਲਦੀ ਰਹੀ ਅਤੇ ਬਿਸਤਰ-ਭੋਜਨ ਆਦਿ ਦੀ ਕੋਈ ਸਮੱਸਿਆ ਉਸਨੂੰ ਪੇਸ਼ ਨਹੀਂ ਆਈ।

ਇੰਞ ਹੀ ਚੱਲਦੇ-ਚੱਲਦੇ, ਕੁੱਝ ਮਹੀਨਿਆਂ ਮਗਰੋਂ ਮਹਾਂਰਾਸ਼ਟਰ ਦੇ ਨੰਦੇੜ ਨਾਮਕ ਸਥਾਨ ਤੇ ਡੇਰਾ ਪਾਇਆ। ਛੋਟਾ ਜਿਹਾ ਕਸਬਾ ਸੀ ਇੱਥੇ ਭੋਜਨ ਵਗੈਰਾ ਦਾ ਸਮਾਨ ਅਸਾਨੀ ਨਾਲ ਮਿਲ ਜਾਂਦਾ ਸੀ। ਇਕ ਅਣਜਾਣੀ ਸ਼ਕਤੀ ਨੇ ਉਸਨੂੰ ਖਿੱਚ ਪਾਈ ਅਤੇ ਉਸ ਦੇ ਪੈਰ ਉਸੇ ਥਾਈਂ ਜੰਮ ਗਏ। ਕਸਬੇ ਤੋਂ ਕੁੱਝ ਦੂਰੀ ਤੇ ਉਸਨੇ

ਆਪਣਾ ਆਸ਼ਰਮ ਬਣਾਇਆ ਅਤੇ ਲੰਮੇ ਸਮੇਂ ਤੱਕ ਰੁਕਣ ਦਾ ਨਿਸ਼ਚਾ ਕੀਤਾ।

ਕੁਝ ਸਾਲ ਪਹਿਲਾਂ ਪੰਚਵਟੀ ਵਿੱਚ ਜਿਸ ਕਿਸ਼ੋਰ ਨੇ ਬਾਬਿਆਂ ਦੀ ਸ਼ਰਣ ਲਈ ਸੀ, ਉਸ ਨਾਲੋਂ ਅੱਜ ਦਾ ਮਾਧੋ ਦਾਸ ਬਿਲਕੁਲ ਵੱਖਰਾ ਸੀ। ਤੰਤਰ ਵਿਦਿਆ ਵਿੱਚ ਹੁਣ ਉਹ ਨਿਪੁੰਨ ਸੀ। ਉਸਦਾ ਆਤਮ ਵਿਸ਼ਵਾਸ ਅਕਾਸ਼ ਨੂੰ ਛੋਹ ਰਿਹਾ ਸੀ। ਚੇਲਿਆਂ ਦੀ ਕੋਈ ਕਮੀ ਨਹੀਂ ਸੀ। ਜੇਕਰ ਪੁਰਾਣੇ ਮਾਧੋ ਵਿੱਚੋਂ ਕੁੱਝ ਬਚਿਆ ਸੀ ਤਾਂ ਉਹ ਸੀ, ਘੁਮੰਢ ਅਤੇ ਉਸੇ ਤੋਂ ਪੈਦਾ ਹੋਈ, ਕਦੇ-ਕਦੇ ਮਜ਼ਾਕ ਵਿੱਚ ਦੂਜਿਆਂ ਨੂੰ ਨੀਚਾ ਦਿਖਾਉਣ ਦੀ ਪ੍ਰਵਿਰਤੀ। ਗੁੱਸਾ, ਉਸਦਾ ਅਜੇ ਵੀ ਬਰਕਰਾਰ ਸੀ।

------

# ਆਸ਼ਰਮ

ਮਾਧੋ ਦਾਸ ਵੈਰਾਗੀ ਦਾ ਆਸ਼ਰਮ ਵੇਖ ਕੇ ਘੋੜ ਸਵਾਰਾਂ ਦੇ ਚਿਹਰੇ ਖਿੜ ਗਏ। ਬੜਾ ਵਧੀਆ ਵਾਤਾਵਰਨ, ਚਾਰੇ ਪਾਸੇ ਹਰਿਆਲੀ, ਤਿੰਨ ਚਾਰ ਕਮਰਿਆਂ ਦਾ ਆਸ਼ਰਮ, ਵਿਹੜੇ ਵਿੱਚ ਭਾਂਤ-ਭਾਂਤ ਦੇ ਫੁੱਲ ਖਿੜੇ ਹੋਏ। ਫਲਾਂ ਦੀ ਭਰਮਾਰ ਸੀ। ਮੌਸਮ ਦਾ ਕੋਈ ਫਲ ਅਜਿਹਾ ਨਹੀਂ, ਜਿਹੜਾ ਉਸ ਬਗੀਚੇ ਵਿੱਚ ਨਾ ਹੋਵੇ। ਆਸ਼ਰਮ ਵਿੱਚ ਕੁਝ ਭਗਤ ਅਤੇ ਕੁਝ ਹੋਰ ਬਾਹਰੋਂ ਆਏ ਸੇਵਾਦਾਰ ਇਧਰ-ਉਧਰ ਘੁੰਮ ਰਹੇ ਸਨ। ਇਹਨਾਂ ਹਥਿਆਰਬੰਦ ਘੋੜ ਸਵਾਰਾਂ ਨੂੰ ਵੇਖ ਕੇ ਸਾਰੇ ਸਹਿਮ ਗਏ ਤੇ ਉਹ ਆਸੇ ਪਾਸੇ ਹੋਣ ਲੱਗੇ। ਗੁਰੂ ਜੀ ਦੇ ਦੋ ਨੇੜਲੇ ਸਿੰਘਾਂ ਨੇ ਅੱਗੇ ਵਧ ਕੇ ਉੱਚੀ ਆਵਾਜ਼ ਵਿੱਚ ਪੁੱਛਿਆ,"ਕਿਉਂ ਬਈ, ਇਹ ਕਿਹਦਾ ਥਾਂ ਹੈ?"

ਲੋਕ ਇੱਕ ਦੂਜੇ ਦੇ ਮੂੰਹ ਵੱਲ ਵੇਖਣ ਲਗੇ ਜਿਵੇਂ ਕਹਿ ਰਹੇ ਹੋਣ---ਇੰਨਾ ਵੀ ਨਹੀਂ ਪਤਾ। ਇੱਕ ਨੌਜੁਆਨ ਸੰਨਿਆਸੀ ਅੱਗੇ ਆ ਕੇ ਬੋਲਿਆ, 'ਇਹ ਸਾਡੇ ਗੁਰੂ ਬਾਬਾ ਮਾਧੋ ਦਾਸ ਵੈਰਾਗੀ ਦਾ ਆਸ਼ਰਮ ਹੈ। ਤੁਸੀਂ ਕੌਣ ਹੋ।'

ਵਿਨੋਦ ਸਿੰਘ ਨੇ ਉੱਤਰ ਦਿੱਤਾ,"ਅਸੀਂ ਬਹੁਤ ਦੂਰੋਂ ਆ ਰਹੇ ਹਾਂ। ਬੈਰਾਗੀ ਜੀ ਨੂੰ ਕਹੋ ਗੁਰੂ ਗੋਬਿੰਦ ਸਿੰਘ ਜੀ ਆਏ ਹਨ।"

"ਪਰ ਉਹ ਇਸ ਸਮੇਂ ਤਾਂ ਇਥੇ ਨਹੀਂ ਹਨ। "

"ਠੀਕ ਅਸੀਂ ਉਡੀਕਦੇ ਹਾਂ।"

ਭਗਤ ਅਨਮਨੇ ਭਾਵ ਨਾਲ ਵਿਨੋਦ ਸਿੰਘ ਵੱਲ ਵੇਖ ਰਹੇ ਸਨ ਪਰ ਇੰਨੇ ਨੂੰ ਹੋਰ ਵੀ ਘੋੜ ਸਵਾਰ ਆ ਗਏ। ਲਗਭਗ ਤਿੰਨ ਸੌ ਘੋੜ ਸਵਾਰ ਆਸ਼ਰਮ ਦੇ ਮੈਦਾਨ ਵਿੱਚ ਆ ਉੱਤਰੇ। ਉਹ ਇੱਕ ਦੂਜੇ ਨੂੰ ਮਿਲਦਿਆਂ ਕਦੀ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਬੋਲਦੇ ਤੇ ਕਦੀ ਖੁਸ਼ੀ ਵਿੱਚ 'ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ' ਦਾ ਜੈ ਕਾਰਾ ਗਜਾਉਂਦੇ। ਮਾਧੋ ਦਾਸ ਦੇ ਚੇਲੇ ਹੈਰਾਨ ਪਰੇਸ਼ਾਨ ਸਨ। ਵੇਖਦਿਆਂ ਵੇਖਦਿਆਂ ਸੈਨਿਕਾਂ ਨੇ ਘੋੜਿਆਂ ਨੂੰ ਵੱਖ ਵੱਖ ਦਰਖਤਾਂ ਨਾਲ ਜਿਥੇ ਥਾਂ ਮਿਲੀ ਬੰਨ ਦਿੱਤਾ। ਹੁਣ ਸਿੰਘ ਉਹਨਾਂ ਦੇ ਚਾਰੇ ਦਾ ਪ੍ਰਬੰਧ ਕਰਨ ਲਈ ਜੰਗਲ ਵੱਲ ਚਲੇ ਗਏ।

ਮਾਧੋ ਦਾਸ ਦੇ ਸੇਵਾਦਾਰ ਗੁਰੂ ਜੀ ਦੇ ਕੋਲ ਆਏ ਤੇ ਬੋਲੇ—"ਮਹਾਰਾਜ,

ਬੈਰਾਗੀ ਜੀ ਇਹ ਵੇਖ ਕੇ ਬਹੁਤ ਗੁੱਸਾ ਕਰਨਗੇ। ਉਹਨਾਂ ਦੀ ਆਗਿਆ ਤੋਂ ਬਿਨਾਂ ਉਹਨਾਂ ਦੇ ਆਸ਼ਰਮ ਵਿੱਚ ਕੋਈ ਦਾਖਲ ਨਹੀਂ ਹੋ ਸਕਦਾ।"

ਗੁਰੂ ਗੋਬਿੰਦ ਸਿੰਘ ਜੀ ਮੁਸਕਰਾਏ,"ਅੱਛਾ, ਤਾਂ ਬਹੁਤ ਗੁੱਸਾ ਆਉਣ ਤੇ ਬੈਰਾਗੀ ਜੀ ਕੀ ਕਰਦੇ ਨੇ ?"

"ਉਹ ਵੱਡਾ ਤਾਂਤਰਿਕ ਹੈ ਮਹਾਰਾਜ! ਗੱਲ ਗੱਲ ਤੇ ਉਹ ਸਰਾਪ ਦੇ ਦਿੰਦਾ ਹੈ।"

"ਤੇ ਜੇ ਉਹਨੂੰ ਕੋਈ ਗੱਲ ਚੰਗੀ ਲੱਗੇ ਫਿਰ ਕੀ ਕਰਦਾ ਹੈ ?"

"ਫਿਰ ਤਾਂ ਅਸ਼ੀਰਵਾਦ ਦਿੰਦਾ ਹੈ। ਜੜ੍ਹੀਆਂ ਬੂਟੀਆਂ ਨਾਲ ਲੋਕਾਂ ਦਾ ਇਲਾਜ ਕਰਦਾ ਹੈ। ਆਪਣੇ ਜਾਦੂ ਨਾਲ ਤਾਂ ਉਹ ਮਰੇ ਹੋਏ ਨੂੰ ਵੀ ਜਿੰਦਾ ਕਰ ਦਿੰਦਾ ਹੈ।"

"ਫਿਰ ਤਾਂ ਉਹ ਸਾਡੇ ਇਹਨਾਂ ਥੱਕੇ ਹੋਏ ਸਿੰਘਾਂ ਨੂੰ ਜ਼ਰੂਰ ਆਸਰਾ ਦੇਵੇਗਾ।" ਇੰਨਾ ਕਹਿ ਕੇ ਗੁਰੂ ਜੀ ਆਪਣੇ ਘੋੜੇ ਦੀ ਲਗਾਮ ਇੱਕ ਸੇਵਕ ਨੂੰ ਫੜਾ ਕੇ ਮਾਧੋ ਦਾਸ ਦੀ ਨਿਜੀ ਕੁਟੀਆ ਵੱਲ ਵਧਣ ਲੱਗੇ।

ਡਰੇ ਹੋਏ ਸੇਵਾਦਾਰ ਉਹਨਾਂ ਨੂੰ ਰੋਕਣ ਦੀ ਕੋਸ਼ਿਸ਼ ਕਰਨਾ ਚਾਹੁੰਦੇ ਸਨ ਪਰ ਉਹਨਾਂ ਦੇ ਚਿਹਰੇ ਦੇ ਤੇਜ਼ ਨੇ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ।

ਇੰਨੇ ਵਿਨੋਦ ਸਿੰਘ ਗੁਰੂ ਜੀ ਕੋਲ ਆਇਆ ਤੇ ਬੋਲਿਆ,"ਸਿੰਘਾਂ ਦੇ ਲੰਗਰ ਪਾਣੀ ਦਾ ਕੀ ਇੰਤਜ਼ਾਮ ਕਰੀਏ।"

ਗੁਰੂ ਜੀ ਮੁਸਕਰਾ ਕੇ ਬੋਲੇ,"ਇਥੇ ਕਾਫੀ ਫਲ ਅਤੇ ਰਾਸ਼ਨ ਹੋਵੇਗਾ ਨਹੀਂ ਤਾਂ।" .......ਉਹ ਮਾਧੋ ਦਾਸ ਦੇ ਸੇਵਕਾਂ ਵੱਲ ਵੇਖਦੇ ਹੋਏ ਬੋਲੇ—"ਬੱਕਰੇ ਝਟਕਾ ਲੈਣੇ।"

ਸੇਵਾਦਾਰ ਤਾਂ ਪਹਿਲਾਂ ਹੀ ਡਰੇ ਹੋਏ ਸਨ ਹੁਣ ਤਾਂ ਬਹੁਤ ਸਕਤੇ ਵਿੱਚ ਆ ਗਏ ਤੇ ਬੈਰਾਗੀ ਨੂੰ ਲੱਭਣ ਦੌੜ ਗਏ। ਗੁਰੂ ਜੀ ਬੈਰਾਗੀ ਦੇ ਪਲੰਘ ਉਤੇ ਲੇਟ ਕੇ ਆਰਾਮ ਕਰਨ ਲੱਗੇ।

------

# ਗੁਰੂ ਦਰਸ਼ਨ

ਉਸ ਦਿਨ ਮਾਧੋ ਦਾਸ ਸਵੇਰੇ ਹੀ ਜੰਗਲ ਵੱਲ ਚਲਾ ਗਿਆ ਸੀ। ਉਸ ਨੇ ਨਦੀ ਤੇ ਇਸ਼ਨਾਨ ਕੀਤਾ ਤੇ ਫਿਰ ਸਮਾਧੀ ਵਿੱਚ ਬੈਠ ਗਿਆ। ਪੂਰਾ ਇੱਕ ਪਹਿਰ ਉਹ ਬੈਠਾ ਰਿਹਾ ਪਰ ਉਸ ਦਾ ਮਨ ਨਹੀਂ ਲਗਿਆ। ਅਨਮਨੇ ਭਾਵ ਨਾਲ ਉਹਨੇ ਕੁਝ ਫੁੱਲ ਤੋੜੇ ਤੇ ਵਾਪਸ ਚੱਲਣ ਲੱਗਾ। ਇੰਨੇ ਨੂੰ ਦੋ ਚੇਲੇ ਦੌੜਦੇ ਹੋਏ ਉਸ ਕੋਲ ਪਹੁੰਚ ਗਏ।

ਬਾਬਾ ਜੀ! ਬਾਬਾ ਜੀ! ਇਕ ਚੇਲਾ ਹਫ਼ਦਾ ਹੋਇਆ ਬੋਲਿਆ,"ਅਨਰਥ ਹੋ ਗਿਆ।"

"ਕੀ ਹੋਇਆ?" ਮਾਧੋ ਦਾਸ ਨੇ ਪੁਛਿਆ।

"ਆਸ਼ਰਮ ਤੇ ਹਮਲਾ ਹੋ ਗਿਆ।"

"ਹਮਲਾ ਮੇਰੇ ਆਸ਼ਰਮ ਤੇ ? ਕਿਸ ਨੇ ? ਕਿਉਂ ?" ਦੂਜੇ ਚੇਲੇ ਨੇ ਕਿਹਾ,"ਪਤਾ ਨਹੀਂ ਕੌਣ ਹਨ ? ਲੰਬੀਆਂ ਲੰਬੀਆਂ ਦਾਹੜੀਆਂ! ਘੋੜਿਆਂ ਤੇ ਸਵਾਰ, ਸਾਰਿਆਂ ਕੋਲ ਹੀ ਹਥਿਆਰ ਹਨ।"

"ਆਸ਼ਰਮ ਵਿੱਚ ਆ ਕੇ ਡੇਰਾ ਜਮਾ ਕੇ ਬੈਠ ਗਏ ਹਨ।"

"ਉਹਨਾਂ ਦਾ ਸਰਦਾਰ ਤਾਂ ਤੁਹਾਡੇ ਪਲੰਘ 'ਤੇ ਲੇਟਿਆ ਹੋਇਆ ਹੈ।"

"ਉਹਦੇ ਚੇਲੇ ਤੁਹਾਡੀਆਂ ਬੱਕਰੀਆਂ ਮਾਰ ਕੇ ਖਾਣ ਲੱਗੇ ਹਨ।"

"ਚਲੋ ਛੇਤੀ ਚਲੋ....।"

ਮਾਧੋ ਦਾਸ ਹੈਰਾਨ ਸੀ। ਉਹਦਾ ਦਿਮਾਗ ਜਿਵੇਂ ਰੁਕ ਗਿਆ ਸੀ। ਜਿਵੇਂ ਉਹਦਾ ਅੰਤਰੀਵ ਇਸੇ ਘੜੀ ਦੀ ਉਡੀਕ ਵਿਚ ਸੀ। ਫਿਰ ਉਹਨੇ ਆਪਣੇ ਚੇਲਿਆਂ ਵੱਲ ਵੇਖਿਆ 'ਤੇ ਉਹਨੂੰ ਆਪਣੇ ਤਾਂਤਰਿਕ ਹੋਣ ਦਾ ਅਭਿਮਾਨ ਜਾਗਿਆ।

"ਇੰਨਾ ਡਰਨ ਦੀ ਲੋੜ ਨਹੀਂ, ਹੁਣੇ ਚੱਲ ਕੇ ਵੇਖਦੇ ਹਾਂ।" ਮਾਧੋ ਦਾਸ ਕੁਝ ਸੰਭਲਦਾ ਹੋਇਆ ਬੋਲਿਆ।

ਦੂਰੋਂ ਖਾਣਾ ਬਣਨ ਦੀ ਗੰਧ ਆ ਰਹੀ ਸੀ। ਘੋੜਿਆਂ ਦੀਆਂ ਟਾਪਾਂ, ਹਿਣਹਿਣਾਉਣ ਦੀਆਂ ਅਵਾਜ਼ਾਂ ਅਤੇ ਬੰਦਿਆਂ ਦੀਆਂ ਉੱਚੀ ਉੱਚੀ ਗੱਲਾਂ ਕਰਨ ਦੀ ਆਵਾਜ਼ ਆ ਰਹੀ ਸੀ। ਅੰਦਰ ਵੜਦਿਆਂ ਵੇਖਿਆ ਕੋਈ ਦੋ ਢਾਈ ਸੌ ਸੈਨਿਕ

ਇੰਜ ਪਸਰੇ ਹੋਏ ਸਨ ਜਿਵੇਂ ਇਹ ਆਸ਼ਰਮ ਉਹਨਾਂ ਦੀ ਮਲਕੀਅਤ ਹੋਵੇ। ਆਸ਼ਰਮ ਫੁੱਲਾਂ ਦੀ ਖੁਸ਼ਬੋ ਦੀ ਥਾਂ ਘੋੜਿਆਂ ਦੀ ਲਿੱਦ ਦੀ ਬਦਬੋ ਨਾਲ ਭਰਿਆ ਪਿਆ ਸੀ। ਮਾਧੋ ਦਾਸ ਦਾ ਪਾਰਾ ਚੜ੍ਹਦਾ ਜਾ ਰਿਹਾ ਸੀ।

ਉਹਨੇ ਨੇੜੇ ਖਲੋਤੇ ਸੈਨਿਕ ਨੂੰ ਪੁੱਛਿਆ,"ਕੌਣ ਹੋ ਤੁਸੀਂ? ਤੁਹਾਡੀ ਇਹ ਹਿੰਮਤ? ਕੌਣ ਹੈ ਤੁਹਾਡਾ ਸਰਦਾਰ?"

ਹੈਰਾਨ ਹੋਏ ਸਿੰਘ ਨੇ ਉਹਦੀ ਕੁਟੀਆ ਵੱਲ ਇਸ਼ਾਰਾ ਕੀਤਾ। ਤੇਜ਼ ਤੇਜ਼ ਪੈਰ ਪੁਟਦਾ ਮਾਧੋ ਦਾਸ ਆਪਣੀ ਕੁਟੀਆ ਅੰਦਰ ਪਹੁੰਚਿਆ। ਵੇਖਿਆ ਕਿ ਇੱਕ ਪ੍ਰਭਾਵਸ਼ਾਲੀ ਮਹਾਂਪੁਰਸ਼ ਚੌਕੜੀ ਮਾਰ ਕੇ ਪਲੰਗ ਤੇ ਬੈਠਾ ਸੀ। ਹੁਣ ਤਕ ਗੁਰੂ ਜੀ ਆਪਣੇ ਅਸਤਰ-ਸ਼ਸਤਰ ਲਾਹ ਕੇ ਪਲੰਘ ਦੇ ਇਕ ਪਾਸੇ ਰੱਖ ਚੁਕੇ ਸਨ। ਮਾਧੋ ਦਾਸ ਬੜੇ ਗੁੱਸੇ ਵਿੱਚ ਸੀ। ਉਹਨੇ ਆਪਣੀ ਤੰਤਰ ਵਿਦਿਆ ਨਾਲ ਪਲੰਘ ਨੂੰ ਉਲਟਾਉਣਾ ਚਾਹਿਆ ਪਰ ਪਲੰਘ ਹਿੱਲਿਆ ਵੀ ਨਾ। ਬਾਹਰ ਦਾ ਸ਼ੋਰ ਸੁਣ ਕੇ ਗੁਰੂ ਜੀ ਨੇ ਅੱਖਾਂ ਖੋਹਲੀਆਂ ਤੇ ਥੋੜ੍ਹਾ ਮੁਸਕਰਾਏ।

ਮਾਧੋ ਦਾਸ ਹੋਰ ਗੁਸੇ ਵਿੱਚ ਆਇਆ ਤੇ ਕੜਕਦੀ ਅਵਾਜ਼ ਵਿੱਚ ਬੋਲਿਆ,"ਕੌਣ ਹੈ ਤੂੰ?" ਪਰ ਇਹ ਕੀ? ਗੁਰੂ ਜੀ ਦੇ ਚਿਹਰੇ ਉਤੇ ਨਾ ਡਰ, ਨਾ ਘਬਰਾਹਟ ਤੇ ਨਾ ਹੀ ਗੁੱਸਾ। ਉਹ ਮਾਧੋ ਦਾਸ ਦੀਆਂ ਅਖਾਂ ਵਿਚ ਪਿਆਰ ਨਾਲ ਵੇਖੀ ਜਾ ਰਹੇ ਸਨ। ਬੜੇ ਸ਼ਾਂਤ ਭਾਵ ਨਾਲ ਬੋਲੇ,"ਮੈਂ ਉਹੀ ਹਾਂ ਜਿਹਨੂੰ ਤੂੰ ਉਡੀਕ ਰਿਹਾ ਹੈਂ?"

ਬੋਲ ਵਿੱਚ ਬੜੀ ਗੰਭੀਰਤਾ ਅਤੇ ਖਿੱਚ। ਹੈਰਾਨ ਹੋਇਆ ਮਾਧੋ ਬੋਲਿਆ,"ਮੈਂ ਕਿਹਨੂੰ ਉਡੀਕਦਾ ਹਾਂ?"

"ਧਿਆਨ ਨਾਲ ਸੋਚ।" ਗੁਰੂ ਜੀ ਦਾ ਤੇਜ਼ ਮਾਧੋ ਦਾਸ ਤੋਂ ਝੱਲਿਆ ਨਹੀਂ ਸੀ ਜਾ ਰਿਹਾ। ਫਿਰ ਇੱਕ ਦਮ ਜਿਵੇਂ ਅਗਿਆਨਤਾ ਦੇ ਜਾਲੇ ਸਾਫ ਹੋ ਗਏ-"ਕੀ ਤੁਸੀਂ ਗੁਰੂ ਗੋਬਿੰਦ ਸਿੰਘ ਹੋ?"

"ਹਾਂ, ਮੈਂ ਹੀ ਗੋਬਿੰਦ ਸਿੰਘ ਹਾਂ।" ਗੁਰੂ ਜੀ ਨੇ ਉੱਤਰ ਦਿੱਤਾ। ਬੰਦਾ ਬਹਾਦਰ ਦੀਆਂ ਅੱਖਾਂ ਸਾਹਮਣੇ ਸਿੱਖਾਂ ਦੇ ਦਸਵੇਂ ਗੁਰੂ ਜੀ ਬਾਰੇ ਸੁਣੀਆਂ ਗੱਲਾਂ ਆ ਗਈਆਂ। ਗੁਰੂ ਜੀ ਦਾ ਜਨਮ ਪਟਨੇ ਵਿਚ ਹੋਇਆ। ਫਿਰ ਅਨੰਦਪੁਰ ਸਾਹਿਬ ਪਹੁੰਚੇ। 9 ਸਾਲ ਦੀ ਉਮਰ ਸੀ ਜਦੋਂ ਉਹਨਾਂ ਦੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਔਰੰਗਜ਼ੇਬ ਨੇ ਸ਼ਹੀਦ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਨੇ ਜ਼ੁਲਮ ਦਾ ਮੁਕਾਬਲਾ ਕਰਨ ਲਈ ਖਾਲਸਾ ਪੰਥ ਦੀ ਸਾਜਨਾ ਕੀਤੀ। ਅੱਜ ਗੁਰੂ ਸਾਹਿਬ ਉਸ ਖਾਲਸਾ

ਫੌਜ ਦੇ ਨਾਲ ਉਸ ਦੇ ਆਸ਼ਰਮ ਵਿੱਚ ਪੁੱਜੇ ਹਨ। ਗੁਰੂ ਜੀ ਕੋਲ ਬੈਠਿਆ ਮਾਧੋ ਦਾਸ ਦਾ ਅੰਦਰਲਾ ਚਾਨਣ-ਚਾਨਣ ਹੋ ਰਿਹਾ ਸੀ। ਫਿਰ ਉਹ ਬੜੀ ਅਧੀਨਗੀ ਨਾਲ ਬੋਲਿਆ,"ਇੱਧਰ ਆਉਣ ਦਾ ਕੀ ਮਨੋਰਥ ਹੈ ?"

"ਮੈਂ ਤੇਰੀ ਸੇਵਾ ਲੈਣ ਆਇਆ ਹਾਂ।" ਮਾਧੋ ਦਾਸ ਗੋਡਿਆਂ ਭਾਰ ਬੈਠ ਗਿਆ ਹੱਥ ਜੋੜ ਕੇ ਬੋਲਿਆ,"ਮੈਂ ਤਾਂ ਤੁਹਾਡਾ ਬੰਦਾ ਹਾਂ, ਦਾਸ ਹਾਂ। ਹੁਕਮ ਕਰੋ।

*****

"ਮਾਧੋ ਦਾਸ ਅਤੇ ਗੁਰੂ ਗੋਬਿੰਦ ਸਿੰਘ ਜੀ ਕੁਟੀਆ ਵਿੱਚ ਬੈਠੇ ਕਿੰਨੀ ਦੇਰ ਗੱਲਾਂ ਕਰਦੇ ਰਹੇ। ਸਮੇਂ ਦਾ ਦੋਹਾਂ ਨੂੰ ਪਤਾ ਹੀ ਨਾ ਲੱਗਾ। ਬਾਹਰ ਖੜੇ ਲੋਕ ਹੈਰਾਨ ਪਰੇਸ਼ਾਨ ਸਨ। ਉਹਨਾਂ ਨੂੰ ਅੰਦਰਲੀ ਗੱਲਬਾਤ ਦਾ ਪਤਾ ਨਹੀਂ ਸੀ ਲੱਗ ਰਿਹਾ। ਬਾਦ ਦੁਪਹਿਰ ਦੋਵੇਂ ਮੁਸਕਰਾਉਂਦੇ ਹੋਏ ਜਦੋਂ ਬਾਹਰ ਨਿਕਲੇ ਤਾਂ ਗੁਰੂ ਸਾਹਿਬ ਦੇ ਸਿੱਖ ਅਤੇ ਮਾਧੋ ਦਾਸ ਦੇ ਚੇਲੇ ਬਹੁਤ ਹੈਰਾਨ ਸਨ। ਦੋਵੇਂ ਇੰਜ ਇੱਕ ਦੂਜੇ ਨਾਲ ਘੁਲੇ ਮਿਲੇ ਹੋਏ ਸਨ ਜਿਵੇਂ ਉਹ ਵਰ੍ਹਿਆਂ ਤੋਂ ਇੱਕ ਦੂਜੇ ਨੂੰ ਜਾਣਦੇ ਸਨ। ਮਾਧੋ ਦਾਸ ਆਪਣਾ ਹੰਕਾਰ ਅਤੇ ਕਰੋਧ ਭੁੱਲ ਚੁੱਕਾ ਸੀ। ਉਹ ਬੜੀ ਅਧੀਨਗੀ ਨਾਲ ਗੁਰੂ ਸਾਹਿਬ ਦੇ ਪਿੱਛੇ ਚੱਲ ਰਿਹਾ ਸੀ। ਭੋਜਨ ਸਮੇਂ ਉਹਨੇ ਗੁਰੂ ਸਾਹਿਬ ਨੂੰ ਆਪਣੇ ਤੋਂ ਉਚੇਰਾ ਬਿਠਾਇਆ। ਭੋਜਨ ਕਰਨ ਤੋਂ ਬਾਦ ਫਿਰ ਦੋਵੇਂ ਕੁਟੀਆ ਵਿੱਚ ਚਲੇ ਗਏ ਅਤੇ ਇੱਕ ਲੰਮੀ ਕਹਾਣੀ ਸ਼ੁਰੂ ਹੋ ਗਈ।

ਖਾਲਸਾ ਸਾਜਣ ਤੋਂ ਬਾਦ ਪਹਾੜੀ ਰਾਜੇ ਵੀ ਮੇਰੇ ਖਿਲਾਫ ਹੋ ਗਏ। ਉਹ ਨਹੀਂ ਸੀ ਚਾਹੁੰਦੇ ਕਿ ਮੈਂ ਨੀਵੀਂ ਜਾਤੀ ਦੇ ਲੋਕਾਂ ਨੂੰ ਸਿੰਘ ਸਜਾ ਕੇ ਉਹਨਾਂ ਨੂੰ ਹਥਿਆਰਬੰਦ ਕਰਾਂ। ਉਹ ਵੀ ਮੁਗ਼ਲ ਹਾਕਮ ਦੇ ਨਾਲ ਰਲ ਗਏ। ਉਂਜ ਲੜਾਈਆਂ ਵਿੱਚ ਉਹ ਸਾਡਾ ਮੁਕਾਬਲਾ ਨਹੀਂ ਸੀ ਕਰ ਸਕਦੇ। ਫਿਰ ਉਹਨਾਂ ਨੇ ਆਨੰਦਪੁਰ ਨੂੰ ਘੇਰਾ ਪਾ ਲਿਆ। ਕਈ ਮਹੀਨੇ ਇਹ ਘੇਰਾ ਚਲਦਾ ਰਿਹਾ। ਫਿਰ ਮੁਗਲ ਸੈਨਾ ਦੇ ਸੈਨਾਪਤੀਆਂ ਅਤੇ ਪਹਾੜੀ ਰਾਜਿਆਂ ਨੇ ਕਸਮਾਂ ਖਾਧੀਆਂ ਕਿ ਆਨੰਦਪੁਰ ਛੱਡ ਜਾਓ ਅਸੀਂ ਤੁਹਾਨੂੰ ਕੁਝ ਨਹੀਂ ਕਹਾਂਗੇ ਪਰ ਜਦੋਂ ਅਸੀਂ ਆਨੰਦਪੁਰ ਛੱਡਿਆ ਤਾਂ ਉਹ ਸਾਡੇ ਸਿਪਾਹੀਆਂ ਅਤੇ ਨਿਹੱਥੇ ਇਸਤਰੀ, ਪੁਰਖਾਂ ਬੱਚਿਆਂ ਤੇ ਟੁੱਟ ਕੇ ਪੈ ਗਏ। ਅਸੀਂ ਲੜਦੇ ਹੋਏ ਚਮਕੌਰ ਸਾਹਿਬ ਪੁੱਜੇ। ਸਾਰਾ ਪਰਿਵਾਰ ਵਿਛੜ ਗਿਆ।

ਗੁਰੂ ਸਾਹਿਬ ਵਿਸਥਾਰ ਸਹਿਤ ਉਹ ਨੂੰ ਕਹਾਣੀ ਸੁਣਾਈ ਜਾ ਰਹੇ ਸਨ।

ਸਾਰੀ ਵਾਰਤਾ ਸੁਣ ਕੇ ਮਾਧੋ ਦਾਸ ਗੁਸੇ ਵਿੱਚ ਆ ਰਿਹਾ ਸੀ।

ਗੁਰੂ ਬੱਚਿਆਂ ਦੇ ਸ਼ਹੀਦ ਹੋਣ ਦਾ ਸਾਕਾ ਸੁਣ ਕੇ ਤਾਂ ਉਹ ਰੋ ਪਿਆ ਸੀ।

"ਮੈਂ ਇਹ ਬਦਲਾ ਜ਼ਰੂਰ ਲਵਾਂਗਾ" ਉਹ ਜਿਹੜਾ ਹਿਰਨੀ ਦੇ ਦੋ ਬਚਿਆਂ ਦੀ ਮੌਤ ਨਹੀਂ ਸੀ ਸਹਾਰ ਸਕਿਆ, ਉਹ ਆਦਮੀ ਦੇ ਦੋ ਬੱਚਿਆਂ ਤੇ ਹੋਏ ਜ਼ੁਲਮ ਕਿਵੇਂ ਸਹਾਰ ਸਕਦਾ ਸੀ।

ਗੁਰੂ ਜੀ ਬੋਲੇ,"ਮਾਧੋ ਦਾਸ! ਅੱਜ ਸਾਰੇ ਭਾਰਤ ਵਿੱਚ ਮੁਗਲ ਹਕੂਮਤ ਅਤੇ ਉਸ ਦੇ ਸੂਬੇਦਾਰ ਭਾਂਤ ਭਾਂਤ ਦੇ ਜ਼ੁਲਮ ਕਰ ਰਹੇ ਹਨ। ਇਹ ਸਾਰਾ ਜ਼ੁਲਮ ਰੁਕਣਾ ਚਾਹੀਦਾ ਹੈ। ਇਹਨੂੰ ਠੱਲ੍ਹ ਪੈਣੀ ਚਾਹੀਦੀ ਹੈ। ਸਰਹੰਦ ਦੇ ਸੂਬੇ ਨੇ ਤਾਂ ਅੱਤ ਹੀ ਚੁਕੀ ਹੋਈ ਹੈ। ਉਹ ਪੰਜਾਬ ਵਿੱਚ ਵਸਦੇ ਸਿੱਖਾਂ ਉਤੇ ਬਹੁਤ ਜ਼ੁਲਮ ਕਰ ਰਿਹਾ ਹੈ। ਉਹ ਸਾਨੂੰ ਪ੍ਰਮਾਤਮਾ ਦਾ ਨਾਮ ਵੀ ਨਹੀਂ ਲੈਣ ਦਿੰਦੇ।"

ਮਾਧੋ ਦਾਸ ਚੁਪ ਚਾਪ ਸੁਣ ਰਿਹਾ ਸੀ। ਉਹ ਮਨ ਹੀ ਮਨ ਕੁਝ ਸੋਚ ਰਿਹਾ ਸੀ। ਕੋਈ ਯੋਜਨਾ ਬਣਾ ਰਿਹਾ ਸੀ। ਫਿਰ ਬੋਲਿਆ,"ਗੁਰੂ ਜੀ, ਤੁਸੀਂ ਇਥੇ ਹੀ ਰਹੋ। ਤੁਸੀਂ ਆਰਾਮ ਕਰੋ। ਮੈਂ......।"

ਮਾਧੋ, ਹੁਣ ਸਾਡੇ ਕੋਲ ਸਮਾਂ ਨਹੀਂ ਜੇ ਤੂੰ ਕੁਝ ਕਰਨਾ ਹੀ ਚਾਹੁੰਦਾ ਹੈ ਤਾਂ ਪੰਜਾਬ ਜਾਣ ਦੀ ਤਿਆਰੀ ਕਰ।"

"ਉਹ ਤਾਂ ਮੈਂ ਜਾਵਾਂਗਾ ਹੀ ਗੁਰੂ ਜੀ।"

"ਤੇਰੇ ਆਸ਼ਰਮ ਦਾ ਕੀ ਬਣੇਗਾ ?"

"ਗੁਰੂ ਜੀ ਤੁਸੀਂ ਜਾਣੀ ਜਾਣ ਹੋ। ਇਹ ਸਭ ਤੁਹਾਡੇ ਹਵਾਲੇ ਹੈ। ਬਾਬਾ ਔਘੜਦਾਸ ਮੈਨੂੰ ਕਹਿੰਦੇ ਹੁੰਦੇ ਸਨ। ਤੂੰ ਕਿਸੇ ਵੱਡੇ ਕੰਮ ਲਈ ਆਇਆ ਹੈਂ। ਤੇਰਾ ਕੋਈ ਮੰਤਵ ਹੈ! ਆਪਣਾ ਅਸਲ ਮੰਤਵ ਪਛਾਣ। ਸ਼ਾਇਦ ਇਹ ਉਹੀ ਕਾਰਜ ਸੀ ਜਿਸ ਲਈ ਮੈਨੂੰ ਬਾਬੇ ਨੇ ਇੰਨਾ ਕੁਝ ਸਿਖਾਇਆ।

ਹੁਣ ਮੈਂ ਆਪ ਦੇ ਹੁਕਮ ਅਨੁਸਾਰ ਫੇਰ ਹਥਿਆਰ ਚੁੱਕ ਲਏ ਹਨ। ਪੰਜਾਬ ਵਿਚੋਂ ਮੁਗਲਾਂ ਦਾ ਸਫਾਇਆ ਕਰਕੇ ਹੀ ਮੈਂ ਦਮ ਲਵਾਂਗਾ।

*****

ਦੋ ਹਫਤਿਆਂ ਬਾਦ!

ਇੱਕ ਦਿਨ ਪਹਿਲਾਂ ਹੋਈ ਘਟਨਾ ਨੂੰ ਲੈ ਕੇ ਬੰਦਾ ਬਹਾਦਰ ਬੜਾ ਚਿੰਤਿਤ

ਸੀ। ਉਸ ਨੂੰ ਸ਼ਰਮ ਵੀ ਆ ਰਹੀ ਸੀ।

ਉਹ ਨਦੀ ਕਿਨਾਰੇ ਇਸ਼ਨਾਨ ਕਰਨ ਅਤੇ ਸਮਾਧੀ ਲਾਉਣ ਲਈ ਗਿਆ ਹੋਇਆ ਸੀ ਕਿ ਇੱਕ ਸੇਵਾਦਾਰ ਦੌੜਿਆ-ਦੌੜਿਆ ਆਇਆ। ਉਹਨੇ ਦਸਿਆ ਕਿ ਗੁਰੂ ਜੀ ਤੇ ਹਮਲਾ ਹੋ ਗਿਆ ਹੈ। ਗੁਰੂ ਜੀ ਤੇ ਹਮਲਾ? ਤੇ ਉਹ ਵੀ ਉਸ ਦੇ ਆਪਣੇ ਆਸ਼ਰਮ ਵਿੱਚ। ਮਾਧੋ ਦਾਸ ਦੌੜਦਾ ਆਸ਼ਰਮ ਪਹੁੰਚਿਆ।

ਜਦੋਂ ਉਹ ਆਪਣੀ ਕੁਟੀਆ ਵਿੱਚ ਪਹੁੰਚਿਆ ਤਾਂ ਸਾਰੀ ਗੱਲ ਉਹਨੂੰ ਸਮਝ ਆ ਗਈ। ਹੋਇਆ ਇਹ ਕਿ ਜਦੋਂ ਸਰਹੰਦ ਦੇ ਸੂਬੇਦਾਰ ਨੂੰ ਪਤਾ ਲੱਗਾ ਕਿ ਬਾਦਸ਼ਾਹ ਬਹਾਦਰ ਸ਼ਾਹ ਨੇ ਦੱਖਣ ਰਵਾਨਾ ਹੋਣ ਤੋਂ ਪਹਿਲਾਂ ਆਗਰੇ ਵਿੱਚ ਗੁਰੂ ਗੋਬਿੰਦ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਅਤੇ ਬਾਦਸ਼ਾਹ ਦੇ ਬੁਲਾਉਣ ਤੇ ਹੀ ਗੁਰੂ ਸਾਹਿਬ ਦੱਖਣ ਵੱਲ ਗਏ ਹਨ। ਉਸ ਨੂੰ ਚਿੰਤਾ ਹੋਈ ਕਿਤੇ ਗੁਰੂ ਸਾਹਿਬ ਅਤੇ ਬਹਾਦਰ ਸ਼ਾਹ ਵਿਚਕਾਰ ਕੋਈ ਸਮਝੌਤਾ ਹੋ ਗਿਆ ਤਾਂ ਉਹਦੀ ਸੂਬੇਦਾਰੀ ਖਤਰੇ ਵਿੱਚ ਪੈ ਜਾਏਗੀ।

ਉਹਨੇ ਗੁਰੂ ਸਾਹਿਬ ਨੂੰ ਆਪਣੇ ਰਾਹ ਤੋਂ ਹਟਾਉਣ ਦੀ ਸੋਚੀ। ਉਸ ਨੇ ਦੋ ਜਸੂਸ ਗੁਲਖਾਨ ਅਤੇ ਅਤਾਉਲਾ ਖਾਂ ਨੂੰ ਤਿਆਰ ਕੀਤਾ। ਕਿਹਾ ਜਾਂਦਾ ਹੈ ਕਿ ਇਹ ਦੋਵੇਂ ਪਾਇੰਦੇ ਖਾਂ ਦੇ ਪੋਤਰੇ ਸਨ ਜਿਸ ਨੂੰ ਛੇਵੇਂ ਗੁਰੂ ਹਰਿਗੋਬਿੰਦ ਜੀ ਨੇ ਪਾਲਿਆ ਸੀ ਪਰ ਬਾਦ ਵਿੱਚ ਉਹ ਗਦਾਰੀ ਕਰਕੇ ਗੁਰੂ ਜੀ ਦੇ ਖਿਲਾਫ ਲੜਨ ਆਇਆ ਤੇ ਲੜਾਈ ਵਿੱਚ ਗੁਰੂ ਹਰਿਗੋਬਿੰਦ ਜੀ ਦੇ ਹੱਥੋਂ ਮਾਰਿਆ ਗਿਆ।

ਦੋਵੇਂ ਪਠਾਣ ਜਸੂਸ ਮਾਤਾ ਸੁੰਦਰੀ ਜੀ ਕੋਲ ਪਹੁੰਚੇ। ਉਥੇ ਸੇਵਾ ਕਰਦਿਆਂ ਉਹ ਮਾਤਾ ਸੁੰਦਰੀ ਜੀ ਦੇ ਵਿਸ਼ਵਾਸਪਾਤਰ ਬਣ ਗਏ। ਫਿਰ ਉਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਕਰਨ ਲਈ ਬੇਨਤੀ ਕੀਤੀ। ਮਾਤਾ ਜੀ ਤੋਂ ਪੱਤਰ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਕੋਲ ਪਹੁੰਚ ਗਏ ਅਤੇ ਇਸ ਭਾਵ ਨਾਲ ਸੇਵਾ ਕਰਨ ਲਗੇ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਨਿਜੀ ਪਹਿਰੇਦਾਰੀ ਉਹਨਾਂ ਨੂੰ ਮਿਲ ਗਈ।

ਇੱਕ ਰਾਤ ਜਦੋਂ ਗੁਰੂ ਜੀ ਸੌਂ ਰਹੇ ਸਨ-ਗੁੱਲਖਾਨ ਦੱਬੇ ਪੈਰੀਂ ਗੁਰੂ ਜੀ ਦੇ ਬਿਸਤਰੇ ਕੋਲ ਗਿਆ। ਉਸ ਨੂੰ ਪਤਾ ਸੀ ਗੁਰੂ ਜੀ ਆਪਣਾ ਨਿੱਜੀ ਕਟਾਰ ਸਿਰਹਾਣੇ ਕਿੱਥੇ ਰਖਦੇ ਹਨ। ਉਹਨੇ ਉਹ ਕਟਾਰ ਕੱਢ ਕੇ ਗੁਰੂ ਜੀ ਦੀ ਵੱਖੀ ਵਿੱਚ ਖੋਭ ਦਿੱਤੀ। ਗੁਰੂ ਜੀ ਦੀ ਜਾਗ ਖੁਲ੍ਹ ਗਈ ਤੇ ਉਹਨਾਂ ਨਾਲ ਪਈ ਵੱਡੀ ਕਿਰਪਾਨ ਮਿਆਨ ਵਿਚੋਂ ਇੱਕ ਦਮ ਕੱਢ ਕੇ ਗੁਲਖਾਨ ਦਾ ਸਿਰ ਧੜ ਤੋਂ ਵਖ ਕਰ ਦਿੱਤਾ। ਬਾਹਰ ਖਲੋਤੇ ਅਤਾਉਲਾ ਖਾਂ ਨੇ ਜਦੋਂ ਇਹ ਵੇਖਿਆ ਤਾਂ ਉਹ ਬਾਹਰ ਨੂੰ ਦੌੜਿਆ ਪਰ ਗੁਰੂ

ਜੀ ਦੇ ਇੱਕ ਹੋਰ ਸੇਵਕ ਲੱਖਾ ਸਿੰਘ ਨੇ ਉਸ ਨੂੰ ਉਥੇ ਹੀ ਕਤਲ ਕਰ ਦਿੱਤਾ।

ਮਾਧੋ ਦਾਸ ਦੇ ਗੁਰੂ ਜੀ ਕੋਲ ਪਹੁੰਚਣ ਤਕ ਉਹਨਾਂ ਦੀ ਮਰਹਮ ਪੱਟੀ ਕਰ ਦਿੱਤੀ ਗਈ ਸੀ। ਗੁਰੂ ਸਾਹਿਬ ਡੋਲੇ ਨਹੀਂ ਸਨ। ਉਹਨਾਂ ਮਾਧੋ ਦਾਸ ਅਤੇ ਸਿਖਾਂ ਨੂੰ ਕਿਹਾ,"ਕਲ੍ਹ ਇੱਕ ਵੱਡਾ ਦਰਬਾਰ ਬੁਲਾਇਆ ਜਾਵੇ।"

"ਪਰ ਤੁਹਾਡੀ ਸਿਹਤ ਠੀਕ ਨਹੀਂ।" ਮਾਧੋ ਨੇ ਕਿਹਾ।

"ਇਸੇ ਲਈ ਹੀ ਦਰਬਾਰ ਬੁਲਾਉਣਾ ਜ਼ਰੂਰੀ ਹੈ।" ਗੁਰੂ ਜੀ ਨੇ ਉੱਤਰ ਦਿੱਤਾ। ਸਾਰਿਆਂ ਨੇ ਸਿਰ ਝੁਕਾਇਆ ਅਤੇ ਦਰਬਾਰ ਦੀਆਂ ਤਿਆਰੀਆਂ ਵਿੱਚ ਲੱਗ ਗਏ।

------

# ਬੰਦਾ ਸਿੰਘ ਬਹਾਦਰ

ਅਗਲਾ ਦਿਨ ਬੁਧਵਾਰ ਸੀ ਅਤੇ ਇਸ ਦਿਨ ਉਂਜ ਹੀ ਮਾਧੋ ਦਾਸ ਦੇ ਆਸ਼ਰਮ ਵਿੱਚ ਮੇਲਾ ਜਿਹਾ ਲਗਦਾ ਸੀ। ਇਸ ਲਈ ਮਾਧੋ ਦਾਸ ਦੇ ਸ਼ਰਧਾਲੂ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਸਾਰਿਆਂ ਨਾਲ ਇੱਕ ਵੱਡੇ ਦਰਬਾਰ ਜਿਹੀ ਭੀੜ ਇਕੱਠੀ ਹੋ ਗਈ। ਗੁਰੂ ਜੀ ਦੇ ਸਿੰਘ ਸਿਪਾਹੀ ਸਵੇਰ ਤੋਂ ਹੀ ਆਪਣੇ ਵਿਸ਼ੇਸ਼ ਪਹਿਰਾਵੇ ਅਤੇ ਅਸਤਰਾਂ ਸ਼ਸਤਰਾਂ ਨਾਲ ਸਜ ਰਹੇ ਸਨ। ਗੁਰੂ ਜੀ ਦੇ ਹੁਕਮ ਦੀ ਉਡੀਕ ਹੋ ਰਹੀ ਸੀ। ਲੋਕ ਆਸ਼ਰਮ ਦੇ ਵੱਡੇ ਮੈਦਾਨ ਵਿਚ ਬੈਠੇ ਹੋਏ ਸਨ। ਇੱਕ ਪਾਸੇ ਸ਼ਰਧਾਲੂ ਅਤੇ ਦੂਜੇ ਪਾਸੇ ਸਿੰਘ ਸੈਨਿਕ ਬੈਠੇ ਹੋਏ ਸਨ। ਮਾਧੋ ਵੀ ਹਰ ਰੋਜ ਵਾਂਗ ਤਿਆਰ ਹੋ ਕੇ ਹਲਕਾ ਜਿਹਾ ਨਾਸ਼ਤਾ ਕਰਕੇ ਗੁਰੂ ਜੀ ਦੇ ਕੋਲ ਪਹੁੰਚ ਗਿਆ।

"ਤਿਆਰ ਹੈਂ ਮਾਧੋ ਦਾਸ!"

ਮਾਧੋ ਨੇ ਹੱਥ ਜੋੜ ਕੇ ਸਿਰ ਨਿਵਾਇਆ। ਕੋਸੀ ਕੋਸੀ ਧੁਪ ਵਿਚ ਦਰਬਾਰ ਸ਼ੁਰੂ ਹੋ ਗਿਆ। ਗੁਰੂ ਜੀ ਨੂੰ ਸਭ ਤੋਂ ਉੱਚੇ ਆਸਣ ਤੇ ਬਿਠਾਇਆ ਗਿਆ ਤੇ ਮਾਧੋ ਹੇਠਾਂ ਉਹਨਾਂ ਦੇ ਨਾਲ ਹੀ ਬੈਠ ਗਿਆ। ਫਿਰ ਖੜ੍ਹਾ ਹੋ ਕੇ ਸਾਰਿਆਂ ਨੂੰ ਸੰਬੋਧਨ ਕਰਨ ਲੱਗਾ। ਮਾਧੋ ਦੇ ਸ਼ਰਧਾਲੂਆਂ ਲਈ ਇਹ ਇੱਕ ਅਜੀਬ ਗਲ ਸੀ। ਮਾਧੋ ਦਾਸ ਬੋਲ ਰਿਹਾ ਸੀ-

"ਅੱਜ ਇਸ ਉੱਚੇ ਆਸਣ ਤੇ ਜਿਹਨਾਂ ਨੂੰ ਆਪ ਦੇਖ ਰਹੇ ਹੋ ਇਹ ਗੁਰੂ ਗੋਬਿੰਦ ਸਿੰਘ ਮਹਾਰਾਜ ਹਨ। ਸਿਖ ਗੁਰੂ ਪਰੰਪਰਾ ਦੇ ਦਸਵੇਂ ਗੁਰੂ ਜੀ ਹਨ। ਗੁਰੂ ਜੀ ਨੇ ਸਾਰਾ ਜੀਵਨ ਲੋਕ ਕਲਿਆਣ, ਧਰਮ ਰਖਿਆ ਅਤੇ ਮੁਗਲਾਂ ਦੇ ਜ਼ੁਲਮ ਦੇ ਖਿਲਾਫ ਲੜਦਿਆਂ ਬਿਤਾਇਆ ਹੈ। ਤੁਹਾਨੂੰ ਪਤਾ ਹੋਵੇਗਾ ਕਿ ਪਹਿਲਾਂ ਇਹਨਾਂ ਦੇ ਪਿਤਾ ਜੀ ਗੁਰੂ ਤੇਗ ਬਹਾਦਰ ਜੀ ਨੇ ਤਿਲਕ ਜੰਞੂ ਅਤੇ ਧਰਮ ਦੀ ਰੱਖਿਆ ਲਈ ਆਪਣੀ ਜਾਨ ਦੀ ਆਹੂਤੀ ਦਿਤੀ ਸੀ। ਅਜਿਹੇ ਮਹਾਂਪੁਰਖਾਂ ਦੇ ਦਰਸ਼ਨ ਕਰਨਾ ਸਾਡਾ ਸੁਭਾਗ ਹੈ। ਗੁਰੂ ਜੀ ਦੇ ਸਿੰਘ ਗਿਣਤੀ ਵਿਚ ਭਾਵੇਂ ਥੋਹੜੇ ਸਨ ਪਰ ਉਹਨਾਂ ਨੇ ਕਈ ਵਾਰ ਮੁਗਲ ਸੈਨਾ ਦੇ ਦੰਦ ਖੱਟੇ ਕੀਤੇ ਹਨ। ਮੇਰੀ ਬੇਨਤੀ ਹੈ ਗੁਰੂ ਜੀ ਨੂੰ ਕਿ ਉਹ ਸਾਨੂੰ ਅਗਲੀ ਯੋਜਨਾ ਦੱਸਣ। ਅਸੀਂ ਉਹਨਾਂ ਦੇ ਹਰ ਹੁਕਮ ਤੇ ਫੁੱਲ

ਚੜ੍ਹਾਵਾਂਗੇ।"

ਮਾਧੋ ਭਰੇ ਗਲੇ ਨਾਲ ਬੋਲਦਾ ਹੋਇਆ ਬੈਠ ਗਿਆ। ਗੁਰੂ ਜੀ ਖੜੇ ਹੋ ਕੇ ਬੋਲਣ ਲਗੇ ਸਨ। ਫਿਰ ਆਪਣੇ ਜ਼ਖਮਾਂ ਦਾ ਧਿਆਨ ਕਰਦੇ ਹੋਏ ਉਹ ਆਪਣੇ ਸਥਾਨ ਤੇ ਬੈਠੇ ਬੈਠੇ ਸਾਰਿਆਂ ਨੂੰ ਸੰਬੋਧਿਤ ਹੋਏ। ਉਹ ਸਾਰਿਆਂ ਨਾਲੋਂ ਉਚੇ ਸਥਾਨ ਤੇ ਬੈਠੇ ਸਨ। ਸਾਰਿਆਂ ਨੂੰ ਉਹਨਾਂ ਦੇ ਦਰਸ਼ਨ ਹੋ ਰਹੇ ਸਨ ਅਤੇ ਸਾਰੇ ਹੀ ਉਹਨਾਂ ਦੀ ਗੰਭੀਰ ਆਵਾਜ਼ ਨੂੰ ਸੁਣ ਰਹੇ ਸਨ।

ਸਾਰੇ ਹੀ ਉਹਨਾਂ ਦੇ ਬੋਲਾਂ ਦੇ ਜਾਦੂ ਨਾਲ ਕੀਲੇ ਜਾ ਰਹੇ ਸਨ। ਉਹਨਾਂ ਨੇ ਪਹਿਲਾਂ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਨੌਂ ਗੁਰੂਆਂ ਬਾਰੇ ਅਤੇ ਉਹਨਾਂ ਦੀ ਵਿਚਾਰ ਧਾਰਾ ਬਾਰੇ ਦਸਿਆ। ਫਿਰ ਮੁਗਲਾਂ ਦੇ ਲਗਾਤਾਰ ਹੋ ਰਹੇ ਜ਼ੁਲਮਾਂ ਦਾ ਬਿਆਨ ਕੀਤਾ। ਜਦੋਂ ਗੁਰੂ ਜੀ ਨੇ ਆਪਣੇ ਦੋ ਪੁੱਤਰਾਂ 13 ਸਾਲਾ ਅਜੀਤ ਸਿੰਘ ਅਤੇ 11 ਸਾਲਾ ਜੁਝਾਰ ਸਿੰਘ ਦੀ ਕੁਰਬਾਨੀ ਦਾ ਜ਼ਿਕਰ ਕੀਤਾ ਤਾਂ ਸੁਣਨ ਵਾਲੇ ਹਰ ਮਰਦ ਅਤੇ ਔਰਤ ਦੇ ਮਨ ਵਿਚ ਗੁਰੂ ਜੀ ਪ੍ਰਤੀ ਸ਼ਰਧਾ ਭਰ ਗਈ। ਅਤੇ ਜਦੋਂ ਛੋਟੇ ਸਾਹਿਜ਼ਾਦਿਆਂ ਬਾਬਾ ਜੋਰਾਵਰ ਸਿੰਘ 9 ਸਾਲ ਅਤੇ ਬਾਬਾ ਫਤਿਹ ਸਿੰਘ 7 ਸਾਲ ਦੇ ਜਿਉਂਦੇ ਨੀਹਾਂ ਵਿੱਚ ਚਿਣਨ ਵਾਲੀ ਗੱਲ ਬਿਆਨ ਕੀਤੀ ਤਾਂ ਸਭ ਦੀਆਂ ਅੱਖਾਂ ਭਰ ਆਈਆਂ। ਇਤਨੀ ਵੱਡੀ ਹਕੂਮਤ ਨੂੰ ਲਲਕਾਰਿਆ ਉਹਨਾਂ ਨੇ, ਇਸਲਾਮ ਨਾ ਕਬੂਲ ਕਰ ਕੇ, ਸਿਖੀ ਦੀ ਆਨ ਅਤੇ ਸ਼ਾਨ ਕਾਇਮ ਰੱਖੀ। ਇਹ ਗਾਥਾ ਸੁਣ ਕੇ ਸਾਰਿਆਂ ਦਾ ਖੂਨ ਖੌਲ ਗਿਆ। ਕਈਆਂ ਦੇ ਹੱਥ ਆਪਣੇ ਆਪ ਤਲਵਾਰਾਂ ਦੇ ਮੁੱਠਿਆਂ ਤੇ ਚਲੇ ਗਏ।

"ਹੁਣ ਲੋੜ ਹੈ--" ਗੁਰੂ ਜੀ ਬੋਲ ਰਹੇ ਸਨ। "ਅਜਿਹੇ ਸੈਨਾਪਤੀ ਦੀ ਜੋ ਸੰਤ ਵੀ ਹੋਵੇ ਤੇ ਸਿਪਾਹੀ ਵੀ ਹੋਵੇ। ਅਜਿਹਾ ਯੋਧਾ ਤਨ ਤੋਂ ਸਿਪਾਹੀ ਅਤੇ ਮਨ ਤੋਂ ਸੰਤ ਹੋਵੇਗਾ। ਸੂਰਬੀਰ, ਗਰੀਬ, ਬਿਮਾਰ, ਇਸਤਰੀਆਂ ਅਤੇ ਬੱਚਿਆਂ ਤੇ ਅਤਿਆਚਾਰ ਨਹੀਂ ਕਰਦੇ ਸਗੋਂ ਦਇਆ ਕਰਦੇ ਹਨ। ਸਾਡੇ ਸਾਰੇ ਸਿੰਘ ਸੈਨਿਕ ਇਹਨਾਂ ਅਸੂਲਾਂ ਦਾ ਪਾਲਣ ਕਰਦੇ ਹਨ। ਸਾਡੀ ਲੜਾਈ ਅਤਿਆਚਾਰ ਦੇ ਖਿਲਾਫ ਹੈ।" ਉਥੇ ਬੈਠੇ ਲੋਕਾਂ ਨੇ ਤਾਂ ਦੋ ਤਰਾਂ ਦੇ ਸਿਪਾਹੀ ਹੀ ਵੇਖੇ ਸਨ। ਇਕ ਮੁਗਲ ਸੈਨਿਕ ਜਿਹੜੇ ਹਨੇਰੀ ਵਾਂਗ ਆਉਂਦੇ ਸਨ ਅਤੇ ਰਾਹ ਵਿਚ ਆਈ ਹਰ ਚੀਜ ਤੇ ਹਰ ਜੀਵ ਤੇ ਜ਼ੁਲਮ ਕਰਦੇ ਸਨ। ਉਹਨਾਂ ਦੀਆਂ ਨਜ਼ਰਾਂ ਵਿਚ ਮਨੁੱਖਾਂ ਦੇ ਜੀਵਨ ਦਾ ਕੋਈ ਮੁੱਲ ਨਹੀਂ ਸੀ। ਦੂਜੇ ਮਰਹਟੇ ਸੈਨਿਕ ਸਨ ਜਿਹੜੇ ਲੋੜ ਪੈਣ ਤੇ ਯੁਧ ਵਿਚ ਅਣਥੱਕ ਵੀਰਤਾ ਨਾਲ ਲੜਦੇ ਸਨ। ਜਦੋਂ ਗੁਰੂ ਜੀ ਨੇ ਸੰਤ ਸਿਪਾਹੀ ਦੀ ਇਹ

ਪਰਿਭਾਸ਼ਾ ਦਿੱਤੀ ਤਾਂ ਸਾਰਿਆਂ ਦੇ ਮੂਹੋਂ ਅਵਾਜ ਨਿਕਲੀ-ਮਾਧੋ ----ਮਾਧੋ ਦਾਸ

"ਅਜਿਹਾ ਇੱਕ ਯੋਧਾ ਇਸ ਵੇਲੇ ਮੌਜੂਦ ਹੈ।" ਕਿਸੇ ਨੂੰ ਇਹ ਜਾਣਨ ਵਿੱਚ ਔਖ ਨਾ ਹੋਈ ਕਿ ਗੁਰੂ ਜੀ ਦਾ ਇਸ਼ਾਰਾ ਕਿਸ ਵੱਲ ਹੈ।

ਮਾਧੋ ਦਾਸ ਨੇ ਸਾਰਿਆਂ ਦੇ ਸੰਸੇ ਦੂਰ ਕਰ ਦਿੱਤੇ ਉਹ ਖੜਾ ਹੋ ਕੇ ਗੁਰੂ ਜੀ ਵੱਲ ਹੱਥ ਜੋੜ ਕੇ ਅਤੇ ਸਿਰ ਨਿਵਾ ਕੇ ਬੋਲਿਆ, 'ਮੈਂ ਆਪਦਾ ਬੰਦਾ ਹਾਂ। ਜੋ ਵੀ ਆਗਿਆ ਦਿਓਗੇ ਉਹ ਸਿਰ ਮੱਥੇ ਪ੍ਰਵਾਨ ਹੋਵੇਗੀ।

ਸਾਰੀ ਸਭਾ ਤਾੜੀਆਂ ਅਤੇ ਜੈ ਕਾਰਿਆਂ ਨਾਲ ਗੂੰਜ ਉੱਠੀ। ਸਿੰਘ ਸਿਪਾਹੀਆਂ ਨੇ ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾਇਆ। ਗੁਰੂ ਜੀ ਨੇ ਬੰਦਾ ਬਹਾਦਰ ਦੇ ਮੌਢੇ ਤੇ ਹੱਥ ਰਖਿਆ। ਉਹ ਉਸ ਨੂੰ ਕੁਟੀਆ ਵਿੱਚ ਲੈ ਗਏ। ਉਹਨਾਂ ਨਾਲ ਉਹਨਾਂ ਦੇ ਵਿਸ਼ੇਸ਼ ਪੰਜ ਸਿੰਘ ਸਨ। ਮਾਧੋ ਦਾਸ ਨੂੰ ਵਿਸ਼ੇਸ਼ ਰੀਤੀ ਨਾਲ ਅੰਮ੍ਰਿਤ ਛਕਾਇਆ ਗਿਆ। ਸਿਖਾਂ ਵਿਚ ਅੰਮ੍ਰਿਤ ਤਿਆਰ ਕਰਨ ਦੀ ਵਿਸ਼ੇਸ਼ ਵਿਧੀ ਹੈ। ਲੋਹੇ ਦੇ ਬਾਟੇ ਵਿਚ ਜਲ ਅਤੇ ਪਤਾਸੇ ਪਾ ਕੇ ਖੰਡੇ ਨਾਲ ਹਿਲਾਉਂਦਿਆਂ ਹੋਇਆ ਬਾਣੀ ਦਾ ਪਾਠ ਕੀਤਾ ਜਾਂਦਾ ਹੈ। ਇਸ ਤਰ੍ਹਾਂ ਤਿਆਰ ਹੋਏ ਜਲ ਨੂੰ ਅੰਮ੍ਰਿਤ ਕਿਹਾ ਜਾਂਦਾ ਹੈ।

ਕੁਝ ਦੇਰ ਬਾਦ ਗੁਰੂ ਜੀ, ਪੰਜ ਵਿਸ਼ੇਸ਼ ਸਿੰਘ, ਜਿਹਨਾਂ ਨੂੰ ਪੰਜ ਪਿਆਰੇ ਕਿਹਾ ਜਾਂਦਾ ਹੈ, ਮਾਧੋ ਦਾਸ ਦੇ ਨਾਲ ਬਾਹਰ ਆਏ। ਹੁਣ ਮਾਧੋ ਦਾਸ ਦੇ ਚਿਹਰੇ ਉੱਤੇ ਵਿਸ਼ੇਸ਼ ਨੂਰ ਸੀ। ਗੁਰੂ ਸਾਹਿਬ ਨੇ ਸਭ ਨੂੰ ਸੰਬੋਧਨ ਕਰਕੇ ਕਿਹਾ 'ਅੱਜ ਤੋਂ ਮਾਧੋ ਦਾਸ ਦਾ ਨਵਾਂ ਜਨਮ ਹੋਇਆ ਹੈ। ਅਜ ਤੋਂ ਇਸ ਦਾ ਨਾਂ ਗੁਰਬਖਸ਼ ਸਿੰਘ ਹੋਵੇਗਾ ਅਤੇ ਇਹ ਬੰਦਾ ਬਹਾਦਰ ਦੇ ਨਾਂ ਨਾਲ ਪ੍ਰਸਿੱਧ ਹੋਵੇਗਾ। ਅੱਜ ਤੋਂ ਇਸ ਦਾ ਪੁਰਾਣਾ ਕਰਮ, ਪੁਰਾਣਾ ਧਰਮ ਅਤੇ ਪੁਰਾਣੀ ਕੁਲ ਖਤਮ ਹੋ ਗਏ ਹਨ। ਹੁਣ ਆਪਣੀਆਂ ਸਾਰੀਆਂ ਸ਼ਕਤੀਆਂ ਦਾ ਪ੍ਰਯੋਗ ਮਾਨਵਤਾ ਦੇ ਕਲਿਆਣ ਅਤੇ ਜ਼ੁਲਮ ਦੇ ਖਾਤਮੇ ਲਈ ਕਰੇਗਾ। ਅੱਜ ਤੋਂ ਬੰਦਾ ਬਹਾਦਰ ਸਿੱਖ ਫੌਜ ਦਾ ਸੈਨਾਪਤੀ ਹੋਵੇਗਾ।

ਸਿਖ ਸੈਨਿਕਾਂ ਵਿਚ ਖੁਸਰ ਫੁਸਰ ਹੋਈ। ਇਕ ਨੇ ਕਿਹਾ " ਇਸ ਨਵੇਂ ਨੌਜਵਾਨ ਬੈਰਾਗੀ ਨੂੰ ਸਾਡਾ ਜਥੇਦਾਰ ਬਣਾ ਦਿਤਾ।"

ਦੂਜੇ ਨੇ ਕਿਹਾ,"ਸਾਡੇ ਵਿਚ ਬਹੁਤ ਬਹਾਦਰ ਸੈਨਿਕ ਹਨ ਉਹਨਾਂ ਵਿਚ ਕਿਸੇ ਨੂੰ ----।"

ਪਰ ਗੁਰੂ ਜੀ ਉਚੀ ਆਵਾਜ਼ ਵਿਚ ਬੋਲ ਰਹੇ ਸਨ, "ਬੰਦਾ ਬਹਾਦਰ ਦਾ

ਕੰਮ ਹੋਵੇਗਾ ਪੰਜਾਬ ਜਾਣਾ ਅਤੇ ਸਿਖ ਕੌਮ ਨੂੰ ਇਕੱਤਰ ਕਰਕੇ ਮੁਗਲ ਹਕੂਮਤ ਵਿਰੁੱਧ ਜੰਗ ਜਾਰੀ ਰਖਣਾ। ਇਸ ਨਾਲ ਮੇਰੇ ਇਹ ਪੰਜ ਪਿਆਰੇ ਜਾਣਗੇ। ਜਿਹੜੇ ਪਿੰਡ ਪਿੰਡ ਜਾ ਕੇ ਇਹ ਗੱਲਾਂ ਦਸੱਣਗੇ ਅਤੇ ਬੰਦਾ ਬਹਾਦਰ ਦੀ ਬਤੌਰ ਸੈਨਾਪਤੀ ਨਿਯੁਕਤੀ ਸਾਰਥਕ ਕਰਨਗੇ।"

ਇਹ ਜਾਣਨ ਲਈ ਕਿ ਪੰਜ ਪਿਆਰੇ ਕੌਣ ਹਨ? ਸਾਰੇ ਉਤਸੁਕ ਸਨ। ਪੰਜਾਂ ਪਿਆਰਿਆਂ ਵਿੱਚ ਸ਼ਾਮਲ ਸਨ:-ਬਾਜ ਸਿੰਘ, ਰਾਮ ਸਿੰਘ, ਵਿਨੋਦ ਸਿੰਘ ਅਤੇ ਉਸ ਦਾ ਪੁਤਰ ਕਾਹਨ ਸਿੰਘ ਅਤੇ ਫਤਹਿ ਸਿੰਘ।

ਗੁਰੂ ਸਾਹਿਬ ਨੇ ਆਪਣੇ ਦਸਤੇ ਵਿਚੋਂ 25 ਸਿੰਘ ਹੋਰ ਉਹਨਾਂ ਨਾਲ ਰਲਾ ਦਿੱਤੇ। ਸਾਰਿਆਂ ਨੇ ਗੁਰੂ ਦਾ ਹੁਕਮ ਮੰਨਦਿਆਂ ਸਿਰ ਨਿਵਾ ਦਿੱਤਾ।

ਇਹ ਮੇਰਾ ਹੁਕਮਨਾਮਾ ਹੈ ਹਿੰਦੁਸਤਾਨ ਦੇ ਸਿੱਖਾਂ ਲਈ। ਸਾਰਿਆਂ ਨੂੰ ਦੱਸੋ ਕਿ ਹੁਣ ਸਿੱਖ ਫੌਜ ਦਾ ਮੁਖੀ ਬੰਦਾ ਬਹਾਦਰ ਹੈ। ਹੁਣ ਭੇਟਾਵਾਂ ਇਸ ਨੂੰ ਦੇਣੀਆਂ ਹਨ। ਇਹ ਭੇਟਾ ਵਿਚ ਆਏ ਧਨ ਨੂੰ ਜੰਗੀ ਸਮਾਨ ਤਿਆਰ ਕਰਨ ਉਤੇ ਖਰਚ ਕਰੇਗਾ।"

ਵਿਨੋਦ ਸਿੰਘ ਨੇ ਗੁਰੂ ਸਾਹਿਬ ਦਾ ਹੁਕਮਨਾਮਾ ਜੋ ਇਕ ਕਾਗਜ਼ ਤੇ ਲਿਖਿਆ ਹੋਇਆ ਸੀ ਪ੍ਰਾਪਤ ਕੀਤਾ।

"ਅੱਜ ਮੈਂ ਆਪਣੀ ਕਿਰਪਾਨ ਅਤੇ ਪੰਜ ਤੀਰ ਬੰਦਾ ਬਹਾਦਰ ਨੂੰ ਦੇ ਰਿਹਾ ਹਾਂ। ਯਾਦ ਰਹੇ ਇਹ ਸ਼ਸਤਰ ਗਰੀਬ, ਔਰਤ ਜਾਂ ਬੱਚੇ ਤੇ ਨਹੀਂ ਉਠਣੇ ਚਾਹੀਦੇ।

ਗੁਰੂ ਸਾਹਿਬ ਦੇ ਨਾਲ ਆਏ ਸਿੰਘ ਬੇਚੈਨੀ ਮਹਿਸੂਸ ਕਰ ਰਹੇ ਸਨ। ਉਹ ਗੁਰੂ ਜੀ ਨਾਲ ਪੰਜਾਬ ਤੋਂ ਮਹਾਰਾਸ਼ਟਰ ਆਏ ਸਨ। ਉਹਨਾਂ ਨੇ ਕਈ ਕਈ ਮਹੀਨੇ ਗੁਰੂ ਜੀ ਦੇ ਅੰਗ ਸੰਗ ਸਫਰ ਤਹਿ ਕੀਤਾ ਸੀ। ਉਹਨਾਂ ਨੇ ਅਨੇਕਾਂ ਲੜਾਈਆਂ ਲੜੀਆਂ ਸਨ। ਗੁਰੂ ਜੀ ਨੇ ਇੱਕ ਬਾਹਰੀ ਆਦਮੀ ਨੂੰ ਉਹਨਾਂ ਦਾ ਸੈਨਾਪਤੀ ਬਣਾ ਦਿੱਤਾ। ਜਦੋਂ ਖੁਸਰ ਫੁਸਰ ਹੋ ਰਹੀ ਸੀ ਤਾਂ ਬਾਜ ਸਿੰਘ ਨੇ ਇਕ ਸੈਨਕ ਨੂੰ ਡਾਂਟ ਦਿੱਤਾ—

"ਜਦੋਂ ਗੁਰੂ ਸਾਹਿਬ ਆਪ ਉਸ ਨੂੰ ਸੈਨਾਪਤੀ ਮੰਨ ਰਹੇ ਸਨ ਤਾਂ ਤੈਨੂੰ ਕੀ ਇਤਰਾਜ਼ ਹੈ। ਤੂੰ ਭੁੱਲ ਗਿਆ ਗੁਰੂ ਨਾਨਕ ਦੇਵ ਜੀ ਨੇ ਵੀ ਇੱਕ ਬਾਹਰੀ ਆਦਮੀ ਨੂੰ ਗੁਰ ਗੱਦੀ ਦਿੱਤੀ ਸੀ। ਇਹ ਗੁਰੂ ਘਰ ਦੀ ਪਰੰਪਰਾ ਹੈ। ਉਥੇ ਕੁਝ ਵਿਸ਼ੇਸ਼ ਗੁਣ ਵੇਖੇ ਜਾਂਦੇ ਹਨ।"

ਗੁਰੂ ਸਾਹਿਬ ਅਜੇ ਹੋਰ ਐਲਾਨ ਕਰ ਰਹੇ ਸਨ-" ਸ਼ਾਇਦ ਤੁਹਾਨੂੰ ਨਾ ਪਤਾ

ਹੋਵੇ ਕਿ ਬੰਦਾ ਬਹਾਦਰ ਕੇਵਲ ਇੱਕ ਵੈਰਾਗੀ ਹੀ ਨਹੀਂ। ਇਹ ਰਿੱਧੀਆ ਸਿੱਧੀਆਂ ਦਾ ਮਾਲਕ ਹੈ ਅਤੇ ਨਾਲ ਹੀ ਬਹੁਤ ਵੱਡਾ ਯੋਧਾ ਵੀ ਹੈ। ਆਪਣੇ ਤੀਰ ਕਮਾਨ ਨਾਲ ਇਹਨੇ ਵੱਡੇ ਸ਼ਿਕਾਰੀਆਂ ਨੂੰ ਮਾਤ ਪਾਇਆ ਹੈ। ਤਲਵਾਰ ਦਾ ਧਨੀ ਹੈ ਪਰ ਨਾਲ ਹੀ ਇਹਦੇ ਅੰਦਰ ਇੱਕ ਕੋਮਲ ਹਿਰਦਾ ਹੈ। ਜਿਹੜਾ ਕਿਸੇ ਵੀ ਜੀਵ ਦੀ ਹੱਤਿਆ ਨਾਲ ਪਸੀਜ ਉਠਦਾ ਹੈ।" ਗੁਰੂ ਜੀ ਨੇ ਹਿਰਨੀ ਦੇ ਬੱਚਿਆਂ ਵਾਲੀ ਕਹਾਣੀ ਸੁਣਾਈ ਤੇ ਕਿਹਾ—" ਅੱਜ ਇਹ ਉਹਨਾਂ ਨੂੰ ਖਤਮ ਕਰਨ ਜਾ ਰਿਹਾ ਹੈ ਜਿਹੜੇ ਮਾਸੂਮ ਬੱਚਿਆਂ ਤੇ ਜ਼ੁਲਮ ਕਰਦੇ ਹਨ।" ਗੁਰੂ ਜੀ ਨੇ ਆਪਣੇ ਤੀਰ ਅਤੇ ਤਲਵਾਰ ਬੰਦੇ ਨੂੰ ਸੌਂਪ ਦਿੱਤੇ। ਬੰਦਾ ਬਹਾਦਰ ਆਪਣੇ ਥਾਂ ਤੇ ਖੜਾ ਹੋ ਕੇ ਬੋਲਿਆ,"ਪਰਮ ਪਿਤਾ ਪਰਮਾਤਮਾ ਅਤੇ ਗੁਰੂ ਜੀ ਦੀ ਹਜ਼ੂਰੀ ਵਿੱਚ ਮੈਂ ਪ੍ਰਣ ਕਰਦਾ ਹਾਂ ਕਿ ਅੱਜ ਤੋਂ ਬਾਦ ਮੇਰਾ ਜੀਵਨ ਸਿੱਖ ਕੌਮ ਅਤੇ ਆਮ ਲੋਕਾਂ ਨੂੰ ਅਤਿਆਚਾਰਾਂ ਤੋਂ ਛੁਟਕਾਰਾ ਦਿਵਾਉਣ ਵਿਚ ਲੱਗੇਗਾ। ਗੁਰੂ ਜੀ ਨੇ ਜੋ ਸ਼ਸਤਰ ਮੈਨੂੰ ਦਿੱਤੇ ਹਨ ਇਹ ਜ਼ੁਲਮ ਦੇ ਖਿਲਾਫ ਹੀ ਉੱਠਣਗੇ। ਇਸ ਨਿਸ਼ਾਨੇ ਲਈ ਜੇ ਮੈਨੂੰ ਆਪਣੀ ਜਾਨ ਦੀ ਕੁਰਬਾਨੀ ਦੇਣੀ ਪਈ ਤਾਂ ਉਸ ਤੋਂ ਵੀ ਪਿੱਛੇ ਨਹੀਂ ਹਟਾਂਗਾ।"

ਇਹ ਕਹਿ ਕੇ ਉਸ ਨੇ ਨਿਸ਼ਾਨ ਸਾਹਿਬ ਉੱਚਾ ਚੁੱਕਿਆ ਨਗਾਰਾ ਵੱਜਿਆ ਅਤੇ ਸਿੰਘ ਦਲ ਵਿੱਚ ਇਕ ਉੱਚੀ ਗੂੰਜਾਰ ਉਠੀ ਕਿਸੇ ਨੇ ਜੈਕਾਰਾ ਗਜਾਇਆ—

"ਬੋਲੇ ਸੋ ਨਿਹਾਲ"

ਸਾਰਿਆਂ ਨੇ ਸਾਥ ਦਿੱਤਾ "ਸਤਿ ਸ੍ਰੀ ਅਕਾਲ।"

ਗੁਰੂ ਜੀ ਦੇ ਨਾਮ ਦੇ ਵੀ ਜੈਕਾਰੇ ਗੁੰਜਾਏ ਗਏ। ਅਤੇ ਫਿਰ ਬੰਦਾ ਬਹਾਦਰ ਦੀ ਵੀ ਜੈ ਗਜਾਈ ਗਈ।

"ਸ਼ਾਬਾਸ਼! ਬੰਦਾ ਬਹਾਦਰ, ਤੂੰ ਮੇਰੀਆਂ ਆਸਾਂ ਤੇ ਪੂਰਾ ਉਤਰੇਂਗਾ। ਕਲ੍ਹ ਹੀ ਪੰਜਾਬ ਲਈ ਰਵਾਨਾ ਹੋਵੋ। ਯਾਦ ਰਹੇ ਸਾਰੇ ਹਿੰਦੁਸਤਾਨ ਤੇ ਮੁਗਲ ਬਾਦਸ਼ਾਹ ਦਾ ਰਾਜ ਹੈ। ਤੁਹਾਨੂੰ ਬੜੀ ਸੂਝ ਬੂਝ ਨਾਲ ਕੰਮ ਕਰਨਾ ਚਾਹੀਦਾ ਹੈ।

ਇੰਨਾ ਕਹਿ ਕੇ ਗੁਰੂ ਜੀ ਵਾਪਸ ਕੁਟੀਆ ਵਿਚ ਚਲੇ ਗਏ। ਅੱਜ ਉਹ ਸ਼ਾਂਤ ਸਨ। ਉਹਨਾਂ ਨੂੰ ਬੰਦਾ ਬਹਾਦਰ ਤੇ ਭਰੋਸਾ ਸੀ।

------

# ਲੰਮੀਆਂ ਵਾਟਾਂ

ਕੁਝ ਸਮਾਂ ਤਾਂ ਬੰਦਾ ਬਹਾਦਰ ਜੱਕੋ ਤੱਕੀ ਵਿੱਚ ਰਿਹਾ। ਕੀ ਗੁਰੂ ਜੀ ਨੂੰ ਇਸ ਹਾਲਤ ਵਿੱਚ ਛੱਡ ਕੇ ਜਾਣਾ ਠੀਕ ਹੈ ? ਗੁਰੂ ਜੀ ਦੇ ਦੁਸ਼ਮਣ ਚਾਰੇ ਪਾਸੇ ਫੈਲੇ ਹੋਏ ਹਨ। ਇਤਨੀ ਸੁਰੱਖਿਆ ਦੇ ਬਾਵਜੂਦ ਪਠਾਣ ਉਹਨਾਂ ਨੂੰ ਛੁਰੇ ਨਾਲ ਜ਼ਖਮੀ ਕਰ ਗਿਆ। ਪਰ ਕੀ ਕੀਤਾ ਜਾ ਸਕਦਾ ਸੀ। ਗੁਰੂ ਜੀ ਦਾ ਹੁਕਮ ਵੀ ਨਹੀਂ ਸੀ ਟਾਲਿਆ ਜਾ ਸਕਦਾ। ਇਸ ਲਈ ਉਹ ਅਗਲੇ ਦਿਨ ਹੀ ਆਪਣੇ ਛੋਟੇ ਜਿਹੇ ਦਸਤੇ ਨਾਲ ਤੁਰ ਪਿਆ।

ਇਧਰ ਬਹਾਦਰ ਸ਼ਾਹ ਦਾ ਅੰਦਾਜ਼ਾ ਠੀਕ ਨਿਕਲਿਆ। ਕੁਝ ਦਿਨ ਬਾਦ ਉਹਦੇ ਜਸੂਸਾਂ ਨੇ ਖਬਰ ਦਿੱਤੀ ਕਿ ਭਰੀ ਸਭਾ ਵਿੱਚ ਗੁਰੂ ਨੇ ਮੁਗਲ ਸਰਕਾਰ ਖਿਲਾਫ ਜੰਗ ਜਾਰੀ ਰੱਖਣ ਦਾ ਐਲਾਨ ਕੀਤਾ ਹੈ ਅਤੇ ਇਸ ਲਈ ਆਪਣੇ ਕੁਝ ਸਿੰਘ ਸਿਪਾਹੀ ਪੰਜਾਬ ਵੱਲ ਤੋਰ ਵੀ ਦਿੱਤੇ ਹਨ। ਬਹਾਦਰ ਸ਼ਾਹ ਨੇ ਤੁਰੰਤ ਆਪਣੇ ਜਸੂਸ ਪੰਜਾਬ ਭੇਜੇ ਤਾਂ ਕਿ ਉਹ ਵਜ਼ੀਰ ਖਾਂ ਨੂੰ ਮੁਕਾਬਲਾ ਕਰਨ ਲਈ ਸੁਚੇਤ ਕਰਨ। ਬਹਾਦਰ ਸ਼ਾਹ ਇਹ ਸੋਚ ਕੇ ਹੈਰਾਨ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਆਪਣੀਆਂ ਫੌਜਾਂ ਦਾ ਸੈਨਾਪਤੀ ਇਕ ਸੰਨਿਆਸੀ ਨੂੰ ਬਣਾ ਦਿੱਤਾ ਹੈ। ਇਹ ਗਲ ਉਹਨੂੰ ਕੁਝ ਰਾਹਤ ਵੀ ਦਿੰਦੀ ਸੀ ਸੰਨਿਆਸੀ ਕੀ ਅਤੇ ਲੜਾਈ ਕੀ!

ਉਦੋਂ ਤਕ ਬੰਦਾ ਕਾਫੀ ਦੂਰ ਨਿਕਲ ਚੁੱਕਾ ਸੀ। ਕੁਝ ਦੂਰ ਤਕ ਗੁਰੂ ਜੀ ਦੇ ਸਿੰਘ ਅਤੇ ਬੰਦਾ ਬਹਾਦਰ ਦੇ ਸੇਵਾਦਾਰ ਨਾਲ ਚਲੇ ਪਰ ਫਿਰ ਉਹ ਵਾਪਸ ਮੁੜ ਆਏ। ਬੰਦਾ ਬਹਾਦਰ ਨਾਲ ਰਹਿ ਗਿਆ ਗੁਰੂ ਜੀ ਦਾ ਬਖਸ਼ਿਆ ਨਿਸ਼ਾਨ ਸਾਹਿਬ, ਨਗਾਰਾ, ਸ਼ਸਤਰ ਅਤੇ 25 ਸਿੰਘ ਸਿਪਾਹੀ। ਗੁਰੂ ਦਾ ਜਸ ਗਾਉਂਦੇ ਉਹ ਚਲੀ ਜਾ ਰਹੇ ਸਨ ਉਹਨਾਂ ਨੇ ਲੰਮਾ ਸਫਰ ਤੈਅ ਕਰਨਾ ਸੀ।

ਮਹਾਂਰਾਸ਼ਟਰ ਤੋਂ ਪੰਜਾਬ ਤਕ ਸਫਰ ਜਿਸ ਵਿੱਚ ਲਗਭਗ ਸੌ ਦਿਨ ਲੱਗਣੇ ਚਾਹੀਦੇ ਸੀ, ਪੂਰਾ ਇੱਕ ਸਾਲ ਲੱਗ ਗਿਆ। ਸਫਰ ਦੀ ਪੂਰੀ ਕਹਾਣੀ ਵੀ ਇੱਕ ਸਾਲ ਦੇ ਬਰਾਬਰ ਹੀ ਸੀ। ਸ਼ੁਰੂ ਤੋਂ ਹੀ ਬੰਦਾ ਬਹਾਦਰ ਟੇਢੇ ਮੇਢੇ ਰਸਤਿਆਂ ਤੇ ਚੱਲਦਾ ਆ ਰਿਹਾ ਸੀ। ਇੱਕ ਮਹੀਨੇ ਬਾਦ ਬੰਦਾ ਬਹਾਦਰ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ

ਜੋਤੀ ਜੋਤ ਸਮਾਉਣ ਦੀ ਖਬਰ ਮਿਲੀ। ਸਾਰਿਆਂ ਦਾ ਮਨ ਬਹੁਤ ਉਦਾਸ ਹੋ ਗਿਆ। ਪਰ ਗੁਰੂ ਸਾਹਿਬ ਦੇ ਦੇਹਾਂਤ ਸਮੇਂ ਦੇ ਬਚਨ ਵੀ ਉਹਨਾਂ ਨੂੰ ਪ੍ਰਾਪਤ ਹੋਏ।

ਗੁਰੂ ਸਾਹਿਬ ਨੇ ਹੁਕਮ ਕੀਤਾ ਸੀ ਉਹਨਾਂ ਤੋਂ ਬਾਦ ਕੋਈ ਦੇਹਧਾਰੀ ਗੁਰੂ ਨਹੀਂ ਹੋਵੇਗਾ। ਗੁਰੂ ਗ੍ਰੰਥ ਸਾਹਿਬ ਨੂੰ ਹੀ ਸਾਰੇ ਗੁਰੂ ਮੰਨਣਗੇ। ਜਦੋਂ ਵੀ ਕੋਈ ਭੀੜ ਬਣੇ ਪੰਜ ਪਿਆਰੇ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਨਗੇ। ਮੁਸ਼ਕਲਾਂ ਆਪਣੇ ਆਪ ਹੱਲ ਹੁੰਦੀਆਂ ਜਾਣਗੀਆਂ।

ਬੰਦਾ ਬਹਾਦਰ ਕੁਝ ਦਿਨ ਪਹਿਲਾਂ ਹੀ ਗੁਰੂ ਜੀ ਨੂੰ ਮਿਲਿਆ ਸੀ ਪਰ ਗੁਰੂ ਜੀ ਦੇ ਦੇਹਾਂਤ ਤੋਂ ਬਾਦ ਉਹਨੂੰ ਜਾਪਿਆ ਜਿਵੇਂ ਫਿਰ ਉਸਦਾ ਕੋਈ ਨਹੀਂ ਰਿਹਾ। ਬੰਦੇ ਨੇ ਸੰਨਿਆਸੀਆਂ ਵਾਲਾ ਵੇਸ ਧਾਰਨ ਕੀਤਾ ਆਪਣੇ ਸਾਥੀਆਂ ਨੂੰ ਵੀ ਭਗਵੇਂ ਕਪੜੇ ਧਾਰਨ ਕਰਵਾਏ। ਨੇੜੇ-ਨੇੜੇ ਰਹਿੰਦਿਆਂ ਆਪਸ ਵਿੱਚ ਪਿਆਰ ਵਧਦਾ ਗਿਆ। ਸਿੰਘ ਗੁਰੂ ਦੇ ਹੁਕਮਾਂ ਦਾ ਪਾਲਣ ਕਰਦਿਆਂ ਬੰਦਾ ਬਹਾਦਰ ਨੂੰ ਆਪਣਾ ਨੇਤਾ ਮੰਨਦੇ ਸਨ ਪਰ ਉਸ ਨੇ ਆਪਣੇ ਆਪ ਲਈ ਕਦੀ ਕੋਈ ਵਿਸ਼ੇਸ਼ ਥਾਂ ਜਾਂ ਰਿਆਇਤ ਨਹੀਂ ਸੀ ਮੰਗੀ। ਜੋ ਸਾਰੇ ਖਾਂਦੇ ਉਹ ਵੀ ਉਹੀ ਖਾਂਦਾ। ਧਰਤੀ ਦੇ ਵਿਛਾਉਣ ਤੇ ਅੰਬਰ ਦੀ ਚਾਦਰ ਤਾਣ ਕੇ ਸਾਰੇ ਇਕੱਠੇ ਹੀ ਸੌਂਦੇ ਸਨ। ਜਦੋਂ ਕਦੀ ਬੰਦੇ ਦੇ ਮੂੰਹ 'ਚੋਂ ਆਪਣਾ ਵੈਰਾਗੀ ਗੀਤ ਨਿਕਲਦਾ ਸਾਰੇ ਆਵਾਜ਼ ਵਿੱਚ ਆਵਾਜ਼ ਮਿਲਾਉਂਦੇ ਗਾਂਦੇ ਸਨ--

ਸ਼ਹਿਰਾਂ ਪਿੰਡਾਂ ਚ ਘੁੰਮਾਂ ਫਿਰਾਂ
ਜੰਗਲ ਨਦੀਆਂ ਪਾਰ ਕਰਾਂ
ਮਨ ਦੀ ਚਿੰਤਾ ਵਧਦੀ ਜਾਵੇ
ਕੌਣ ਇਹਨੂੰ ਸਮਝਾਵੇ
ਮੈਂ ਬੰਦਾ ਬੈਰਾਗੀ।

ਕਦੀ ਕਦੀ ਕੋਈ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਰਚਿਆ ਸ਼ਬਦ ਗਾਉਣ ਲੱਗ ਪੈਂਦਾ

ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।
ਤੁਧ ਬਿਨ ਰੋਗ ਰਜਾਈਆਂ ਦਾ ਓਢਣ
ਨਾਗ ਨਿਵਾਸਾਂ ਦੇ ਰਹਿਣਾ
ਸੂਲ ਸੁਰਾਹੀ ਖੰਜਰ ਪਿਆਲਾ

ਬਿੰਗ ਕਸਾਈਆਂ ਦਾ ਸਹਿਣਾ
ਯਾਰੜੇ ਦਾ ਸਾਨੂੰ ਸਥਰ ਚੰਗਾ
ਭਠ ਖੇੜਿਆਂ ਦਾ ਰਹਿਣਾ।

ਸਿੱਖ ਸੰਨਿਆਸੀਆਂ ਦਾ ਇਹ ਜੱਥਾ ਲੋਕਾਂ ਦਾ ਬੇਲੋੜਾ ਧਿਆਨ ਆਪਣੇ ਵੱਲ ਨਾ ਖਿੱਚਦਾ। ਮੁੱਖ ਰਾਹਾਂ ਤੋਂ ਵੱਖ ਚਲਦਿਆਂ ਉਹਨਾਂ ਨੇ ਸ਼ਹਿਰਾਂ ਤੋਂ ਦੂਰ ਦੂਰ ਪੜਾਅ ਕੀਤੇ। ਸਭ ਤੋਂ ਪਹਿਲਾਂ ਜਿਹੜੀ ਮੁਸ਼ਕਿਲ ਉਹਨਾਂ ਨੂੰ ਆਈ ਉਹ ਧਨ ਦੀ ਸੀ। ਗੁਰੂ ਦੇ ਹੁਕਮ ਨੂੰ ਯਾਦ ਕਰਦਿਆਂ ਪੰਜ ਪਿਆਰਿਆਂ ਸਮੇਤ ਸਾਰੇ ਜਥੇ ਨੇ ਅਰਦਾਸ ਕੀਤੀ। ਪਰਮਾਤਮਾ ਨੇ ਜਿਵੇਂ ਤੁਰੰਤ ਉਹਨਾਂ ਦੀ ਅਰਦਾਸ ਸੁਣ ਲਈ। ਭਰਤਪੁਰ ਦੇ ਨੇੜੇ ਤੇੜੇ ਉਹਨਾਂ ਨੂੰ ਇਕ ਸਿੱਖ ਵਪਾਰੀ ਮਿਲਿਆ। ਬਸ ਬਿਲਕੁਲ ਮੌਕਾ ਮੇਲ ਦੀ ਗੱਲ ਸੀ। ਇਕ ਸਿੰਘ ਬਾਜ਼ਾਰ ਵਿਚੋਂ ਆਟਾ ਦਾਲ ਖਰੀਦਣ ਗਿਆ। ਉਹ ਸਿੱਧਾ ਇਸੇ ਵਪਾਰੀ ਦੀ ਦੁਕਾਨ ਤੇ ਪਹੁੰਚਿਆ।

"ਚਾਰ ਮਣ ਆਟਾ ਦੇਣਾ ਭਾਈ ਜੀ।" ਸੌਦਾ ਲੈ ਕੇ ਸਿੱਖ ਨੇ ਜੇਬ ਵਿਚੋਂ ਇੱਕ ਰੁਪਏ ਦਾ ਸਿੱਕਾ ਕਢਿਆ ਤਾਂ ਦੁਕਾਨਦਾਰ ਬੋਲਿਆ, "ਅੱਠ ਆਨੇ ਹੋਰ ਲੱਗਣਗੇ।"

"ਅੱਛਾ ?
ਬੜੀ ਮਹਿੰਗਾਈ ਹੋ ਗਈ ਹੈ ਵੀਰ ਮੇਰੇ ?"

"ਕਿੰਨੀ ਦੇਰ ਬਾਦ ਆਟਾ ਖਰੀਦ ਰਹੇ ਹੋ ? ਦੂਰੋਂ ਆਏ ਜਾਪਦੇ ਹੋ ?"

ਸਿੱਖ ਸਿਪਾਹੀ ਨੇ ਧਿਆਨ ਨਾਲ ਵੇਖਿਆ ਆਪਣੇ ਜਿਹੀ ਭਾਸ਼ਾ ਤੇ ਆਪਣੇ ਜਿਹਾ ਚਿਹਰਾ। ਹੌਲੀ ਹੌਲੀ ਗਲਬਾਤ ਸ਼ੁਰੂ ਹੋ ਗਈ। ਵੇਖਦਿਆਂ ਵੇਖਦਿਆਂ ਦੁਕਾਨਦਾਰ ਦੁਕਾਨ ਬੰਦ ਕਰਕੇ ਉਹਨਾਂ ਨਾਲ ਚੱਲ ਪਿਆ ਤੇ ਜੱਥੇ ਦੇ ਕੋਲ ਜਾ ਪੁੱਜੇ।

ਕਿਉਂਕਿ ਉਹ ਲੋਕ ਬੜੀ ਸਾਵਧਾਨੀ ਨਾਲ ਚੱਲ ਰਹੇ ਸੀ ਇਸ ਲਈ ਕਿਸੇ ਓਪਰੇ ਬੰਦੇ ਨੂੰ ਕੋਲ ਵੇਖ ਕੇ ਉਹ ਚੌਕੰਨੇ ਹੋ ਗਏ। ਪਰ ਜਦੋਂ ਵਪਾਰੀ ਨੇ ਕੋਲ ਆ ਕੇ ਫਤਹਿ ਦਾ ਜੈਕਾਰਾ ਬੁਲਾਇਆ ਤਾਂ ਸਾਰੇ ਖੁਸ਼ ਹੋ ਗਏ। ਬੈਠ ਕੇ ਬੰਦਾ ਬਹਾਦਰ ਪਾਸੋਂ ਸਾਰੀ ਵਿਥਿਆ ਸੁਣੀ ਤੇ ਵਪਾਰੀ ਨੇ ਬੇਨਤੀ ਕੀਤੀ,"ਤੁਸੀਂ ਗੁਰੂ ਜੀ ਦੇ ਕਾਰਜ ਲਈ ਪੰਜਾਬ ਜਾ ਰਹੇ ਹੋ ? ਮੈਨੂੰ ਦੱਸੋ ਮੈਂ ਕੀ ਸੇਵਾ ਕਰ ਸਕਦਾ ਹਾਂ ?"

"ਆਪ ਨੇ ਸਾਡੀ ਸਹਾਇਤਾ ਲਈ ਪੇਸ਼ਕਸ਼ ਕੀਤੀ ਇਸ ਲਈ ਬਹੁਤ ਬਹੁਤ ਸ਼ੁਕਰੀਆ।"

"ਮੈਂ ਬੇਨਤੀ ਕਰਾਂ ਬਾਬਾ ਜੀ ?" ਵਿਨੋਦ ਸਿੰਘ ਬੋਲਿਆ।

ਇਸ਼ਾਰੇ ਨਾਲ ਬੰਦਾ ਸਿੰਘ ਦੀ ਸਹਿਮਤੀ ਵੇਖ ਕੇ ਉਸ ਨੇ ਕਿਹਾ,"ਤੁਸੀਂ ਸਮਝ ਹੀ ਗਏ ਹੋ ਅਜੇ ਅਸਾਂ ਬੜਾ ਲੰਬਾ ਸਫਰ ਤੈਅ ਕਰਨਾ ਹੈ। ਸਾਨੂੰ ਹਰ ਥਾਂ ਪੈਸੇ ਦੀ ਲੋੜ ਪਵੇਗੀ।"

ਅਜੇ ਵਿਨੋਦ ਸਿੰਘ ਦੇ ਬੋਲ ਮੂੰਹ ਵਿੱਚ ਹੀ ਸਨ ਕਿ ਵਪਾਰੀ ਨੇ ਆਪਣੀ ਬਗਲ ਵਿਚੋਂ ਇੱਕ ਪੋਟਲੀ ਕੱਢ ਕੇ ਬੰਦਾ ਬਹਾਦਰ ਦੇ ਚਰਨਾਂ ਵਿਚ ਰਖ ਦਿੱਤੀ। ਬਾਬਾ ਜੀ! ਸਾਨੂੰ ਗੁਰੂ ਦੇ ਹੁਕਮ ਪਹਿਲਾਂ ਹੀ ਪਹੁੰਚ ਚੁੱਕੇ ਹਨ ਕਿ ਅਗੋਂ ਤੋਂ ਅਸੀਂ ਆਪਣਾ ਦਸਵੰਧ ਆਪ ਨੂੰ ਦੇਣਾ ਹੈ। ਇਸ ਲਈ ਤੁਹਾਡੀ ਮੁਸ਼ਕਲ ਦਾ ਮੈਨੂੰ ਪਹਿਲਾਂ ਹੀ ਪਤਾ ਸੀ। ਧਰਮ ਅਤੇ ਕੌਮ ਦੇ ਨਾਮ ਇਹ ਮਾਇਆ ਪ੍ਰਵਾਨ ਕਰੋ।"

ਸਾਰਿਆਂ ਨੇ ਕਿਹਾ,"ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਉਹ ਆਪਣੇ ਕਾਰਜ ਆਪ ਹੀ ਸਵਾਰ ਰਹੇ ਹਨ।"

ਇੰਨੀ ਛੇਤੀ ਬੰਦਾ ਬਹਾਦਰ ਦੀ ਪਹਿਲੀ ਸਮੱਸਿਆ ਹੱਲ ਹੋ ਗਈ। ਉਹ ਸਾਰੇ ਇਸ ਨੂੰ ਅਰਦਾਸ ਦੀ ਕਰਾਮਾਤ ਸਮਝਦੇ ਹੋਏ ਗੁਰੂ ਪ੍ਰਤੀ ਦੁੱਗਣਾ ਵਿਸ਼ਵਾਸ ਲੈ ਕੇ ਅੱਗੇ ਵਧਣ ਲੱਗੇ। ਕਦਮ ਤੋਂ ਬਾਦ ਕਦਮ, ਪਿੰਡ ਤੋਂ ਬਾਦ ਪਿੰਡ ਪਿੱਛੇ ਛੱਡਦੇ ਹੋਏ ਅੱਗੇ ਵਧੀ ਜਾ ਰਹੇ ਸਨ। ਉਹਨਾਂ ਦਾ ਕੇਵਲ ਇੱਕ ਮਨੋਰਥ ਸੀ ਛੇਤੀ ਪੰਜਾਬ ਪਹੁੰਚਣਾ ਅਤੇ ਗੁਰੂ ਦੀ ਆਗਿਆ ਅਨੁਸਾਰ ਧਰਮ ਜੁੱਧ ਕਰਨਾ ਅਤੇ ਆਪਣੇ ਪ੍ਰਾਣਾ ਨੂੰ ਨਿਛਾਵਰ ਕਰਨਾ।

------

# ਪੰਜਾਬ ਵਿਚ ਦਾਖਲਾ

ਕੀ ਕਮਾਲ ਦਾ ਸਫਰ ਸੀ? ਨੰਦੇੜ ਤੋਂ ਮੰਦਸੌਰ, ਮੰਦਸੌਰ ਤੋਂ ਅਜਮੇਰ, ਅਜਮੇਰ ਤੋਂ ਫੁਲੈਰਾ ਅਤੇ ਉੱਥੋਂ ਰੀਂਗਸ, ਸੀਕਰ, ਚੁਰੂ, ਸਦੂਲਪੁਰ ਅਤੇ ਫਿਰ ਹਿਸਾਰ। ਪੂਰਾ ਇੱਕ ਹਜ਼ਾਰ ਮੀਲ ਦਾ ਸਫਰ ਤੈਅ ਕੀਤਾ ਸੀ ਉਹ ਵੀ ਸਿੱਧੇ ਰਸਤਿਆਂ ਰਾਹੀਂ ਨਹੀਂ ਸਗੋਂ ਟੇਢੀਆਂ ਮੇਢੀਆਂ ਪਗਡੰਡੀਆਂ ਰਾਹੀਂ। ਮਹਾਂਰਾਸ਼ਟਰ ਤਾਂ ਪਹਿਲਾਂ ਹੀ ਮੁਗਲਾਂ ਦੇ ਖਿਲਾਫ ਸੀ ਇਸ ਲਈ ਉਥੇ ਬੰਦਾ ਬਹਾਦਰ ਨੂੰ ਬਹੁਤਾ ਛਿਪ ਕੇ ਚੱਲਣ ਦੀ ਲੋੜ ਨਹੀਂ ਪਈ। ਮੱਧ ਭਾਰਤ ਤੋਂ ਮੰਦਸੌਰ ਤਕ ਦਾ ਸਫਰ ਜੰਗਲਾਂ ਵਿੱਚ ਛਿਪ ਕੇ ਕਰਨਾ ਪਿਆ। ਥਾਂ ਥਾਂ ਰੁਕ ਕੇ ਰਾਹ ਪੁਛਣਾ ਪੈਂਦਾ ਸੀ। ਰਾਜਸਥਾਨ ਪਹੁੰਚ ਕੇ ਵੀ ਮੁਗਲ ਬਾਦਸ਼ਾਹ ਅਤੇ ਰਾਜਪੂਤ ਰਾਜਿਆਂ ਵਿਚਕਾਰ ਛਿੜੀ ਜੰਗ ਦੇ ਓਹਲੇ ਵਿਚ ਬੰਦਾ ਅੱਗੇ ਵਧਦਾ ਗਿਆ। ਫੁਲੈਰਾ ਅਤੇ ਰੀਂਗਸ ਵਰਗੇ ਛੋਟੇ ਛੋਟੇ ਕਸਬਿਆਂ ਅਤੇ ਚੁਰੂ ਦੇ ਰੇਗਿਸਤਾਨ ਵਿਚੋਂ ਬੰਦਾ ਤੀਰ ਵਾਂਗ ਅੱਗੇ ਚੱਲੀ ਗਿਆ। ਬੜੀ ਚਤਰਾਈ ਨਾਲ ਦਿਲੀ ਤੋਂ 50 ਮੀਲ ਪੱਛਮ ਤੋਂ ਚੁਪਚਾਪ ਮੁਗਲਾਂ ਦੀਆਂ ਅੱਖੀਂ ਘੱਟਾ ਪਾ ਕੇ ਪੰਜਾਬ ਜਾ ਪਹੁੰਚਿਆ। ਥਕਾਵਟ ਦੇ ਬਾਵਜੂਦ ਸੈਨਕਾਂ ਨੇ ਹਿਸਾਰ ਆ ਕੇ ਸਾਹ ਲਿਆ। ਇਥੋਂ ਅੱਗੇ ਕਈ ਪੰਜਾਬੀ ਦੋਸਤ ਅਤੇ ਸਿੱਖਾਂ ਦੀ ਸਹਾਇਤਾ ਕਾਰਨ ਮੁਗਲਾਂ ਦਾ ਡਰ ਘੱਟ ਸੀ।

ਹਿਸਾਰ ਪਹੁੰਚਣ ਤੋਂ ਪਹਿਲਾਂ ਇੱਕ ਦੋ ਐਸੀਆਂ ਘਟਨਾਵਾਂ ਹੋਈਆਂ ਜਿਹਨਾਂ ਕਾਰਨ ਬੰਦਾ ਬਹਾਦਰ ਅਤੇ ਉਸ ਦੇ ਸਾਰੇ ਸਾਥੀ ਵੈਰਾਗੀ ਪੁਣੇ ਤੋਂ ਜੰਗ ਦੀ ਹਾਲਤ ਵਿੱਚ ਆ ਗਏ। ਥੋੜੇ ਜਿਹੇ ਬੰਦੇ ਅਤੇ ਸੰਨਿਆਸੀ ਪਹਿਰਾਵਾ ਦੇਖ ਕੇ ਨਾਰਨੌਲ ਵਿੱਚ ਡਾਕੂਆਂ ਦੇ ਇੱਕ ਟੋਲੇ ਨੇ ਉਹਨਾਂ ਨੂੰ ਲੁੱਟਣਾ ਚਾਹਿਆ। ਪਰ ਬੰਦਾ ਬਹਾਦਰ ਦੇ ਸਾਥੀਆਂ ਨੇ ਜਦੋਂ ਲੜਾਈ ਦੇ ਜੌਹਰ ਦਿਖਾਏ ਤਾਂ ਡਾਕੂ ਭੱਜ ਨਿਕਲੇ। ਬੰਦਾ ਬਹਾਦਰ ਦੇ ਸੈਨਿਕਾਂ ਨੂੰ ਛੋਟੇ ਮੋਟੇ ਜ਼ਖਮ ਆਏ। ਉਸ ਨੇ ਸੈਨਿਕਾਂ ਨੂੰ ਅਰਿੰਡ ਦੀਆਂ ਫਲੀਆਂ, ਛਿਲ ਅਤੇ ਪਤੀਆਂ ਲਿਆਉਣ ਲਈ ਕਿਹਾ। ਇਹਨਾਂ ਸਭ ਨੂੰ ਕੁੱਟਕੇ ਪਾਣੀ ਵਿੱਚ ਉਬਾਲਿਆ ਜਿਸ ਨਾਲ ਉਹ ਇਕ ਪ੍ਰਕਾਰ ਦੀ ਮਲਹਮ ਬਣ ਗਈ। ਇਸ ਮਲਹਮ ਨੂੰ ਜ਼ਖਮਾਂ ਉੱਤੇ ਲਗਾਇਆ। ਕੁਝ ਦਰਦ ਹੋਇਆ ਪਰ ਦੋ ਦਿਨਾਂ ਵਿਚ ਜਖਮ ਜਿਵੇਂ ਕਿਤੇ ਉੱਡ ਗਏ। ਬੰਦਾ ਬਹਾਦਰ ਨੇ ਇਹ ਮਲਹਮ ਹਰ ਵੇਲੇ

ਕੋਲ ਰੱਖਣ ਦਾ ਹੁਕਮ ਦਿੱਤਾ। ਇਸ ਘਟਨਾ ਨੂੰ ਚਮਤਕਾਰ ਮੰਨ ਕੇ ਲੋਕਾਂ ਨੇ ਦੂਰ ਦੂਰ ਤਕ ਪ੍ਰਸਿੱਧੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਭਿਵਾਨੀ ਪਹੁੰਚਦਿਆਂ ਹੀ ਉਥੋਂ ਦੇ ਸਿੱਖ ਉਹਨਾਂ ਦਾ ਸਵਾਗਤ ਕਰਨ ਲਈ ਪੁੱਜ ਗਏ।

ਉਥੇ ਬੰਦਾ ਬਹਾਦਰ ਨੂੰ ਦਸਿਆ ਗਿਆ ਕਿ ਭਿਵਾਨੀ ਵਿੱਚ ਸਰਕਾਰ ਦਾ ਛੋਟਾ ਜਿਹਾ ਖਜਾਨਾ ਹੈ। ਇਸ ਖਜਾਨੇ ਵਿਚ ਉਹ ਪੈਸਾ ਹੈ ਜੋ ਹਿੰਦੂਆ ਉੱਤੇ ਜਜੀਆ ਲਾ ਕੇ ਇੱਕਠਾ ਕੀਤਾ ਜਾਂਦਾ ਹੈ। ਜਜੀਆ ਇੱਕ ਤਰ੍ਹਾਂ ਦਾ ਟੈਕਸ ਸੀ ਜੋ ਮੁਗਲ ਸਰਕਾਰ ਵਲੋਂ ਹਿੰਦੂਆਂ ਉੱਤੇ ਕੇਵਲ ਇਸ ਕਾਰਨ ਲਗਾਇਆ ਜਾਂਦਾ ਸੀ ਕਿਉਂਕਿ ਉਹ ਹਿੰਦੂ ਹਨ। ਇਹ ਜਾਣ ਕੇ ਬੰਦਾ ਬਹਾਦਰ ਨੇ ਇਥੇ ਹੀ ਜੰਗ ਦਾ ਬਿਗਲ ਵਜਾਉਣ ਦਾ ਫੈਸਲਾ ਕਰ ਲਿਆ। ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਬਾਰੇ ਪਤਾ ਚਲਦਿਆਂ ਹੀ ਮਰਜੀਵੜੇ ਸਿਖਾਂ ਦੇ ਜਥੇ ਬੰਦਾ ਬਹਾਦਰ ਨਾਲ ਰਲਣੇ ਸ਼ੁਰੂ ਹੋ ਗਏ।

ਪ੍ਰਭਾਤ ਵੇਲੇ ਹੀ ਬੰਦਾ ਬਹਾਦਰ ਦੇ ਫੌਜੀਆਂ ਨੇ ਖਜਾਨੇ ਤੇ ਹਮਲਾ ਕਰ ਦਿੱਤਾ। ਉਥੇ ਤੈਨਾਤ ਮੁਗਲ ਸੈਨਕਾਂ ਨੂੰ ਮਾਰ ਮੁਕਾਇਆ ਤੇ ਖਜਾਨੇ ਤੇ ਕਬਜ਼ਾ ਕਰ ਲਿਆ। ਸਵੇਰ ਹੁੰਦਿਆਂ ਉਥੇ ਭੀੜ ਇੱਕਠੀ ਹੋ ਗਈ। ਉਸ ਭੀੜ ਅਤੇ ਆਪਣੀ ਫੌਜ਼ ਨੂੰ ਬੰਦਾ ਬਹਾਦਰ ਨੇ ਉਚੀ ਅਵਾਜ਼ ਵਿਚ ਸੰਬੋਧਨ ਕੀਤਾ।

"ਸਾਥੀਓ! ਤੁਸੀਂ ਬਹੁਤੇ ਲੋਕ ਮੈਨੂੰ ਨਹੀਂ ਜਾਣਦੇ ਪਰ ਮੈਂ ਤੁਹਾਨੂੰ ਜਾਣਦਾ ਹਾਂ ਮੈਂ ਪੰਜਾਬ ਅਤੇ ਇਥੋਂ ਦੇ ਲੋਕਾਂ ਨੂੰ ਚੰਗੀ ਤਰਾਂ ਜਾਣਦਾ ਹਾਂ। ਮੈਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਖਾਸ ਮਕਸਦ ਲਈ ਭੇਜਿਆ ਹੈ। ਤੁਸੀਂ ਜਿਵੇਂ ਕਿ ਜਾਣਦੇ ਹੋ ਪਿਛਲੇ ਸਾਲ ਗੁਰੂ ਗੋਬਿੰਦ ਸਿੰਘ ਜੀ ਦਾ ਦੇਹਾਂਤ ਹੋ ਗਿਆ ਸੀ। ਇਹ ਮੇਰਾ ਸੁਭਾਗ ਹੈ ਕਿ ਮੈਨੂੰ ਕੁਝ ਸਮਾਂ ਉਹਨਾਂ ਨਾਲ ਬਿਤਾਣ ਦਾ ਮੌਕਾ ਮਿਲਿਆ। ਗੁਰੂ ਜੀ ਅਤੇ ਉਹਨਾਂ ਦੇ ਪਰਿਵਾਰ ਉੱਤੇ ਮੁਗਲਾਂ ਵਲੋਂ ਅਤੇ ਖਾਸ ਕਰਕੇ ਸਰਹੰਦ ਦੇ ਸੂਬੇਦਾਰ ਵਲੋਂ ਜੋ ਜੁਲਮ ਢਾਏ ਗਏ ਉਹਨਾਂ ਬਾਰੇ ਮੈਂ ਗੁਰੂ ਜੀ ਦੇ ਮੁਖਾਰਬਿੰਦ ਤੋਂ ਸੁਣ ਚੁੱਕਾ ਹਾਂ। ਭਰੀ ਸਭਾ ਵਿਚ ਗੁਰੂ ਜੀ ਨੇ ਮੈਨੂੰ ਹੁਕਮ ਦਿੱਤਾ ਕਿ ਮੈਂ ਮੁਗਲ ਹਕੂਮਤ ਕੋਲੋਂ ਇਹਨਾਂ ਜੁਲਮਾਂ ਦਾ ਬਦਲਾ ਲਵਾਂ ਅਤੇ ਅਤਿਆਚਾਰ ਦੇ ਖਿਲਾਫ ਜੰਗ ਜਾਰੀ ਰਖਾਂ। ਗੁਰੂ ਸਾਹਿਬ ਨੇ ਸਾਰੇ ਸਿਖਾਂ ਦੇ ਨਾਂ ਜੋ ਹੁਕਮਨਾਮਾ ਭੇਜਿਆ ਹੈ ਉਹ ਤੁਹਾਨੂੰ ਪੜ੍ਹ ਕੇ ਸੁਣਾਂਦੇ ਹਾਂ।"

ਬੰਦਾ ਬਹਾਦਰ ਨੇ ਵਿਨੋਦ ਸਿੰਘ ਨੂੰ ਇਸ਼ਾਰਾ ਕੀਤਾ ਉਸ ਨੇ ਆਪਣੀ ਛਾਤੀ ਵਾਲੀ ਜੇਬ ਵਿਚੋਂ ਗੁਰੂ ਜੀ ਦਾ ਹੁਕਮਨਾਮਾ ਕੱਢ ਕੇ ਬੰਦਾ ਬਹਾਦਰ ਨੂੰ

ਦਿੱਤਾ ਅਤੇ ਬੰਦਾ ਬਹਾਦਰ ਨੇ ਉਹ ਪੜ੍ਹ ਕੇ ਸੁਣਾਇਆ।

"ਗੁਰੂ ਸਾਹਿਬ ਦਾ ਇਹ ਹੁਕਮਨਾਮਾ ਕੇਵਲ ਸਿਖਾਂ ਲਈ ਹੀ ਨਹੀਂ ਸਗੋਂ ਹਰ ਇਨਸਾਫ ਪਸੰਦ ਹਿੰਦੁਸਤਾਨੀ ਲਈ ਹੈ। ਜਿਹੜੇ ਵੀ ਭੈਣ-ਭਰਾ ਇਸ ਦੇ ਹੱਕ ਵਿੱਚ ਹਨ ਉਹ ਆਪਣੇ ਹੱਥ ਖੜੇ ਕਰਨ।"

ਵੇਖਦਿਆਂ ਵੇਖਦਿਆਂ ਸਾਰਿਆਂ ਨੇ ਹੱਥ ਖੜੇ ਕਰ ਦਿੱਤੇ। ਬੰਦਾ ਬਹਾਦਰ ਫਿਰ ਬੋਲਿਆ, "ਅਸੀਂ ਸਰਹੰਦ ਪਹੁੰਚਣਾ ਹੈ ਜਿੱਥੇ ਮੁਗਲ ਸੂਬੇਦਾਰ ਨੇ ਗੁਰੂ ਸਾਹਿਬ ਦੇ ਛੋਟੇ ਛੋਟੇ ਸਾਹਿਬਜ਼ਾਦਿਆਂ ਨੂੰ ਜੀਉਂਦਾ ਨੀਹਾਂ ਵਿੱਚ ਚਿਣਕੇ ਸ਼ਹੀਦ ਕਰ ਦਿੱਤਾ ਸੀ। ਆਪਾਂ ਸਾਰਿਆਂ ਨੇ ਉਹ ਬਦਲਾ ਲੈਣਾ ਹੈ। ਇਸ ਸਮੇਂ ਸਾਨੂੰ ਲੋੜ ਬਹਾਦਰ ਨੌਜੁਆਨਾ ਦੀ ਹੈ। ਆਓ ਸਾਡੀ ਫੌਜ ਵਿੱਚ ਭਰਤੀ ਹੋ ਕੇ ਸਾਡੀ ਮਦਦ ਕਰੋ।

"ਹਾਂ--ਹਾਂ ਅਤੇ ਮੈਂ ਵੀ-ਹਾਂ ਮੈਂ ਵੀ ਆ ਰਿਹਾਂ--।" ਇਸ ਤਰ੍ਹਾਂ ਦੀਆਂ ਅਵਾਜ਼ਾਂ ਹੋਣ ਲੱਗੀਆਂ। ਬੰਦਾ ਬਹਾਦਰ ਨੇ ਵਿਨੋਦ ਸਿੰਘ ਨੂੰ ਕਿਹਾ ਉਹ ਸਾਰਿਆਂ ਦੇ ਨਾਵਾਂ ਦੀ ਸੂਚੀ ਬਣਾ ਲਵੇ।

"ਕੀ ਇਥੇ ਕੋਈ ਐਸੀ ਥਾਂ ਹੈ ਜਿਥੇ ਅਸੀਂ ਆਰਾਮ ਕਰ ਸਕੀਏ।"

ਕਈ ਲੋਕਾਂ ਨੇ ਸਿੰਘਾਂ ਨੂੰ ਆਪਣੇ ਘਰ ਠਹਿਰਨ ਦਾ ਬੁਲਾਵਾ ਦਿੱਤਾ। ਅੰਤ ਇਕ ਵੱਡੀ ਹਵੇਲੀ ਵਿੱਚ ਉਤਾਰਾ ਕੀਤਾ ਗਿਆ। ਬੰਦਾ ਬਹਾਦਰ ਨੇ ਵਿਨੋਦ ਸਿੰਘ ਨੂੰ ਕਿਹਾ, "ਲੁੱਟੇ ਹੋਏ ਖਜ਼ਾਨੇ ਵਿਚੋਂ ਅੱਧਾ ਖਜ਼ਾਨਾ ਰਾਖਵਾਂ ਕਰ ਲਵੋ। ਬਾਕੀ ਸਾਰੇ ਕੁਝ ਸਿਪਾਹੀਆਂ ਵਿੱਚ ਅਤੇ ਕੁਝ ਗਰੀਬਾਂ ਵਿੱਚ ਵੰਡ ਦਿਓ।" ਹੈਰਾਨੀ ਨਾਲ ਵਿਨੋਦ ਸਿੰਘ ਨੇ ਬੰਦਾ ਬਹਾਦਰ ਵੱਲ ਵੇਖਿਆ। ਬੰਦਾ ਸਿੰਘ ਦੇ ਦੁਬਾਰਾ ਕਹਿਣ ਤੇ ਚਾਂਦੀ ਦੇ ਸਿੱਕੇ ਵੰਡਣ ਦਾ ਕੰਮ ਸ਼ੁਰੂ ਕੀਤਾ ਗਿਆ।

"ਤੁਸੀਂ ਕਿੰਨਾ ਲਵੋਗੇ ਸਰਦਾਰ ਜੀ?"

"ਮੈਨੂੰ ਇਸ ਪੈਸੇ ਦੀ ਲੋੜ ਨਹੀਂ ਇਹ ਵੀ ਤੁਸੀਂ ਵੰਡ ਲਵੋ?" ਸਾਰੇ ਫੌਜੀਆਂ ਵਿਚ ਬੰਦੇ ਦਾ ਸਤਿਕਾਰ ਹੋਰ ਵਧ ਗਿਆ ਤੇ ਉਹਨਾਂ ਨੇ ਨਾਰਾ ਲਾਇਆ "ਬਾਬਾ ਬੰਦਾ ਬਹਾਦਰ ਦੀ ਜੈ"

ਇੱਕ ਵਾਰ, ਦੋ ਵਾਰ ਅਤੇ ਫਿਰ ਕਈ ਵਾਰ ਇਸ ਤਰ੍ਹਾਂ ਜੈ ਜੈ ਕਾਰ, ਹੋਈ ਪਰ ਬੰਦਾ ਬਹਾਦਰ ਨੇ ਉਹਨਾਂ ਨੂੰ ਰੋਕ ਦਿੱਤਾ।

"ਮੇਰਾ ਨਾ ਕਦੀ ਕੁਝ ਸੀ ਅਤੇ ਨਾ ਹੋਵੇਗਾ। ਜੈ ਜੈ ਕਾਰ ਉਸ ਗੁਰੂ ਗੋਬਿੰਦ ਸਿੰਘ ਜੀ ਦੀ ਕਰੋ ਜਿਸ ਮੈਨੂੰ ਤੁਹਾਡੇ ਤੱਕ ਪੁਚਾਇਆ ਹੈ।" ਕੁਝ ਰੁਕ ਕੇ ਬੰਦਾ

ਸਿੰਘ ਨੇ ਕਿਹਾ,"

ਅੱਜ ਰਾਤ ਇਥੇ ਹੀ ਠਹਿਰਾਂਗੇ। ਜਿਹੜੇ ਨੌਜਵਾਨਾਂ ਨੇ ਸਾਡੇ ਨਾਲ ਚਲਣਾ ਹੈ ਉਹ ਆਪਣੇ ਘਰ ਵਾਲਿਆਂ ਨੂੰ ਮਿਲ ਆਉਣ। ਫਿਰ ਪਤਾ ਨਹੀਂ ਮੇਲੇ ਹੋਣ ਕਿ ਨਾਂ।" ਸਵੇਰੇ ਵੇਲੇ ਇੱਥੋਂ ਕੂਚ ਕਰ ਦਿਆਂਗੇ।

ਗੁਰੂ ਗੋਬਿੰਦ ਸਿੰਘ ਜੀ ਸੰਤ ਅਤੇ ਸਿਪਾਹੀ ਹੋਣ ਦੇ ਨਾਲ ਨਾਲ ਕਈ ਭਾਸ਼ਾਵਾਂ ਦੇ ਗਿਆਤਾ ਅਤੇ ਮਹਾਨ ਕਵੀ ਸਨ। ਉਹਨਾਂ ਨੇ ਸਾਰਾ ਜੀਵਨ ਧਰਮ ਅਤੇ ਇਮਾਨ ਦੀ ਰੱਖਿਆ ਕੀਤੀ। ਇਹਨਾ ਸਭ ਤੋਂ ਇਲਾਵਾ ਖਾਲਸਾ ਕੌਮ ਦੇ ਸਥਾਪਕ ਦੇ ਰੂਪ ਵਿੱਚ ਉਹਨਾਂ ਦਾ ਸਥਾਨ ਬੜਾ ਅਹਿਮ ਹੈ।

ਆਪਣੇ ਜੀਵਨ ਕਾਲ ਵਿੱਚ ਗੁਰੂ ਦੇ ਹੁਕਮਾਂ ਸਦਕਾ ਬੰਦਾ ਬਹਾਦਰ ਨੇ ਵੀ ਕੁਝ ਹਦ ਤਕ ਇਹ ਗੁਣ ਧਾਰਨ ਕੀਤੇ। ਸ਼ਕਲ, ਸੂਰਤ ਅਤੇ ਕਦ-ਕਾਠ ਵਿੱਚ ਵੀ ਪ੍ਰਭਾਵ ਸ਼ਾਲੀ ਸੀ। ਦਰਮਿਆਨਾ ਕੱਦ, ਗਠਿਆ ਹੋਇਆ ਸਰੀਰ, ਕਣਕਵੰਨਾ ਰੰਗ, ਚੌੜਾ ਮੱਥਾ ਅਤੇ ਤਿੱਖੀਆਂ ਨਜ਼ਰਾਂ ਕੁੱਲ ਮਿਲਾਕੇ ਪਹਿਲੀ ਵਾਰ ਵੇਖਿਆਂ ਉਹ ਪ੍ਰਭਾਵਸ਼ਾਲੀ ਜਾਪਣ ਲੱਗ ਪੈਂਦਾ। ਸਿਧੀਆਂ ਖਿੱਚੀਆਂ ਹੋਈਆਂ ਪਲਕਾਂ ਛੋਟੀਆਂ ਅਤੇ ਗਹਿਰੇ ਕਾਲੇ ਰੰਗ ਦੀਆਂ ਸਨ। ਨੱਕ ਤਿਖੀ ਅਤੇ ਦਾਹੜੀ ਸੰਘਣੀ ਸੀ। ਜੇ ਬੰਦੇ ਨੇ ਹਥਿਆਰ ਨਾ ਚੁੱਕੇ ਹੁੰਦੇ ਤਾਂ ਕਿਸਾਨ ਨੇਤਾ ਹੋਣਾ ਸੀ। ਜਦੋਂ ਬੰਦਾ ਕੋਈ ਫੈਸਲਾ ਕਰਦਾ, ਤਾਂ ਉਸ ਦੇ ਦੰਦ ਭਿੜ ਜਾਂਦੇ ਅਤੇ ਠੋਡੀ ਚਟਾਨ ਵਾਂਗ ਸਖਤ ਹੋ ਜਾਂਦੀ ਸੀ। ਇਸ ਨੂੰ ਵੇਖਣ ਵਾਲਾ ਉਹਦੀ ਦ੍ਰਿੜਤਾ ਭਾਂਪ ਜਾਂਦਾ ਸੀ। ਉਸ ਦੇ ਬੋਲਾਂ ਵਿਚ ਜਾਦੂ ਸੀ ਅਤੇ ਭਾਸ਼ਣ ਤੋਂ ਸਾਰੇ ਪ੍ਰਭਾਵਿਤ ਹੋ ਜਾਂਦੇ ਸਨ।

ਵੱਡੇ ਸਾਰੇ ਕਮਰੇ ਵਿੱਚ ਜਿਥੇ ਕਿਤੇ ਕਿਸੇ ਨੂੰ ਥਾਂ ਮਿਲੀ ਲੇਟ ਗਿਆ। ਕਾਹਨ ਸਿੰਘ ਵਿਨੋਦ ਸਿੰਘ ਕੋਲ ਜਾ ਕੇ ਹੌਲੀ ਜਿਹੀ ਬੋਲਿਆ, "ਜਥੇਦਾਰ ਨੇ ਤਾਂ ਕਮਾਲ ਕਰ ਦਿੱਤਾ। ਸਾਰਾ ਪੈਸਾ ਸਿਪਾਹੀਆਂ ਅਤੇ ਲੋਕਾਂ ਵਿੱਚ ਹੀ ਵੰਡ ਦਿੱਤਾ। ਆਪਣੇ ਲਈ ਕੁਝ ਵੀ ਨਹੀਂ ਰੱਖਿਆ। ਅਸੀਂ ਤਾਂ ਬਾਬੇ ਨੂੰ ਐਵੇਂ ਹੀ ਸਮਝਦੇ ਸਾਂ।"

ਵਿਨੋਦ ਸਿੰਘ ਨੇ ਪਿਆਰ ਨਾਲ ਕਾਹਨ ਸਿੰਘ ਦੇ ਮੋਢੇ ਤੇ ਹੱਥ ਰਖਦਿਆਂ ਆਖਿਆ, "ਆਦਮੀਆਂ ਨੂੰ ਸਮਝਣ ਵਿਚ ਤੂੰ ਤੇ ਮੈਂ ਗਲਤੀ ਕਰ ਸਕਦੇ ਹਾਂ ਪਰ ਗੁਰੂ ਸਾਹਿਬ ਤਾਂ ਗਲਤੀ ਨਹੀਂ ਕਰ ਸਕਦੇ। ਗੁਰੂ ਸਾਹਿਬ ਨੇ ਇਹ ਚੋਣ ਬਿਲਕੁਲ ਠੀਕ ਕੀਤੀ ਹੈ।

ਹਿਸਾਰ ਪਹੁੰਚ ਕੇ ਬੰਦੇ ਨੂੰ ਪਤਾ ਲੱਗਾ ਕਿ ਉਸ ਦੀ ਸੋਭਾ ਉਹਦੇ ਅੱਗੇ-ਅੱਗੇ ਚਲ ਰਹੀ ਹੈ। ਕਈ ਸਿੱਖ ਅਤੇ ਹਿੰਦੂ ਨੇਤਾ ਉਹਦੇ ਸਵਾਗਤ ਲਈ ਤਿਆਰ ਖੜੇ

ਸਨ। ਜਦੋਂ ਲੋਕਾਂ ਨੇ ਬੰਦਾ ਬਹਾਦਰ ਦੀ ਜੈ ਜੈ ਕਾਰ ਕੀਤੀ ਤਾਂ ਬੰਦਾ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਜੈ ਜੈ ਕਾਰ ਕਰਨ ਲਈ ਕਿਹਾ।

"ਮੈਂ ਕੇਵਲ ਗੁਰੂ ਸਾਹਿਬ ਦਾ ਬੰਦਾ ਹਾਂ। ਉਹਨਾਂ ਨੇ ਮੈਨੂੰ ਜੋ ਹੁਕਮ ਕੀਤਾ ਉਸੇ ਦੀ ਪੂਰਤੀ ਲਈ ਇਧਰ ਆਇਆ ਹਾਂ। ਜੋ ਕੁਝ ਮੇਰੇ ਕੋਲ ਹੈ ਉਹ ਗੁਰੂ ਸਾਹਿਬ ਦਾ ਜਾਂ ਤੁਹਾਡਾ ਖਾਲਸੇ ਦੀ ਸੰਗਤ ਦਾ ਹੈ।

ਇਸ ਬਾਂਗੜ ਦੇ ਇਲਾਕੇ ਦੇ ਲੋਕ ਚੋਰਾਂ ਡਾਕੂਆਂ ਤੋਂ ਪਰੇਸ਼ਾਨ ਸਨ। ਇਕ ਦਿਨ ਨੇੜਲੇ ਪਿੰਡ ਦੇ ਲੋਕਾਂ ਨੇ ਆ ਕੇ ਦਸਿਆ ਕਿ ਡਾਕੂਆਂ ਦਾ ਇੱਕ ਵੱਡਾ ਗਰੋਹ ਪਿੰਡ ਵਿੱਚ ਡਾਕਾ ਮਾਰਨ ਵਾਲਾ ਹੈ। ਬੰਦਾ ਬਹਾਦਰ ਨੇ ਉਹਨਾਂ ਡਾਕੂਆਂ ਨੂੰ ਰੋਕਣ ਦਾ ਫੈਸਲਾ ਕੀਤਾ ਅਤੇ ਪਿੰਡ ਦੇ ਲੋਕਾਂ ਅਤੇ ਪੰਚਾਂ ਨੂੰ ਆਪਣੇ ਨਾਲ ਰਲਣ ਲਈ ਕਿਹਾ। ਪਰ ਡਰ ਦੇ ਮਾਰੇ ਪਿੰਡ ਦੇ ਪੰਚਾਂ ਨੇ ਡਾਕੂਆਂ ਸਾਹਮਣੇ ਜਾਣ ਤੋਂ ਇਨਕਾਰ ਕਰ ਦਿੱਤਾ। ਬੰਦਾ ਬਹਾਦਰ ਆਪਣੇ ਸਿਪਾਹੀਆਂ ਨਾਲ ਹੀ ਡਾਕੂਆਂ ਦਾ ਮੁਕਾਬਲਾ ਕਰਨ ਲਈ ਚਲ ਪਿਆ। ਅਸਤਰਾਂ ਸ਼ਸਤਰਾਂ ਨਾਲ ਲੈਸ ਸਿੰਘ ਸਿਪਾਹੀਆਂ ਸਾਮ੍ਹਣੇ ਡਾਕੂ ਬਿਲਕੁਲ ਹੀ ਨਾ ਟਿਕ ਸਕੇ। ਉਹ ਆਪਣੇ ਕੁਝ ਸਾਥੀਆਂ ਦੀਆਂ ਲਾਸ਼ਾਂ ਅਤੇ ਬਹੁਤ ਸਾਰਾ ਪੈਸਾ ਛੱਡ ਕੇ ਦੌੜ ਗਏ। ਡਾਕੂਆਂ ਦੇ ਸਰਦਾਰ ਨੂੰ ਬੰਦਾ ਬਹਾਦਰ ਨੇ ਕੈਦ ਕਰ ਲਿਆ। ਇਸ ਜਿੱਤ ਦਾ ਸਿਹਰਾ ਵੀ ਬੰਦਾ ਬਹਾਦਰ ਨੇ ਗੁਰੂ ਜੀ ਦੀ ਮਿਹਰ ਅਤੇ ਆਪਣੇ ਸਾਥੀਆਂ ਦੇ ਸਿਰ ਬੰਨ੍ਹਿਆ। ਪਹਿਲਾਂ ਵਾਂਗ ਹੀ ਅੱਧਾ ਪੈਸਾ ਭਵਿੱਖ ਦੇ ਖਰਚਿਆਂ ਲਈ ਰੱਖ ਕੇ ਬਾਕੀ ਆਪਣੇ ਸਾਥੀਆਂ ਵਿੱਚ ਵੰਡ ਦਿੱਤਾ। ਬੰਦਾ ਬਹਾਦਰ ਨੇ ਆਪਣੇ ਸਾਥੀਆਂ ਨੂੰ ਹਦਾਇਤ ਕੀਤੀ ਕਿ ਉਹ ਪਿੰਡ ਵਾਲਿਆਂ ਤੋਂ ਕੋਈ ਵੀ ਚੀਜ਼ ਮੁਫਤ ਨਾ ਲੈਣ। ਭਾਵੇਂ ਦੁੱਧ ਦਹੀਂ ਆਟਾ ਲੈਣਾ ਸੀ ਪਰ ਉਹਨਾਂ ਪੈਸਾ ਦੇ ਕੇ ਖਰੀਦਿਆ। ਇਸ ਬਹਾਦਰੀ ਅਤੇ ਨੇਕ ਨੀਤੀ ਕਾਰਨ ਬੰਦਾ ਬਹਾਦਰ ਦਾ ਜਸ ਦੂਰ ਦੂਰ ਤਕ ਫੈਲਣਾ ਸ਼ੁਰੂ ਹੋ ਗਿਆ। ਸਾਰੇ ਨਿਵਾਸੀਆਂ ਦਾ ਮੰਨ ਜਿੱਤ ਕੇ ਅਤੇ ਗੁਰੂ ਦਾ ਸੁਨੇਹਾ ਸੁਣਾ ਕੇ ਬੰਦਾ ਅੱਗੇ ਵਧ ਗਿਆ।

ਟੋਹਾਣੇ ਵਿੱਚ ਸਮਾਂ ਅਤੇ ਮੌਕਾ ਵੇਖ ਕੇ ਬੰਦਾ ਬਹਾਦਰ ਨੇ ਮਾਲਵੇ ਦੇ ਸਿੱਖਾਂ ਨੂੰ ਚਿਠੀ ਭੇਜ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਤੋਂ ਜਾਣੂ ਕਰਵਾਇਆ। ਦਿੱਲੀ ਤੋਂ ਲਗਭਗ ਤੀਹ ਮੀਲ ਦੂਰ ਮਾਤਾ ਸਾਹਿਬ ਦੇਵਾਂ ਦੀ ਰਿਹਾਇਸ਼ ਸੀ। ਕੁਝ ਸੈਨਿਕਾਂ ਨਾਲ ਉਸ ਨੇ ਮਾਤਾ ਸਾਹਿਬ ਦੇਵਾਂ ਨੂੰ ਦਿੱਲੀ ਮਾਤਾ ਸੁੰਦਰੀ ਜੀ ਕੋਲ ਭੇਜਿਆ। ਉਸ ਨੇ ਆਪ ਦਿੱਲੀ ਜਾਣਾ ਠੀਕ ਨਹੀਂ ਸਮਝਿਆ ਕਿਉਂਕਿ ਮੁਗਲ ਬਾਦਸ਼ਾਹ ਅਤੇ ਉਸ ਦੇ ਦਰਬਾਰੀਆਂ ਨੂੰ ਬੰਦਾ ਬਹਾਦਰ ਦੇ ਕਾਰਨਾਮਿਆਂ ਦਾ

ਪਤਾ ਚੱਲ ਚੁਕਾ ਸੀ, ਉਸ ਨੂੰ  ਡਰ ਸੀ ਕਿਤੇ ਮੁਗਲ ਬਾਦਸ਼ਾਹ ਉਹਨੂੰ ਗ੍ਰਿਫਤਾਰ ਨਾ ਕਰ ਲਵੇ।

ਸ਼ਾਇਦ ਉਸ ਸਮੇਂ ਬੰਦਾ ਬਹਾਦਰ ਨੇ ਮਾਤਾ ਸੁੰਦਰੀ ਕੋਲ ਆਪ ਨਾਂ ਜਾ ਕੇ ਗਲਤੀ ਕੀਤੀ ਸੀ ਜਿਸ ਦਾ ਉਸ ਸਮੇਂ ਉਹਨੂੰ ਅਹਿਸਾਸ ਨਹੀਂ ਸੀ।

------

# ਸਮਾਣੇ ਦੀ ਜਿੱਤ ਅਤੇ ਹੋਰ ਜਿੱਤਾਂ

ਨੰਦੇੜ ਤੋਂ ਨਿਕਲਿਆਂ ਬੰਦਾ ਬਹਾਦਰ ਨੂੰ ਸਾਲ ਤੋਂ ਉਪਰ ਹੋ ਗਿਆ ਸੀ। ਨਵੰਬਰ 1709 ਦੀ ਹਲਕੀ ਸਰਦੀ ਸ਼ੁਰੂ ਹੋਣ ਤਕ ਉਸ ਦੇ ਨਾਲ ਲਗਭਗ ਪੰਜ ਸੌ ਸਿੰਘ ਸਿਪਾਹੀ ਅਤੇ ਨੌ ਜੁਆਨ ਸ਼ਾਮਲ ਹੋ ਚੁੱਕੇ ਸਨ। ਇਹਨਾਂ ਵਿੱਚ ਕੁਝ ਉਹ ਲੋਕ ਵੀ ਸ਼ਾਮਲ ਸਨ ਜਿਹਨਾਂ ਨੂੰ ਬੰਦਾ ਆਪਣੇ ਨਾਲ ਨਹੀਂ ਸੀ ਰੱਖਦਾ। ਇਹ ਲੋਕ ਲੁੱਟ ਮਾਰ ਕਰਨ ਵਿੱਚ ਦਿਲਚਸਪੀ ਰਖਦੇ ਸਨ। ਬੰਦਾ ਬਹਾਦਰ ਦਾ ਮਨੋਰਥ ਇਸ ਸਮੇਂ ਆਪਣੀ ਫੌਜ ਵਧਾਉਣ ਦਾ ਸੀ। ਬੰਦਾ ਆਪਣੇ ਸਾਥੀਆਂ ਨਾਲ ਅੱਗੇ ਵਧੀ ਜਾ ਰਿਹਾ ਸੀ। ਉਸ ਨੂੰ ਖ਼ਬਰ ਮਿਲੀ ਕਿ ਸੋਨੀਪਤ ਵਿਚ ਭਿਵਾਨੀ ਤੋਂ ਵੀ ਵੱਡਾ ਖਜ਼ਾਨਾ ਹੈ। ਇਹ ਖਜਾਨਾ ਵੀ ਲੁੱਟ ਲਿਆ ਗਿਆ। ਇਸ ਦਾ ਵੀ ਅੱਧਾ ਰੱਖ ਕੇ ਬਾਕੀ ਸਾਰਿਆਂ ਵਿੱਚ ਵੰਡ ਦਿੱਤਾ ਗਿਆ। ਬੰਦੇ ਦੇ ਸਾਥੀ ਸਮਝ ਚੁਕੇ ਸਨ ਬੰਦਾ ਨਿਡਰ ਬਹਾਦਰ ਹੈ ਅਤੇ ਮੁਗਲ ਸਰਕਾਰ ਨਾਲ ਲੋਹਾ ਲੈਣ ਦੀ ਹਿੰਮਤ ਰੱਖਦਾ ਹੈ। ਉਹ ਘੁੰਮ ਘੁੰਮਈਆਂ ਵਾਲੇ ਰਸਤੇ ਅਪਣਾ ਕੇ ਵੀ ਸਰਹੰਦ ਵੱਲ ਵਧੀ ਜਾ ਰਿਹਾ ਸੀ।

ਕੈਥਲ ਵਿੱਚ ਇੱਕ ਸਰਕਾਰੀ ਖਜਾਨਾ ਜੋ ਦਿੱਲੀ ਜਾ ਰਿਹਾ ਸੀ ਉਹ ਵੀ ਬੰਦਾ ਬਹਾਦਰ ਨੇ ਲੁੱਟ ਲਿਆ। ਉਸ ਨੇ ਹੁਣ ਤਕ ਕਾਇਮ ਕੀਤੀ ਪ੍ਰਥਾ ਅਨੁਸਾਰ ਖਜ਼ਾਨੇ ਦਾ ਬਟਵਾਰਾ ਕਰ ਲਿਆ। ਹੁਣ ਤਕ ਬੰਦੇ ਦੀ ਫੌਜ ਕਈ ਹਜ਼ਾਰ ਹੋ ਚੁੱਕੀ ਸੀ। ਪਰ ਉਸ ਨੂੰ ਅਸਲੀ ਜੰਗ ਕਰਨ ਦਾ ਮੌਕਾ ਹੁਣ ਹੱਥ ਲੱਗਾ।

ਉੱਤਰ ਵਲ ਵਧਦਿਆਂ ਉਹਨਾਂ ਦੇ ਰਾਹ ਵਿੱਚ ਸਮਾਣਾ ਸ਼ਹਿਰ ਆਇਆ। ਸਿੱਖਾਂ ਦੀਆਂ ਅੱਖਾਂ ਵਿੱਚ ਇਹ ਸ਼ਹਿਰ ਬੜਾ ਰੜਕ ਰਿਹਾ ਸੀ। ਅਸਲ ਵਿਚ ਮੁਗ਼ਲਾਂ ਦੇ ਜ਼ੁਲਮਾਂ ਕਾਰਨ ਲੋਕ ਇਸ ਸ਼ਹਿਰ ਨੂੰ ਆਪਣਾ ਦੁਸ਼ਮਣ ਸਮਝਦੇ ਸਨ। ਇਸ ਸ਼ਹਿਰ ਨੂੰ ਉਹ ਜਲਾਦਾਂ ਦਾ ਸ਼ਹਿਰ ਸਮਝਦੇ ਸਨ। ਗੁਰੂ ਤੇਗ ਬਹਾਦਰ ਜੀ ਦੇ ਸੀਸ ਨੂੰ ਧੜ ਤੋਂ ਅਲਗ ਕਰਨ ਵਾਲਾ ਜਲਾਦ ਜਲਾਲੁਦੀਨ ਇਸੇ ਸ਼ਹਿਰ ਦਾ ਸੀ। ਉਸ ਦੇ ਪੁੱਤਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦਿਆਂ ਨੂੰ ਨੀਹਾਂ ਵਿਚ ਚਿਣਿਆ ਸੀ। ਅਲੀ ਹੁਸੈਨ ਜਿਹਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਦੇ ਕਿਲੇ ਵਿਚੋਂ ਬਾਹਰ ਕੱਢਣ ਲਈ ਝੂਠੀਆਂ ਕਸਮਾਂ ਖਾਧੀਆਂ ਸਨ ਇਸੇ ਸ਼ਹਿਰ ਦਾ ਸੀ।

ਇਸ ਸ਼ਹਿਰ ਦੇ ਆਸੇ ਪਾਸੇ ਵਸਦੇ ਹਿੰਦੂ ਸਿੱਖ ਅਤੇ ਹੋਰ ਗਰੀਬ ਗੁਰਬੇ ਵੀ ਇਹਨਾਂ ਦੇ ਜ਼ੁਲਮਾਂ ਤੋਂ ਤੰਗ ਸਨ।

ਜਦੋਂ ਬੰਦਾ ਬਹਾਦਰ ਦੇ ਇਸ ਪਾਸੇ ਆਉਣ ਦੀ ਖਬਰ ਲੋਕਾਂ ਨੇ ਸੁਣੀ ਤਾਂ ਉਹਨਾਂ ਵਿਚੋਂ ਵੀ ਕਈ ਹਥਿਆਰ ਲੈ ਕੇ ਬੰਦੇ ਦੀ ਫੌਜ ਵਿੱਚ ਸ਼ਾਮਲ ਹੋ ਗਏ। ਇਸ ਫੌਜ ਨੂੰ ਲੈ ਕੇ ਬੰਦੇ ਨੇ ਸ਼ਹਿਰ ਤੇ ਹਮਲਾ ਕਰ ਦਿੱਤਾ। ਸ਼ਹਿਰ ਦੇ ਚਾਰੇ ਪਾਸੇ ਇਕ ਕੰਧ ਬਣਾਈ ਹੋਈ ਸੀ ਜਿਸ ਨੂੰ ਬੰਦੇ ਦੀ ਸੈਨਾ ਨੇ ਢਾਹ ਦਿੱਤਾ। ਇਸ ਸ਼ਹਿਰ ਵਿੱਚ ਕਈ ਕਿਲਿਆਂ ਵਰਗੀਆਂ ਹਵੇਲੀਆਂ ਸਨ ਜਿਹਨਾਂ ਵਿੱਚੋਂ ਇਸ ਫੌਜ ਦਾ ਮੁਕਾਬਲਾ ਹੋ ਰਿਹਾ ਸੀ। ਬੰਦੇ ਨੇ ਇਹਨਾਂ ਹਵੇਲੀਆਂ ਨੂੰ ਵੱਖ ਵੱਖ ਜਥਿਆਂ ਦੇ ਹਵਾਲੇ ਕਰ ਦਿੱਤਾ। ਛੇਤੀ ਹੀ ਬੰਦਾ ਬਹਾਦਰ ਦੀਆਂ ਫੌਜਾਂ ਦਾ ਕਬਜਾ ਸਾਰੀਆਂ ਹਵੇਲੀਆਂ ਤੇ ਹੋ ਗਿਆ। ਹਵੇਲੀਆਂ ਵਿੱਚ ਪਿਆ ਕੀਮਤੀ ਸਮਾਨ ਅਤੇ ਧਨ ਲੁੱਟ ਲਿਆ ਅਤੇ ਹਵੇਲੀਆਂ ਨੂੰ ਅੱਗ ਲਗਾ ਕੇ ਸਾੜ ਦਿੱਤਾ। ਸਮਾਣੇ ਦੇ ਕੀਮਤੀ ਬਾਜ਼ਾਰਾਂ ਨੂੰ ਤਬਾਹ ਕਰ ਦਿੱਤਾ ਗਿਆ। ਭਾਰੀ ਮਾਤਰਾ ਵਿੱਚ ਦੌਲਤ ਇੱਥੇ ਬੰਦਾ ਬਹਾਦਰ ਦੇ ਹੱਥ ਲੱਗੀ। ਕਿਹਾ ਜਾਂਦਾ ਹੈ ਕਿ ਮੁਗਲ ਸੈਨਕਾਂ ਸਮੇਤ ਇਥੇ ਕੋਈ ਦਸ ਹਜ਼ਾਰ ਲੋਕਾਂ ਨੂੰ ਕਤਲੇਆਮ ਦਾ ਸ਼ਿਕਾਰ ਬਣਨਾ ਪਿਆ।

ਕਿਸੇ ਵੀ ਮੁਗਲ ਕਿਲ੍ਹੇ ਅਤੇ ਸ਼ਹਿਰ ਉਤੇ ਬੰਦਾ ਬਹਾਦਰ ਦੀ ਇਹ ਪਹਿਲੀ ਜਿੱਤ ਸੀ। ਇਸ ਨਾਲ ਬੰਦਾ ਬਹਾਦਰ ਦੀ ਫੌਜ ਅਤੇ ਰਲੇ ਲੋਕਾਂ ਦਾ ਮਨੋਬਲ ਹੋਰ ਉੱਚਾ ਹੋ ਗਿਆ। ਪਰ ਬੰਦਾ ਬਹਾਦਰ ਕੇਵਲ ਜਿੱਤ ਤੋਂ ਹੀ ਸੰਤੁਸ਼ਟ ਨਹੀਂ ਸੀ। ਪੰਜਾਬ ਦੇ ਲੋਕਾਂ ਸਾਹਮਣੇ ਉਹ ਵਧੀਆ ਹਕੂਮਤ ਦੀ ਮਿਸਾਲ ਵੀ ਪੇਸ਼ ਕਰਨਾ ਚਾਹੁੰਦਾ ਸੀ ਜਿਸ ਤੋਂ ਇਮਾਨਦਾਰੀ ਅਤੇ ਨਿਰਪੱਖ ਵਿਹਾਰ ਦਾ ਪ੍ਰਭਾਵ ਪਵੇ। ਇਸ ਲਈ ਉਸਨੇ ਪੰਜ ਪਿਆਰਿਆਂ ਵਿਚੋਂ ਇੱਕ ਭਾਈ ਫਤਹਿ ਸਿੰਘ ਨੂੰ ਸਮਾਣੇ ਦਾ ਫੌਜਦਾਰ ਨਿਯੁਕਤ ਕੀਤਾ। ਸਮਾਣਾ 9 ਪਰਗਨਿਆਂ ਦਾ ਸੂਬਾ ਸੀ ਅਤੇ ਇਸ ਦੀ ਸਲਾਨਾ ਆਮਦਨ ਦਸ ਲੱਖ ਰੁਪਏ ਤੋਂ ਵੱਧ ਸੀ। ਇਸ ਜਿੱਤ ਨਾਲ ਭੁਚਾਲ ਦੀ ਥਰਥਰਾਟ ਸਿੱਧੀ ਸਰਹੰਦ ਪਹੁੰਚੀ ਉਥੋਂ ਦੇ ਸੂਬੇਦਾਰ ਵਜੀਰ ਖਾਂ ਨੂੰ ਆਪਣਾ ਸਿੰਘਾਸਨ ਹਿੱਲਦਾ ਨਜ਼ਰ ਆਉਣ ਲੱਗਾ।

ਜਿਸ ਸਮੇਂ ਹਰਕਾਰਾ ਇਹ ਅਸ਼ੁਭ ਸਮਾਚਾਰ ਲੈ ਕੇ ਸਰਹੰਦ ਨਵਾਬ ਵਜ਼ੀਰ ਖਾਂ ਕੋਲ ਪਹੁੰਚਿਆ ਉਸ ਵੇਲੇ ਉਹ ਸ਼ਾਮ ਨੂੰ ਆਪਣੀ ਪਿਆਰੀ ਬੇਗਮ ਕੋਲ ਬੈਠਾ ਹੋਇਆ ਸੀ। ਦਿਨ ਵਿੱਚ ਭਾਂਤ ਭਾਂਤ ਦੇ ਫੌਜੀ ਅਤੇ ਕਾਨੂੰਨੀ ਮਾਮਲਿਆਂ ਨੂੰ ਨਿਪਟਾਉਣ ਤੋਂ ਬਾਦ ਇਹ ਉਸ ਦਾ ਆਰਾਮ ਕਰਨ ਦਾ ਸਮਾਂ ਸੀ। ਹੀਰੇ ਜਵਾਰਾਤ

ਵਾਲੀ ਭਾਰੀ ਪਗੜੀ ਨੂੰ ਉਤਾਰ ਕੇ ਹੁਣ ਉਹਨੇ ਸਾਦਾ ਜਿਹਾ ਸਾਫਾ ਬੰਨਿਆ ਹੋਇਆ ਸੀ। ਦਰਬਾਰੀ ਠਾਠ ਬਾਠ ਨੂੰ ਹਟਾ ਕੇ ਹੁਣ ਸਾਦੀ ਜਿਹੀ ਰੇਸ਼ਮੀ ਅਚਕਨ ਪਹਿਨੀ ਹੋਈ ਸੀ ਤਾਂ ਕਿ ਉਸ ਦੇ ਆਰਾਮ ਵਿੱਚ ਖਲਲ ਨਾ ਪਵੇ। ਅਜੇ ਗੁਲਾਮ ਨੂੰ ਸ਼ਰਾਬ ਲਿਆਉਣ ਦਾ ਹੁਕਮ ਹੀ ਦਿੱਤਾ ਸੀ ਕਿ ਹਰਕਾਰੇ ਨੇ ਆਪਣੀ ਸੂਚਨਾ ਅੰਦਰ ਭਿਜਵਾਈ। ਜੇ ਕੋਈ ਹੋਰ ਹਰਕਾਰਾ ਹੁੰਦਾ ਤਾਂ ਉਹ ਇਸ ਸਮੇਂ ਅੰਦਰ ਆਉਣ ਦੀ ਹਿਮਾਕਤ ਨਾ ਕਰਦਾ ਜੇ ਆ ਵੀ ਜਾਂਦਾ ਤਾਂ ਸ਼ਰਤੀਆ ਸ਼ਜਾ ਮਿਲਦੀ। ਪਰ ਰਿਆਜ ਖਾਨ ਉਸ ਦਾ ਖਾਸ ਜਸੂਸ ਸੀ ਅਤੇ ਉਹਦੀ ਖਬਰ ਕਦੀ ਗਲਤ ਨਹੀਂ ਸੀ ਹੁੰਦੀ। ਬੇਗਮ ਤੋਂ ਮੁਆਫੀ ਮੰਗ ਕੇ ਵਜ਼ੀਰ ਖਾਂ ਲਾਗਲੇ ਕਮਰੇ ਵਿੱਚ ਗਿਆ ਉਥੇ ਰਿਆਜ਼ ਖਾਂ ਉਹਦੇ ਸਾਹਮਣੇ ਆ ਖੜਾ ਹੋਇਆ। ਫੌਜਦਾਰ ਨੂੰ ਸਾਹਮਣੇ ਵੇਖ ਕੇ ਰਿਆਜ਼ ਖਾਂ ਨੇ ਫਰਸ਼ੀ ਸਲਾਮ ਕੀਤਾ ਅਤੇ ਬੇਵਕਤ ਆਉਣ ਲਈ ਮੁਆਫੀ ਮੰਗੀ।

"ਇੱਕ ਬਹੁਤ ਬੁਰੀ ਖਬਰ ਹੈ ਜਨਾਬ ਜੇ ਖਬਰ ਅਹਿਮ ਨਾ ਹੁੰਦੀ ਤਾਂ ਮੈਂ ਇਸ ਵਕਤ ----। ਹਰਕਾਰਾ ਬੋਲਦਿਆਂ ਬੋਲਦਿਆਂ ਠਿਠਕ ਗਿਆ।

"ਦੱਸੋ-ਦੱਸੋ--ਰਿਆਜ਼ ਖਾਨ ਸਾਡਾ ਖਿਆਲ ਸੀ ਕਿ ਅਜ ਅਸੀਂ ਸਾਰੀਆਂ ਬੁਰੀਆਂ ਖਬਰਾਂ ਦਾ ਨਿਪਟਾਰਾ ਕਰ ਚੁੱਕੇ ਹਾਂ। ਅਜੇ ਕਿਹੜੀ ਖ਼ਬਰ ਬਚ ਗਈ ਹੈ ?"

"ਜਨਾਬ, ਸਮਾਣਾ ਸ਼ਹਿਰ ਕਾਫਰਾਂ ਦੇ ਹਮਲੇ ਅੱਗੇ ਡਿੱਗ ਗਿਆ।"

"ਕੀ— ? ਸਮਾਣੇ ਦਾ ਮਜਬੂਤ ਕਿਲ੍ਹਾ ਅਤੇ ਉਥੋਂ ਦੀ ਫੌਜ ਹਮਲੇ ਅੱਗੇ ਨਹੀਂ ਟਿਕ ਸਕੀ ?"

"ਨਹੀਂ ਹਜੂਰ ? ਕਾਫਰਾਂ ਦੀ ਹਨੇਰੀ ਅੱਗੇ ਸ਼ਹਿਰ ਨੇ ਗੋਡੇ ਟੇਕ ਦਿੱਤੇ। ਫੌਜ ਦਾਰ ਸਾਹਿਬ ਖੁਦ ਵੀ ਸ਼ਹਾਦਤ ਪਾ ਚੁੱਕੇ ਹਨ।"

"ਪਰ ਸਮਾਣੇ ਵਿੱਚ ਤਾਂ ਹਰ ਸੱਯਦ ਦੀ ਆਪਣੀ ਹਵੇਲੀ ਹੈ। ਹਰ ਹਵੇਲੀ ਨੂੰ ਕਿਲੇ ਵਾਂਗ ਬਣਾਇਆ ਹੋਇਆ ਹੈ। ਸਮਾਣਾ ਸ਼ਹਿਰ ਤਾਂ ਮੇਰਾ ਵੇਖਿਆ ਹੋਇਆ ਹੈ।" ਵਜ਼ੀਰ ਖਾਂ ਜਿਵੇਂ ਆਪਣੇ ਨੂੰ ਕਹਿ ਰਿਹਾ ਸੀ।

"ਹਜੂਰ ਉਹ ਕਾਫਰ ਬੰਦਾ ਬਹਾਦਰ--।' ਬੰਦੇ ਦਾ ਨਾਂ ਸੁਣਦਿਆਂ ਹੀ ਵਜ਼ੀਰ ਖਾਂ ਤਿਲਮਿਲਾ ਉਠਿਆ।" ਤਾਂ ਇਸ ਕਾਫਿਰ ਫਕੀਰ ਦੀ ਇਹ ਹਿਮਾਕਤ ਕਿ ਉਹਨੇ ਇੱਕ ਮੁਗਲਾਂ ਦੇ ਸ਼ਹਿਰ ਤੇ ਹਮਲਾ ਕਰ ਦਿੱਤਾ। ਕਿੰਨਾ ਖੂਬਸੂਰਤ ਸ਼ਹਿਰ ਹੈ ਸਮਾਣਾ--।"

"ਹਜੂਰ ਸਮਾਣਾ ਸ਼ਹਿਰ ਬਰਬਾਦ ਹੋ ਗਿਆ। ਕਤਲੇਆਮ ਵਿੱਚ ਕੋਈ ਨਹੀਂ

ਬਚਿਆ ਨਾ ਕੋਈ ਸੱਯਦ ਅਤੇ ਨਾ ਉਹਦਾ ਘਰ ਪਰਿਵਾਰ। ਇਥੋਂ ਤਕ ਕਿ ਬਜ਼ਾਰਾ ਨੂੰ ਪੂਰੀ ਤਰਾਂ ਲੁੱਟ ਲਿਆ ਗਿਆ। ਹਿੰਦੂ ਜਨਤਾ ਅਤੇ ਕੁਝ ਇਕ ਸਿੱਖ ਪਰਿਵਾਰਾਂ ਦੇ ਬਿਨਾਂ ਹੋਰ ਕੋਈ ਨਹੀਂ ਬਚਿਆ।"

ਥੋੜੀ ਦੇਰ ਸੰਨਾਟਾ ਛਾਇਆ ਰਿਹਾ ਫਿਰ ਵਜ਼ੀਰ ਖਾਂ ਨੇ ਮੂੰਹ ਖੋਹਲਿਆ।

"ਅਸੀਂ ਵਾਪਸ ਆਪਣੇ ਮਹਿਲ ਜਾ ਰਹੇ ਹਾਂ। ਸੁੱਚਾ ਨੰਦ ਨੂੰ ਕਹੋ ਹੁਣੇ ਸਾਡੇ ਸਾਹਮਣੇ ਪੇਸ਼ ਹੋਵੇ।"

ਸੁੱਚਾ ਨੰਦ ਸਰਹੰਦ ਦਾ ਵਜ਼ੀਰ ਸੀ। ਸੁੱਚਾ ਨੰਦ ਵੀ ਵਜ਼ੀਰ ਖਾਂ ਜਿੰਨਾ ਹੀ ਬਦਨਾਮ ਸੀ। ਸਰਹੰਦ ਦੀ ਜਨਤਾ ਨੂੰ ਤੰਗ ਕਰਨ ਅਤੇ ਦਹਿਸ਼ਤ ਫੈਲਾਉਣ ਵਿੱਚ ਉਹ ਨਵਾਬ ਦਾ ਸੱਜਾ ਹੱਥ ਸੀ। ਸਾਹਮਣੇ ਆਉਂਦਿਆਂ ਹੀ ਉਹਨੇ ਜਦੋਂ ਵਜ਼ੀਰ ਖਾਂ ਦੇ ਹਾਵਭਾਵ ਵੇਖੇ ਤਾਂ ਹਾਲਾਤ ਨੂੰ ਸੰਭਾਲਣ ਲਈ ਤਿਆਰ ਹੋ ਗਿਆ। "ਸਮਾਣੇ ਦੀ ਕੀ ਖਬਰ" ਸੁੱਚਾ ਨੰਦ?"

ਚਾਪਲੂਸ ਹੋਣ ਦੇ ਬਾਵਜੂਦ ਸੁੱਚਾ ਨੰਦ ਮੂਰਖ ਨਹੀਂ ਸੀ। ਸਮਾਣੇ ਬਾਰੇ ਪਹਿਲਾਂ ਹੀ ਜਾਣ ਚੁੱਕਾ ਸੀ। ਹੱਥ ਜੋੜ ਕੇ ਬੋਲਿਆ, "ਖਬਰ ਚੰਗੀ ਨਹੀਂ ਹੈ ਹਜ਼ੂਰ। ਖਬਰ ਮਿਲਦਿਆਂ ਹੀ ਮੈਂ ਨਵਾਬ ਸ਼ੇਰ ਮੁਹੰਮਦ ਖਾਂ ਨੂੰ ਸੁਨੇਹਾ ਭੇਜਿਆ ਹੈ ਕਿ ਉਹ ਛੇਤੀ ਆ ਕੇ ਤੁਹਾਨੂੰ ਮਿਲੇ। ਬਦਕਿਸਮਤੀ ਨਾਲ ਰਹੀਮ ਖਾਨ ਵੀ ਫੌਜ ਦਾ ਮੁਆਇਨਾ ਕਰਨ ਲਈ ਮਾਲੇਰ ਕੋਟਲੇ ਲਈ ਰਵਾਨਾ ਹੋ ਚੁਕੇ ਹਨ। ਉਹਨਾਂ ਦੇ ਪਿੱਛੇ ਵੀ ਆਦਮੀ ਭੇਜਿਆ ਹੈ। ਮੈਂ ਸੋਚਿਆ ਸੀ ਕਿ ਸਾਰਿਆਂ ਨੂੰ ਨਾਲ ਲੈ ਕੇ ਹਜ਼ੂਰ ਦੀ ਖਿਦਮਤ ਵਿੱਚ ਹੋਵਾਂ।"

"ਇਸ ਸ਼ਖਸ ਕੋਲ ਫੌਜ ਕਿੰਨੀ ਕੁ ਹੋਵੇਗੀ ਸੁੱਚਾ ਨੰਦ" ਕੁਝ ਸੋਚ ਕੇ ਵਜ਼ੀਰ ਖਾਂ ਬੋਲਿਆ।

"ਫੌਜ ਦੇ ਨਾਂ ਤੇ ਤਾਂ ਉਹਦੇ ਕੋਲ ਇੱਕ ਭੀੜ ਹੀ ਹੈ ਹਜ਼ੂਰ। ਸਾਰੀਆਂ ਨੀਚ ਜਾਤੀਆਂ ਦੇ ਲੋਕਾਂ ਦਾ ਇੱਜੜ ਹੈ। ਸੁਣਿਆ ਹੈ ਕਿ ਉਹ ਜੱਟਾਂ ਅਤੇ ਸੈਣੀਆਂ ਨੂੰ ਉਹਨਾਂ ਨਾਲ ਜ਼ਬਰਦਸਤੀ ਬਿਠਾ ਕੇ ਖਾਣਾ ਖੁਆਉਂਦਾ ਹੈ। ਥਾਂ ਥਾਂ ਤੇ ਲੁਟ ਮਾਰ ਕਰਨ ਵਾਲੇ ਜ਼ਰਾਇਮ ਪੇਸ਼ਾ ਲੋਕ ਉਹਦੇ ਨਾਲ ਰਲ ਜਾਂਦੇ ਹਨ ਤੇ ਭੀੜ ਵਧਦੀ ਜਾਂਦੀ ਹੈ।"

"ਫਿਰ ਵੀ ਉਹਦੇ ਕੋਲ ਘੁੜਸਵਾਰ, ਬੰਦੂਕਚੀ ਪੈਦਲ ਵਗੈਰਾ ਕੁਲ ਮਿਲਾ ਕੇ ਕਿੰਨੇ ਹੋਣਗੇ?" ਉੱਤਰ ਵਿੱਚ ਸੁੱਚਾ ਨੰਦ ਤ੍ਰਿਸਕਾਰ ਭਰੀ ਹਾਸੀ ਹੱਸਿਆ।

"ਹਜ਼ੂਰ ਇਸ ਗੱਲ ਦੀ ਫਿਕਰ ਨਾ ਕਰੋ। ਸਾਡੇ ਕੋਲ ਹਰ ਤਰ੍ਹਾਂ ਦੀ ਫੌਜ

ਮਿਲਾਕੇ ਘਟੋ ਘਟੋ 12 ਹਜ਼ਾਰ ਸਿਪਾਹੀ ਹਨ। ਨਵਾਬ ਸ਼ੇਰ ਮੁਹੰਮਦ ਖਾਨ ਦੇ ਮਾਲੇਰ ਕੋਟਲਾ ਤੋਂ ਆਉਣ ਨਾਲ ਇਸ ਤੋਂ ਦੁੱਗਣੀ ਹੋ ਜਾਵੇਗੀ। ਫਿਰ ਸਾਡੇ ਕੋਲ ਤੋਪਖਾਨਾ ਹੈ ਜਿਸਦਾ ਬੰਦੇ ਕੋਲ ਕੋਈ ਮੁਕਾਬਲਾ ਨਹੀਂ ਹੈ। ਘੋੜੇ ਅਤੇ ਬੰਦੂਕਾਂ ਵਗੈਰਾ ਵੀ ਉਹਨਾਂ ਕੋਲ ਗਿਣਤੀ ਦੀਆਂ ਹਨ। ਸਾਡੀ ਤਾਲੀਮਯਾਫਤਾ ਫੌਜ ਦੇ ਸਾਹਮਣੇ ਉਹ ਨਹੀਂ ਠਹਿਰ ਸਕਦੇ।"

"ਹੂੰ—।" ਵਜੀਰ ਖਾਂ ਦੀ ਚਿੰਤਾ ਅਜੇ ਦੂਰ ਨਹੀਂ ਸੀ ਹੋਈ।

"ਮਾਲੇਰ ਕੋਟਲੇ ਹੋਰ ਆਦਮੀ ਭੇਜੋ ਤਾਂ ਕਿ ਸਾਡੀਆਂ ਫੌਜਾਂ ਇੱਕ ਥਾਂ ਇਕੱਠੀਆਂ ਹੋ ਸਕਣ। ਸਾਰੇ ਸੂਬੇ ਵਿੱਚ ਐਲਾਨ ਕਰਵਾ ਦਿਓ ਕਿ ਜਿਹੜਾ ਵੀ ਇਸ ਜਹਾਦ ਵਿੱਚ ਸਾਡਾ ਸਾਥ ਦੇਵੇਗਾ ਉਹਨਾਂ ਨੂੰ ਸਿਪਾਹੀਆਂ ਦੀ ਦੁੱਗਣੀ ਤਨਖਾਹ ਜਿੰਨਾ ਪੈਸਾ ਮਿਲੇਗਾ।" ਵਜ਼ੀਰ ਖਾਂ ਇਹ ਬੋਲਣ ਦੇ ਨਾਲ ਨਾਲ ਹੋਰ ਚਿੰਤਤ ਵੀ ਹੋਈ ਜਾ ਰਿਹਾ ਸੀ।

ਬੰਦਾ ਬਹਾਦਰ ਦੀ 'ਭੀੜ' ਦਸ ਤੋਂ ਵੀ ਵਧੇਰੇ ਹੋ ਗਈ ਸੀ। ਇਹਨਾਂ ਵਿਚੋਂ ਅੱਧੇ ਤਾਂ ਉਹ ਸਿੱਖ ਸਨ ਜਿਹੜੇ ਗੁਰੂ ਗੋਬਿੰਦ ਸਿੰਘ ਦੀ ਫੌਜ ਵਿੱਚ ਵੀ ਲੜੇ ਸਨ ਅਤੇ ਕੁਝ ਹੋਰ ਸਨ ਜਿਹੜੇ ਗੁਰੂ ਜੀ ਦਾ ਹੁਕਮਨਾਮਾ ਸੁਣ ਕੇ ਬੰਦਾ ਬਹਾਦਰ ਦੇ ਨਾਲ ਆ ਗਏ ਸਨ। ਪਰ ਜਿਹੜੇ ਬਾਕੀ ਸਨ ਉਹ ਅਜਿਹੇ ਲੜਾਕੇ ਸਨ ਜਿਹੜੇ ਤਲਵਾਰ ਚਲਾਉਣੀ ਜਾਣਦੇ ਸੀ ਤੇ ਉਹਨਾਂ ਕੋਲ ਇੱਕ ਅੱਧਾ ਹੱਥਿਆਰ ਵੀ ਹੈ ਸੀ ਪਰ ਉਹਨਾਂ ਦਾ ਮੰਤਵ ਲੁੱਟ ਮਾਰ ਹੀ ਸੀ ਇਸ ਲਈ ਜਦੋਂ ਬੰਦਾ ਬਹਾਦਰ ਕਿਸੇ ਸ਼ਹਿਰ ਤੇ ਜਿੱਤ ਪ੍ਰਾਪਤ ਕਰਦਾ ਉਹ ਲੋਕ ਲੁੱਟਮਾਰ ਕਰਦੇ। ਇਧਰ ਵਜ਼ੀਰ ਖਾਨ ਦੀ ਫੌਜ ਵਿੱਚ ਹਾਥੀ, ਤੋਪਖਾਨਾ ਅਤੇ ਘਟੋਘਟ ਚਾਰ ਚਾਰ ਹਜ਼ਾਰ ਘੋੜਸਵਾਰਾਂ ਤੋਂ ਇਲਾਵਾ ਚਾਰ ਪੰਜ ਹਜ਼ਾਰ ਬੰਦੂਕਚੀ ਅਤੇ ਤੀਰ-ਅੰਦਾਜ਼ ਵੀ ਸਨ।

ਸਮਾਣੇ ਦੀ ਜਿੱਤ ਤੋਂ ਕੁਝ ਦਿਨ ਬਾਦ ਬੰਦਾ ਬਹਾਦਰ ਆਪਣੇ ਖੇਮੇ ਵਿੱਚ ਬੈਠਾ ਵਿਚਾਰ ਕਰ ਰਿਹਾ ਸੀ ਕਿ ਸਿੱਧਾ ਸਰਹੰਦ 'ਤੇ ਹਮਲਾ ਬੋਲਿਆ ਜਾਵੇ ਜਾਂ ਅਜੇ ਆਪਣੀ ਫੌਜ ਵਧਾਈ ਜਾਵੇ। ਇੰਨੇ ਨੂੰ ਉਸ ਦੇ ਨਿੰਜੀ ਸੇਵਾਦਾਰ ਨੇ ਖਬਰ ਦਿੱਤੀ ਬਜ਼ਾਰ ਵਿੱਚ ਦੋ ਬੰਦੇ ਘੁੰਮਦੇ ਵੇਖੇ ਗਏ ਹਨ ਜਿਹਨਾਂ ਦਾ ਵਿਹਾਰ ਸ਼ੱਕ ਪੈਦਾ ਕਰਦਾ ਹੈ। ਫਿਰ ਛੇਤੀ ਬੰਦਾ ਬਹਾਦਰ ਦੇ ਜਸੂਸਾਂ ਨੇ ਖਬਰ ਦਿੱਤੀ ਕਿ ਉਹ ਦੋਵੇਂ ਬੰਦੇ ਸਿੱਖ ਫੌਜ ਦੀ ਤਾਕਤ ਬਾਰੇ ਕੰਨਸੋਆਂ ਲੈ ਰਹੇ ਸਨ। ਉਹਨਾਂ ਦੋਹਾਂ ਨੂੰ ਫੜ ਕੇ ਬੰਦਾ ਬਹਾਦਰ ਸਾਹਮਣੇ ਪੇਸ਼ ਕੀਤਾ ਗਿਆ।

ਬੰਦਾ ਬਹਾਦਰ ਨੇ ਉਹਨਾਂ ਵੱਲ ਹੈਰਾਨੀ ਨਾਲ ਵੇਖਿਆ ਉਹਨਾਂ ਵਿਚੋਂ ਇਕ

ਕਾਣਾ ਸੀ ਅਤੇ ਦੂਜਾ ਟੁੰਡਾ ਸੀ।

"ਤੁਹਾਡੇ ਸੂਬੇਦਾਰ ਨੂੰ ਤੁਹਾਡੇ ਤੋਂ ਵਧੀਆ ਜਾਸੂਸ ਨਹੀਂ ਸੀ ਮਿਲੇ ?"

"ਨਹੀਂ ਸਰਦਾਰਾ, ਅਸੀਂ ਤਾਂ ਵਪਾਰੀ ਹਾਂ। ਵੇਖ ਰਹੇ ਹਾਂ ਕਿ ਜੰਗ ਦਾ ਸਾਡੇ ਵਪਾਰ ਤੇ ਕੀ ਅਸਰ ਪਵੇਗਾ।"

ਬੰਦਾ ਸਿੰਘ ਉਹਨਾਂ ਦੇ ਝੂਠ ਨੂੰ ਤਾੜ ਗਿਆ ਸੀ। ਪਰ ਉਹਨੇ ਪੁੱਛਿਆ,

"ਤੁਸੀਂ ਕਿਸ ਚੀਜ਼ ਦਾ ਵਪਾਰ ਕਰਦੇ ਹੋ ?" ਇੱਕ ਨੇ ਦਸਿਆ ਉਹ ਰੂੰ ਦਾ ਵਪਾਰੀ ਹੈ। ਦੂਜੇ ਨੇ ਕਿਹਾ ਕਿ ਉਹ ਚਾਵਲਾਂ ਦਾ ਵਪਾਰ ਕਰਦਾ ਹੈ। ਦੋਹਾਂ ਨੂੰ ਨਹੀਂ ਸੀ ਪਤਾ ਕਿ ਬੰਦਾ ਬਹਾਦਰ ਕਿਸੇ ਵੇਲੇ ਖੇਤੀ ਬਾੜੀ ਕਰਦਾ ਰਿਹਾ ਹੈ ਅਤੇ ਉਹਨੇ ਨੌਜ਼ਵਾਨੀ ਸਮੇਂ ਕਪਾਹ ਅਤੇ ਚਾਵਲ ਖੇਤਾਂ ਵਿੱਚ ਬੀਜੇ ਵੀ ਸਨ।

"ਪਰ ਅੱਜ ਕਲ ਤਾਂ ਕਣਕਾਂ ਵੱਢੀਆਂ ਜਾ ਰਹੀਆਂ ਹਨ। ਨਾ ਤਾਂ ਇਹ ਮੌਸਮ ਚਾਵਲਾਂ ਦਾ ਹੈ ਤੇ ਨਾ ਹੀ ਕਪਾਹ ਦਾ।"

ਦੋਵੇ ਬੰਦੇ ਆਸੇ ਪਾਸੇ ਵੇਖਣ ਲੱਗ ਪਏ। ਉਹਨਾਂ ਦੇ ਚਿਹਰੇ ਦੀ ਰੰਗਤ ਉੱਡ ਗਈ। ਬੰਦਾ ਬਹਾਦਰ ਆਪਣੇ ਥਾਂ ਤੋਂ ਉਠਿਆ ਤੇ ਕੜਕ ਕੇ ਬੋਲਿਆ।

"ਕੌਣ ਹੋ ਤੁਸੀਂ ?"

ਉਹ ਆਦਮੀ ਹੋਰ ਘਬਰਾ ਗਏ। ਬੰਦਾ ਬਹਾਦਰ ਨੇ ਆਪਣੇ ਸਿਪਾਹੀਆਂ ਨੂੰ ਅਵਾਜ਼ ਮਾਰੀ ਤੇ ਕਿਹਾ,"

"ਫੜ ਲਓ ਇਹਨਾਂ ਨੂੰ ਤੇ ਪੁਠੇ ਲਟਕਾ ਦਿਓ।"

ਜਸੂਸ ਜੋੜੀ ਦੀਆਂ ਤਾਂ ਚੀਕਾਂ ਨਿਕਲਗੀਆਂ। ਇੱਕ ਰੋਂਦਾ ਹੋਇਆ ਬੋਲਿਆ।

'ਹਜ਼ੂਰ ਸਾਨੂੰ ਤਾਂ ਨਵਾਬ ਸਾਹਿਬ ਨੇ ਭੇਜਿਆ ਸੀ।'

ਦੂਜੇ ਨੇ ਹਾਂ ਵਿੱਚ ਹਾਂ ਮਿਲਾਈ। ਹੁਣ ਤਕ ਕੋਈ ਦਸ ਬਾਰਾਂ ਸਿੰਘ ਸਿਪਾਹੀ ਇੱਕਠੇ ਹੋ ਚੁੱਕੇ ਸਨ।

"ਸਾਰੇ ਸੈਨਿਕ ਆਪਣੀਆਂ ਜੁਤੀਆਂ ਲਾਹੋ।" ਸਾਰਿਆਂ ਨੇ ਹੁਕਮ ਦੀ ਪਾਲਣਾ ਕੀਤੀ।

ਹੁਣ ਸਾਰੇ ਪੰਜ-ਪੰਜ ਜੁਤੀਆਂ ਇਹਨਾਂ ਦੇ ਮਾਰੋ। ਤਾਂ ਜੋ ਫਿਰ ਕੋਈ ਜਸੂਸ ਇਧਰ ਆਉਣ ਦਾ ਹੌਸਲਾ ਨਾ ਕਰੇ।"

ਬਹੁਤ ਦਿਨਾਂ ਤੋਂ ਨਕਾਰੇ ਬੈਠੇ ਸਿਪਾਹੀਆਂ ਨੂੰ ਜਿਵੇਂ ਕੋਈ ਬਹੁਤ ਮਨੋਰੰਜਕ ਕੰਮ ਮਿਲ ਗਿਆ ਹੋਵੇ। ਇਹ ਉਹਨਾਂ ਲਈ ਹਾਸੇ ਮਜਾਕ ਦਾ ਵਧੀਆ ਮੌਕਾ ਸੀ। ਉਹਨਾਂ ਕਾਣੇ ਅਤੇ ਟੁੰਡੇ ਜਸੂਸਾਂ ਤੋਂ ਬਾਦ ਕੋਈ ਬੰਦਾ ਬਹਾਦਰ ਦੀ ਫੌਜ ਦੇ ਖੇਮਿਆਂ

ਵੱਲ ਨਾ ਆਇਆ।

ਸਮਾਣੇ ਤੋਂ ਬਾਦ ਬੰਦਾ ਬਹਾਦਰ ਦੀ ਸਫਾਈ ਮੁਹਿੰਮ ਕਈ ਛੋਟੇ ਮੋਟੇ ਸ਼ਹਿਰਾਂ ਵਿੱਚ ਚਲਦੀ ਰਹੀ। ਕੁੰਜਪੁਰਾ, ਘੜਾਮ ਅਤੇ ਠਸਕਾ ਜਿਹੜੇ ਥਾਵਾਂ ਤੇ ਰੰਘੜ ਮੁਸਲਮਾਨਾਂ ਦਾ ਜ਼ੋਰ ਸੀ ਇੱਕ ਤੋ ਬਾਦ ਇਕ ਗਿਰਦੇ ਚਲੇ ਗਏ। ਦਾਮਲਾ ਪਿੰਡ ਦੇ ਪਠਾਣ ਉਹ ਸਨ ਜਿਹਨਾਂ ਨੇ ਭੰਗਾਣੀ ਦੇ ਯੁਧ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੂੰ ਧੋਖਾ ਦੇ ਕੇ ਸਾਥ ਛੱਡ ਦਿੱਤਾ ਸੀ। ਇਸ ਪਿੰਡ ਨੂੰ ਵੀ ਸਜਾ ਦਿੱਤੀ ਗਈ। ਅੰਬਾਲੇ ਤੋਂ 15 ਮੀਲ ਦੱਖਣ ਵੱਲ ਸ਼ਾਹਬਾਦ ਮਾਰਕੰਡਾ ਬਾਰੇ ਕਿਹਾ ਜਾਂਦਾ ਹੈ ਕਿ ਇਸ ਥਾਂ ਕਦੀ ਮਾਰਕੰਡੇ ਰਿਸ਼ੀ ਦਾ ਆਸ਼ਰਮ ਸੀ। ਕਿਹਾ ਜਾਂਦਾ ਹੈ ਕਿ ਸਰਸਵਤੀ ਨਦੀ ਉੱਤਰ ਵਲੋਂ ਵਗਦੀ ਇੱਥੇ ਆਈ ਤੇ ਆ ਕੇ ਲੁਪਤ ਹੋ ਗਈ। ਇਸ ਸ਼ਹਿਰ ਦੇ ਆਸ ਪਾਸ ਕਈ ਛੋਟੀਆਂ ਛੋਟੀਆਂ ਨਦੀਆ ਵਗ਼ਦੀਆਂ ਹਨ ਇਹਨਾਂ ਸਾਰੀਆਂ ਨੂੰ ਹੀ ਸਰਸਵਤੀ ਕਿਹਾ ਜਾਂਦਾ ਹੈ। ਮਨ ਹੀ ਮਨ ਬੰਦਾ ਬਹਾਦਰ ਨੇ ਸਰਸਵਤੀ ਨੂੰ ਪ੍ਰਣਾਮ ਕੀਤਾ। ਸ਼ਾਹਬਾਦ ਤੇ ਵੀ ਉਸ ਸਮੇਂ ਮੁਸਲਮਾਨਾ ਦਾ ਦਬਦਬਾ ਸੀ। ਬੰਦਾ ਬਹਾਦਰ ਨੇ ਇਸ ਉਤੇ ਵੀ ਹਮਲਾ ਕੀਤਾ ਅਤੇ ਸ਼ਹਿਰ ਨੂੰ ਬਰਬਾਦ ਕਰ ਦਿੱਤਾ। ਇਹੋ ਹਾਲ ਮੁਸਤਫਾਬਾਦ ਦਾ ਹੋਇਆ। ਪਹਿਲਾਂ ਤਾਂ ਮੁਸਤਫਾਬਾਦ ਦੇ ਫੌਜਦਾਰ ਦੀਆਂ ਭੇਜੀਆਂ ਦੋ ਤੋਪਾਂ ਦੇਖ ਕੇ ਬੰਦੇ ਦੀ ਫੌਜ ਵਿਚਲੇ ਕਈ ਪਿਛੱਲਗੂ ਨੌਂ ਦੋ ਗਿਆਰਾਂ ਹੋ ਗਏ। ਇਹਨਾਂ ਵਿੱਚ ਬਹੁਤੇ ਉਹ ਸਨ ਜਿਹੜੇ ਲੁੱਟ ਮਾਰ ਦੇ ਇਰਾਦੇ ਨਾਲ ਬੰਦਾ ਬਹਾਦਰ ਦੀ ਫੌਜ ਨਾਲ ਰਲੇ ਹੋਏ ਸਨ। ਪਰ ਬੰਦਾ ਬਹਾਦਰ ਨੇ ਜਦੋਂ ਆਪਣੀ ਖਾਸ ਤਰਕੀਬ ਨਾਲ ਅਤੇ ਜੋਸ਼ ਨਾਲ ਹਮਲਾ ਕੀਤਾ ਤਾਂ ਦੁਸ਼ਮਣ ਦੀ ਫੌਜ ਦੌੜ ਗਈ। ਦੋਵੇਂ ਤੋਪਾਂ ਬੰਦਾ ਬਹਾਦਰ ਦੇ ਹੱਥ ਲੱਗ ਗਈਆਂ। ਪਟਿਆਲਾ ਦੇ ਨੇੜੇ ਕਪੂਰੀ ਦੇ ਨਵਾਬ ਕਦਮੁਦੀਨ ਬਾਰੇ ਕਈ ਕਹਾਣੀਆਂ ਸੁਣਾਈਆਂ ਜਾਂਦੀਆਂ ਸਨ। ਕਦਮੁਦੀਨ ਦਾ ਬਾਪ ਅਮਾਨੁੱਲਾ ਔਰੰਗਜ਼ੇਬ ਦੇ ਸਮੇਂ ਗੁਜਰਾਤ ਦਾ ਸੂਬੇਦਾਰ ਸੀ। ਉਥੇ ਉਹਨੇ ਬੇਹਿਸਾਬ ਪੈਸਾ ਇੱਕਠਾ ਕੀਤਾ। ਦੋਵੇਂ ਬਾਪ-ਬੇਟਾ ਹੁਣ ਅਯਾਸ਼ੀ ਕਰਦੇ ਸਨ। ਉਥੇ ਉਹ ਔਰਤਾਂ ਨਾਲ ਜ਼ਬਰਦਸਤੀ ਕਰਨ ਵਿੱਚ ਬਦਨਾਮ ਸੀ। ਇਥੇ ਵੀ ਘੱਟ ਨਹੀਂ ਸੀ ਗੁਜਾਰਦੇ। ਬੰਦਾ ਬਹਾਦਰ ਨੂੰ ਪਤਾ ਲਗਾ ਕਿ ਉਹ ਅੰਮਿਤਸਰੋਂ ਕਿਸੇ ਇਸਤਰੀ ਨੂੰ ਜਬਰੀ ਚੁੱਕ ਲਿਆਏ। ਬੰਦੇ ਨੇ ਕਪੂਰੀ ਨੂੰ ਸੋਧਣ ਦਾ ਵੀ ਮਨ ਬਣਾਇਆ। ਕਪੂਰੀ ਦੇ ਨੇੜੇ ਪਹੁੰਚ ਕੇ ਇਕ ਦਿਨ ਆਰਾਮ ਕੀਤਾ। ਦੂਜੇ ਦਿਨ ਸਵੇਰੇ ਹੀ ਜੋਰਦਾਰ ਹਮਲਾ ਕੀਤਾ ਤੇ ਸ਼ਹਿਰ ਨੂੰ ਮਲੀਆਮੇਟ ਕਰ ਦਿੱਤਾ।

ਸਢੌਰਾ ਸਾਧੂਵਾੜਾ ਕਸਬੇ ਦੀ ਅਗਲੀ ਵਾਰੀ ਸੀ। ਇਥੋਂ ਦੇ ਪੀਰ ਬੁੱਧੂ ਸ਼ਾਹ

ਨੇ ਗੁਰੂ ਗੋਬਿੰਦ ਸਿੰਘ ਜੀ ਦੀ ਭੰਗਾਣੀ ਦੇ ਯੁੱਧ ਵਿੱਚ ਮਦਦ ਕੀਤੀ ਸੀ। ਇਸ ਕਰਕੇ ਇਥੋਂ ਦੇ ਫੌਜਦਾਰ ਉਸਮਾਨ ਖਾਨ ਨੇ ਪੀਰ ਬੁਧੂ ਅਤੇ ਹਿੰਦੂ-ਸਿੱਖ ਜਨਤਾ ਤੇ ਬਹੁਤ ਜ਼ੁਲਮ ਕੀਤੇ। ਹਿੰਦੂਆਂ ਨੂੰ ਆਪਣੇ ਧਰਮਿਕ ਤਿਉਹਾਰ ਮਨਾਉਣ ਦੀ ਮਨਾਹੀ ਸੀ। ਗਊਆਂ ਨੂੰ ਸ਼ਰੇਆਮ ਕਤਲ ਕਰਕੇ ਉਹਨਾਂ ਦੇ ਅੰਗ ਸੜਕਾਂ ਤੇ ਸੁੱਟ ਦਿਤੇ ਜਾਂਦੇ ਸਨ।

ਅਜਿਹੇ ਵਿਚ ਬੰਦਾ ਬਹਾਦਰ ਦਾ ਇਸ ਸ਼ਹਿਰ ਤੇ ਹਮਲਾ ਕਰਨਾ ਜ਼ਰੂਰੀ ਸੀ। ਫੌਜ ਦੇ ਨਾਲ ਨਾਲ ਨੇੜੇ ਪਿੰਡਾਂ ਦੇ ਕਿਸਾਨ ਤੇ ਹੋਰ ਲੋਕ ਵੀ ਫੌਜ ਨਾਲ ਰਲ ਕੇ ਸ਼ਹਿਰ ਤੇ ਟੁੱਟ ਪਏ। ਸਢੌਰਾ ਦੇ ਸ਼ੇਖ ਅਤੇ ਸੱਯਦ ਬਚਣ ਦੀ ਕੋਸ਼ਿਸ਼ ਕਰਦੇ ਰਹੇ ਪਰ ਭੀੜ ਨੇ ਕਿਸੇ ਨੂੰ ਨਹੀਂ ਛੱਡਿਆ। ਸਭ ਤੋਂ ਵੱਡੀ ਹਵੇਲੀ ਜਿਥੇ ਬਹੁਤੇ ਮੁਸਲਮਾਨ ਛਿਪੇ ਸਨ ਉਥੇ ਇਤਨਾ ਲਹੂ ਡੁਲਿਆ ਸੀ ਕਿ ਉਹਨੂੰ ਅੱਜ ਵੀ ਕਤਲ ਗੜ੍ਹੀ ਕਿਹਾ ਜਾਂਦਾ ਹੈ। ਆਪਣੇ ਸਾਥੀਆਂ ਦੇ ਇਸ ਜੋਸ਼ ਅਤੇ ਗੁੱਸੇ ਦੀ ਭਾਵਨਾ ਨੂੰ ਬੰਦਾ ਵੀ ਕਾਬੂ ਨਹੀਂ ਸੀ ਕਰ ਸਕਦਾ।

------

# ਰੋਪੜ

ਸਰਹੰਦ ਪਹੁੰਚਣ ਲਈ ਅਜੇ ਰਾਹ ਲੰਬਾ ਸੀ। ਸਰਹੰਦ ਜਿਹੇ ਸੂਬੇ ਤੇ ਹਮਲਾ ਕਰਨ ਲਈ ਬੰਦਾ ਬਹਾਦਰ ਕੋਲ ਨਾ ਤਾਂ ਪੂਰੀ ਫੌਜ ਸੀ ਅਤੇ ਨਾ ਹੀ ਹਥਿਆਰ ਸਨ। ਪਲ ਪਲ ਸਹਾਇਤਾ ਕਰਨ ਵਾਲੇ ਅਕਾਲ ਪੁਰਖ ਤੋਂ ਜਿਵੇਂ ਛੇਤੀ ਸੁਭ ਸੰਕੇਤ ਪ੍ਰਾਪਤ ਹੋਇਆ। ਬੰਦਾ ਬਹਾਦਰ ਦੀ ਪ੍ਰਸਿਧੀ ਦੂਰ ਦੂਰ ਤਕ ਫੈਲ ਰਹੀ ਸੀ ਸਾਰੇ ਉਤਰ ਭਾਰਤ ਵਿਚਲੇ ਲੋਕ ਖਾਸ ਕਰਕੇ ਹਿੰਦੂ ਅਤੇ ਸਿੱਖ ਕਈ ਸਾਲਾਂ ਤੋਂ ਆਪਣੇ ਉਪਰ ਹੁੰਦੇ ਆ ਰਹੇ ਜ਼ੁਲਮਾਂ ਦਾ ਬਦਲਾ ਲੈਣੇ ਚਾਹੁੰਦੇ ਸਨ। ਮਾਝੇ ਅਤੇ ਦੁਆਬੇ ਦੇ ਸਿੱਖਾ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਦਾ ਪਤਾ ਲੱਗਾ ਤਾਂ ਕਈ ਹਜ਼ਾਰ ਸਿਖ ਬੰਦਾ ਬਹਾਦਰ ਦੀ ਫੌਜ ਵਿਚ ਸ਼ਾਮਲ ਹੋਣ ਲਈ ਤਿਆਰ ਹੋ ਗਏ। ਪਿੰਡ ਪਿੰਡ ਤੋਂ ਲੋਕਾਂ ਨੇ ਆਪਣੇ ਰਵਾਇਤੀ ਸ਼ਸ਼ਤਰ ਚੁੱਕੇ ਤੇ ਚੱਲ ਪਏ। ਇਸ ਹਜੂਮ ਵਿਚ ਕਿਸੇ ਕੋਲ ਤਲਵਾਰ ਸੀ, ਕਿਸੇ ਕੋਲ ਬਰਛਾ, ਅਤੇ ਕੋਈ ਟਕੂਆ ਕੁਹਾੜੀ ਲੈ ਕੇ ਹੀ ਸ਼ਾਮਿਲ ਹੋ ਗਿਆ। ਪਰ ਹਰ ਇਕ ਵਿਚ ਹਿੰਮਤ ਸੀ, ਉਸਤਾਦੀ ਸੀ, ਅਤੇ ਦੁਸ਼ਮਣ।

ਵੇਖਦਿਆਂ ਵੇਖਦਿਆਂ ਪੰਜਾਬ ਦੀਆਂ ਸੜਕਾਂ ਤੇ ਗੁਰੂ ਦੇ ਨਾਮ ਦਾ ਡੰਕਾ ਵਜਣ ਲੱਗਾ। ਬੰਦਾ ਬਹਾਦਰ ਨੂੰ ਸਾਹਮਣੇ ਵੇਖਕੇ ਲੋਕਾਂ ਦੇ ਵਿਚਾਰ ਹੋਰ ਦ੍ਰਿੜ ਹੋ ਗਏ। ਸੂਬੇਦਾਰ ਵਜ਼ੀਰਾਂ ਨੂੰ ਆਪਣੇ ਸੂਹੀਆਂ ਰਾਹੀਂ ਹਜ਼ਾਰਾਂ ਦੀ ਤਾਦਾਦ ਵਿਚ ਇਸ ਸਮੂਹ ਬਾਰੇ ਪਤਾ ਲੱਗ ਚੁੱਕਾ ਸੀ। ਸਮਾਣੇ ਜਿਹੇ ਮਜ਼ਬੂਤ ਕਿਲੇ ਅਤੇ ਉਹਦੇ ਅੰਦਰਲੀਆਂ ਹਵੇਲੀਆਂ ਅਤੇ ਸ਼ਹਿਰ ਦੀਆਂ ਹਵੇਲੀਆਂ ਦੇ ਢਹਿਢੇਰੀ ਹੋਣ ਕਾਰਨ ਉਹਦਾ ਆਤਮ ਵਿਸ਼ਵਾਸ ਡੋਲ ਗਿਆ ਸੀ। ਇਸ ਤੋਂ ਪਹਿਲਾਂ ਕਿ ਸਾਰੇ ਸਿੱਖ ਇਸ ਧਰਮਯੁੱਧ ਵਿੱਚ ਸਾਮਲ ਹੋ ਜਾਣ ਅਤੇ ਸਰਹੰਦ ਨੂੰ ਤਹਿਸ ਨਹਿਸ ਕਰ ਦੇਣ, ਉਹ ਉਨ੍ਹਾਂ ਨੂੰ ਰੋਕਣਾ ਚਾਹੁੰਦਾ ਸੀ। ਇਸ ਲਈ ਮਲੇਰ ਕੋਟਲੇ ਦੇ ਨਵਾਬ ਨੂੰ ਕਿਹਾ ਇਸ ਵਡੇ ਜਥੇ ਨੂੰ ਸਰਹੰਦ ਪਹੁੰਚਣ ਤੋਂ ਪਹਿਲਾਂ ਹੀ ਰੋਕਣ ਦੀ ਕੋਸ਼ਿਸ਼ ਕਰੋ।

ਸਰਹੰਦ ਤੋਂ ਕੋਈ 35 ਮੀਲ ਦੀ ਦੂਰੀ ਤੇ ਰੋਪੜ ਸ਼ਹਿਰ ਹੈ। ਸਤਲੁਜ ਨਦੀ ਦੇ ਕੰਢੇ ਵਸਿਆ ਹੋਣ ਕਾਰਨ ਇਹ ਇਤਹਾਸਿਕ ਮਹਤਵ ਰੱਖਦਾ ਹੈ। ਸਤਲੁਜ ਪਾਣੀ ਨਾਲ ਹਮੇਸ਼ਾਂ ਭਰਪੂਰ ਰਹਿੰਦੀ ਸੀ। ਇਸ ਤੋਂ ਕੁਝ ਥਾਵਾਂ ਤੋਂ ਹੀ ਲਾਂਘਾ ਸੀ ਇਹਨਾਂ

ਵਿਚ ਕੀਰਤਪੁਰ ਪ੍ਰਮੁੱਖ ਸੀ। ਜਦੋਂ ਸ਼ੇਰ ਮੁੰਹਮਦ ਖਾਨ ਦੀ ਫੌਜ ਰੋਪੜ ਕੋਲ ਪਹੁੰਚੀ ਉਦੋਂ ਸਿਖਾਂ ਦਾ ਸਮੂਹ ਕੀਰਤਪੁਰ ਦੇ ਥਾਂ ਤੇ ਨਦੀ ਪਾਰ ਕਰਕੇ ਰੋਪੜ ਆ ਢੁੱਕਾ ਸੀ। ਸਮਾਂ ਬਰਬਾਦ ਨਾ ਕਰਕੇ ਉਹਨਾਂ ਜੰਗ ਦਾ ਐਲਾਨ ਕਰ ਦਿੱਤਾ।

ਹਮੇਸ਼ਾਂ ਵਾਂਗ ਸਿੱਖ ਸੈਨਾ ਗਿਣਤੀ ਵਿੱਚ ਘੱਟ ਅਤੇ ਹਥਿਆਰਾਂ ਵਿੱਚ ਕਮਜ਼ੋਰ ਸੀ। ਇਸ ਲੜਾਈ ਵਿੱਚ ਸ਼ੇਰ ਮੁੰਹਮਦ ਖਾਨ ਦੇ ਨਾਲ ਉਸ ਦੇ ਭਰਾ ਖਿਜ਼ਰਖਾਨ , ਨਸ਼ਤਰ ਖਾਨ ਅਤੇ ਵਲੀ ਮੁੰਹਮਦ ਖਾਨ ਵੀ ਸਨ। ਛੋਟਾ ਤੋਪਖਾਨਾ ਅਤੇ ਸੈਂਕੜੇ ਬੰਦੂਕਾਂ ਵੀ ਸਨ। ਸਵੇਰ ਤੋਂ ਹੀ ਲੜਾਈ ਸ਼ੁਰੂ ਹੋ ਗਈ। ਸਿਖਾਂ ਵਿੱਚ ਚੰਗਾ ਜੋਸ਼ ਸੀ ਇਸ ਕਰਕੇ ਉਹ ਸ਼ਾਮ ਤਕ ਲੜਦੇ ਰਹੇ ਪਰ ਜਾਪਦਾ ਸੀ ਇਤਨੀ ਥੋੜੀ ਗਿਣਤੀ ਅਤੇ ਹਥਿਆਰਾਂ ਦੀ ਘਾਟ ਕਾਰਨ ਸਿੱਖ ਬਹੁਤੀ ਦੇਰ ਟਿਕ ਨਹੀਂ ਸਕਣਗੇ। ਅਗਲੇ ਦਿਨ ਲੜਾਈ ਜਿੱਤ ਕੇ ਛੇਤੀ ਹੀ ਸਮਾਨ ਸਮੇਟਣ ਦੇ ਖਿਆਲ ਨਾਲ ਮੁਸਲਮਾਨ ਸਿਪਾਹੀ ਰਾਤੀ ਅਰਾਮ ਕਰਨ ਲਈ ਆਪਣੇ ਤੰਬੂਆਂ ਵਿੱਚ ਚਲੇ ਗਏ।

ਰਾਤ ਨੂੰ ਸਿੱਖਾਂ ਦੇ ਖੇਮੇਂ ਵਿਚ ਇੱਕ ਸ਼ੋਰ ਜਿਹਾ ਪਿਆ। ਪਹਿਲਾਂ ਤਾਂ ਸਿੱਖ ਘਬਰਾ ਗਏ। ਨੀਂਦ ਵਿਚ ਵੇਖਣ ਨਿਕਲੇ। 'ਕੌਣ ਹੈ ਕੌਣ ਹੈ' ਦੀਆਂ ਆਵਾਜ਼ਾਂ ਆਉਣ ਲਗੀਆਂ ਪਰ ਜਵਾਬ ਵਿੱਚ "ਬੰਦਾ ਬਹਾਦਰ ਦੀ ਜੈ, ਰਾਜਾ ਭੂਪਚੰਦ ਦੀ ਜੈ।" ਪਹਾੜੀ ਰਾਜਿਆਂ ਵੱਲੋਂ ਭੇਜੀ ਇੱਕ ਛੋਟੀ ਜਿਹੀ ਫੌਜ ਸਿੱਖਾਂ ਦੀ ਮਦਦ ਕਰਨ ਆ ਗਈ। ਇਹ ਸੈਨਿਕ ਗਿਣਤੀ ਵਿਚ ਭਾਵੇਂ ਘੱਟ ਸੀ ਪਰ ਉਹਨਾਂ ਕੋਲ ਹਥਿਆਰ ਵੀ ਸਨ ਅਤੇ ਜੰਗ ਕਰਨ ਵਿੱਚ ਵੀ ਮਾਹਿਰ ਸਨ। ਅਗਲੇ ਦਿਨ ਬੰਦਾ ਬਹਾਦਰ ਦੀ ਫੌਜ ਵਿੱਚ ਬਹੁਤ ਉਤਸਾਹ ਸੀ। ਛੇਤੀ ਹੀ ਜੰਗ ਦਾ ਪਾਸਾ ਪਲਟ ਗਿਆ।

ਬੇਹਤਰ ਹਥਿਆਰ ਅਤੇ ਵਡੀ ਫੌਜ ਨੂੰ ਧਿਆਨ ਵਿਚ ਰਖਦਿਆਂ ਖਿਜ਼ਰ ਖਾਨ ਅਗਲੇ ਦਿਨ ਸਵੇਰੇ ਹੀ ਸਿੱਖਾਂ ਨੂੰ ਲਲਕਾਰਦਾ ਹੋਇਆ ਖੁਦ ਹੀ ਫੌਜ ਦੇ ਅੱਗੇ ਅੱਗੇ ਸਿੱਖਾਂ ਉੱਤੇ ਜਾ ਚੜ੍ਹਿਆ। ਉਸ ਨੇ ਸੋਚਿਆ ਬਹਾਦਰੀ ਦਾ ਸਬੂਤ ਦੇ ਕੇ ਸੂਬੇਦਾਰ ਕੋਲੋਂ ਵੱਡਾ ਇਨਾਮ ਲਵੇਗਾ ਪਰ ਜੰਗ ਵਿਚ ਪਤਾ ਨਹੀਂ ਕਿਧਰੋਂ ਇੱਕ ਗੋਲੀ ਆਈ ਅਤੇ, ਸ਼ਾਇਦ ਉਸ ਦਾ ਨਾ ਹੀ ਉਸ ਉੱਤੇ ਲਿਖਿਆ ਸੀ ਸਿੱਧੀ ਉਸ ਦੇ ਮੱਥੇ ਵਿੱਚ ਵੱਜੀ ਅਤੇ ਖਿਜਰ ਖਾਨ ਉਥੇ ਹੀ ਢੇਰੀ ਹੋ ਗਿਆ ਉਸ ਦੇ ਪ੍ਰਾਣ ਪਖੇਰੂ ਉੱਡ ਗਏ। ਕਿਸੇ ਸਿੱਖ ਯੋਧੇ ਨੇ ਉਸ ਦਾ ਸਿਰ ਕੱਟ ਕੇ ਬਰਛੇ ਉਪਰ ਟੂੰਗ ਲਿਆ। ਇੱਕ ਕਾਲੇ ਝੰਡੇ ਵਾਂਗ ਖਿਜ਼ਰਖਾਨ ਦਾ ਸਿਰ ਲਈ ਇਹ ਬਰਛਾ ਅਸਮਾਨ ਵਿੱਚ ਉਪਰ ਉਠਿਆ ਜਦੋਂ ਅਫਗਾਨਾਂ ਦੀ ਫੌਜ ਨੇ ਇਹ ਵੇਖਿਆ ਤਾਂ ਉਹਨਾਂ ਦੇ ਹੋਸ਼

ਉਡ ਗਏ। ਕੁਝ ਸੰਭਲ ਕੇ ਨਸ਼ਤਰ ਖਾਨ ਅਤੇ ਵਲੀ ਮੁੰਹਮਦ ਦੌੜਦਿਆਂ ਅੱਗੇ ਵਧੇ ਅਤੇ ਖਿਜਰਖਾਨ ਦਾ ਧੜ ਲੜਾਈ ਵਿਚੋਂ ਚੁਕਣ ਵਿਚ ਸਫਲ ਹੋ ਗਏ। ਪਰ ਅਜੇ ਉਹ ਵਾਪਸ ਮੁੜੇ ਸਨ ਕਿ ਸਿੱਖ ਯੋਧਿਆਂ ਨੇ ਉਹਨਾਂ ਦਾ ਪਿੱਛਾ ਕੀਤਾ ਅਤੇ ਦੋਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਹਾਲਾਤ ਉਲਟ ਹੁੰਦਿਆਂ ਵੇਖ ਕੇ ਸ਼ੇਰਮੁਹੰਮਦ ਖਾਂ ਖੁਦ ਅੱਗੇ ਵਧਿਆ ਪਰ ਉਹ ਬੁਰੀ ਤਰ੍ਹਾਂ ਜਖਮੀ ਹੋ ਗਿਆ। ਅਫਗਾਨ ਫੌਜ ਸ਼ੇਰਮੁਹੰਮਦ ਖਾਂ ਦੇ ਚਾਰੇ ਪਾਸੇ ਇੱਕਠੀ ਹੋ ਗਈ ਅਤੇ ਜ਼ਖਮੀ ਹਾਲਤ ਵਿੱਚ ਉਸ ਨੂੰ ਉਸ ਦੇ ਤੰਬੂ ਵਿੱਚ ਲੈ ਗਈ। ਮੌਕਾ ਵੇਖ ਕੇ ਇਸ ਸਿੱਖ ਹਜੂਮ ਨੇ ਸਰਹੰਦ ਵੱਲ ਕੂਚ ਕਰ ਦਿੱਤਾ। ਅਫਗਾਨ ਫੌਜ ਦੀ ਹਾਲਤ ਇਹੋ ਜਿਹੀ ਨਹੀਂ ਸੀ ਕਿ ਉਹ ਸਿੱਖ ਫੌਜਾਂ ਦਾ ਪਿੱਛਾ ਕਰ ਸਕਦੀ।

ਜਿਸ ਸਮੇਂ ਰੋਪੜ ਵਿੱਚ ਇਹ ਯੁਧ ਚਲ ਰਿਹਾ ਸੀ ਬੰਦਾ ਬਹਾਦਰ ਬਨੂੜ ਵੱਲ ਵਧਿਆ। ਬਨੂੜ ਬਿਨਾ ਕਿਸੇ ਰੁਕਾਵਟ ਦੇ ਉਸ ਦੇ ਕਬਜੇ ਵਿੱਚ ਆ ਗਿਆ। ਇਤਨੇ ਵਿੱਚ ਰੋਪੜ ਤੋਂ ਕੁਝ ਸਿਪਾਹੀਆਂ ਆ ਕੇ ਖਬਰ ਦਿੱਤੀ ਕਿ ਕੀਰਤਪੁਰੀ ਜਥਾ ਰੋਪੜ ਟੱਪ ਕੇ ਸਰਹੰਦ ਵੱਲ ਵਧ ਰਿਹਾ ਹੈ। ਇਸ ਖਬਰ ਨੂੰ ਸੁਣਦਿਆਂ ਸਾਰੇ ਖੁਸ਼ੀ ਮਨਾਣ ਲਗੇ ਅਤੇ ਉਹਨਾਂ ਦੇ ਸਵਾਗਤ ਲਈ ਖਰੜ ਵਲ ਵਧਣ ਲੱਗੇ। ਰਾਹ ਵਿੱਚ ਦੋਹਾਂ ਫੌਜਾਂ ਦਾ ਮੇਲ ਹੋਇਆ। ਖੁਸ਼ੀ ਨਾਲ ਸਾਰੇ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਅਤੇ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਨਾਅਰੇ ਗੁੰਜਾਉਣ ਲੱਗੇ।

------

# ਸਰਹੰਦ ਦੀ ਤਿਆਰੀ

ਗਲੇ ਮਿਲਦਿਆਂ ਅਤੇ ਨਾਹਰੇ ਲਗਾਂਦਿਆਂ ਇੱਕ ਅਵਾਜ਼ਾ ਹੋਰ ਉਭਰਿਆ, "ਸਰਹੰਦ ਚਲੋ।" ਹਜ਼ਾਰਾਂ ਫੌਜੀਆਂ ਨੇ ਤਲਵਾਰਾਂ ਹਵਾ ਵਿੱਚ ਲਹਿਰਾ ਕੇ ਲਲਕਾਰਾ ਮਾਰਿਆ।

"ਸਰਦਾਰਾ ਹੁਣ ਰੁਕਣਾ ਨਹੀਂ।" ਜੋਸ਼ ਵਿੱਚ ਕਈ ਸਿਪਾਹਸਲਾਰਾਂ ਨੇ ਕਿਹਾ।

"ਦੋ ਦ੍ਹਿਨ ਵਿੱਚ ਸਰਹੰਦ ਪਹੁੰਚ ਕੇ ਸਿੱਧਾ ਹਮਲਾ ਕਰ ਦੇਈਏ। ਸਰਹੰਦ ਦਾ ਨਵਾਬ ਤਾਂ ਅਜੇ ਤਿਆਰ ਵੀ ਨਹੀਂ ਹੋਵੇਗਾ।"

"ਪਰ ਕੀ ਅਸੀਂ ਤਿਆਰ ਹਾਂ?" ਬੰਦੇ ਨੇ ਸਵਾਲ ਕੀਤਾ। "ਨਵਾਬ ਕੋਲ ਪੰਜ ਹਜ਼ਾਰ ਘੋੜੇ ਹਨ। ਸਾਡੇ ਕੋਲ-- ? ਨਵਾਬ ਦੀ ਫੌਜ ਚਾਰ ਹਜ਼ਾਰ ਬੰਦੂਕਚੀ ਲੈ ਕੇ ਚਲਦੀ ਹੈ। ਅਤੇ ਅਸੀਂ ? ਖੁੱਲੇ ਮੈਦਾਨ ਦੀ ਲੜਾਈ ਅਸੀਂ ਜਿੱਤ ਗਏ ਹਾਂ ਪਰ ਸਰਹੰਦ ਦੇ ਕਿਲੇ ਤੇ ਹਮਲਾ ਕਿਵੇਂ ਹੋਵੇਗਾ? ਮੁਗਲਾਂ ਦੇ ਤੋਪ ਖਾਨੇ ਦਾ ਕਿਵੇਂ ਜਵਾਬ ਦਿਆਂਗੇ? ਇਹ ਬੰਦੇ ਦੇ ਠੋਸ ਤਰਕਾਂ ਦੇ ਸਾਹਮਣੇ ਸਾਰਿਆਂ ਦਾ ਜੋਸ਼ ਠੰਢਾ ਪੈ ਗਿਆ। ਅਸਲ ਵਿੱਚ ਕੀਰਤਪੁਰੀ ਜਥੇ ਦੀ ਮੁਸ਼ਕਲ ਨਾਲ ਹੋਈ ਜਿੱਤ ਨੇ ਬੰਦਾ ਬਹਾਦਰ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਸੀ। ਵਜ਼ੀਰ ਖਾਂ ਦੀ ਸਿਖਿਅਤ ਸੈਨਾ ਅਤੇ ਬਿਹਤਰ ਹਥਿਆਰਾਂ ਅੱਗੇ ਸਿੱਖ ਫੌਜ ਟਿਕ ਸਕੇਗੀ ਜਾਂ ਨਹੀਂ, ਇਸ ਪ੍ਰਸ਼ਨ ਨੇ ਉਹਨੂੰ ਘੇਰ ਲਿਆ। ਕੀਰਤਪੁਰ ਦੀ ਜਿੱਤ ਇਸ ਤਰ੍ਹਾਂ ਦੀ ਸੀ ਕਿਸੇ ਸਮੇਂ ਵੀ ਹਾਰ ਵਿੱਚ ਬਦਲ ਸਕਦੀ ਸੀ। ਇਸ ਦੇ ਕਈ ਕਾਰਨ ਸਨ। ਭਾਵੇਂ ਬੰਦਾ ਦਾ ਜਥਾ ਹੁਣ ਵੀਹ ਹਜ਼ਾਰ ਦੇ ਲਗਭਗ ਹੋ ਗਿਆ ਸੀ ਪਰ ਨਾਂ ਤਾਂ ਉਹਨਾਂ ਕੋਲ ਬਹੁਤੀਆਂ ਬੰਦੂਕਾਂ ਸਨ ਅਤੇ ਨਾ ਹੀ ਤੀਰ ਕਮਾਨ। ਵੱਖ ਵੱਖ ਲੜਾਈਆਂ ਸਮੇਂ ਜਿਹੜਾ ਪੈਸਾ ਅਤੇ ਅਸਲਾ ਹੱਥ ਲੱਗਾ ਉਹ ਦਸ ਸੈਨਕਾਂ ਦੀ ਚੌਕਸੀ ਵਿੱਚ ਨਾਲ ਹੀ ਚਲ ਰਿਹਾ ਸੀ।

ਉਸ ਨੂੰ ਯਾਦ ਆਇਆ ਕਿ ਜਦੋਂ ਬਾਬਾ ਜਾਨਕੀਦਾਸ ਨੇ ਇੱਕ ਸਾਲ ਤਕ ਸ਼ਿਵਾਲਿਕ ਪਰਬਤ ਦੀਆਂ ਘਾਟੀਆਂ ਵਿੱਚ ਘੁਮਾਇਆ ਸੀ ਉਸ ਸਮੇਂ ਜੰਗਲਾਂ ਵਿਚ ਛੁਪਿਆ ਇੱਕ ਟੀਲੇ ਉਤੇ ਛੋਟਾ ਜਿਹਾ ਕਿਲਾ ਉਹਨੂੰ ਨਜ਼ਰ ਆਇਆ ਸੀ।

ਇਸ ਕਿਲੇ ਦੇ ਚਾਰੇ ਪਾਸੇ ਸੰਘਣਾ ਜੰਗਲ ਅਤੇ ਰਾਹ ਵਿੱਚ ਤਿੰਨ ਬਰਸਾਤੀ ਨਾਲੇ ਸਨ। ਜੰਗਲੀ ਜਾਨਵਰਾਂ ਦੀ ਬਹੁਤਾਤ ਕਾਰਨ ਉਸ ਪਾਸੇ ਕੋਈ ਆਉਂਦਾ ਜਾਂਦਾ ਵੀ ਨਹੀਂ ਸੀ। ਸ਼ਾਹਜਹਾਂ ਦੇ ਜ਼ਮਾਨੇ ਵਿੱਚ ਮੁਫਲਿਸ ਖਾਂ ਨੇ ਇਹ ਕਿਲਾ ਬਣਵਾਇਆ ਸੀ ਜਿਹੜਾ ਹੁਣ ਖਾਲੀ ਪਿਆ ਹੋਇਆ ਸੀ। ਬੰਦਾ ਬਹਾਦਰ ਚਾਹੁੰਦਾ ਸੀ ਕਿ ਉਹ ਅਜਿਹੀ ਥਾਂ ਖਜਾਨਾ ਅਤੇ ਹਥਿਆਰ ਰੱਖੇ ਜਿਹੜੀ ਦਿਲੀ ਅਤੇ ਮੁੱਖ ਰਾਹਾਂ ਤੋਂ ਦੂਰ ਹੋਵੇ। ਕਾਫੀ ਸੋਚ ਵਿਚਾਰ ਤੋਂ ਬਾਦ ਮੁਖਲਿਸ ਪੁਰ ਨੂੰ ਆਪਣੀ ਰਾਜਧਾਨੀ ਬਣਾਉਣ ਦਾ ਫੈਸਲਾ ਕੀਤਾ।

ਪੁਰਾਣੇ ਚੌਵੀ ਸਿੰਘ ਸਿਪਾਹੀਆਂ ਵਿਚੋਂ ਇੱਕ ਦਾ ਦੇਹਾਂਤ ਹੋ ਗਿਆ ਅਤੇ ਪਿਆਰਿਆਂ ਵਿਚੋਂ ਕਈ ਸਿੰਘ ਅਜਿਹੇ ਸਨ ਜਿਹੜੇ ਗੁਰੂ ਗੋਬਿੰਦ ਸਿੰਘ ਜੀ ਨਾਲ ਸਿਰਮੌਰ ਦੇ ਜੰਗਲਾ ਵਿੱਚ ਘੁੰਮੇ ਸਨ ਅਤੇ ਉਹਨਾਂ ਵਿੱਚ ਇੱਕ ਦੋ ਨੂੰ ਮੁਖਲਿਸਪੁਰ ਬਾਰੇ ਯਾਦ ਵੀ ਸੀ। ਸਮਾਣਾ ਦੀ ਲੜਾਈ ਤੋਂ ਬਾਦ ਬੰਦਾ ਬਹਾਦਰ ਨੇ ਵੀਹ ਲੱਖ ਰੁਪਏ ਅਤੇ ਫੌਜ ਦਾ ਅੱਧਿਓਂ ਵੱਧ ਹਿਸਾ ਫਤਹਿ ਸਿੰਘ ਕੋਲ ਛੱਡ ਦਿੱਤਾ ਸੀ। ਹੁਕਮ ਦਿੱਤਾ ਸੀ ਇਹਨਾਂ ਪੈਸਿਆਂ ਨਾਲ ਬੰਦੂਕਾਂ, ਤੀਰ ਕਮਾਨ, ਤਲਵਾਰਾਂ ਅਤੇ ਬਰਛੇ ਖਰੀਦੇ ਜਾਣ। ਆਪਣੀ ਫੌਜ ਨੂੰ ਅਸਤਰਾਂ-ਸ਼ਸਤਰਾਂ ਨਾਲ ਪੂਰੀ ਤਰਾਂ ਲੈਸ ਕੀਤਾ ਜਾਵੇ। ਬਾਕੀ ਸੈਨਕਾਂ ਜਿਹਨਾਂ ਵਿਚੋਂ ਕਈ ਘੋੜ ਸਵਾਰ ਸਨ ਨੂੰ ਨਾਲ ਲੈ ਕੇ ਬੰਦਾ ਸਢੌਰਾ ਹੁੰਦੇ ਹੋਏ ਨਾਹਨ ਵੱਲ ਵਧਿਆ। ਨਾਹਨ ਵਿੱਚ ਕਿਰਾਏ ਦੇ ਕਈ ਟੱਟੂ ਅਤੇ ਖੱਚਰਾਂ ਲੈ ਕੇ ਮੁਖਲਿਸ ਪੁਰ ਵੱਲ ਰਵਾਨਾ ਹੋਏ। ਕੁਝ ਕੱਚਾ ਰਾਹ ਤੈਅ ਕਰਨ ਤੋਂ ਬਾਦ ਪਾਮੋਵਾਲੀ ਬਰਸਾਤੀ ਨਦੀ ਉੱਤੇ ਪਹੁੰਚੇ। ਫਰਵਰੀ ਦੇ ਮਹੀਨੇ ਇਸ ਵਿੱਚ ਇਤਨਾ ਪਾਣੀ ਨਹੀਂ ਸੀ। ਪਰ ਟੱਟੂਆਂ ਨੂੰ ਪਾਣੀ ਵਿੱਚ ਉਤਾਰਦਿਆਂ ਹੀ ਠੰਢ ਨੇ ਜਕੜ ਲਿਆ। ਮੁਸ਼ਕਿਲ ਨਾਲ ਪਾਮੋਵਾਲੀ ਨਦੀ ਪਾਰ ਕੀਤੀ। ਅਗਲਾ ਨਾਲਾ ਡਸਕਾਵਾਲੀ ਆਇਆ। ਪਿਛਲੇ ਅਨੁਭਵਾਂ ਨੂੰ ਦੇਖ ਕੇ ਉਨ੍ਹਾਂ ਨੇ ਡਸਕਾਵਾਲੀ ਨਾਲ ਪਹਾੜਾਂ ਦੇ ਉਪੱਰ ਜਾ ਕੇ ਪਾਰ ਕੀਤਾ ਕਿਉਂਕਿ ਉਥੇ ਪਾਣੀ ਕਾਫੀ ਘਟ ਸੀ। ਵਾਪਸ ਘੁੰਮ ਕੇ ਮੁਖਲਿਸਪੁਰ ਦੇ ਟਿੱਲੇ ਦੀ ਨੀਂਹ ਦੇ ਕੋਲ ਪਹੁੰਚੇ। ਇਥੇ ਉਪਰ ਚੜਾਈ ਸ਼ੁਰੂ ਕਰਨ ਤੋਂ ਪਹਿਲਾਂ ਕੁਝ ਦੇਰ ਆਰਾਮ ਕੀਤਾ ਗਿਆ।

ਮੁਖਲਿਸਪੁਰ ਗੜ੍ਹੀ (ਛੋਟਾ ਕਿਲ੍ਹਾ) ਦੀ ਉਚਾਈ ਵਧੇਰੇ ਨਹੀਂ ਸੀ ਪਰ ਜੰਗਲ ਸੰਘਣਾ ਹੋਣ ਕਾਰਨ ਰਸਤਾ ਬਣਾ ਬਣਾ ਕੇ ਚਲਣਾ ਪਿਆ। ਬੰਦਾ ਬਹਾਦਰ ਨੇ ਜਾਣ ਬੁਝ ਕੇ ਉਨਾ ਕੁ ਰਾਹ ਸਾਫ ਕਰਵਾਇਆ ਜਿਸ ਤੋਂ ਦੋ ਖੱਚਰ ਇਕੱਠੇ ਉੱਪਰ ਚੜ੍ਹ ਸਕਣ। ਰਾਹ ਟੇਢਾ-ਮੇਢਾ ਬਣਾਇਆ ਜਿਸ ਨਾਲ ਹਰ ਕੁਝ ਕਦਮਾਂ ਤੇ

ਅਜਿਹਾ ਮੋੜ ਆਵੇ ਜਿਸ ਤੋਂ ਅਗੇ ਕੁਝ ਨਾ ਕਿਸੇ। ਲਗਭਗ ਇੱਕ ਮੀਲ ਦੀ ਚੜ੍ਹਾਈ ਤੋਂ ਬਾਦ ਬਾਰਾਂ ਵਿਘਿਆਂ ਦਾ ਇੱਕ ਪੱਧਰਾ ਮੈਦਾਨ ਨਜ਼ਰ ਆਇਆ। ਇਸ ਮੈਦਾਨ ਦੇ ਕਿਨਾਰੇ ਤੋਂ ਹੀ ਬੰਦਾ ਬਹਾਦਰ ਨੇ ਕਿਲੇ ਦੀ ਚਾਰਦੀਵਾਰੀ ਬਣਾਉਣ ਦੀ ਸੋਚੀ। ਇਸ ਦੇ ਅੰਦਰ ਪੰਜ ਵਿੱਘੇ ਦਾ ਕਿਲਾ ਬਣਨਾ ਸੀ, ਇਸ ਵਿਚ ਰਹਿਣ ਲਈ ਅਤੇ ਅਸਤਰ-ਸ਼ਸਤਰਾਂ ਲਈ ਥਾਂ ਛੱਡੀ ਜਾਣੀ ਸੀ।

ਥੋੜਾ ਆਰਾਮ ਕਰਨ ਤੋਂ ਬਾਦ ਬੰਦੇ ਨੇ ਟੱਟੂਆਂ ਨੂੰ ਵਾਪਸ ਭਿਜਵਾ ਦਿਤਾ ਕਿ ਉਹ ਉਸਾਰੀ ਲਈ ਸਮਾਨ ਅਤੇ ਕਾਰੀਗਰ ਲੈ ਆਉਣ। ਅਗਲੇ ਹੀ ਦਿਨ ਕਿਲ੍ਹੇ ਦੀ ਮੁਰੰਮਤ ਦਾ ਕੰਮ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਹੋ ਗਿਆ। ਬੰਦੇ ਨੇ ਬੜੇ ਜੋਸ਼ ਅਤੇ ਵਿਉਂਤਬੰਦੀ ਨਾਲ ਕੰਮ ਕੀਤਾ। ਢਾਈ ਮਹੀਨਿਆਂ ਵਿੱਚ ਕਿਲ੍ਹਾ ਇਸ ਲਾਇਕ ਬਣ ਗਿਆ ਕਿ ਉਸ ਵਿੱਚ ਸਮਾਨ ਵੀ ਰੱਖਿਆ ਜਾ ਸਕੇ ਅਤੇ ਫੌਜਾਂ ਦੇ ਠਹਿਰਨ ਦਾ ਪ੍ਰਬੰਧ ਵੀ ਹੋ ਸਕੇ। ਕਿਲੇ ਦੀ ਸੁਰੱਖਿਆ ਲਈ ਵੀ ਕੁਝ ਪ੍ਰਬੰਧ ਕੀਤੇ ਗਏ। ਰਿਵਾਜ ਅਨੁਸਾਰ ਕਿਲੇ ਦੀ ਦੀਵਾਰ ਉਤੇ ਥਾਂ ਥਾਂ ਚੌਕੀਆਂ ਜਿਹੀਆਂ ਬਣਾਈਆਂ ਗਈਆਂ ਜਿਨ੍ਹਾਂ ਉਤੇ ਸੈਨਿਕ ਖੜੇ ਹੋ ਕੇ ਹਮਲਾਵਰਾਂ ਤੇ ਵਾਰ ਕਰ ਸਕਦੇ ਸਨ। ਤੋਪਾਂ ਲਈ ਬੁਰਜ ਅਤੇ ਤੀਰਅੰਦਾਜ਼ਾਂ ਲਈ ਦੀਵਾਰਾਂ ਅਤੇ ਪਰਕੋਟਿਆਂ ਵਿਚ ਖਾਸ ਤਰ੍ਹਾਂ ਦੀਆਂ ਮੋਰੀਆਂ ਬਣਾਈਆਂ ਗਈਆਂ ਸਨ। ਉਪਰ ਆਉਣ ਵਾਲੇ ਜੰਗਲ ਦੇ ਰਾਹ ਵਿੱਚ ਵੱਖ ਵੱਖ ਮੋੜਾਂ ਉੱਤੇ ਪੰਜਾਹ ਛੋਟੀਆਂ ਚੌਕੀਆਂ ਸਥਾਪਤ ਕੀਤੀਆਂ ਗਈਆਂ ਤਾਂ ਕਿ ਕਦਮ ਕਦਮ ਤੇ ਹਮਲਾਵਰਾਂ ਨੂੰ ਰੋਕਿਆ ਜਾ ਸਕੇ ਅਤੇ ਉਹਨਾਂ ਦੇ ਅੱਗੇ ਵਧਣ ਵਿੱਚ ਰੁਕਾਵਟ ਪਾਈ ਜਾ ਸਕੇ। ਸਮੇਂ ਸਮੇਂ ਬੰਦਾ ਬਹਾਦਰ ਸਮਾਣੇ ਆਪਣੇ ਦੂਤ ਭੇਜ ਫ਼ਤਹਿ ਸਿੰਘ ਤੋਂ ਤਿਆਰੀਆਂ ਬਾਰੇ ਪੁੱਛ ਪੜਤਾਲ ਕਰਦਾ ਰਿਹਾ। ਇਸ ਸਾਰੇ ਸਮੇਂ ਬੰਦਾ ਕਈ ਹੋਰ ਕੰਮ ਕਰਨ ਵਿੱਚ ਵੀ ਰੁੱਝਿਆ ਰਿਹਾ। ਜਿਹੜਾ ਢਾਈ ਮਹੀਨੇ ਦਾ ਸਮਾਂ ਉਹਨੂੰ ਮਿਲਿਆ ਉਸ ਸਮੇਂ ਉਸ ਨੇ ਕਈ ਰਾਜਿਆਂ ਅਤੇ ਸਰਦਾਰਾਂ ਨੂੰ ਚਿਠੀਆਂ ਲਿਖੀਆਂ ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਦਾ ਜ਼ਿਕਰ ਕੀਤਾ ਅਤੇ ਮੁਗਲ ਬਾਦਸ਼ਾਹ ਦੇ ਖਿਲਾਫ ਲੜਾਈ ਕਰਨ ਲਈ ਸੱਦਾ ਦਿਤਾ। ਪੰਜਾਬ ਦੇ ਦੂਰ ਦੂਰ ਰਹਿੰਦੇ ਹਿੰਦੂ ਸਿਖਾਂ ਨੂੰ ਪਤਰ ਲਿਖੇ ਅਤੇ ਮੁਗਲ ਹਕੂਮਤ ਵਿਰੁੱਧ ਬਗਾਵਤ ਕਰਨ ਲਈ ਪ੍ਰੇਰਿਆ। ਸਾਰਿਆਂ ਨੂੰ ਕਿਹਾ ਗਿਆ ਕਿ ਉਹ ਆਪਣੇ ਹਥਿਆਰ ਲੈ ਕੇ ਸਮਾਣਾ ਪਹੁੰਚਣ ਅਤੇ ਫਤਹਿ ਸਿੰਘ ਦੀ ਫੌਜ ਵਿੱਚ ਸ਼ਾਮਲ ਹੋ ਜਾਣ।

ਇੱਕ ਹੋਰ ਮਸਲਾ ਜਿਸ ਵੱਲ ਬੰਦਾ ਬਹਾਦਰ ਆਪਣੀ ਤੇਜ਼ੀ ਅਤੇ ਲਗਾਤਾਰ ਜਿੱਤਾਂ ਕਾਰਨ ਧਿਆਨ ਨਹੀਂ ਸੀ ਦੇ ਸਕਿਆ ਉਹ ਸੀ ਜਿੱਤੇ ਹੋਏ ਇਲਾਕਿਆਂ ਦਾ

ਪ੍ਰਬੰਧ ਕਰਨ ਦਾ ਮਸਲਾ। ਹੁਣ ਉਸਦੇ ਜਿੱਤੇ ਹੋਏ ਇਲਾਕਿਆਂ ਵਿੱਚ ਕਾਨੂੰਨ ਵਿਵਸਥਾ ਸਥਾਪਤ ਕਰਨ ਦਾ ਕੰਮ ਮੁਗਲਾਂ ਦੇ ਹੱਥਾਂ ਵਿਚੋਂ ਸਿੱਖਾਂ ਦੇ ਹੱਥਾਂ ਵਿੱਚ ਚਲਾ ਗਿਆ। ਇਸ ਦਾ ਚਮਤਕਾਰੀ ਅਸਰ ਹੋਇਆ। ਜਿਹੜੇ ਕਿਸਾਨ ਅਤੇ ਲੋਕ ਪਹਿਲਾਂ ਆਪਣੇ ਝਗੜੇ ਨਿਬੇੜਨ ਲਈ ਹੱਥ ਜੋੜ ਕੇ ਮੁਗ਼ਲ ਬਾਦਸ਼ਾਹ ਦੇ ਪ੍ਰਤੀਨਿਧੀਆਂ ਕੋਲ ਜਾਂਦੇ ਸਨ ਹੁਣ ਉਹ ਸਿੱਖ ਥਾਣੇਦਾਰਾਂ ਸਾਹਮਣੇ ਪੇਸ਼ ਹੋਣ ਲੱਗੇ। ਨੌਜੁਆਨ ਧੜਾਧੜ ਖਾਲਸਾ ਫੌਜ ਵਿਚ ਭਰਤੀ ਹੋਣ ਲੱਗੇ। ਵਰਣਨ ਯੋਗ ਹੈ ਬਾਦ ਵਿੱਚ ਜਦੋਂ ਬੰਦਾ ਬਹਾਦਰ ਨੇ ਕਲਾਨੌਰ ਜਿੱਤਿਆ ਸੀ ਤਾਂ ਪੰਜ ਹਜ਼ਾਰ ਮੁਸਲਮਾਨ ਵੀ ਭਰਤੀ ਕੀਤੇ ਸਨ ਇਹਨਾਂ ਵਿੱਚੋਂ ਬਹੁਤੇ ਅਖੀਰ ਤਕ ਉਸ ਦਾ ਸਾਥ ਦਿੰਦੇ ਰਹੇ ਸਨ। ਇਧਰ ਫਤਹਿ ਸਿੰਘ ਇਸ ਥੋੜੇ ਜਿਹੇ ਸਮੇਂ ਵਿੱਚ ਜਿੰਨਾ ਹੋ ਸਕਦਾ ਸੀ ਆਪਣੀ ਫੌਜ ਦਾ ਗਠਨ ਕੀਤਾ ਸੀ। ਮਲਵਈ ਜਥਾ ਵੱਖਰਾ ਰੱਖਿਆ ਗਿਆ ਅਤੇ ਇਸ ਦੇ ਬੰਦੂਕਚੀਆਂ ਅਤੇ ਤੀਰਅੰਦਾਜ਼ਾਂ ਨੂੰ ਵੱਖ ਵੱਖ ਤਰੀਕਿਆਂ ਨਾਲ ਲੜਨ ਦੀ ਸਿੱਖਿਆ ਦਿੱਤੀ ਗਈ। ਮਾਝੇ ਦੇ ਸਿਖਾਂ ਦਾ ਜਥਾ ਵੱਖਰਾ ਬਣਾਇਆ ਗਿਆ ਅਤੇ ਜਿਹੜੇ ਲੋਕ ਕੇਵਲ ਲੁੱਟਮਾਰ ਲਈ ਭਰਤੀ ਹੋਏ ਸਨ ਉਹਨਾਂ ਨੂੰ ਸਭ ਤੋਂ ਅਖੀਰ ਵਿੱਚ ਰੱਖਿਆ ਗਿਆ। ਕੁਝ ਤਜਰਬੇਕਾਰ ਸੈਨਿਕ ਪਹਾੜੀ ਰਾਜਿਆਂ ਵਲੋਂ ਆਏ ਸਨ ਉਹਨਾਂ ਨੂੰ ਨਵੇਂ ਸੈਨਿਕਾਂ ਨੂੰ ਸਿੱਖਿਆ ਦੇਣ ਲਈ ਲਾ ਦਿੱਤਾ ਗਿਆ। ਸਮਾਣਾ ਅਤੇ ਮੁਖਲਿਸਪੁਰ ਦੇ ਰਾਹ ਵਿੱਚ ਜਿੱਤੇ ਹੋਏ ਇਲਾਕਿਆਂ ਵਿੱਚ ਜਿੰਨੇ ਵੀ ਕਾਰਖਾਨੇ ਅਤੇ ਲੁਹਾਰ ਸਨ ਉਹਨਾਂ ਵਿੱਚ ਤਲਵਾਰਾਂ, ਬਰਛੇ ਤੇ ਤੀਰ ਬਣਾਉਣ ਦਾ ਕੰਮ ਤੇਜ਼ੀ ਨਾਲ ਚੱਲ ਪਿਆ। ਆਪਣੇ ਤਜਰਬੇਕਾਰ ਸਾਥੀਆਂ ਦੀ ਮਦਦ ਨਾਲ ਫਤਹਿ ਸਿੰਘ ਨੇ ਲੱਖਾਂ ਰੁਪਏ ਦੇ ਹਥਿਆਰ ਅਤੇ ਰਸਦ ਖਰੀਦ ਕੇ ਜਮ੍ਹਾ ਕਰ ਲਈ। ਕੁਲ ਮਿਲਾ ਕੇ ਜੰਗ ਦੀਆਂ ਤਿਆਰੀਆਂ ਜ਼ੋਰ ਸ਼ੋਰ ਨਾਲ ਹੋਣ ਲੱਗੀਆਂ।

ਸਮਾਂ ਪਾਕੇ ਫਰਵਰੀ ਦੀ ਮਿੱਠੀ ਠੰਢੀ ਬਸੰਤ ਵਿਚ ਅਤੇ ਫਿਰ ਅਪ੍ਰੈਲ ਦੀ ਕੋਮਲ ਗਰਮੀ ਵਿਚ ਬਦਲ ਗਈ। ਜਦੋਂ ਪਹਾੜ ਦੀਆਂ ਸਾਰੀਆਂ ਕੋਇਲਾਂ ਕੂਕਣਾ ਬੰਦ ਕਰ ਕੇ ਵਾਪਸ ਜੰਗਲਾਂ ਵਿੱਚ ਜਾ ਛਿਪੀਆਂ ਉਦੋਂ ਬੰਦੇ ਨੂੰ ਲੱਗਾ ਕਿ ਹੁਣ ਵਾਪਸ ਜਾਣ ਦਾ ਸਮਾਂ ਆ ਗਿਆ ਹੈ। ਵੈਸਾਖੀ ਦੇ ਦਿਨ ਅੰਮ੍ਰਿਤ ਵੇਲੇ ਉਠ ਕੇ ਉਸ ਨੇ ਇਸ਼ਨਾਨ ਕੀਤਾ। ਅਜੇ ਬਾਹਰ ਹਨੇਰਾ ਸੀ। ਜਦੋਂ ਦੀਵਾ ਜਗਾ ਬੰਦਾ ਬਹਾਦਰ ਸਿਮਰਨ ਕਰਨ ਬੈਠਿਆ। ਅਚਾਨਕ ਪ੍ਰਕਾਸ਼ ਹੋਇਆ ਅਤੇ ਗੁਰੂ ਗੋਬਿੰਦ ਸਿੰਘ ਜੀ ਧਿਆਨ ਵਿੱਚ ਪ੍ਰਗਟ ਹੋਏ:

"ਮੇਰੇ ਹਿਰਦੇ ਨੇ ਕਿਹਾ ਕਿ ਮੈਂ ਤੁਹਾਨੂੰ ਫਿਰ ਮਿਲਾਂ ਗੁਰੂ ਜੀ।"

"ਅਜੇ ਤੇਰਾ ਕੰਮ ਅਧੂਰਾ ਹੈ ਬੰਦਾ ਬਹਾਦਰ" ਗੁਰੂ ਜੀ ਬੋਲੇ।

"ਮੈਂ ਜਾਣਦਾ ਹਾਂ, ਗੁਰੂ ਜੀ! ਸਰਹੰਦ ਕੂਚ ਕਰਨਾ ਹੈ ਇਸ ਲਈ ਤੁਹਾਡਾ ਅਸ਼ੀਰਵਾਦ ਚਾਹੀਦਾ ਹੈ।"

"ਮੇਰਾ ਹੱਥ ਸਦਾ ਤੇਰੇ ਸਿਰ ਤੇ ਹੈ। ਅੱਗੇ ਵਧੋ ਅਤੇ ਜੱਸ ਕਮਾਓ"।

"ਮੈਨੂੰ ਤੁਸੀਂ ਹੀ ਬੰਦਾ ਬਹਾਦਰ ਬਣਾਇਆ ਹੈ ਗੁਰੂ ਜੀ। ਆਪਣਾ ਮਕਸਦ ਪੂਰਾ ਹੋਣ ਤਕ ਮੈਂ ਬਹਾਦਰ ਹੀ ਬਣਿਆ ਰਹਾਂਗਾ।"

ਗੁਰੂ ਜੀ ਦਾ ਹੱਥ ਬੰਦੇ ਨੂੰ ਅਸ਼ੀਰਵਾਦ ਦੇਣ ਲਈ ਉਠਿਆ ਤੇ ਫਿਰ ਗੁਰੂ ਜੀ ਦਾ ਝਲਕਾਰਾ ਅੰਤਰ ਧਿਆਨ ਹੋ ਗਿਆ। ਉਹਨਾਂ ਦੇ ਦੈਵੀ ਪ੍ਰਕਾਸ਼ ਵਿੱਚ ਕੁਝ ਸਮਾਂ ਬੰਦਾ ਚਿੰਤਨ ਕਰਦਾ ਰਿਹਾ। ਫਿਰ ਉਠ ਕੇ ਅਸਤਰ ਸ਼ਸਤਰ ਧਾਰਨ ਕਰ ਲਏ।

ਪਹਾੜੀ ਇਲਾਕਿਆਂ ਦੇ ਕਈ ਰਾਜਿਆਂ ਕੋਲ ਆਪਣੀ ਆਪਣੀ ਸੈਨਾ ਸੀ ਪਰ ਬੰਦਾ ਬਹਾਦਰ ਦੇ ਜੱਥੇ ਬਰਾਬਰ ਕਿਸੇ ਕੋਲ ਵੀ ਕੋਈ ਸੈਨਾ ਨਹੀਂ ਸੀ। ਇਸ ਲਈ ਸਜ ਧਜ ਕੇ ਬੰਦਾ ਬਹਾਦਰ ਦੀ ਰੰਗ ਬਰੰਗੀ ਸੈਨਾ ਜਦੋਂ ਪਹਾੜ ਦੇ ਹੇਠਾਂ ਵਲ ਵਧੀ ਤਾਂ ਉਸ ਦੀ ਸ਼ਾਨ ਵੇਖਣ ਵਾਲੀ ਸੀ। ਕਿਲੇ ਦੀ ਰੱਖਿਆ ਲਈ ਛੱਡੀ ਟੁਕੜੀ ਦੇ ਸੈਨਕਾਂ ਨੇ ਫੌਜੀ ਤੌਰ ਤਰੀਕਿਆਂ ਨਾਲ ਰਣ ਭੇਰੀ ਵਜਾ ਕੇ ਵਿਦਾਈ ਦਿੱਤੀ। ਸੌੜੇ ਰਸਤਿਆਂ ਤੇ ਘੁੜ ਸਵਾਰ ਅਤੇ ਪੈਦਲ ਸੈਨਿਕ ਅਨੁਸ਼ਾਸਨ ਨਾਲ ਦੋ-ਦੋ ਦੀ ਕਤਾਰ ਵਿੱਚ ਓਤਰੇ। ਅਜੇ ਦੋਹਾਂ ਹੀ ਨਦੀਆਂ ਵਿੱਚ ਪਾਣੀ ਨਹੀਂ ਸੀ ਇਸ ਲਈ ਇਹਨਾਂ ਨੂੰ ਪਾਰ ਕਰਨ ਵਿੱਚ ਕੋਈ ਪਰੇਸ਼ਾਨੀ ਨਹੀਂ ਹੋਈ। ਘੋੜਿਆਂ ਦੀ ਪਿਛਲੀ ਯਾਤਰਾ ਵਿੱਚ ਬਣੇ ਪਹੇ ਉਤੇ ਚੱਲਦਿਆਂ ਸੈਨਾ ਸਮਾਣੇ ਵੱਲ ਰਵਾਨਾ ਹੋ ਗਈ। ਚੱਲਦੇ, ਅਰਾਮ ਕਰਦੇ ਅਤੇ ਫਿਰ ਚੱਲਦੇ ਪੂਰੇ ਤਿੰਨ ਦਿਨ ਅਤੇ ਤਿੰਨ ਰਾਤਾਂ ਬਾਦ ਸਮਾਣੇ ਦੀ ਹੱਦ ਦੂਰ ਤੋਂ ਦਿੱਸ ਪਈ। ਸਾਰੇ ਸੈਨਕਾਂ ਵਿੱਚ ਉਤਸਾਹ ਦੀ ਲਹਿਰ ਦੌੜ ਗਈ। ਫਤਹਿ ਸਿੰਘ ਨੂੰ ਆਪਣੇ ਜਸੂਸਾਂ ਰਾਹੀਂ ਦੋ ਪਹਿਰ ਪਹਿਲਾਂ ਹੀ ਪਤਾ ਲੱਗ ਗਿਆ ਸੀ। ਥੋੜੇ ਸਮੇਂ ਵਿੱਚ ਕੁਲ ਮਿਲਾਕੇ ਲਗਭਗ ਵੀਹ ਹਜ਼ਾਰ ਦੀ ਸੈਨਾ ਇਕੱਠੀ ਹੋ ਗਈ ਸੀ ਅਤੇ ਸਾਰੇ ਕਿਸੇ ਨਾ ਕਿਸੇ ਹਥਿਆਰ ਨਾਲ ਲੈਸ ਸਨ। ਤੋਪਖਾਨੇ ਦੀ ਘਾਟ ਤਾਂ ਵਧੇਰੇ ਬਹਾਦਰੀ ਵਿਖਾਕੇ ਪੂਰੀ ਕਰਨੀ ਪਵੇਗੀ। ਇਸ ਤਰ੍ਹਾਂ ਦੀਆਂ ਸੋਚਾਂ ਸੋਚਦੇ ਸਾਰੇ ਜੰਗ ਲਈ ਤਿਆਰ ਸਨ। ਅਜੇ ਕਿਸੇ ਨੇ ਨਹੀਂ ਸੀ ਸੋਚਿਆ ਕਿ ਵਜ਼ੀਰ ਖਾਨ ਦੇ ਹਾਥੀ, ਵਧੇਰੇ ਗਿਣਤੀ ਵਿੱਚ ਬੇਹਤਰ ਘੋੜੇ ਅਤੇ ਉੱਚ ਸਿਖਿਆ ਪ੍ਰਾਪਤ ਤੀਰ ਅੰਦਾਜ਼ਾਂ ਨਾਲ ਕਿਵੇਂ ਸਿਝਾਂਗੇ। ਪਰ ਲੈ ਦੇ ਕੇ ਇਹ ਸੈਨਾ ਉਸ ਉੱਘੜੇ-ਦੁੱਘੜੇ ਜਥੇ ਤੋਂ ਤਾਂ ਬੇਹਤਰ ਸੀ ਜਿਸ ਨੇ ਕੁਝ ਮਹੀਨੇ ਪਹਿਲਾਂ ਸਮਾਣੇ ਤੇ ਜਿਤ ਪ੍ਰਾਪਤ ਕੀਤੀ ਸੀ।

------

# ਛੱਪੜ-ਝਿੜੀ

26-11-1709-ਬੰਦਾ ਬਹਾਦਰ ਦੀ ਜਿੱਤ।

ਫਰਵਰੀ 1710-ਬੰਦਾ ਬਹਾਦਰ ਕਿਲਾ ਸਥਾਪਤ ਕਰਨ ਲਈ ਲੋਹਗੜ੍ਹ ਵਿੱਚ।

ਅਪ੍ਰੈਲ 1710-ਸੁੱਚਾਨੰਦ ਦੇ ਭਤੀਜੇ ਦਾ ਇੱਕ ਹਜ਼ਾਰ ਸੈਨਕਾਂ ਨਾਲ ਬੰਦਾ ਬਹਾਦਰ ਨੂੰ ਮਿਲਣ ਆਉਣਾ।

ਅੰਤ ਅਪ੍ਰੈਲ 1710-ਭਤੀਜੇ ਦੇ ਜਸੂਸਾਂ ਰਾਹੀਂ ਬੰਦਾ ਬਹਾਦਰ ਦੇ ਲੋਹਗੜ੍ਹ ਦੇ ਕਿਲੇ ਤੋਂ ਚੱਲਣ ਅਤੇ ਤਿਆਰੀ ਦੀ ਖਬਰ ਵਜ਼ੀਰ ਖਾਨ ਨੂੰ ਮਿਲਣੀ।

5-5-1710-ਵਜ਼ੀਰ ਖਾਂ ਦਾ ਬੰਦੇ ਨੂੰ ਰਾਹ ਵਿੱਚ ਹੀ ਫੜਨ ਦੇ ਇਰਾਦੇ ਨਾਲ ਛੱਪੜ-ਝਿੜੀ (ਵਰਤਮਾਨ ਚਪੜ-ਝਿੜੀ) ਵਿੱਚ ਫੌਜ ਸਜਾਉਣੀ।

7-5-1710-ਬੰਦਾ ਸਮਾਣੇ ਵਿੱਚ

22-5-1710-ਨੂੰ ਬੰਦੇ ਦਾ ਛਪੜ-ਝਿੜੀ ਪਹੁੰਚ ਕੇ ਫੌਜ ਤੈਨਾਤ ਕਰਨਾ।

ਇੱਕ ਅੰਗਰੇਜ਼ੀ ਕਹਾਵਤ ਹੈ, "ਮੁਹਬੱਤ ਅਤੇ ਜੰਗ ਵਿੱਚ ਸਭ ਜਾਇਜ਼ ਹੈ।" ਵਜੀਰ ਖਾਨ ਨੇ ਇਸ ਕਹਾਵਤ ਅਨੁਸਾਰ ਬੰਦੇ ਨੂੰ ਰੋਕਣ ਲਈ ਹਰ ਹੀਲਾ ਵਰਤਿਆ। ਉਹਦੇ ਜਸੂਸ ਤਾਂ ਹਰ ਪਾਸੇ ਫੈਲੇ ਹੋਏ ਸਨ। ਅਪ੍ਰੈਲ ਦੇ ਅੰਤ ਵਿੱਚ ਜਦੋਂ ਬੰਦਾ ਦੋ ਹਜ਼ਾਰ ਸੈਨਿਕਾਂ ਨਾਲ ਪਹਾੜਾਂ ਤੋਂ ਹੇਠਾਂ ਆ ਰਿਹਾ ਸੀ ਤਾਂ ਵਜੀਰ ਖਾਂ ਨੂੰ ਦੋ ਦਿਨਾਂ ਵਿੱਚ ਹੀ ਖ਼ਬਰ ਹੋ ਗਈ।

ਉਹਨੀ ਦਿਨੀਂ ਫੌਜਾਂ ਪੈਦਲ ਅਤੇ ਘੋੜਿਆਂ ਦੀ ਬਹੁਤਾਤ ਹੋਣ ਕਾਰਨ ਹੌਲੀ ਹੌਲੀ ਚਲਦੀਆਂ ਸਨ। ਰਾਹ ਵਿੱਚ ਘੋੜਿਆਂ ਨੂੰ ਪਾਣੀ ਪਿਲਾਉਣ ਵਾਸਤੇ ਵੀ ਵਾਰ ਵਾਰ ਰੁਕਣਾ ਪੈਂਦਾ ਸੀ। ਸਮਾਣਾ ਦੇ ਰਾਹ ਵਿੱਚ ਛੱਪੜ-ਝਿੜੀ ਪਿੰਡ ਵਿੱਚ ਪਾਣੀ ਲਈ ਸਰੋਵਰ ਅਤੇ ਰਾਹੀਆਂ ਦੇ ਅਰਾਮ ਲਈ ਦਰਖਤਾਂ ਦੀ ਛਾਂ, ਦੋਵੇਂ ਹੋਣ ਕਾਰਨ ਯਾਤਰੀਆਂ ਲਈ ਇਹ ਇੱਕ ਜ਼ਰੂਰੀ ਪੜਾਅ ਸੀ। ਜਿਥੇ ਦੋ ਹਜ਼ਾਰ ਸੈਨਿਕ ਇੱਕਠੇ ਚਲ ਰਹੇ ਹੋਣ ਉਹਨਾਂ ਲਈ ਤਾਂ ਇਹ ਥਾਂ ਰੇਗਿਸਤਾਨ ਵਿੱਚ ਸਵਰਗ ਦੇ ਬਰਾਬਰ ਸੀ। ਵਜ਼ੀਰ ਖਾਂ ਦਾ ਇਹ ਅਨੁਮਾਨ ਲਾਉਣਾ ਗਲਤ ਨਹੀਂ ਸੀ ਕਿ ਬੰਦਾ ਬਹਾਦਰ ਦੀ ਸੈਨਾ ਛੱਪੜ ਝਿੜੀ ਜ਼ਰੂਰ ਰੁਕੇਗੀ। ਇਥੇ ਆਪਣੀ ਦਸ

ਗੁਣੀ ਫੌਜ ਨਾਲ ਬੰਦਾ ਬਹਾਦਰ ਨੂੰ ਕੁਚਲ ਦੇਣਾ ਅਸਾਨ ਜਾਪਦਾ ਸੀ। ਜੇ ਬੰਦਾ ਬਹਾਦਰ ਸਮਾਣੇ ਜਾਕੇ ਆਪਣੀ ਪੂਰੀ ਸੈਨਾ ਨਾਲ ਮਿਲ ਜਾਂਦਾ ਹੈ ਤਾਂ ਉਹ ਕੰਮ ਬਹੁਤ ਮੁਸ਼ਕਿਲ ਹੋ ਜਾਣਾ ਸੀ। ਇਹ ਲੜਾਈ ਛੱਪੜ-ਝਿੜੀ ਵਿੱਚ ਲੜਨ ਵਿੱਚ ਵਜੀਰ ਖਾਨ ਦਾ ਹੋਰ ਵੀ ਫਾਇਦਾ ਸੀ ਕਿ ਉਸ ਦਾ ਸ਼ਹਿਰ ਮਹਲ ਅਤੇ ਬੇਗਮਾਂ ਲੜਾਈ ਦੇ ਖਤਰੇ ਤੋਂ ਦੂਰ ਰਹਿੰਦੀਆਂ। ਮੁਸੀਬਤ ਪੈਣ ਤੇ ਉਹ ਦੌੜ ਕੇ ਵਾਪਸ ਉਹਨਾਂ ਕੋਲ ਜਾ ਸਕਦਾ ਸੀ। ਇਹ ਸਭ ਸੋਚ ਕੇ ਅਤੇ ਆਪਣੇ ਸੈਨਾਪਤੀਆਂ ਨਾਲ ਸਲਾਹ ਕਰਕੇ ਵਜ਼ੀਰ ਖਾਨ ਨੇ ਪੰਜ ਮਈ ਨੂੰ ਆਪਣੀਆਂ ਫੌਜਾਂ ਛੱਪੜ ਝਿੜੀ ਵਿੱਚ ਤੈਨਾਤ ਕਰ ਦਿਤੀਆਂ। ਭਾਵੇਂ ਇੰਨੀ ਫੌਜ ਦੀ ਤੈਨਾਤੀ ਨੂੰ ਛੁਪਾਉਣਾ ਮੁਸ਼ਕਲ ਸੀ ਪਰ ਫਿਰ ਵੀ ਵਜ਼ੀਰ ਖਾਂ ਨੇ ਪੂਰੀ ਕੋਸ਼ਿਸ਼ ਕੀਤੀ ਕਿ ਉਸਦੇ ਤੋਪਖਾਨੇ ਤੇ ਹਾਥੀਆਂ ਦੀ ਗਿਣਤੀ ਦਾ ਬਾਹਰ ਕਿਸੇ ਨੂੰ ਪਤਾ ਨਾ ਲਗੇ।

ਵਜ਼ੀਰ ਖਾਂ ਨੇ ਇੱਕ ਹੋਰ ਚਾਲ ਚਲੀ ਸੁਚਾ ਨੰਦ ਦੇ ਭਤੀਜੇ ਲਾਲਚੰਦ ਨੂੰ ਇੱਕ ਹਜ਼ਾਰ ਹਿੰਦੂ ਅਤੇ ਰਾਜਪੂਤ ਸਿਪਾਹੀਆਂ ਨਾਲ ਸਮਾਣਾ ਭੇਜ ਦਿੱਤਾ। ਉਸ ਨੇ ਜਾ ਕੇ ਇੱਕ ਝੂਠੀ ਕਹਾਣੀ ਸੁਣਾਈ ਕਿ ਵਜੀਰ ਖਾਂ ਇੱਕ ਕੱਟੜ ਮੁਸਲਮਾਨ ਹੈ। ਲਾਲ ਚੰਦ ਨੇ ਇੱਕ ਮੰਦਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਸੀ ਜਿਸ ਕਰਕੇ ਵਜ਼ੀਰ ਖਾਂ ਉਸ ਦੀ ਜਾਨ ਪਿੱਛੇ ਪਿਆ ਹੋਇਆ ਹੈ। ਫਤਹਿ ਸਿੰਘ ਨੇ ਬੰਦਾ ਬਹਾਦਰ ਦੇ ਆਉਣ ਤਕ ਉਸ ਨੂੰ ਸ਼ਹਿਰੋਂ ਬਾਹਰ ਰਹਿਣ ਦਾ ਆਦੇਸ਼ ਦਿੱਤਾ।

ਬੰਦਾ ਬਹਾਦਰ ਨੇ ਸਮਾਣੇ ਪਹੁੰਚ ਕੇ ਇਸ ਟੁਕੜੀ ਨੂੰ ਸ਼ੱਕ ਹੋਣ ਦੇ ਬਾਵਜੂਦ ਵੀ ਆਪਣੇ ਨਾਲ ਮਿਲਾ ਲਿਆ। ਬੰਦੇ ਦਾ ਮਨੋਰਥ ਉਸ ਵੇਲੇ ਆਪਣੀ ਫੌਜ ਦੀ ਗਿਣਤੀ ਵਧਾਉਣ ਦਾ ਸੀ। ਇਸੇ ਕਾਰਨ ਹੀ ਉਹਨੇ ਆਪਣੀ ਫੌਜ ਵਿੱਚ ਕਈ ਲੁਟੇਰੇ, ਡਕੈਤ ਵੀ ਜਿਨ੍ਹਾਂ ਦੀ ਗਿਣਤੀ ਲਗਭਗ ਪੰਜ ਹਜ਼ਾਰ ਸੀ ਪਹਿਲਾਂ ਹੀ ਭਰਤੀ ਕੀਤੇ ਹੋਏ ਸਨ।

ਵਜ਼ੀਰ ਖਾਨ ਦੀ ਬਦਕਿਸਮਤੀ ਕਾਰਨ ਉਸ ਦੀਆਂ ਇਹ ਚਾਲਾਂ ਬੇਕਾਰ ਗਈਆ। ਕਿਸੇ ਕਾਰਨ ਜਾਂ ਹਾਲਾਤ ਦੀ ਲੋੜ ਮਹਿਸੂਸ ਕਰਦਿਆਂ ਬੰਦਾ ਬਹਾਦਰ ਤਿੰਨ ਦਿਨਾਂ ਵਿੱਚ ਹੀ ਘੋੜਿਆਂ ਅਤੇ ਪੈਦਲ ਸੈਨਾਵਾਂ ਨੂੰ ਦੌੜਾ ਕੇ ਸਮਾਣੇ ਪਹੁੰਚ ਗਿਆ। ਉਹ ਛੱਪੜ ਝਿੜੀ ਦੀ ਤਰਕੀਬ ਨਕਾਰਾ ਹੋ ਗਈ। ਸਮਾਣੇ ਤੋਂ ਜਦੋਂ ਉਹ ਛੱਪੜ ਝਿੜੀ ਗਿਆ ਤਾਂ ਉਸ ਤੋਂ ਬਾਦ ਉਸ ਦੀ ਆਪਣੀ ਵੀਹ ਹਜ਼ਾਰ ਫੌਜ ਸੀ। ਭਾਵੇਂ ਕਿ ਉਹਨਾਂ ਵਿੱਚ ਪੰਜ ਹਜ਼ਾਰ ਲੁਟੇਰੇ ਅਤੇ ਧਾੜਵੀ ਸਨ ਅਤੇ ਇਸ ਤੋਂ ਇਲਾਵਾਂ ਲਾਲਚੰਦ ਦਾ ਜਥਾ ਵੀ ਸ਼ਾਮਲ ਸੀ। ਫਿਰ ਵੀ ਆਹਮਣੇ ਸਾਹਮਣੇ ਤੁਲਨਾ ਕੀਤਿਆਂ ਦੋਹਾਂ ਫੌਜਾਂ ਦੀ ਗਿਣਤੀ ਬਰਾਬਰ ਸੀ।

ਲਾਲ ਚੰਦ ਦੇ ਜਸੂਸਾਂ ਰਾਹੀਂ ਬੰਦਾ ਬਹਾਦਰ ਦੀ ਸਮਾਣਾ ਤੋਂ ਰਵਾਨਗੀ ਦਾ ਪਤਾ ਵਜ਼ੀਰ ਖਾਨ ਨੂੰ ਲੱਗ ਗਿਆ ਸੀ ਇਸ ਲਈ ਵਜ਼ੀਰ ਖਾਂ ਨੇ ਪੂਰੀਆਂ ਤਿਆਰੀਆਂ ਕਰ ਲਈਆਂ ਸਨ। ਪਰ ਵਜੀਰ ਖਾਂ ਨੂੰ ਇਹ ਨਹੀਂ ਸੀ ਪਤਾ ਕਿ ਬੰਦਾ ਉਸ ਦੀ ਫੌਜੀ ਸਥਿਤੀ ਬਾਰੇ ਵੀ ਆਪਣੇ ਜਸੂਸਾਂ ਰਾਹੀਂ ਚੰਗੀ ਤਰ੍ਹਾਂ ਜਾਣਦਾ ਸੀ। ਖਾਸ ਤੌਰ ਤੇ ਉਹ ਤੋਪਖਾਨੇ ਦੀ ਮਾਰ ਬਾਰੇ ਪੂਰੀ ਤਰ੍ਹਾਂ ਚੌਕਸ ਸੀ। ਵਜ਼ੀਰ ਖਾਂ ਦੇ ਹਾਥੀਆਂ ਅਤੇ ਵਧੇਰੇ ਘੋੜ ਸਵਾਰਾਂ ਨੂੰ ਕਿਵੇਂ ਮਾਤ ਦੇਣੀ ਹੈ ਇਸ ਦੀ ਯੋਜਨਾ ਵੀ ਉਸ ਦੇ ਜ਼ਿਹਨ ਵਿੱਚ ਸੀ।

------

## ਪਾਠਕ ਪੁਸਤਕ ਵਿੱਚ ਦਿੱਤੇ ਨਕਸ਼ਿਆਂ ਨੂੰ ਵੇਖਣ

ਲੋਹਗੜ੍ਹ ਤੋਂ ਸਮਾਨਾ ਜਾਂਦਿਆਂ ਹੋਇਆਂ ਛੱਪੜ ਝਿੜੀ ਪਿੰਡ ਰਾਹ ਵਿੱਚ ਪੈਂਦਾ ਹੈ। ਪਿੰਡ ਦੇ ਵਿੱਚ ਇੱਕ ਮੈਦਾਨ ਹੈ। ਮੈਦਾਨ ਦੇ ਪੱਛਮ ਵੱਲ ਕੁਝ ਟਿੱਬੇ ਹਨ। ਮੈਦਾਨ ਦੇ ਪੂਰਬ ਵਿੱਚ ਇੱਕ ਵਡਾ ਤਾਲਾਬ (ਛੱਪੜ) ਹੈ ਅਤੇ ਦੱਖਣ ਵਿੱਚ ਕਈ ਸੌ ਕਿੱਕਰਾਂ ਦਾ ਇੱਕ ਝੁੰਡ (ਝਿੜੀ) ਹੈ। ਯਾਤਰੀਆਂ ਦੇ ਆਰਾਮ ਕਰਨ ਲਈ ਇਹ ਇਕ ਕਮਾਲ ਦਾ ਸਥਾਨ ਹੈ। ਇਥੇ ਯਾਤਰੀ ਅਤੇ ਉਹਨਾਂ ਦੇ ਪਸ਼ੂਆਂ ਨੂੰ ਪਾਣੀ ਅਤੇ ਛਾਂ ਦੋਵੇਂ ਪ੍ਰਾਪਤ ਹੁੰਦੇ ਸਨ। ਕਿਉਂਕਿ ਬੰਦਾ ਬਹਾਦਰ ਨੇ ਆਪਣੀ ਲੋਹਗੜ੍ਹ ਤੋਂ ਰਵਾਨਗੀ ਕਿਸੇ ਤੋਂ ਛਿਪਾਈ ਨਹੀਂ ਸੀ ਇਸ ਲਈ ਇਸਦਾ ਵਜੀਰ ਖਾਂ ਨੂੰ ਪਤਾ ਸੀ। ਉਹ ਸਮਝਦਾ ਸੀ ਕਿ ਬੰਦਾ ਬਹਾਦਰ ਛੱਪੜ ਝਿੜੀ ਤੋਂ ਨਿਕਲੇਗਾ। ਅਤੇ ਉਥੇ ਕੁਝ ਦੇਰ ਰੁਕੇਗਾ ਵੀ। ਵਜ਼ੀਰ ਖਾਂ ਨੇ ਬੰਦਾ ਬਹਾਦਰ ਅਤੇ ਉਸ ਦੀ ਫੌਜ ਨੂੰ ਉਥੇ ਘੇਰਨ ਦੀ ਤਿਆਰੀ ਪੂਰੀ ਤਰਾਂ ਕਰ ਲਈ ਸੀ। ਆਪਣੀ ਫੌਜ ਉਸਨੇ ਪੂਰਬ ਵਿੱਚ ਛੱਪੜ ਅਤੇ ਮੈਦਾਨ ਦੇ ਵਿਚ ਖਬੇ ਪਾਸੇ ਮੂੰਹ ਕਰਕੇ ਲਗਾ ਲਈ ਤਾਂ ਕਿ ਬੰਦਾ ਬਹਾਦਰ ਦੀ ਸੈਨਾ ਸਾਹਮਣੇ ਤੋਂ ਆਉਂਦਿਆਂ ਹੀ ਨਜ਼ਰ ਆ ਜਾਵੇ। ਉਸ ਦੀ ਸੈਨਾ ਦੇ ਪਿਛੇ ਤੋਪਖਾਨਾ ਸੀ ਜੋ ਇਸ ਤਰ੍ਹਾਂ ਰੱਖਿਆ ਗਿਆ ਸੀ ਕਿ ਆਪਣੀ ਫੌਜ ਦੇ ਉਪਰੋਂ ਹੋ ਕੇ ਗੋਲੇ ਕਰੀਬ ਪੌਣਾ ਮੀਲ ਤੋਂ ਇੱਕ ਮੀਲ ਦੀ ਦੂਰੀ ਤੇ ਪੈਣ। ਇਸ ਦੂਰੀ ਤੇ ਜੇ ਬੰਦਾ ਬਹਾਦਰ ਦੇ ਸੈਨਿਕ ਫਸ ਜਾਂਦੇ ਤਾਂ ਬਿਨਾ ਹਥਿਆਰ ਚੁੱਕੇ ਵਜ਼ੀਰ ਖਾਨ ਉਸ ਦੀ ਅੱਧੀ ਫੌਜ ਨੂੰ ਮਾਰ ਦਿੰਦਾ। ਕੋਲ ਆਉਣ ਤੇ ਲਗਭਗ ਸੌ ਗਜ ਤਕ ਵਜ਼ੀਰ ਖਾਂ ਦੇ ਬੰਦੂਕਚੀ ਅਤੇ ਤੀਰਅੰਦਾਜ ਮਾਰ ਕਰਦੇ। ਕਿਉਂਕਿ ਵਜ਼ੀਰ ਖਾਂ ਕੋਲ ਲਗਭਗ ਪੰਜ ਹਜ਼ਾਰ ਬੰਦੂਕਚੀ ਅਤੇ ਤੀਰਅੰਦਾਜ਼ ਸਨ ਇਸ ਦੇ ਮੁਕਾਬਲੇ ਬੰਦਾ ਬਹਾਦਰ ਦੀ

ਕਮਜ਼ੋਰ ਸੈਨਾ ਐਵੇਂ ਹੀ ਖਤਮ ਹੋ ਜਾਂਦੀ।

ਬੰਦਾ ਬਹਾਦਰ ਨੂੰ ਖਬਰ ਲੱਗ ਗਈ ਸੀ ਕਿ ਵਜ਼ੀਰ ਖਾਂ ਦੀ ਫੌਜ ਅਤੇ ਤੋਪਾਂ ਦੀ ਸਥਿਤੀ ਕੀ ਹੈ। ਇਸ ਲਈ ਮੈਦਾਨ ਦੇ ਖੱਬੇ ਪਾਸੇ ਆਪਣੀ ਫੌਜ ਖੜੀ ਕੀਤੀ। ਆਪਣੀ ਸੈਨਾ ਦੇ ਖੱਬੇ ਪਾਸੇ ਉਸ ਨੇ ਬਾਜ ਸਿੰਘ ਨੂੰ ਰਖਿਆ ਜਿਹੜਾ ਦੇਵਨੈਤ ਨਾਲ ਸੁੱਚਾ ਨੰਦ ਦੇ ਸਾਹਮਣੇ ਆਇਆ। ਵਿਚਕਾਰ ਦੋਹਾਂ ਫੌਜਾਂ ਦੇ ਸੈਨਾਪਤੀ ਬੰਦਾ ਬਹਾਦਰ ਅਤੇ ਵਜ਼ੀਰ ਖਾਨ ਆਹਮਣੇ ਸਾਹਮਣੇ ਖੜ੍ਹੇ ਸਨ। ਦੋਵੇ ਹੀ ਆਪਣੀਆਂ ਚੋਣਵੀਆਂ ਟੁਕੜੀਆਂ ਨਾਲ ਸ਼ੁਰੂ ਵਿਚ ਆਪਣੇ ਨੂੰ ਸੁਰਖਿਅਤ ਰੱਖ ਰਹੇ ਸਨ। ਖੱਬੇ ਪਾਸੇ ਵਿਨੋਦ ਸਿੰਘ ਜਿਸ ਦੇ ਮੁਕਾਬਲੇ ਵਜ਼ੀਰ ਖਾਨ ਦਾ ਤਜ਼ਰਬੇਕਾਰ ਸਿਪਾਹ ਸਲਾਰ ਮਲੇਰਕੋਟਲਾ ਦਾ ਨਵਾਬ ਸ਼ੇਰ ਮੁਹੰਮਦ ਖਾਨ ਸੀ।

22 ਮਈ 1710 ਨੂੰ ਬੰਦਾ ਬਹਾਦਰ ਨੇ ਤਲਵਾਰ ਲਹਿਰਾ ਕੇ ਹਮਲੇ ਦਾ ਹੁਕਮ ਦਿੱਤਾ ਸਿਖ ਸੈਨਾ ਅੱਗੇ ਵਧੀ। ਵਜ਼ੀਰ ਖਾਨ ਦੀਆਂ ਤੋਪਾਂ ਦੀ ਮਾਰ ਹੇਠ ਆਉਂਦਿਆਂ ਤੋਪਾਂ ਨੇ ਗੋਲੇ ਵਰ੍ਹਾਣੇ ਸ਼ੁਰੂ ਕਰ ਦਿੱਤੇ। ਬੰਦਾ ਬਹਾਦਰ ਨੇ ਤੋਪਾਂ ਦੇ ਗੋਲਿਆਂ ਦੀ ਹੱਦ ਨੂੰ ਹੱਥ ਲਾ ਕੇ ਪਿਛੇ ਨੂੰ ਭੱਜਣਾ ਸ਼ੁਰੂ ਕਰ ਦਿੱਤਾ ਜਿਵੇਂ ਉਸ ਨੂੰ ਇਸ ਆਫਤ ਦਾ ਪਤਾ ਨਾ ਹੋਵੇ। ਇਹ ਵੇਖ ਕੇ ਮੁਗਲ ਫੌਜ ਵਿੱਚ ਜੋਸ਼ ਭਰ ਗਿਆ। ਅਵਾਜ਼ਾਂ ਆਉਣ ਲਗੀਆਂ, "ਇਹ ਤਾਂ ਦੌੜ ਰਹੇ ਹਨ ਇਹਨਾਂ ਦਾ ਪਿੱਛਾ ਕਰੋ।"

ਮੁਗਲ ਫੌਜ ਦਾ ਵਿਚਕਾਰਲਾ ਅਤੇ ਸੁੱਚਾ ਨੰਦ ਵਾਲੇ ਹਿੱਸੇ ਦੀ ਫੌਜ ਬੰਦਾ ਬਹਾਦਰ ਦੀ ਫੌਜ ਦਾ ਪਿੱਛਾ ਕਰਨ ਲੱਗੀ। ਸਿੱਖਾਂ ਨੂੰ ਹੋਰ ਤੇਜ ਦੌੜਦਿਆਂ ਵੇਖ ਕੇ ਸਾਰੀ ਮੁਗਲ ਸੈਨਾ ਹੀ ਅੱਗੇ ਦੌੜਨ ਲੱਗੀ। ਕੇਵਲ ਸ਼ੇਰ ਮੁਹੰਮਦ ਖਾਨ ਨੇ ਇਸ ਭਗਦੜ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ। ਉਹਨੂੰ ਪਹਿਲਾਂ ਕੁਝ ਸ਼ੱਕ ਸੀ। ਉਸ ਦਾ ਤਜਰਬਾ ਉਸ ਦੇ ਕੰਮ ਆਇਆ। ਬੰਦਾ ਬਹਾਦਰ ਨੇ ਕੀਤਾ ਇਹ ਸੀ ਕਿ ਉਹ ਆਪਣੀ ਫੌਜ ਨੂੰ ਤੋਪਾਂ ਦੀ ਮਾਰ ਤੋਂ ਪਿਛੇ ਲਿਜਾ ਰਿਹਾ ਸੀ ਜਿਸ ਨਾਲ ਵਜ਼ੀਰ ਖਾਨ ਨੂੰ ਤੋਪਖਾਨੇ ਦਾ ਕੋਈ ਲਾਭ ਨਾ ਪਹੁੰਚ ਸਕੇ। ਆਪਣੇ ਸਾਹਮਣੇ ਟਿੱਬੇ ਦੇਖ ਕੇ ਬੰਦਾ ਬਹਾਦਰ ਦੀ ਸੈਨਾ ਇੱਕ ਦਮ ਰੁੱਕ ਗਈ ਅਤੇ ਉਸ ਨੇ ਪਲਟ ਕੇ ਮੁਕਾਬਲਾ ਸ਼ੁਰੂ ਕਰ ਦਿੱਤਾ। ਇਤਨੀ ਨੇੜੇ ਵਜ਼ੀਰ ਖਾਂ ਦੇ ਪੰਜ ਹਜ਼ਾਰ ਬੰਦੂਕਚੀ ਅਤੇ ਤੀਰਅੰਦਾਜ ਵੀ ਲਗਭਗ ਬੇਕਾਰ ਹੋ ਗਏ। ਇਧਰ ਤੋਪਾਂ ਦੀ ਮਾਰ ਦੇ ਮੁੱਖ ਖੇਤਰ ਵਿੱਚ ਵਜ਼ੀਰ ਖਾਨ ਦੀ ਆਪਣੀ ਫੌਜ ਆ ਗਈ ਇਸ ਕਰਕੇ ਤੋਪਾਂ ਨੂੰ ਚਲਾਉਣਾ ਇਕ ਦਮ ਬੰਦ ਕਰਨਾ ਪਿਆ।

ਸੁੱਚਾ ਨੰਦ ਦੇ ਘੁੜਸਵਾਰਾਂ ਨੇ ਸਿੱਖ ਸੈਨਾ ਦੇ ਸੱਜੇ ਪਾਸੇ ਆ ਕੇ ਉਹਨੂੰ

ਪਿਛੋਂ ਘੇਰਨ ਦੀ ਕੋਸ਼ਿਸ਼ ਕੀਤੀ, ਪਰ ਉਹਨਾਂ ਵੇਖਿਆ ਕਿ ਸੈਕੜੇ ਕੰਡੇਦਾਰ ਕਿਕਰਾਂ ਵਿਚੋਂ ਨਿਕਲਣ ਵੇਲੇ ਉਹਨਾਂ ਦੀ ਚਾਲ ਬਹੁਤ ਧੀਮੀ ਹੋ ਗਈ। ਫਿਰ ਉਸ ਦੇ ਘੋੜਿਆਂ ਨੇ ਬੰਦਾ ਬਹਾਦਰ ਦਾ ਪਿਛਾ ਕਰਨ ਲਈ ਟਿੱਬਿਆਂ ਤੇ ਚੜ੍ਹਨ ਤੋਂ ਇਨਕਾਰ ਕਰ ਦਿੱਤਾ। ਜਿਹੜੇ ਸੌ-ਪੰਜਾਹ ਚੜ੍ਹ ਗਏ ਉਹ ਰੇਤ ਵਿੱਚ ਫਸ ਕੇ ਹਫਣ ਲਗ ਪਏ। ਰੇਤ ਵਿਚੋਂ ਉਤਰਦਿਆਂ ਥੱਕੇ ਹੋਏ ਸਿਪਾਹੀਆਂ ਨੂੰ ਬਾਜ ਸਿੰਘ ਦੇ ਸਿੰਘ ਸਿਪਾਹੀਆਂ ਨੇ ਗਾਜਰ ਮੂਲੀ ਵਾਂਗ ਕੁੱਟ ਸੁਟਿਆ। ਹੁਣ ਬਾਜ ਸਿੰਘ ਦੀ ਸੈਨਾ ਅੱਗੇ ਸੁੱਚਾ ਨੰਦ ਦੇ ਘੁੜ ਸਵਰ ਬੇਬਸ ਹੋ ਗਹੇ ਸਨ। ਮੁਗਲ ਫੌਜ ਦੇ ਸੱਜੇ ਪਾਸੇ ਸ਼ੇਰ ਮੁਹੰਮਦ ਖਾਨ ਰੁਕ-ਰੁਕ ਕੇ ਅੱਗੇ ਵਧ ਰਿਹਾ ਸੀ। ਹਾਲਾਂਕਿ ਵਧੇਰੇ ਘੋੜ-ਸਵਾਰ ਸੁੱਚਾ ਨੰਦ ਕੋਲ ਸਨ, ਸ਼ੇਰ ਖਾਨ ਦੇ ਹਜ਼ਾਰ ਕੁ ਘੋੜ ਸਵਾਰਾਂ ਨੇ ਵਿਨੋਦ ਸਿੰਘ ਦੀ ਫੌਜ ਨੂੰ ਘੇਰਾ ਪਾ ਕੇ ਉਸ ਦੇ ਸਿਪਾਹੀਆਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਵਿਨੋਦ ਸਿੰਘ ਦੀ ਸੈਨਾ ਵੇਖਦਿਆਂ ਵੇਖਦਿਆਂ ਦਬਾਓ ਵਿੱਚ ਆ ਗਈ। ਵਿਨੋਦ ਸਿੰਘ ਦੇ ਸੈਨਿਕ ਜਿਹੜੇ ਪਹਿਲਾਂ ਅੱਗੇ ਵਧ ਕੇ ਘੋੜ ਸਵਾਰਾਂ ਤੇ ਹਮਲਾ ਕਰਨ ਬਾਰੇ ਸੋਚ ਰਹੇ ਸਨ ਹੁਣ ਪਿਛੇ ਹਟਣ ਲਈ ਮਜਬੂਰ ਹੋ ਗਏ। ਸਾਹਮਣਿਓਂ ਸ਼ੇਰਖਾਨ ਦੇ ਜ਼ਿਰਹਾਬਖਤਰ ਨੇ ਵਧੀਆ ਤਰੀਕੇ ਨਾਲ ਅੱਗੇ ਵਧਣਾ ਸ਼ੁਰੂ ਕੀਤਾ। ਇਸ ਰੌਲੇ ਵਿਚ ਵਿਨੋਦ ਸਿੰਘ ਦਬਦਾ ਚਲਾ ਗਿਆ।

ਘੋੜੇ ਉੱਤੇ ਸਵਾਰ ਬੰਦਾ ਬਹਾਦਰ ਨੇ ਸੱਜੇ-ਖੱਬੇ ਦਾ ਇਹ ਦ੍ਰਿਸ਼ ਵੇਖਿਆ। ਉਸ ਨੇ ਛੇਤੀ ਭਾਂਪ ਲਿਆ ਕਿ ਵਜ਼ੀਰ ਖਾਂ ਦਾ ਤੋਪਖਾਨਾ ਅਤੇ ਬਾਜ ਸਿੰਘ ਆਪਣੇ ਥਾਂ ਤੇ ਡਟਿਆ ਹੋਇਆ ਹੈ। ਹੁਣ ਇਕ ਹੀ ਰਾਹ ਸੀ। ਬੰਦਾ ਬਹਾਦਰ ਨੇ ਆਪਣੇ ਸਾਰੇ ਬੰਦੂਕਚੀਆਂ ਅਤੇ ਤੀਰਅੰਦਾਜ਼ਾਂ ਨੂੰ ਹੁਕਮ ਦਿੱਤਾ ਕਿ ਉਹ ਵਿਨੋਦ ਸਿੰਘ ਦੀ ਮਦਦ ਲਈ ਜਾਣ ਅਤੇ ਸ਼ੇਰਖਾਨ ਦੇ ਘੋੜਸਵਾਰਾਂ ਅਤੇ ਪਿਆਦਿਆਂ ਉਤੇ ਆਪਣਾ ਗੋਲਾ ਬਰੂਦ ਅਤੇ ਤੀਰ ਇਕ ਵਾਰ ਖਾਲੀ ਕਰ ਦੇਣ। ਇਸ ਕਦਮ ਨਾਲ ਸ਼ੇਰ ਖਾਨ ਦੀਆਂ ਫੌਜਾਂ ਨੂੰ ਇਕ ਵਾਰ ਪਿਛੇ ਹਟਣਾ ਪਿਆ ਪਰ ਇਹ ਵੇਖਦਿਆਂ ਹੀ ਵਜੀਰਖਾਨ ਨੇ ਆਪਣੇ ਨਿਜ਼ੀ ਪੰਜ ਹਜ਼ਾਰ ਸੈਨਿਕ ਲੜਾਈ ਵਿਚ ਝੋਕ ਦਿੱਤੇ। ਬੰਦਾ ਵੀ ਆਪਣੇ ਦੋ ਹਜ਼ਾਰ ਸੈਨਿਕਾਂ ਨੂੰ ਲੈ ਕੇ ਲੜਾਈ ਵਿਚ ਜੁੱਟ ਗਿਆ।

ਘਮਸਾਨ ਦਾ ਯੁੱਧ ਛਿੜ ਗਿਆ। ਲੜਾਈ ਸ਼ੁਰੂ ਹੋਣ ਤੋਂ ਲਗਭਗ ਅੱਧਾ ਪਹਿਰ ਬਾਦ ਦੋਵੇਂ ਸੈਨਾਵਾਂ ਸ਼ੁਰੂ ਦੇ ਕਦਮ ਪੂਰੇ ਕਰ ਚੁਕੀਆਂ ਸਨ ਅਤੇ ਹੁਣ ਹਥੋ ਹੱਥ ਲੜਾਈ ਹੋ ਰਹੀ ਸੀ। ਮੁਗਲ ਫੌਜਾਂ ਆਪਣੇ ਤੋਪਖਾਨੇ ਅਤੇ ਘੋੜਸਵਾਰ ਹਟਾ ਕੇ


ਨਕਸ਼ਾ-1
ਛੱਪੜ ਚਿੱੜੀ ਦਾ ਯੁੱਧ
ਸਵੇਰੇ 9.00 ਵਜੇ
ਮੁੰਗਲ ਤੋਪਖ਼ਾਨੇ ਮਾਰ ਦਾ ਮੁੱਖ ਖੇਤਰ
ਬਿਨੋਦ ਸਿੰਘ
ਬੰਦਾ ਬਹਾਦਰ
ਬਾਜ ਸਿੰਘ
ਸ਼ੇਰ ਮੁੰਹਮੰਦ ਖ਼ਾਨ
ਵਜ਼ੀਰ ਖ਼ਾਨ
ਸੁੱਚਾ ਨੰਦ
ਚਿੱਤਰ ਸੂਚੀ
ਟਿੱਲਾ
ਕਿੱਕਰ ਦਾ ਪੇੜ
ਸਿੱਖ ਸੈਨਾ
ਮੁੱਗਲ ਸੈਨਾ
ਛੱਪੜ

ਛੱਪੜ ਚਿੱੜੀ ਦਾ ਯੁੱਧ
ਸਵੇਰੇ 10.00 ਵਜੇ



ਛੱਪੜ ਚਿੱੜੀ ਦਾ ਯੁੱਧ

ਦੁੱਪਹਿਰ 12.00 ਵਜੇ



ਛੱਪੜ ਚਿੱੜੀ ਦਾ ਯੁੱਧ

ਦੁੱਪਹਿਰ 1.30 ਵਜੇ



ਵੀ ਬੰਦਾ ਬਹਾਦਰ ਦੀਆਂ ਫੌਜਾਂ ਤੋਂ ਹਥਿਆਰਾਂ ਅਤੇ ਚੰਗੀਆਂ ਪੁਸ਼ਾਕਾਂ ਵਿੱਚ ਕਿਤੇ ਵਧੇਰੇ ਮਜਬੂਤ ਸਨ। ਪਰ ਸਿੱਖਾਂ ਲਈ ਇਹ ਆਰ ਜਾਂ ਪਾਰ ਦੀ ਲੜਾਈ ਸੀ ਜਦੋਂ ਕਿ ਮੁਗਲ ਆਪਣਾ ਰਾਜ ਬਚਾਉਣ ਲਈ ਲੜ ਰਹੇ ਸਨ। ਹਥੋ ਹੱਥ ਲੜਾਈ ਵਿਚ ਸਿੱਖ ਜੋਧਿਆਂ ਦਾ ਕੋਈ ਸਾਨੀ ਨਹੀਂ ਸੀ। ਭਿਅੰਕਰ ਮਾਰਕਾਟ ਦੇ ਵਿੱਚ-ਬੋਲੇ ਸੋ ਨਿਹਾਲ ਸਤਿ ਸ਼੍ਰੀ ਅਕਾਲ ਅਜੇ ਦੂਜੇ ਪਾਸੇ ਜਾ ਕੇ ਕਿਹਾ ਸੀ। ਸੈਕੜੇ ਫੌਜੀ ਦੋਹਾਂ ਪਾਸਿਆਂ ਵਿਚ ਹੱਥੋ ਹੱਥ ਲੜਾਈ ਵਿੱਚ ਵੱਢੇ ਟੁੱਕੇ ਜਾ ਰਹੇ ਸਨ ਅਤੇ ਧਰਤੀ ਤੇ ਡਿਗ ਰਹੇ ਸਨ। ਘੋੜਿਆਂ ਦੇ ਹਿਣਕਣ ਅਤੇ ਵਜ਼ੀਰ ਖਾਨ ਦੇ ਹਾਥੀਆਂ ਦੇ ਚਿੰਘਾੜਨ ਦੀ ਆਵਾਜ ਵਿੱਚ ਇਨਸਾਨਾ ਦੀ ਚੀਕ ਪੁਕਾਰ ਦਬ ਕੇ ਰਹਿ ਗਈ ਸੀ।

ਹੁਣ ਇਕ ਅਜਿਹਾ ਸਮਾਂ ਜਦੋਂ ਨਾਅਰੇ ਬੰਦ ਹੋ ਗਏ ਅਤੇ ਦੋਹਾਂ ਤਰਫਾਂ ਦੇ ਸੈਨਿਕ ਆਪਣੀਆਂ ਅੱਖਾਂ ਸਾਹਮਣੇ ਭਾਲੇ ਅਤੇ ਤਲਵਾਰ ਤਾਣੇ ਹੋਏ ਦੁਸ਼ਮਣ ਦੇ ਸਰੀਰ ਨੂੰ ਕੱਟਣ ਵੱਢਣ ਲੱਗ ਪਏ। ਹਾਥੀਆਂ ਨੇ ਅੱਗੇ ਵਧਕੇ ਸਿਖ ਸੈਨਕਾਂ ਮਿੱਧਣਾ ਸ਼ੁਰੂ ਕੀਤਾ। ਇਸ ਦਾ ਵੀ ਸਿੱਖ ਯੋਧਿਆਂ ਕੋਲ ਜਵਾਬ ਸੀ। ਦੋ ਦੋ ਸਿੱਖ ਸੈਨਕਾਂ ਦੀ ਜੋੜੀ ਇਕ ਇਕ ਹਾਥੀ ਨਾਲ ਭਿੜ ਗਈ। ਜਦੋ ਇਕ ਸੈਨਿਕ ਹਾਥੀ ਦੇ ਅੱਗੇ ਆਕੇ ਲਲਕਾਰਦਾ, ਦੂਜਾ ਪਿਛੋਂ ਹਾਥੀ ਦੀ ਪੂਛ ਫੜ ਕੇ ਹਾਥੀ ਤੇ ਜਾ ਚੜਦਾ ਅਤੇ ਹਾਥੀ ਤੇ ਸਵਾਰ ਮੁਗਲ ਫੌਜੀ ਨੂੰ ਮਾਰ ਮੁਕਾਂਦਾ ਨਾਲ ਹੀ ਮਹਾਵਤ ਨੂੰ ਮਾਰ ਸੁੱਟਦਾ। ਹਾਥੀ ਨੂੰ ਮੂੰਹ ਪਿਛੇ ਨੂੰ ਮੋੜ ਕੇ ਮੁਗਲ ਫੌਜਾਂ ਉੱਤੇ ਹੀ ਚੜਾ ਦਿੰਦੇ। ਪਹਿਲਾਂ ਇਕ, ਫਿਰ ਦੋ, ਚਾਰ ਅਤੇ ਫਿਰ ਕਈ ਹਾਥੀ ਆਪਣੀਆਂ ਫੌਜਾਂ ਦੇ ਪਿਛੇ ਹੀ ਪੈ ਗਏ।

ਬੰਦਾ ਬਹਾਦਰ ਦੇ ਤੀਰ ਅੰਦਾਜ਼ਾਂ ਨੇ ਤੀਰ ਕਮਾਨ ਛਡ ਦਿੱਤੇ ਅਤੇ ਉਹ ਤਲਵਾਰ ਬਾਜੀ ਕਰਨ ਲਗੇ। ਉਸ ਨੇ ਇਸ ਘਮਸਾਨ ਯੁਧ ਦੇ ਵਿਚ ਹੀ ਚਾਰੇ ਪਾਸੇ ਨਜਰ ਦੌੜਾਈ ਅਤੇ ਬਿਨਾ ਸਮਾਂ ਗੁਆਏ ਚਾਲੀ-ਪੰਜਾਹ ਤੀਰ ਅੰਦਾਜਾਂ ਦੀ ਟੁਕੜੀ ਨੂੰ ਆਪਣੇ ਕੋਲ ਬੁਲਾ ਲਿਆ। ਉਸ ਨੇ ਹੁਕਮ ਦਿੱਤਾ ਕਿ ਤੀਰ ਕਮਾਨ ਰਾਹੀਂ ਵਜੀਰ ਖਾਨ ਦੇ ਹਾਥੀਆਂ ਦੀ ਸੁੰਡ ਅਤੇ ਗਲੇ ਦੇ ਵਿਚਕਾਰਲੇ ਹਿੱਸੇ ਉੱਤੇ ਤੀਰ ਮਾਰੇ ਜਾਣ। ਆਪਣੇ ਮੋਢੇ ਤੋਂ ਕਮਾਣ ਲਾਹ ਕੇ ਅਤੇ ਤਰਕਸ਼ ਵਿਚੋਂ ਤੀਰ ਕਢ ਕੇ ਆਪਣੇ ਪੱਕੇ ਨਿਸ਼ਾਨੇ ਨਾਲ ਦੋ ਤਿੰਨ ਹਾਥੀ ਫੁੰਡ ਕੇ ਦੱਸੇ। ਬਸ ਫਿਰ ਕੀ ਸੀ। ਤੀਰਅੰਦਾਜਾਂ ਨੇ ਹਾਥੀਆਂ ਉਪਰ ਐਸੇ ਤਾਬੜ ਤੋੜ ਹਮਲੇ ਕੀਤੇ ਕਿ ਹਾਥੀ ਪਿੱਛੇ ਮੁੜ ਕੇ ਆਪਣੀ ਹੀ ਫੌਜ ਨੂੰ ਮਾਰਨ ਲੱਗ ਗਏ।

ਜੰਗ ਸ਼ੁਰੂ ਹੋਇਆਂ ਲਗਭਗ ਇਕ ਪਹਿਰ ਹੋ ਗਿਆ ਸੀ। ਇਸ ਵੇਲੇ ਭਿਅੰਕਰ ਮਾਰਕਾਟ ਹੋ ਰਹੀ ਸੀ। ਦੋਵੇਂ ਫੌਜਾਂ ਇੱਕ ਦੂਜੀ ਵਿੱਚ ਇੰਜ ਧਸੀਆ ਹੋਈਆਂ ਸਨ ਕਿ ਪਤਾ ਹੀ ਨਹੀਂ ਸੀ ਚਲ ਰਿਹਾ ਕਿ ਲੜਾਈ ਦਾ ਰੁਖ ਕਿਸ ਤਰਫ ਹੈ। ਜੀ ਜਾਨ ਨਾਲ ਤੀਰ ਵਰਾਉਂਦਿਆਂ ਅਤੇ ਵਿੱਚ ਵਿੱਚ ਤਿੰਨਾ ਪਾਸਿਆਂ ਤੋਂ ਯੁੱਧ ਦਾ ਜਾਇਜ਼ਾ ਲੈਦਿਆਂ ਬੰਦਾ ਬਹਾਦਰ ਨੂੰ ਵੀ ਇਹ ਸੋਚਣਾ ਪਿਆ ਕਿ ਉਹ ਇਸ ਯੁਧ ਵਿੱਚ ਹੁਣ ਕੀ ਨੀਤੀ ਅਪਣਾਵੇ। ਖਬੇ ਪਾਸੇ ਤੋਂ ਸ਼ੇਰ ਖਾਨ ਨੇ ਵਿਨੋਦ ਸਿੰਘ ਦੀਆਂ ਫੌਜਾਂ ਨੂੰ ਪੂਰੀ ਤਰ੍ਹਾਂ ਦਬਾ ਰਖਿਆ ਸੀ ਅਤੇ ਵਿਨੋਦ ਸਿੰਘ ਸ਼ੇਰ ਖਾਂ ਦੇ ਘੋੜ ਸਵਾਰ ਅਤੇ ਤਜਰਬੇਕਾਰ ਪਿਆਦਿਆਂ ਦੇ ਆਮਣੇ ਸਾਹਮਣੇ ਵਜੀਰ ਖਾਂ ਦੀ ਫੋਜ ਪੂਰੀ ਮੁਸਤੈਦੀ ਨਾਲ ਲੜ ਰਹੀ ਸੀ। ਭਾਵੇਂ ਹਾਥੀਆਂ ਦੇ ਪਿੱਛੇ ਮੁੜ ਜਾਣ ਕਾਰਨ ਉਸ ਵਿੱਚ ਥੋੜੀ ਬੇਚੈਨੀ ਸੀ। ਅਜਿਹੇ ਸਮੇ ਉਹ ਨਿਰਣਾਇਕ ਪਲ ਆ ਗਿਆ ਜਦੋਂ ਲੜਾਈ ਦਾ ਉਹ ਪਲ ਪੁੱਜਾ ਜਿਸ ਦੇ ਆਉਦਿਆਂ ਹੀ ਯੁਧ ਦੂਜੇ ਪਾਸੇ ਮੁੜਨ ਲਗ ਪਿਆ।

ਖਬੇ ਪਾਸੇ ਤੋਂ ਜੋਰ ਦਾ ਰੋਲਾ ਉਲਿਆ ਬੋਲੇ ਸੋ ਨਿਹਾਲ ਸਤਿ ਸ਼੍ਰੀ ਅਕਾਲ ਇਹ ਸ਼ੋਰ ਇਕ ਦਮ ਹੀ ਵਧ ਗਿਆ ਅਤੇ ਵੇਖਣ ਵਾਲਿਆਂ ਨੂੰ ਵੀ ਪਤਾ ਨਾ ਲੱਗਾ ਕਿ ਖੱਬੇ ਜੰਗ ਵਿਚ ਕਿਹੜੀ ਨਿਰਣਾਇਕ ਘਟਨਾ ਵਾਪਰ ਗਈ ਹੈ। ਤੀਰ ਚਲਾਂਉਦਿਆ ਚਲਾਉਂਦਿਆ ਬੰਦੇ ਨੇ ਤੇਜ਼ੀ ਨਾਲ ਮੁੜਕੇ ਵੇਖਿਆ। ਸਾਹਮਣੇ ਵਾਲਾ ਦ੍ਰਿਸ਼ ਉਸ ਵਿਚ ਉਤਸ਼ਾਹ ਭਰਨ ਵਾਲਾ ਸੀ। ਬਾਜ ਸਿੰਘ ਦੇ ਸਿਪਾਹੀਆਂ ਨੇ ਘਮਸਾਨ ਦੇ ਯੁਧ ਤੋਂ ਬਾਦ ਸੁੱਚਾ ਨੰਦ ਦੀਆਂ ਫੌਜਾ ਦਾ ਮੂੰਹ ਪਿੰਛੇ ਨੂੰ ਮੋੜ ਦਿੱਤਾ ਸੀ। ਸੁੱਚਾ ਨੰਦ ਦੀਆਂ ਫੌਜ਼ਾਂ ਮੈਦਾਨ ਤੋਂ ਭੱਜ ਰਹੀਆਂ ਸਨ ਅਤੇ ਅਕਾਲ-ਅਕਾਲ ਦੇ ਨਾਰੇ ਨਾਲ ਬਾਜ ਸਿੰਘ ਦੇ ਸਿਪਾਹੀ ਉਹਨਾਂ ਦੇ ਪਿਛੇ ਲੱਗੇ ਹੋਏ ਸਨ। ਤੀਰ-ਤਲਵਾਰ-ਭਾਲਾ ਜੋ ਵੀ ਹੱਥ ਵਿੱਚ ਸੀ ਉਸ ਨਾਲ ਮਾਰਾ ਮਾਰੀ ਕਰ ਰਹੇ ਸਨ, ਕੋਈ ਬਚੇ ਨਾ ਬਾਜ ਸਿੰਘ ਚੀਕ ਰਿਹਾ ਸੀ। ਵੇਖਦਿਆਂ ਵੇਖਦਿਆਂ ਸੁੱਚਾ ਨੰਦ ਦੇ ਪਿਆਦੇ ਪੂਰੀ ਹਾਰ ਮੰਨਦਿਆ ਮੈਦਾਨ ਤੋਂ ਭੱਜ ਰਹੇ ਸਨ ਤੇ ਕੋਈ ਚਾਰ ਹਜ਼ਾਰ ਸਿੱਖ ਸਿਪਾਹੀ ਉਹਨਾਂ ਪਿੱਛੇ ਦੌੜੇ ਜਾ ਰਹੇ ਸਨ।

ਬਾਜ ਸਿੰਘ ਨੇ ਉੱਚੀ ਅਵਾਜ ਵਿੱਚ ਆਪਣੇ ਸਿਪਾਹਸਲਾਰਾਂ ਨੂੰ ਰੋਕਿਆ। ਅੱਧੇ ਸੈਨਿਕਾਂ ਨੂੰ ਪਿੱਛਾ ਕਰਨ ਦਿੱਤਾ ਅਤੇ ਬਾਕੀ ਅੱਧੇ ਲੈ ਕੇ ਤੇਜ਼ੀ ਨਾਲ ਉਹ ਵਜੀਰ ਖਾਂ ਦੀਆਂ ਫੌਜਾਂ ਦੇ ਪਿੱਛੇ ਪੈ ਗਿਆ। ਕੋਈ ਦੋ ਸੌ ਸੈਨਿਕ ਤੋਪ ਖਾਨੇ ਉਤੇ ਟੁੱਟ ਪਏ ਅਤੇ ਹਰ ਤੋਪ ਦੇ ਇਕ-ਇਕ ਤੋਪਚੀ ਨੂੰ ਕਾਬੂ ਕਰਨ ਤੋਂ ਬਾਦ ਬਾਕੀਆਂ ਨੂੰ ਮਾਰ ਮੁਕਾਇਆ। ਬਾਕੀ ਸਿਪਾਹੀਆਂ ਨੇ ਪਹਿਲਾਂ ਵਜੀਰ ਖਾਨ ਅਤੇ ਫਿਰ ਸ਼ੇਰ

ਖਾਨ ਦੀਆਂ ਫੌਜਾਂ ਤੇ ਪਿੱਛੋਂ ਹਮਲਾ ਕਰ ਦਿੱਤਾ।

ਸ਼ੇਰ ਖਾਨ ਦੇ ਕੁਝ ਸੈਨਿਕ ਪਿਛੇ ਮੁੜੇ ਅਤੇ ਫਿਰ ਪਿਛੇ ਮੁੜਨ ਦੀ ਇਹ ਲਹਿਰ ਅਗਲੀ ਕਤਾਰ ਤਕ ਜਾ ਪਹੁੰਚੀ। ਵਿਨੋਦ ਸਿੰਘ ਉੱਤੇ ਹਮਲੇ ਦਾ ਦਬਾਵ ਇੱਕ ਦਮ ਘਟ ਗਿਆ। ਜਿਵੇਂ ਕੋਈ ਕਮਾਨੀ ਬਹੁਤ ਦੇਰ ਦਬ ਕੇ ਇੱਕ ਦਮ ਸਿੱਧੀ ਹੁੰਦੀ ਹੈ ਵਿਨੋਦ ਸਿੰਘ ਦੀਆਂ ਫੋਜਾਂ ਨੇ ਦਬਾਵ ਤੋਂ ਮੁਕਤ ਹੁੰਦਿਆ ਹੀ ਸ਼ੇਰ ਖਾਨ ਦੀ ਫੌਜ ਤੇ ਇੱਕ ਦਮ ਮਾਰੂ ਹਮਲਾ ਕੀਤਾ। ਬੰਦਾ ਬਹਾਦਰ ਨੇ ਆਪਣੀਆਂ ਕੁਝ ਟੁਕੜੀਆਂ ਨਾਲ ਖੱਬੇ ਹਮਲਾ ਕਰ ਦਿੱਤਾ। ਉਧਰ ਵਜ਼ੀਰ ਖਾਨ ਦੀ ਫੌਜ ਕਾਫੀ ਪਿੱਛੇ ਜਾ ਚੁਕੀ ਸੀ। ਬੰਦਾ ਬਹਾਦਰ ਦੇ ਸਿਪਾਹੀਆਂ ਨੇ ਆਪਣੀਆਂ ਜਾਨਬਾਜੀ ਵਾਲੀਆਂ ਹਰਕਤਾਂ ਨਾਲ ਹਾਥੀਆਂ ਦੇ ਮੂੰਹ ਮੋੜ ਦਿੱਤੇ ਸਨ। ਵਜ਼ੀਰ ਖਾਨ ਦੀ ਫੌਜ ਵਿਚ ਕਰੜੀ ਹਫੜਾ-ਦਫੜੀ ਫੈਲੀ ਅਤੇ ਵੇਖਦਿਆਂ ਵੇਖਦਿਆਂ ਉਸ ਵਿੱਚ ਭਗਦੜ ਮੱਚ ਗਈ। ਬੰਦੇ ਦੇ ਵੱਖਰੇ ਸੈਨਿਕ ਹੁਣ ਖੱਬੇ ਪਾਸੇ ਸਮਾ ਕੇ ਸ਼ੇਰ ਖਾਨ ਤੇ ਹਰ ਪਾਸਿਓਂ ਹਮਲਾ ਕਰਨ ਲਗੇ। ਅਜਿਹੇ ਸਮੇਂ ਸਾਰੀਆਂ ਫੌਜਾਂ ਦੇ ਖੱਬੇ ਮੋਰਚੇ ਤੇ ਇੱਕਠੇ ਹੋਣ ਕਰਕੇ ਦੋਹਾਂ ਫੌਜਾਂ ਦੇ ਮੁਖੀ ਆਹਮੋ-ਸਾਹਮਣੇ ਆ ਖੜੇ ਹੋਏ।

ਜੰਗ ਦੇ ਲਗਭਗ ਡੇਢ ਪਹਿਰ ਬਾਦ ਖਾਲੀ ਹੁੰਦੇ ਮੈਦਾਨ ਵਿੱਚ ਬੰਦੇ ਨੇ ਅਚਾਨਕ ਵੇਖਿਆ ਕਿ ਆਪਣੇ 50 ਪਿਆਦਿਆਂ ਨਾਲ ਵਜ਼ੀਰ ਖਾਨ ਖੁਦ ਉਸ ਦੇ ਸਾਹਮਣੇ ਖੜਾ ਹੈ। ਬੰਦਾ ਬਹਾਦਰ ਨੇ ਵੀ ਲਗਭਗ ਇੰਨੇ ਕੁ ਸੈਨਿਕ ਆਪਣੇ ਕੋਲ ਰੱਖ ਕੇ ਬਾਕੀ ਖੱਬੇ ਮੋਰਚੇ ਵੱਲ ਭੇਜ ਦਿਤੇ ਸਨ। ਫਤਹਿ ਸਿੰਘ ਅਤੇ ਬਾਜ ਸਿੰਘ ਬੰਦਾ ਬਹਾਦਰ ਦੇ ਮੋਰਚੇ ਦੇ ਖੱਬੇ ਤੈਨਾਤ ਸਨ। ਇਸ ਇਤਿਹਾਸਕ ਘੜੀ ਵਿੱਚ ਇਹ ਕੁਝ ਹੈਰਾਨੀ ਭਰਿਆ ਸੀ ਅਤੇ ਕੁਝ ਇਹ ਭਰੋਸਾ ਕਿ ਥੋੜੀ ਦੇਰ ਵਿੱਚ ਇਤਿਹਾਸ ਪਲਟਣ ਵਾਲਾ ਹੈ।

ਵਜ਼ੀਰ ਖਾਨ ਨੇ ਆਪਣੀਆਂ ਅੱਖਾਂ ਵਿੱਚ ਮੌਤ ਨੂੰ ਵੇਖਦਿਆਂ ਆਪਣੀ ਨਿਜੀ ਸੁਰਖਿਆ ਦੇ ਸਾਰੇ ਖਿਆਲ ਛੱਡ ਦਿੱਤੇ ਅਤੇ ਤਾਜ ਸਿੰਘ ਉੱਤੇ ਜ਼ਖਮੀ ਸ਼ੇਰ ਵਾਂਗੂੰ ਟੁੱਟ ਕੇ ਪੈ ਗਿਆ। ਕੋਈ ਦਸ ਹੱਥ ਦੂਰੀ ਤੋਂ ਆਪਣੇ ਘੋੜੇ ਤੋਂ ਵਜੀਰ ਖਾਂ ਨੇ ਆਪਣਾ ਬਰਛਾ ਬਾਜ ਸਿੰਘ ਵੱਲ ਮਾਰਿਆ ਨਾਲ ਹੀ ਤਲਵਾਰ ਲੈ ਕੇ ਉਸ ਵੱਲ ਘੋੜਾ ਦੁੜਾ ਦਿੱਤਾ। ਪਰ ਬਾਜ ਸਿੰਘ ਨੇ ਫੁਰਤੀ ਨਾਲ ਆਪਣਾ ਬਚਾ ਕੀਤਾ ਅਤੇ ਆਪਣਾ ਬਰਛਾ ਵਜੀਰ ਖਾਂ ਵੱਲ ਸੁਟਿਆ। ਵਜੀਰ ਖਾਂ ਦਾ ਘੋੜਾ ਲਹੂ ਲੁਹਾਣ ਹੋ ਕੇ ਜ਼ਮੀਨ ਤੇ ਡਿੱਗ ਪਿਆ। ਅਜੇ ਵਜੀਰ ਖਾਂ ਸੰਭਲਣ ਦੀ ਕੋਸ਼ਿਸ਼ ਕਰ ਹੀ ਰਿਹਾ ਸੀ ਕਿ ਬੰਦਾ ਬਹਾਦਰ ਨੇ ਸਾਹਮਣਿਉਂ ਆ ਕੇ ਤਲਵਾਰ ਦੇ ਇਕ ਵਾਰ ਨਾਲ ਹੀ

ਵਜੀਰ ਖਾਂ ਨੂੰ ਮੋਢੇ ਤੋਂ ਕਮਰ ਤੱਕ ਵੱਢ ਦਿੱਤਾ। ਵਜੀਰ ਖਾਂ ਦਾ ਸਿਰ ਬੁੜਕ ਕੇ ਧਰਤੀ ਤੇ ਡਿੱਗ ਪਿਆ। ਇੱਕ ਸਿੰਘ ਸਿਪਾਹੀ ਨੇ ਉਸ ਦਾ ਸਿਰ ਆਪਣੇ ਬਰਛੇ ਤੇ ਟੰਗ ਲਿਆ ਤੇ ਦੋ ਹੋਰ ਸਿਪਾਹੀਆਂ ਦੀ ਮਦਦ ਨਾਲ ਹਾਥੀ ਤੇ ਚੜ੍ਹ ਗਿਆ। ਹੌਦੀ ਵਿਚ ਖੜ੍ਹੇ ਹੋ ਕੇ ਵਜੀਰ ਖਾਂ ਦਾ ਸਿਰ ਹਵਾ ਵਿਚ ਲਹਿਰਾ ਕੇ ਮੁਗਲ ਫੌਜਾਂ ਨੂੰ ਵਿਖਾਇਆ। 'ਬੋਲੇ ਸੋ ਨਿਹਾਲ' ਦੇ ਜ਼ੋਰਦਾਰ ਨਾਹਰਿਆਂ ਵਿੱਚ ਮੁਗਲ ਫੌਜਾਂ ਨੇ ਵਜੀਰ ਖਾਂ ਦਾ ਸਿਰ ਵੇਖਿਆ ਤਾਂ ਉਹਨਾਂ ਨੇ ਆਪਣੀ ਹਾਰ ਮੰਨ ਲਈ। ਖੱਬੇ ਮੋਰਚੇ ਉੱਤੇ ਕੁਝ ਮੁਗਲ ਸੈਨਿਕ ਚਾਰੇ ਪਾਸਿਆਂ ਤੋਂ ਘਿਰੇ ਲੜਾਈ ਜਾਰੀ ਰੱਖਣ ਦੀ ਬੇਕਾਰ ਕੋਸ਼ਿਸ਼ ਕਰ ਰਹੇ ਸਨ ਪਰ ਸਿੱਖ ਜੋਧਿਆਂ ਨੇ ਜ਼ੋਰਦਾਰ ਹਮਲਾ ਕਰਕੇ ਸਾਰਿਆਂ ਨੂੰ ਮਾਰ ਦਿੱਤਾ। ਲੜਾਈ ਦਾ ਰੁੱਖ ਪਲਟਦਾ ਵੇਖ ਕੇ ਸ਼ੇਰ ਖਾਨ ਪਹਿਲਾਂ ਹੀ ਤਲਵਾਰ ਲੈ ਕੇ ਜੰਗ ਵਿਚ ਕੁੱਦ ਪਿਆ ਸੀ ਪਰ ਛੇਤੀ ਹੀ ਉਹ ਵੀ ਮਾਰਿਆ ਗਿਆ। ਫਿਰ ਇਹਨਾ ਮੁਗਲ ਸੈਨਿਕਾਂ ਉੱਤੇ ਐਸੀ ਭਿਅੰਕਰ ਮਾਰ ਕਾਟ ਮੱਚੀ ਕਿ ਸ਼ਾਇਦ ਹੀ ਕੋਈ ਮੁਗਲ ਸਿਪਾਹੀ ਹੋਵੇ ਜਿਹੜਾ ਛਪੱੜ-ਝਿੜੀ ਦੇ ਮੈਦਾਨ ਵਿਚੋਂ ਜੀਉਂਦਾ ਨਿਕਲਿਆ ਹੋਵੇ।

ਜਿੱਤ ਦੇ ਨਸ਼ੇ ਨਾਲ ਭਰੇ ਸਿੱਖਾਂ ਨੇ ਮੁਗਲਾਂ ਨੂੰ ਇਥੇ ਹੀ ਨਹੀਂ ਛੱਡਿਆ। ਹਾਲਾਂਕਿ ਪਹਿਲਾ ਗੋਲਾ ਪਹਿਲੇ ਪਹਿਰ ਦਾਗਿਆ ਗਿਆ ਸੀ ਹੁਣ ਦੁਪਹਿਰ ਤੋਂ ਬਾਦ ਦਾ ਸਮਾਂ ਸੀ ਪਰ ਸਿੱਖ ਸੈਨਿਕਾਂ ਦੀ ਸ਼ਕਤੀ ਮਾਨੋ ਵਧੀ ਹੀ ਜਾ ਰਹੀ ਸੀ। ਮੁਗਲ ਸੈਨਿਕਾਂ ਨੂੰ ਮਰਿਆ-ਅੱਧ ਮਰਿਆ ਛੱਡ ਕੇ ਭੱਜਦੇ ਹੋਏ ਮੁਗਲਾਂ ਦਾ ਪਿੱਛਾ ਕੀਤਾ। ਉਹਨਾਂ ਦੇ ਪਿੱਛੇ ਪਿੱਛੇ ਲੁੱਟ ਦੇ ਸ਼ਕੀਨ ਵੀ ਪਿਛੇ ਪਿਛੇ ਚੱਲ ਪਏ। ਸ਼ਾਮ ਹੁੰਦਿਆਂ ਬਾਜ ਸਿੰਘ ਦੇ ਸਿੱਖ ਜੋਧੇ ਸਰਹੰਦ ਪਹੁੰਚ ਗਏ।

ਅਤੇ ਕਿਲੇ ਨੂੰ ਚਾਰ ਪਾਸੇ ਤੋਂ ਘੇਰ ਲਿਆ। ਸਿੱਖ ਸੈਨਾ ਰਾਤ ਨੂੰ ਹੀ ਸਰਹੰਦ ਵਿਚ ਦਾਖਲ ਹੋ ਜਾਂਦੀ ਪਰ ਉਸ ਸਮੇਂ ਪਰਕੋਟੇ ਤੇ ਚੜਾਈਆਂ ਛੋਟੀਆਂ ਤੋਪਾਂ ਅਤੇ ਇੱਕ ਵੱਡੀ ਤੋਪ ਨੇ ਉਹਨਾਂ ਦਾ ਰਾਹ ਰੋਕ ਲਿਆ।

ਪਿਛੇ ਆਉਣ ਵਾਲੀਆਂ ਵਿਨੋਦ ਸਿੰਘ ਅਤੇ ਬੰਦਾ ਬਹਾਦਰ ਦੀਆਂ ਫੌਜਾਂ ਨੇ ਬਚੇ ਖੁਚੇ ਸੈਨਕਾਂ ਨੂੰ ਮੈਦਾਨ ਵਿਚ ਹੀ ਖਤਮ ਕਰ ਦਿੱਤਾ। ਇਹੋ ਹੀ ਨਹੀਂ 16 ਮੀਲ ਦੇ ਰਾਹ ਵਿੱਚ ਜਿੱਥੇ ਕਿਤੇ ਮੁਗਲ ਸੈਨਿਕ ਹੱਥ ਆਏ ਉਨ੍ਹਾਂ ਨੂੰ ਮਾਰ ਮੁਕਾਇਆ।

ਸ਼ਾਮ ਤਕ ਸਰਹੰਦ ਦੇ ਪਰਕੋਟੇ ਤਕ ਪਹੁੰਚਣ ਤੇ ਬੰਦੇ ਨੇ ਵੇਖਿਆ ਕਿ ਸਿੱਖ ਸੈਨਿਕ ਪਰਕੋਟੇ ਦੇ ਮੁਖ ਦਰਵਾਜ਼ੇ ਤੇ ਅੰਧਾਧੁੰਦ ਹਮਲਾ ਕਰ ਰਹੇ ਸਨ ਅਤੇ ਕਿਲੇ ਦੇ ਇਕ ਪਾਸੇ ਉਪਰ ਰਖੀ ਗਈ ਤੋਪ ਨਾਲ ਲਗਾਤਾਰ ਮਾਰੇ ਜਾ ਰਹੇ ਸਨ। ਰਾਤ ਹੋ

ਗਈ ਸੀ ਇਸ ਲਈ ਫਜ਼ੂਲ ਨੁਕਸਾਨ ਤੋਂ ਬਚਣ ਲਈ ਫੌਜਾਂ ਨੂੰ ਹੁਕਮ ਕੀਤਾ ਕਿ ਹੁਣ ਆਰਾਮ ਕਰਨ ਅਗਲੇ ਦਿਨ ਲੜਾਈ ਬਾਰੇ ਸੋਚਿਆ ਜਾਵੇਗਾ।

ਅੰਤ ਚੌਵੀ ਮਈ ਨੂੰ ਬੰਦਾ ਬਹਾਦਰ ਦੀਆਂ ਸੈਨਾਵਾਂ ਤਿਆਰ ਹੋ ਗਈਆਂ ਅਤੇ ਕਿਲੇ ਦੀ ਦੀਵਾਰ ਤੇ ਹਮਲਾ ਬੋਲ ਦਿੱਤਾ। ਜਿਸ ਤੋਪ ਨੇ ਪਹਿਲੇ ਦਿਨ ਕਰੀਬ ਢਾਈ ਸੌ ਸਿਖ ਸੈਨਿਕਾਂ ਨੂੰ ਸ਼ਹੀਦ ਕੀਤਾ ਸੀ ਉਸ ਨੇ ਫਿਰ ਅੱਗ ਵਰ੍ਹਾਣੀ ਸ਼ੁਰੂ ਕਰ ਦਿੱਤੀ। ਬੰਦੇ ਨੇ ਬਾਰਾਂ ਚੁਣੇ ਹੋਏ ਬਰਕਅੰਦਾਜ਼ਾਂ ਨੂੰ ਤਿਆਰ ਕੀਤਾ ਜਿਹੜੇ ਤੀਰਾਂ ਅਤੇ ਗੋਲੀਆਂ ਦੀ ਵਰਖਾ ਦੇ ਓਹਲੇ ਵਿੱਚ ਨੇੜਲੇ ਟਿੱਲੇ ਤੇ ਚੜ੍ਹ ਗਏ। ਤਿੰਨ-ਤਿੰਨ ਸੈਨਿਕਾਂ ਨੇ ਤੇਜ਼ੀ ਨਾਲ ਇੱਕ ਤੋਂ ਬਾਦ ਇਕ ਤੋਪ ਤੇ ਤੈਨਾਤ ਮੁਗਲਾਂ ਉੱਤੇ ਗੋਲੀਆਂ ਚਲਾਈਆਂ ਅਤੇ ਸਾਰਿਆਂ ਨੂੰ ਮਾਰ ਦਿੱਤਾ। ਫਿਰ ਕੀ ਸੀ। ਸਿੱਖਾਂ ਦੇ ਝੁੰਡ ਦੇ ਝੁੰਡ ਕਈ ਕਈ ਪੌੜੀਆਂ ਲਾ ਕੇ ਕਿਲੇ ਦੀ ਦੀਵਾਰ ਤੇ ਜਾ ਚੜ੍ਹੇ। ਇੱਕ ਜੱਥੇ ਨੇ ਮੁੱਖ ਦੁਆਰ ਅੰਦਰੋਂ ਖੋਲ੍ਹ ਦਿੱਤਾ ਅਤੇ 'ਅਕਾਲ ਅਕਾਲ ਦੇ ਨਾਹਰਿਆਂ ਨਾਲ ਸਾਰੀ ਸਿੰਘ ਫੌਜ ਅੰਦਰ ਆ ਗਈ। ਵੇਖਦਿਆਂ ਵੇਖਦਿਆਂ ਸ਼ਹਿਰ ਦੀਆਂ ਸਾਰੀਆਂ ਸੜਕਾਂ ਹਵੇਲੀਆਂ ਅਤੇ ਬਾਜ਼ਾਰਾਂ ਵਿਚ ਸਿੱਖ ਸਿਪਾਹੀ ਛਾ ਗਏ। ਜਿੱਥੇ ਕਿਤੇ ਮੁਗਲ ਸਿਪਾਹੀ ਨਜ਼ਰ ਆਏ। ਉਹਨਾਂ ਨੂੰ ਉੱਥੇ ਹੀ ਖਤਮ ਕਰ ਦਿੱਤਾ।

ਬੰਦਾ ਬਹਾਦਰ ਵੀ ਪਿੱਛੇ ਨਹੀਂ ਸੀ। ਅਰਬੀ ਘੋੜੇ ਤੇ ਸਵਾਰ ਉਸ ਨੇ ਸਿੱਖ ਸ਼ਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੀ ਹਵੇਲੀ ਦਾ ਰੁਖ ਕੀਤਾ। ਉਸ ਦੀਵਾਰ ਨੂੰ ਵੇਖ ਕੇ ਜਿਵੇਂ ਉਸ ਨੂੰ ਜਨੂੰਨ ਨੇ ਘੇਰ ਲਿਆ। ਉਸ ਨੇ ਆਪਣੀ ਤਲਵਾਰ ਮਿਆਨ ਵਿਚੋਂ ਕਢੀ ਅਤੇ ਹਵਾ ਵਿਚ ਲਹਿਰਾ ਕੇ ਲਲਕਾਰਾ ਮਾਰਿਆ, 'ਇਸ ਨਾਪਾਕ ਸ਼ਹਿਰ ਦੀ ਇੱਟ ਨਾਲ ਇੱਟ ਵਜਾ ਦਿਓ।"

ਹੁਣ ਸਿੱਖਾਂ ਦਾ ਪਹਿਲਾਂ ਨਿਸ਼ਾਨਾ ਘਿਰਣਾਯੋਗ ਹਵੇਲੀ ਸੀ। ਹਥੌੜੇ, ਛੈਣੀਆਂ ਇਥੋਂ ਤੱਕ ਕਿ ਤਲਵਾਰਾਂ ਅਤੇ ਬਰਛਿਆਂ ਨਾਲ ਹੀ ਉਸ ਹਵੇਲੀ ਦੇ ਦੁਆਲੇ ਹੋ ਗਏ। ਇੱਕਾ ਦੁੱਕਾ ਮੁਗਲ ਸੈਨਿਕ ਇਸ ਜਨੂੰਨ ਦੀ ਹਨੇਰੀ ਦੇ ਸਾਹਮਣੇ ਤਿਨਕੇ ਵਾਂਗ ਉੱਡ ਗਏ।

ਲੁਟੇਰੇ ਫੌਜੀਆਂ ਦੇ ਤਾਂ ਜਿਵੇਂ ਪੌਂ ਬਾਰਾਂ ਹੋ ਗਏ। ਸਭ ਤੋਂ ਪਹਿਲਾਂ ਬਾਜ਼ਾਰਾਂ ਦਾ ਰਾਹ ਫੜਿਆ। ਹਰ ਦੁਕਾਨ ਵਿੱਚ ਵੜ ਕੇ ਦੁਕਾਨਦਾਰ ਮਾਰ ਦਿੱਤਾ ਅਤੇ ਦੁਕਾਨ ਨੂੰ ਤਹਿਸ ਨਹਿਸ ਕਰ ਦਿੱਤਾ। ਦੁਕਾਨ ਵਿਚ ਰਖੀ ਕੋਈ ਵੀ ਮੁੱਲਵਾਨ ਚੀਜ਼ ਨਹੀਂ ਛੱਡੀ। ਗੈਰ ਫੌਜੀਆਂ ਇਸਤਰੀਆਂ ਅਤੇ ਬੱਚਿਆਂ ਦੀ ਕਿਸੇ ਦੀ ਵੀ ਜਾਨ ਸੁਰਖਿਅਤ ਨਹੀਂ ਸੀ। ਹਰ ਦੁਕਾਨ ਨੂੰ ਅਖੀਰ ਵਿੱਚ ਅੱਗ ਲਾ ਦਿੱਤੀ। ਵੇਖਦਿਆਂ ਵੇਖਦਿਆਂ ਸਰਹੰਦ ਦੇ ਸਾਰੇ ਬਜ਼ਾਰ ਧੂ ਧੂ ਕਰਕੇ ਸੜਨ ਲੱਗੇ।

ਹਰ ਘਰ ਵਿੱਚ ਕੁੱਟ ਮਾਰ ਕਰਨ ਵਾਲੇ ਜਾ ਦਾਖਲ ਹੋਏ। ਕਤਲੇਆਮ ਇੰਨਾ ਹੋਇਆ ਕਿ ਲਾਸ਼ਾਂ ਦੇ ਢੇਰ ਲੱਗ ਗਏ। ਵਜੀਰ ਖਾਨ ਦੀ ਹਵੇਲੀ ਦੇ ਨਾਲ ਸੁਚਾ ਨੰਦ ਦੇ ਮਹਲ ਨੂੰ ਤਹਿਸ ਨਹਿਸ ਕਰ ਦਿੱਤਾ। ਔਰਤ, ਮਰਦ ਨੌਕਰ ਚਾਕਰ ਸਭ ਮਾਰ ਮੁਕਾਏ। ਮਹਿਲ ਵਿਚੋਂ ਬਹੁਤ ਸਾਰੇ ਹੀਰੇ ਜਵਾਹਾਰਾਤ ਅਤੇ ਸੋਨਾ—ਬਰਾਮਦ ਹੋਇਆ।

ਜਦੋਂ ਮਾਹੌਲ ਠੰਢਾ ਹੋਇਆ ਤਾਂ ਪਤਾ ਚਲਿਆ ਕਿ ਵਜ਼ੀਰ ਖਾਂ ਸਭ ਤੋਂ ਵੱਡਾ ਲੜਕਾ ਛੱਪੜ-ਝਿੜੀ ਨੂੰ ਭੱਜ ਗਿਆ ਸੀ। ਕਾਹਲੀ ਕਾਹਲੀ ਵਿੱਚ ਆਪਣਾ ਖਜਾਨਾ ਨਹੀਂ ਲਿਜਾ ਸਕਿਆ। ਬੰਦਾ ਬਹਾਦਰ ਦੇ ਹੱਥ ਲਗਭਗ ਦੋ ਕਰੋੜ ਰੁਪਏ ਅਤੇ ਸੋਨਾ ਆਦਿ ਆਇਆ। ਬਾਕੀ ਹਵੇਲੀਆਂ ਦਾ ਸਾਰਾ ਮਾਲ ਮੱਤਾ ਸੈਨਿਕਾਂ ਦੇ ਹੱਥ ਲੱਗਾ।

------

# ਫਿਰ ਸੰਨਿਆਸੀ

"ਮੈਂ ਹੁਣ ਥੱਕ ਗਿਆ ਹਾਂ ਗੁਰੂ ਸਾਹਿਬ।"

ਸ਼ਹਿਰ ਦਾ ਸ਼ੋਰ ਅਤੇ ਹਫੜਾ ਦਫੜੀ ਅਟਕਣ ਲੱਗੀ। ਸ਼ਾਮ ਵੇਲੇ ਬੰਦਾ ਬਹਾਦਰ ਨੇ ਵਜੀਰ ਖਾਨ ਦੀ ਹਵੇਲੀ ਦੇ ਬਾਹਰ ਆਪਣਾ ਤੰਬੂ ਗੱਡਿਆ ਹੋਇਆ ਸੀ ਅਤੇ ਉਸ ਦੇ ਇੱਕ ਕੋਨੇ ਵਿੱਚ ਸਮਾਧੀ ਅੰਦਰ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁਖ ਸੀ। ਸ਼ਹਿਰ ਵਿਚ ਥਾਂ ਥਾਂ ਜਿਹੜੀ ਅੱਗ ਲੱਗੀ ਹੋਈ ਸੀ ਉਹ ਹੁਣ ਬੁਝਣ ਲੱਗ ਪਈ ਸੀ। ਸ਼ਾਇਦ ਹੀ ਕਿਸੇ ਘਰ ਵਿੱਚ ਅੱਜ ਚੁੱਲ੍ਹਾ ਬਲਿਆ ਸੀ। ਬਾਜ ਸਿੰਘ ਤੇ ਕੁਝ ਸੈਨਿਕ ਗਸ਼ਤ ਤੇ ਸੀ ਪਰ ਬਾਕੀ ਦੇ ਜੀ ਭਰ ਕੇ ਕਤਲ ਅਤੇ ਲੁੱਟ ਮਾਰ ਕਰਨ ਤੋਂ ਬਾਦ ਥੱਕੇ ਹੋਏ ਸੀ।

"ਤੁਹਾਡਾ ਹੁਕਮ ਮੈਂ ਪੂਰਾ ਕਰ ਦਿੱਤਾ ਹੈ ਗੁਰੂ ਜੀ। ਵੇਖੋ ਕਿਵੇਂ ਆਪ ਦੇ ਬੰਦੇ ਨੇ 25 ਸਿੰਘਾਂ ਦੇ ਵੀਹ ਹਜ਼ਾਰ ਜੋਧੇ ਇਕੱਠੇ ਕਰਕੇ ਮੁਗਲ ਸਾਮਰਾਜ ਖਤਮ ਕਰ ਦਿੱਤਾ ਹੈ। ਅੱਜ ਤੁਹਾਡਾ ਰਾਜ ਪੂਰੇ ਪੰਜਾਬ ਵਿੱਚ ਹੈ। ਆਪ ਆਓ, ਗੁਰੂ ਸਾਹਿਬ ਅਤੇ ਖਾਲਸਾ ਰਾਜ ਦੀ ਨੀਂਹ ਰੱਖੋ।"

ਤੰਬੂ ਵਿਚ ਸਨਾਟਾ ਸੀ। ਬੰਦਾ ਬਹਾਦਰ ਆਪਣੀ ਅਰਦਾਸ ਦੁਹਰਾਂਦਾ ਰਿਹਾ। ਪਰ ਗੁਰੂ ਸ਼ਾਹਿਬ ਨੇ ਦਰਸ਼ਨ ਨਹੀਂ ਦਿੱਤੇ।

"ਹੁਣ ਤੁਹਾਡੇ ਅਤੇ ਸਾਹਿਜ਼ਾਦਿਆਂ ਤੇ ਕੋਈ ਉਂਗਲੀ ਚੁੱਕਣ ਵਾਲਾ ਵੀ ਨਹੀਂ ਰਿਹਾ। ਹੁਣ ਸਾਰੇ ਪਾਸੇ ਤੁਹਾਡਾ ਰਾਜ ਹੈ।"

ਚਿੰਤਨ ਨੂੰ ਤੋੜਦਾ ਹੋਇਆ ਬਾਹਰ ਇੱਕ ਰੌਲਾ ਉਠਿਆ। ਨੇੜੇ ਆਉਂਦਿਆਂ ਆਉਂਦਿਆਂ ਜਿੰਦਾਬਾਦ ਅਤੇ ਹੋਰ ਜੈ ਕਾਰਿਆਂ ਵਿਚ ਬਦਲ ਗਿਆ। ਬੰਦਾ ਬਹਾਦਰ ਤੰਬੂ ਤੋਂ ਬਾਹਰ ਆਇਆ। ਉਸ ਨੂੰ ਵੇਖਦਿਆਂ ਹੀ ਬਾਜ ਸਿੰਘ ਨੇ ਆਵਾਜ਼ ਉਠਾਈ-ਬਾਬਾ ਬੰਦਾ ਸਿੰਘ ਬਹਾਦਰ ਦੀ ਜੈ।"

ਸਾਰੇ ਸੈਨਿਕਾਂ ਨੇ ਇਸ ਅਵਾਜੇ ਨਾਲ ਆਪਣੀ ਆਵਾਜ਼ ਜੋੜੀ ਬੰਦੇ ਨੇ ਹੱਥ ਉੱਤੇ ਚੁੱਕ ਸੈਨਿਕਾਂ ਨੂੰ ਸ਼ਾਂਤ ਰਹਿਣ ਲਈ ਕਿਹਾ।

"ਅੱਜ ਆਪ ਸਭ ਨੇ ਫਤਹਿ ਦਰਸ਼ਨ ਕੀਤਾ ਹੈ। ਇਹ ਤੁਹਾਡੀ ਬਹਾਦਰੀ

ਅਤੇ ਗੁਰੂ ਸਾਹਿਬ ਦੇ ਅਸ਼ੀਰਵਾਦ ਦਾ ਫਲ ਹੈ। ਅੱਜ ਆਪਾਂ ਧਰਮ ਦੇ ਦੁਸ਼ਮਣ ਨੂੰ ਅਜਿਹੀ ਮਾਤ ਦਿੱਤੀ ਹੈ ਕਿ ਉਹ ਇਸ ਨੂੰ ਕਈ ਸਾਲ ਯਾਦ ਰੱਖੇਗਾ। ਅੱਜ ਸਾਰੇ ਆਪਣਾ ਸਮਾਂ ਸਿਮਰਨ ਵਿਚ ਲਾਓ ਅਤੇ ਅੰਤਰ ਮਨ ਤੋਂ ਗੁਰੂ ਜੀ ਦੇ ਅਸ਼ੀਰਵਾਦ ਦੀ ਮੰਗ ਕਰੋ।

"ਤੁਸੀਂ ਹੀ ਸਾਡੇ ਸਭ ਕੁਝ ਹੋ ਬਾਬਾ ਜੀ।" ਇਕ ਸੈਨਿਕ ਦਬੀ ਆਵਾਜ਼ ਵਿਚ ਬੋਲਿਆ। ਕੁਝ ਹੋਰ ਨੇ ਵੀ ਉਸ ਦਾ ਸਾਥ ਦਿੱਤਾ। ਹੱਥ ਖੜ੍ਹਾ ਕਰਕੇ ਬੰਦੇ ਨੇ ਸੈਨਿਕਾਂ ਦੇ ਮੂੰਹ ਬੰਦ ਕੀਤੇ।

"ਕਦੀ ਭੁੱਲ ਕੇ ਵੀ ਅਜਿਹੀ ਗੱਲ ਨਹੀਂ ਕਰਨਾ ਸਿੰਘ! ਮੇਰੇ ਅਤੇ ਤੁਹਾਡੇ ਉੱਤੇ ਗੁਰੂ ਸਾਹਿਬ ਦਾ ਹੱਥ ਹੈ। ਗੁਰੂ ਜੀ ਨੇ ਮੈਨੂੰ ਜਿਹੜਾ ਕੰਮ ਸੌਂਪਿਆ ਸੀ ਇਹ ਉਹਦੀ ਹੀ ਕਿਰਪਾ ਸਦਕਾ ਪੂਰਾ ਹੋਇਆ ਹੈ। ਗੁਰੂ ਉਹੀ ਹੈ ਮੈਂ ਤਾਂ ਉਸ ਦਾ ਦਾਸ ਹਾਂ, ਬੰਦਾ ਹਾਂ।"

"ਤੁਸੀਂ ਕਿੱਥੇ ਜਾ ਰਹੇ ਹੋ ਬਾਬਾ ਜੀ?"

"ਮੈਨੂੰ ਸੌਂਪਿਆਂ ਕੰਮ ਖਤਮ ਹੋ ਗਿਆ ਵਿਨੋਦ ਸਿੰਘ! ਹੁਣ ਮੈਂ ਜਾ ਰਿਹਾ ਹਾਂ ਪਹਾੜਾਂ ਵਿਚ ਫਿਰ ਤੋਂ ਆਮ ਜੀਵਨ ਬਤੀਤ ਕਰਨ ਲਈ। ਮੈਂ ਉਥੋਂ ਹੁਣ ਉਦੋਂ ਹੀ ਆਵਾਂਗਾ ਜਦੋਂ ਫਿਰ ਮੈਨੂੰ ਮੇਰਾ ਧਰਮ-ਕਰਮ ਬੁਲਾਵੇਗਾ। ਬਾਜ ਸਿੰਘ ਅੱਜ ਤੋਂ ਤੁਸੀਂ ਸਰਹੰਦ ਦੇ ਸੂਬੇਦਾਰ ਹੋ ਅਤੇ ਅਲੀ ਸਿੰਘ ਤੁਹਾਡਾ ਨਾਇਬ ਹੋਵੇਗਾ। ਭਾਈ ਫਤਹਿ ਸਿੰਘ ਸਮਾਣਾ ਦਾ ਸੂਬੇਦਾਰ ਅਤੇ ਬਾਬਾ ਵਿਨੋਦ ਸਿੰਘ ਅਤੇ ਰਾਮ ਸਿੰਘ ਥਾਨੇਸਰ ਵਿਚ ਰਹਿ ਕੇ ਉਸ ਇਲਾਕੇ ਦਾ ਪ੍ਰਬੰਧ ਵੇਖਣਗੇ। ਫੌਜ ਦੀਆਂ ਟੁਕੜੀਆਂ ਆਪਸ ਵਿੱਚ ਵੰਡ ਲਵੋ। ਕਿਸੇ ਨੂੰ ਕੋਈ ਘਾਟ ਨਾ ਰਹੇ। ਤੁਹਾਨੂੰ ਸਾਰਿਆਂ ਨੂੰ ਮੇਰੀਆਂ ਸ਼ੁਭਕਾਮਨਾਵਾਂ ਅਤੇ ਗੁਰੂ ਸਾਹਿਬ ਦੀਆਂ ਅਸ਼ੀਸਾਂ ਹਮੇਸ਼ਾਂ ਸਲਾਮਤ ਰੱਖਣ।

ਕੁਝ ਰੁਕ ਕੇ," ਇੱਕ ਗੱਲ ਯਾਦ ਰਹੇ ਬਾਜ ਸਿੰਘ ਅਤੇ ਵਿਨੋਦ ਸਿੰਘ। ਗੁਰੂ ਸਾਹਿਬ ਨੇ ਕੇਵਲ ਮਜਲੂਮ ਦੇ ਹੱਕ ਵਿਚ ਤਲਵਾਰ ਚੁੱਕਣ ਲਈ ਕਿਹਾ ਸੀ। ਇਸ ਲੜਾਈ ਵਿਚ ਜੋ ਹੋਇਆ ਸੋ ਹੋਇਆ, ਹੁਣ ਆਮ ਮੁਸਲਮਾਨ ਨੂੰ ਤੰਗ ਨਾ ਕੀਤਾ ਜਾਵੇ। ਨਾ ਕਿਸੇ ਮਸਜਿਦ ਨੂੰ ਢਾਇਆ ਜਾਵੇ, ਨਾ ਹੀ ਕਿਸੇ ਮੁਸਲਮਾਨ ਦੀ ਕਬਰ ਖੋਦ ਕੇ ਉਸ ਨੂੰ ਅਪਵਿੱਤਰ ਕੀਤਾ ਜਾਵੇ।

ਅਗਲੇ ਦਿਨ ਪ੍ਰਭਾਤ ਵੇਲੇ ਜਦੋਂ ਬੰਦਾ ਬਹਾਦਰ ਤਿਆਰ ਹੋ ਕੇ ਤੰਬੂ ਚੋਂ ਨਿੱਕਲਿਆ ਤਾਂ ਉਸ ਦਾ ਪੰਜਾਹ ਫੌਜੀਆਂ ਦਾ ਨਿੱਜੀ ਦਸਤਾ ਉਸ ਦੀ ਉਡੀਕ ਕਰ ਰਿਹਾ ਸੀ। ਸਾਰੇ ਘੋੜਿਆਂ ਅਤੇ ਟੱਟੂਆਂ ਤੇ ਸਵਾਰ ਸਨ। ਅਜੇ ਹਨੇਰਾ ਸੀ।

ਚਾਰੇ ਪਾਸੇ ਹਵਲੀਆਂ ਵਿਚੋਂ ਕੁਝ ਕੁਝ ਚੰਗਿਆੜੀਆਂ ਅਜੇ ਵੀ ਹਨੇਰੇ ਨੂੰ ਚੀਰਦੀਆਂ ਨਜ਼ਰ ਆ ਰਹੀਆਂ ਸਨ। ਦੂਰੋਂ ਇਕ ਧੂੜ ਨਜ਼ਰ ਆਈ ਅਤੇ ਚੱਲਣ ਲਈ ਤਿਆਰ ਕਾਫਲਾ ਰੁੱਕ ਗਿਆ। ਘੋੜਿਆਂ ਦੀਆਂ ਟਾਪਾਂ ਕੋਲ ਆਈਆਂ ਤੇ ਵੇਖਿਆ ਕਿ ਆਪਣੇ ਹੀ ਸੈਨਕਾਂ ਦਾ ਇੱਕ ਜਥਾ ਸੀ। ਸਾਰੇ ਕੋਲ ਆ ਕੇ ਹੱਥ ਜੋੜ ਕੇ ਖੜੇ ਹੋ ਗਏ। ਬੰਦੇ ਨੇ ਪੁੱਛਿਆ, "ਹੁਣ ਕੀ ਗੱਲ ਹੋਈ ਸੂਬੇਦਾਰ ਬਾਜ ਸਿੰਘ?"

"ਤੁਸੀਂ ਮੈਨੂੰ ਸੂਬੇਦਾਰ ਨਾ ਕਹੋ, ਬਾਬਾ ਜੀ।"

ਅਥਰੂ ਭਰੀਆਂ ਅੱਖਾਂ ਨਾਲ ਬਾਜ ਸਿੰਘ ਬੋਲਿਆ।

"ਸਾਰਾ ਕੁਝ ਸੌਂਪ ਕੇ ਤੁਸੀਂ ਫਿਰ ਸੰਨਿਆਸੀ ਬਣਨ ਜਾ ਰਹੇ ਹੋ।"

ਗੁਰੂ ਸਾਹਿਬ ਦੀ ਆਗਿਆ ਦਾ ਮੈਂ ਪੂਰਾ ਪਾਲਣ ਕੀਤਾ ਹੈ ਬਾਜ ਸਿੰਘ। ਹੁਣ ਮੇਰੀ ਵਾਪਸੀ ਦਾ ਸਮਾਂ ਹੈ।"

"ਤੁਸੀਂ ਸਾਡੇ ਕੋਲ ਹੀ ਠਹਿਰੋ। ਵਜ਼ੀਰ ਖਾਨ ਦੀ ਹਵੇਲੀ।"

ਬੰਦਾ ਬਹਾਦਰ ਨੇ ਉਸਦਾ ਵਾਕ ਵਿਚੋਂ ਹੀ ਕੱਟ ਦਿੱਤਾ।

"ਹਵੇਲੀ ਸੂਬੇਦਾਰ ਦੀ ਹੁੰਦੀ ਹੈ ਬਾਜ਼ ਸਿੰਘ। ਰਹੀ ਗੱਲ ਇਥੇ ਰਹਿਣ ਦੀ। ਮੈਂ ਲੋਹਗੜ੍ਹ ਜਾ ਕੇ ਖਾਲਸਾ ਰਾਜ ਚਲਾਉਣਾ ਹੈ ਜੋ ਸਾਰੇ ਪੰਜਾਬ ਸਤਲੁਜ ਤੋਂ ਲੈ ਕੇ ਜਮਨਾ ਤਕ ਚਲੇਗਾ। ਇਸ ਕੰਮ ਲਈ ਮੈਂ ਚਾਂਦੀ ਦੇ ਕਾਰੀਗਰਾਂ ਨੂੰ ਆਪਣੇ ਨਾਲ ਲਿਜਾ ਰਿਹਾ ਹਾਂ। ਤੁਸੀਂ ਇਹ ਵੇਖਣਾ ਹੈ ਕਿ ਸੱਚੇ ਬਾਦਸ਼ਾਹ ਦਾ ਇਹ ਸਿੱਕਾ ਸਭ ਪਾਸੇ ਪਛਾਣਿਆ ਜਾਇ ਅਤੇ ਵਰਤੋਂ ਵਿਚ ਆਵੇ। ਇਹਦੇ ਨਾਲ ਹੀ ਗੁਰੂ ਸਾਹਿਬ ਦਾ ਕੰਮ ਪੂਰਾ ਹੋਵੇਗਾ। ਬੰਦੇ ਨੇ ਆਪਣੇ ਘੋੜੇ ਨੂੰ ਅੱਡੀ ਲਾਈ।

" ਬਾਬਾ ਬੰਦਾ ਬਹਾਦਰ ਦੀ ਜੈ" ਦੇ ਨਾਹਰੇ ਨਾਲ ਸਵੇਰ ਵੇਲੇ ਰਾਤ ਦਾ ਹਨੇਰਾ ਦੂਰ ਹੋ ਗਿਆ। ਸਖ਼ਤ ਦਿਲ ਹੋਣ ਦੇ ਬਾਵਜੂਦ ਵੀ ਬੰਦਾ ਬਹਾਦਰ ਦਾ ਮਨ ਵੀ ਭਰ ਆਇਆ ਉਸਨੇ ਆਖਰੀ ਨਜ਼ਰ ਇਸ ਨਹਿਸ਼ ਸ਼ਹਿਰ ਤੇ ਮਾਰੀ ਅਤੇ ਆਪਣੇ ਰਸਤੇ ਨੂੰ ਵਧ ਗਿਆ। ਬੰਦਾ ਬਹਾਦਰ ਦੇ ਜਾਣ ਤੋਂ ਬਾਦ ਖੁਸਰ-ਫੁਸਰ ਸ਼ੁਰੂ ਹੋ ਗਈ। ਫਤਹਿ ਸਿੰਘ ਦਾ ਪੁੱਤਰ ਮੀਰੀ ਸਿੰਘ ਬੋਲਿਆ," ਸਾਡੇ ਬਾਬਾ ਜੀ, ਤਾਂ ਗੁਰੂ ਬਣ ਗਏ ਹਨ....।"

" ਸ਼-ਸ਼- ਕੋਈ ਸੁਣ ਲਵੇਗਾ-ਚੁੱਪ।"

ਮੀਰੀ ਸਿੰਘ ਫਿਰ ਬੋਲਿਆ, ਗੁਰੂ ਸਾਹਿਬ ਨੇ ਇਹ ਤਾਂ ਨਹੀਂ ਕਦੀ ਕਿਹਾ ਕਿ ਸਰਹੰਦ ਸ਼ਹਿਰ ਵਿਚ ਕਤਲੇਆਮ ਕਰਾ ਦਿਓ। ਮੈਨੂੰ ਤਾਂ ਜਾਪਦਾ ਹੈ ਕਿ ਸ਼ਹਿਰ ਵਿੱਚ ਕੋਈ ਔਰਤ ਜਾਂ ਬੱਚਾ ਵੀ ਜਿੰਦਾ ਨਹੀਂ ਬਚਿਆ।"

ਤੀਸਰਾ ਵਿਚੋਂ ਹੀ ਬੋਲਿਆ,"ਸਰਦਾਰ ਨੇ ਤਾਂ ਰੋਕਣ ਦੀ ਕੋਸ਼ਿਸ਼ ਕੀਤੀ ਸੀ। ਪਰ ਜੋ ਡਾਕੂ ਲੁਟੇਰੇ ਸਾਡੀ ਫੌਜ ਵਿਚ ਆ ਮਿਲੇ ਉਹ ਕਿਸੇ ਦੇ ਕਹੇ ਤੋ ਨਹੀਂ ਰੁਕੇ।"

"ਲੁਟਮਾਰ ਤਾਂ ਸਭ ਨੇ ਕੀਤੀ ਸੀ," ਚੌਥਾ ਬੋਲਿਆ।

"ਹੁਣ ਕਿਸੇ ਨੂੰ ਕੀ ਦੋਸ਼ ਦੇਂਵੇਗਾ।"

ਇਸ ਤਰ੍ਹਾਂ ਬੰਦਾ ਬਹਾਦਰ ਦੇ ਉਸ ਉੱਜਲੇ ਮਨ ਵਿਚ ਉਸ ਦੇ ਖਿਲਾਫ ਬਗਾਵਤ ਦਾ ਬੀਜ ਗੱਡ ਦਿੱਤਾ ਗਿਆ।

ਇਤਿਹਾਸ ਗਵਾਹ ਹੈ ਕਿ ਸਰਹੰਦ ਦੀ ਜਿੱਤ ਤੋਂ ਬਾਦ ਕਈ ਮੁਸਲਮਾਨ ਸਿੱਖ ਬਣ ਗਏ। ਵਜ਼ੀਰ ਖਾਂ ਦੇ ਦਰਬਾਰੀਆਂ ਵਿਚੋਂ ਦੀਨਦਾਰ ਖਾਂ ਦੀਨਦਾਰ ਸਿੰਘ ਬਣ ਗਿਆ। ਨੀਰ ਨਾਸ਼ੀਰੁਦੀਨ ਨੀਰ ਨਾਸ਼ੀਰੁਦੀਨ ਸਿੰਘ ਬਣ ਗਿਆ। ਕਈ ਮੁਸਲਮਾਨਾਂ ਨੇ ਆਪਣੇ ਨਾਮ ਅਗੇ ਸਿੰਘ ਲਗਾ ਲਿਆ ਅਤੇ ਉਹ ਸਿਖਾਂ ਵਾਂਗ ਜੀਵਨ ਬਤੀਤ ਕਰਨ ਲਗ ਪਏ। ਇਤਿਹਾਸ ਇਹ ਵੀ ਕਹਿੰਦਾ ਹੈ ਕਿ ਬੰਦਾ ਬਹਾਦਰ ਨੇ ਥਾਂ ਥਾਂ ਮਾਲ ਦੇ ਤਸੀਲਦਾਰ ਨਿਯੁਕਤ ਕੀਤੇ ਅਤੇ ਖਜਾਨੇ ਦੀ ਸੁਰੱਖਿਆ ਲਈ ਪੁਲਸ ਚੌਕੀ ਵੀ ਸਥਾਪਤ ਕੀਤੀ। ਸਰਹੰਦ ਦੀ ਹਾਰ ਤੋਂ ਬਾਦ ਪੰਜਾਬ ਵਿਚ ਇਕ ਬਹੁਤ ਵੱਡੀ ਰਾਜਨੀਤਕ ਅਤੇ ਸਮਾਜਕ ਤਬਦੀਲੀ ਆਈ। ਦੂਰ ਦੂਰ ਦੇ ਪਿੰਡਾਂ ਦੇ ਹਿੰਦੂ ਅਤੇ ਸਿੱਖ ਜਿਹਨਾਂ ਵਿਚੋਂ ਬਹੁਤੇ ਨੀਵੀਂ ਜਾਤ ਦੇ ਹੁੰਦੇ ਸਨ ਆਪਣੀ ਫਰਿਆਦ ਲੈਕੇ ਬੰਦਾ ਬਹਾਦਰ ਕੋਲ ਆਉਂਦੇ ਅਤੇ ਹੁਕਮਰਾਨੀ ਦਾ ਫੁਰਮਾਨ ਲੈ ਕੇ ਵਾਪਸ ਜਾਂਦੇ ਸਨ। ਬੰਦਾ ਬਹਾਦਰ ਦੇ ਨਾਂ ਦਾ ਇਤਨਾ ਦਬਦਬਾ ਸੀ ਕਿ ਉਹਨਾਂ ਦੇ ਪਿੰਡ ਪਹੁੰਚਣ ਤੇ ਪਿੰਡ ਦੇ ਜਿਮੀਦਾਰ ਗੱਦੀ ਛੱਡ ਕੇ ਹਟ ਜਾਂਦੇ ਛੋਟੇ ਅਹੁਦੇ ਜਾਂ ਨੀਚ ਜਾਤੀ ਦੇ ਨਵੇਂ ਹੁਕਮ ਨੂੰ ਨਵਾਬ ਵਾਂਗ ਸਮਝਦੇ ਸਨ। ਵੇਖਦਿਆਂ ਵੇਖਦਿਆਂ ਪੰਜਾਬ ਦੇ ਪੇਂਡੂ ਇਲਾਕੇ ਵਿਚ ਜਿਵੇਂ ਚਮਤਕਾਰ ਹੋ ਗਿਆ। ਵੱਧੋ-ਵੱਧ ਗਰੀਬ ਕਿਸਾਨ ਸਰਪੰਚ ਅਤੇ ਜਿਮੀਂਦਾਰ ਬਣ ਗਏ ਅਤੇ ਸਦੀਆਂ ਰਾਜ ਕਰਨ ਵਾਲੇ ਮੁਸਲਮਾਨ ਉਹਨਾਂ ਦੇ ਹੁਕਮ ਅਨੁਸਾਰ ਕੰਮ ਕਰਨ ਲੱਗੇ। ਬੰਦਾ ਬਹਾਦਰ ਦੇ ਇਕ ਸ਼ਬਦ ਦੀ ਵੀ ਹੁਕਮ ਅਦੂਲੀ ਕਰਨ ਦੀ ਹਿੰਮਤ ਕਿਸੇ ਵਿੱਚ ਨਹੀਂ ਸੀ। ਗਰੀਬ ਹਿੰਦੂ ਸਿੱਖ ਕਿਸਾਨ ਜਿਸ ਜਮੀਨ ਵਿੱਚ ਠੇਕੇ ਤੇ ਖੇਤੀ ਕਰਦੇ ਸਨ ਉਹ ਬੰਦਾ ਬਹਾਦਰ ਦੇ ਇੱਕ ਫਰਮਾਨ ਨਾਲ ਮਾਲਿਕ ਬਣ ਗਏ। ਦੂਰ ਦੂਰ ਤੋਂ ਮਿਲਣ ਆਉਣ ਵਾਲੇ ਆਮ ਨਾਗਰਿਕ ਜਦੋਂ ਬੰਦਾ-ਬਹਾਦਰ ਦੀ ਜੈ-ਜੈ ਕਾਰ ਕਰਦੇ ਤਾਂ ਉਹ ਗੁਰੂ ਗੋਬਿੰਦ ਸਿੰਘ ਅਤੇ ਗੁਰੂ ਨਾਨਕ ਦੇਵ ਜੀ ਦੀ ਜੈ ਜੈ ਕਾਰ ਕਰਨ ਨੂੰ ਕਹਿੰਦਾ। ਜਦੋਂ-ਜਦੋਂ ਕੋਈ ਭੁੱਲ ਨਾਲ ਬੰਦਾ ਬਹਾਦਰ ਨੂੰ ਗੁਰੂ ਕਹਿ ਕੇ ਸੰਬੋਧਿਤ

ਕਰਦਾ ਤਾਂ ਉਹ ਇਕ ਦਮ ਰੋਕ ਦਿੰਦਾ। ਪਰ ਸਮਾਜਕ ਰੀਤੀ ਅਨੁਸਾਰ ਬਹੁਤ ਸਾਰੀ ਗਿਣਤੀ ਵਿਚ ਲੋਕ ਆਪਣਾ ਕਸ਼ਟ-ਨਿਵਾਰਕ ਅਤੇ ਨੇਤਾ ਮੰਨਣ ਲੱਗ ਗਏ ਸਨ।

ਭਾਵੇਂ ਸਰਹੰਦ ਦੀ ਲੜਾਈ ਤੋਂ ਬਾਦ ਮੁਗਲ ਸਾਮਰਾਜ ਘੱਟੋ ਘੱਟ ਇਸ ਇਲਾਕੇ ਵਿਚੋਂ ਪੂਰੀ ਤਰ੍ਹਾਂ ਉਖਾੜ ਦਿੱਤਾ ਸੀ ਪਰ ਫਿਰ ਵੀ ਬੰਦਾ ਬਹਾਦਰ ਨੇ ਆਮ ਮੁਸਲਮਾਨਾਂ ਉਤੇ ਕੋਈ ਜ਼ੁਲਮ ਨਹੀਂ ਕੀਤੇ। ਮੁਸਲਮਾਨ ਹੋਣ ਕਾਰਨ ਉਹਨਾਂ ਨੂੰ ਜਜ਼ੀਆ ਵਰਗਾ ਕੋਈ ਟੈਕਸ ਨਹੀਂ ਸੀ ਦੇਣਾ ਪੈਂਦਾ। ਉਹਨਾਂ ਨੂੰ ਨਵੇਂ ਪ੍ਰਬੰਧ ਹੇਠ ਆਪਣਾ ਆਪਣਾ ਕੰਮ ਕਰਨ ਦੀ ਪੂਰੀ ਖੁੱਲ੍ਹ ਦਿੱਤੀ ਗਈ ਸੀ। ਮੁਸਲਮਾਨਾਂ ਉਤੇ ਮਸੀਤ ਵਿਚ ਨਮਾਜ਼ ਪੜ੍ਹਨ ਤੇ ਕੋਈ ਪਾਬੰਦੀ ਨਹੀਂ ਸੀ ਲਾਈ ਗਈ। ਉਹ ਆਪਣੇ ਧਾਰਮਿਕ ਤਿਉਹਾਰ ਆਪਣੇ ਤੌਰ ਤਰੀਕੇ ਨਾਲ ਮਨਾਂਦੇ ਸਨ।

------

# ਮਾਲੇਰਕੋਟਲਾ

ਲੋਹਗੜ੍ਹ ਪਹੁੰਚਣ ਤੋਂ ਪਹਿਲਾਂ ਬੰਦਾ ਬਹਾਦਰ ਦੇ ਸਾਮ੍ਹਣੇ ਅਜੇ ਦੋ ਕੰਮ ਬਾਕੀ ਸੀ। ਪਾਇਲ ਕਸਬੇ ਵਿਚ ਥਾਣਾ ਖੋਲ੍ਹਣ ਦੇ ਬਾਦ ਹੀ ਇਕ ਸਿੱਖ ਸੰਗੀਤਕਾਰ ਦੀ ਸ਼ਿਕਾਇਤ ਪ੍ਰਾਪਤ ਹੋਈ। ਬੁਲਾਕਾ ਸਿੰਘ ਜੋ ਕਿ ਅਲੀ ਸਿੰਘ ਜੱਥੇ ਵਿਚ ਢਾਡੀ ਗੀਤ ਗਾਉਂਦਾ ਸੀ, ਨੇ ਇਕ ਸੰਝ ਦੇ ਦੀਵਾਨ ਵੇਲੇ ਆਪਣੀ ਫਟੀ ਹੋਈ ਕਮੀਜ਼ ਅਤੇ ਟੁੱਟੀ ਹੋਈ ਸਾਰੰਗੀ ਵਿਖਾਈ। ਹੋਇਆ ਇਹ ਕਿ ਪਾਇਲ ਵਿਚ ਰਹਿਰਾਸ ਤੋਂ ਪਿੱਛੋਂ ਜਦੋਂ ਬੁਲਾਕਾ ਸਿੰਘ ਨੇ ਕਿਹਾ, "ਖਾਲਸਾ ਸਾਹਿਬ ਜੀ ਬੋਲੋ ਵਾਹਿਗੁਰ" ਤਾਂ ਇਸ ਇਲਾਕੇ ਦੇ ਰਾਮ ਰਈਏ ਗੁੱਸੇ ਹੋ ਗਹੇ। ਰਾਮ ਰਈਏ ਗੁਰੂ ਰਾਮਦਾਸ ਦੇ ਉਹ ਪੈਰੋਕਾਰ ਸਨ ਜੋ ਗੁਰੂ ਹਰਗੋਬਿੰਦ ਵੇਲੇ ਮਸੰਦ ਥਾਪੇ ਗਏ ਸਨ। ਬਾਦ ਵਿਚ ਮਸੰਦਾਂ ਦੀ ਸੰਸਥਾ ਗਲਤ ਕੰਮਾਂ ਕਰਕੇ ਬਦਨਾਮ ਹੋ ਗਈ ਅਤੇ ਗੁਰੂ ਗੋਬਿੰਦ ਸਿੰਘ ਨੇ ਇਸ ਨੂੰ ਖਤਮ ਕਰ ਦਿੱਤਾ। ਪਰ ਰਾਮ ਰਈਏ ਆਪਣੇ ਪੁਰਾਣੇ ਮਹੱਤਵ ਨੂੰ ਭੁੱਲੇ ਨਹੀਂ ਅਤੇ ਬਾਕੀ ਗੁਰੂਆਂ ਦੇ ਮੁਕਾਬਲੇ ਗੁਰੂ ਹਰਗੋਬਿੰਦ ਨੂੰ ਹੀ ਪੈਹਲ ਦਿੰਦੇ ਰਹੇ। ਜਦੋਂ ਰਹਿਰਾਸ ਤੋਂ ਬਾਦ ਗੁਰੂ ਗੋਬਿੰਦ ਸਿੰਘ ਦਾ ਨਾਂ ਲਿਆ ਗਿਆ ਤਾਂ ਉਨ੍ਹਾਂ ਨੇ ਤੈਸ਼ ਵਿਚ ਆਕੇ ਬੁਲਾਕਾ ਸਿੰਘ ਲਾਲ ਹੱਥੋਪਾਈ ਕੀਤੀ ਅਤੇ ਗੁੱਸੇ ਵਿਚ ਗੁਰੂ ਗੋਬਿੰਦ ਸਿੰਘ ਵਾਸਤੇ ਅਪਸ਼ਬਦ ਵਰਤੇ।

ਭਰੇ ਦੀਵਾਨ ਵਿਚ ਇਸ ਸ਼ਿਕਾਇਤ ਤੇ ਨਵੇਂ ਰਾਜ ਵਿਚ ਫੌਰਨ ਕਾਰਵਾਈ ਹੋਣੀ ਹੀ ਸੀ। ਖਬਰ ਬੰਦਾ ਸਿੰਘ ਕੋਲ ਪਹੁੰਚੀ ਜੋ ਆਪਣੇ ਦਸਤੇ ਦੇ ਨਾਲ ਫੌਰਨ ਪਾਇਲ ਨੂੰ ਭੱਜਾ। ਕੁਝ ਪੁਰਾਣੇ ਮਸੰਦਾਂ ਨੂੰ ਫੜ ਕੇ ਸਜ਼ਾ ਦਿੱਤੀ ਗਈ ਅਤੇ ਬਾਕੀਆਂ ਨੂੰ ਪਿੰਡ ਵਿਚੋਂ ਕੱਢ ਦਿੱਤਾ ਗਿਆ। ਸਿੱਖੀ ਦਾ ਨਾਂ ਹੋਰ ਉਜਾਗਰ ਹੋਇਆ।

ਬੰਦਾ ਬਹਾਦਰ ਨੇ ਮਾਲੇਰਕੋਟਲਾ ਵੱਲ ਰੁਖ ਕੀਤਾ। ਸਰਹਿੰਦ ਦੀ ਲੜਾਈ ਤੋਂ ਤੁਰੰਤ ਬਾਦ ਮਾਲੇਰਕੋਟਲਾ ਕੂਚ ਕਰਨ ਦੀ ਖ਼ਬਰ ਸੁਣ ਕੇ ਉਸ ਸ਼ਹਿਰ ਵਿਚ ਹੜਕੰਪ ਮੱਚ ਗਿਆ। ਸ਼ਹਿਰ ਦੇ ਪਠਾਨ ਪੁੱਛਣ ਲੱਗੇ, "ਕੀ ਬੰਦਾ ਬਹਾਦਰ ਨੂੰ ਯਾਦ ਨਹੀਂ ਕਿ ਜਦੋਂ ਸਾਹਿਬਜ਼ਾਦਿਆਂ ਨੂੰ ਜਿਉਂਦਾ ਕੰਧ ਵਿਚ ਚਿਣਿਆ ਜਾ

ਰਿਹਾ ਸੀ, ਉਸ ਸਮੇਂ ਸਿਰਫ਼ ਮਾਲੇਰਕੋਟਲਾ ਦੇ ਨਵਾਬ ਨੇ ਹੀ ਵਜ਼ੀਰਖਾਨ ਨੂੰ ਖੁਲ੍ਹੇ ਦਰਬਾਰ ਵਿਚ ਕਿਹਾ ਸੀ ਕਿ ਗੁਰੂ ਗੋਬਿੰਦ ਸਿੰਘ ਦਾ ਬਦਲਾ ਉਨ੍ਹਾਂ ਦੇ ਬੱਚਿਆਂ ਤੋਂ ਨਹੀਂ ਲਿਆ ਜਾਣਾ ਚਾਹੀਦਾ।

ਬੰਦਾ ਬਹਾਦਰ ਨੂੰ ਚੇਤੇ ਸੀ। ਸ਼ੇਰ ਮੁਹੰਮਦ ਖਾਂ ਜੰਗ ਵਿਚ ਜਿੰਨਾ ਦਲੇਰ ਸੀ ਉਂਨਾਂ ਹੀ ਜਾਤੀ ਜਿੰਦਗੀ ਵਿਚ ਬੇਪਰਵਾਹ ਸੀ। ਤਾਂ ਹੀ ਤਾਂ ਰੋਪੜ ਦੇ ਜ਼ਖਮ ਅਜੇ ਭਰੇ ਨਹੀਂ ਸਨ ਕਿ ਉਹ ਦੋਬਾਰਾ ਫੌਜ ਲੈ ਕੇ ਛੱਪੜ-ਝਿੜੀ ਜਾ ਪੁੱਜਾ ਸੀ। ਪਰ ਸ਼ੇਰ ਖਾਂ ਦਾ ਇਕ ਘਿਨਾਉਣਾ ਕੰਮ ਸੀ ਜੋ ਬੰਦਾ ਬਹਾਦਰ ਦੀ ਆਤਮਾ ਨੂੰ ਕਚੋਟ ਰਿਹਾ ਸੀ। ਸ਼ੇਰ ਮੁਹਮਦ ਖਾਂ ਦੇ ਆਦਮੀਆਂ ਨੇ ਅੰਮ੍ਰਿਤਸਰ ਤੋਂ ਇਕ ਸਿੱਖ ਔਰਤ, ਬੀਬੀ ਅਨੂਪ ਕੌਰ ਦਾ ਅਪਹਰਣ ਕਰ ਲਿਆ ਸੀ ਅਤੇ ਨਵਾਬ ਦੀ ਹਵਸ ਵਾਸਤੇ ਮਾਲੇਰਕੋਟਲਾ ਪੁਚਾ ਦਿੱਤਾ ਸੀ। ਆਪਣੀ ਬਦਕਿਸਮਤੀ ਦੀ ਉਡੀਕ ਵਿਚ ਅਨੂਪ ਕੌਰ ਨੂੰ ਕਾਲ ਕੋਠੜੀ ਵਿਚ ਬੰਦ ਕੀਤਾ ਗਿਆ ਸੀ ਜਿੱਥੇ ਮੌਕਾ ਪਾ ਕੇ ਉਸਨੇ ਆਪਣੀ ਕਟਾਰ ਦਿਲ ਵਿਚ ਖੋਭ ਕੇ ਖੁਦਕੁਸ਼ੀ ਕਰ ਲਈ ਸੀ। ਧਰਮ ਨੂੰ ਨਜ਼ਰ ਅੰਦਾਜ਼ ਕਰਕੇ ਨਵਾਬ ਨੇ ਉਸ ਦੀ ਲਾਸ਼ ਨੂੰ ਦਫ਼ਨਾ ਦਿੱਤਾ ਸੀ। ਬੰਦਾ ਦੀ ਮਾਲੇਰਕੋਟਲਾ ਯਾਤਰਾ ਇਸ ਸਿੱਖ ਬੀਬੀ ਦੀ ਲਾਸ਼ ਨੂੰ ਕਾਇਦੇ ਨਾਲ ਸਸਕਾਰ ਕਰਨ ਵਾਸਤੇ ਸੀ ਪਰ ਉਸ ਦੀ ਫੌਜ ਜਦੋਂ ਮਾਲੇਰਕੋਟਲੇ ਦੇ ਨੇੜੇ ਪੁੱਜੀ ਤਾਂ ਸ਼ਹਿਰ ਦੇ ਪਠਾਨਾਂ ਅਤੇ ਬਾਣੀਆਂ ਵਿਚ ਡਰ ਛਾ ਗਿਆ। ਬੰਦਾ ਦੇ ਇਕ ਪੁਰਾਣੇ ਵਾਕਿਫ਼, ਮਾਲੇਰਕੋਟਲਾ ਦੇ ਕਿਸ਼ਨ ਦਾਸ ਦੀ ਅਗਵਾਈ ਵਿਚ ਇਕ ਵਫ਼ਦ ਬੰਦਾ ਦੇ ਸਾਮ੍ਹਣੇ ਪੇਸ਼ ਹੋਇਆ।

ਕਿਸ਼ਨ ਦਾਸ ਨੇ ਹੱਥ ਜੋੜ ਕੇ ਫਰਿਆਦ ਕੀਤੀ, "ਬਾਬਾ ਬੰਦਾ ਬਹਾਦਰ, ਇਸ ਸ਼ਹਿਰ ਦਾ ਨਵਾਬ ਤੇ ਲਗਭਗ ਸਾਰੇ ਫੌਜੀ ਮਾਰੇ ਜਾ ਚੁੱਕੇ ਹਨ। ਨਵਾਬ ਸ਼ੇਰ ਖਾਂ ਵੱਲੋਂ ਕੀਤੀਆਂ ਬੁਰਾਈਆਂ ਦੀ ਸਜ਼ਾ ਤੁਸੀਂ ਉਨ੍ਹਾਂ ਨੂੰ ਦੇ ਚੁੱਕੇ ਹੋ। ਪਰ ਅਸੀਂ ਸਾਰੇ ਹੱਥ ਜੋੜ ਕੇ ਇਹ ਵੀ ਤੁਹਾਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਸਾਹਿਬਜ਼ਾਦਿਆਂ ਉੱਤੇ ਜ਼ੁਲਮ ਵਿਚ ਨਵਾਬ ਦਾ ਕੋਈ ਹੱਥ ਨਹੀਂ ਸੀ। ਬਲਕਿ ਖੁਲ੍ਹੇ, ਦਰਬਾਰ ਵਿਚ ਨਵਾਬ ਸ਼ੇਰ ਖਾਂ ਨੇ ਸੂਬੇਦਾਰ ਵਜ਼ੀਰ ਖਾਂ ਦੇ ਇਸ ਕਾਰੇ ਦੇ ਖਿਲਾਫ਼ ਭਰਪੂਰ ਆਵਾਜ਼ ਉਠਾਈ ਸੀ। ਜੇਕਰ ਫੇਰ ਵੀ ਤੁਸੀਂ ਚਾਹੋ ਤਾਂ ਇਸ ਸ਼ਹਿਰ ਤੇ ਹਮਲਾ ਕਰਕੇ ਇਸ ਨੂੰ ਉਜਾੜ ਦਿਉ ਜਿਵੇਂ ਸਰਹਿੰਦ ਉਜਾੜਿਆ ਸੀ।"

ਕੁਝ ਰੁਕ ਕੇ ਕਿਸ਼ਨ ਦਾਸ ਬੋਲਿਆ, "ਮਾਲੇਰਕੋਟਲਾ ਦੇ ਕੁਝ ਬਸ਼ਿੰਦੇ ਅਤੇ ਵਪਾਰੀ ਦੋ ਲੱਖ ਦਾ ਨਜ਼ਰਾਨਾ ਲੈ ਕੇ ਤੁਹਾਡੀ ਹਾਜ਼ਰੀ ਵਿਚ ਪੇਸ਼ ਹੋਏ ਹਨ।

ਕਿਰਪਾ ਕਰਕੇ ਇਸ ਨੂੰ ਕਬੂਲ ਕਰੋ।"

ਬੰਦਾ ਨੇ ਥੋੜ੍ਹੇ ਚਿਰ ਵਿਚ ਹੀ ਆਪਣੇ ਸਾਥੀਆਂ ਨਾਲ ਸਲਾਹ ਕਰਕੇ ਫੈਸਲਾ ਸੁਣਾਇਆ। "ਨਵਾਬ ਦੇ ਬੁਰੇ ਕੰਮਾਂ ਵਿਚ ਇਸ ਸ਼ਹਿਰ ਦਾ ਕੋਈ ਹੱਥ ਨਹੀਂ ਸੀ। ਨਵਾਬ ਨੂੰ ਆਪਣੇ ਕੀਤੇ ਦੀ ਸਜ਼ਾ ਮਿਲ ਚੁੱਕੀ ਹੈ। ਹੁਣ ਫੌਜੀਆਂ ਤੋਂ ਰਹਿਤ ਇਸ ਸ਼ਹਿਰ ਤੇ ਹਮਲਾ ਕਰਕੇ ਆਮ ਜਨਤਾ ਦਾ ਕਤਲ ਕਰਨ ਦਾ ਪਾਪ ਅਸੀਂ ਆਪਣੇ ਸਿਰ ਨਹੀਂ ਲੈਣਾ ਚਾਹੁੰਦੇ। ਆਮ ਮੁਸਲਮਾਨ ਜੋ ਇਮਾਨਦਾਰੀ ਨਾਲ ਆਪਣੀ ਕਿਸਾਨੀ, ਕਾਰੀਗਰੀ ਅਤੇ ਵਪਾਰ ਵਿਚ ਲੱਗੇ ਹੋਏ ਹਨ, ਉਨ੍ਹਾਂ ਨਾਲ ਸਾਡੀ ਕੋਈ ਰੰਜਸ਼ ਨਹੀਂ ਹੈ। ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੇ ਹੱਕ ਵਿਚ ਨਵਾਬ ਨੇ ਜੋ ਕਿਹਾ ਸੀ ਅਸੀਂ ਉਸ ਦੀ ਸ਼ਲਾਘਾ ਕਰਦੇ ਹਾਂ। ਅਸੀਂ ਵਾਪਸ ਸਰਹਿੰਦ ਮੁੜ ਜਾਵਾਂਗੇ।"

*****

ਆਪਣੇ ਜਿੱਤੇ ਹੋਏ ਇਲਾਕੇ ਵਿਚ ਸਰਹਿੰਦ ਦੇ ਚੁਫੇਰੇ ਚੱਕਰ ਲਾਉਂਦਾ ਹੋਇਆ ਬੰਦਾ ਬਹਾਦਰ ਚੋਣਵੇਂ ਫੌਜੀਆਂ ਨੂੰ ਨਾਲ ਲੈ ਕੇ ਲੋਹਗੜ੍ਹ ਪੁੱਜਾ। ਰਾਹ ਵਿਚ ਸੈਂਕੜੇ ਲੋਕਾਂ ਨੇ ਉਸ ਨਾਲ ਮੁਲਾਕਾਤ ਕੀਤੀ ਅਤੇ ਮੁਸ਼ਕਲਾਂ ਦਾ ਖੁਲਾਸਾ ਕੀਤਾ। ਬੰਦਾ ਬਹਾਦਰ ਦੇ ਚੱਲਦੇ-ਫਿਰਦੇ ਦਰਬਾਰ ਤੋਂ ਕੋਈ ਗਰੀਬ ਅਤੇ ਸਤਾਇਆ ਹੋਇਆ ਮੱਦਦ ਤੋਂ ਬਿਨਾਂ ਵਾਪਸ ਨਹੀਂ ਮੁੜਿਆ। ਗਰੀਬ ਦੇ ਹੱਥ ਪੈਸਾ ਲੱਗਾ ਅਤੇ ਧਾਰਮਕ ਜ਼ੁਲਮ ਦੇ ਖਿਲਾਫ਼ ਬੰਦਾ ਨੇ ਫੌਰਨ ਕਾਰਵਾਈ ਕੀਤੀ। ਰਾਏਕੋਟ ਤਹਿਸੀਲ ਵਿਚ ਜ਼ੁਲਮ ਦੀਆਂ ਕੁਝ ਖਬਰਾਂ ਸੁਣ ਕੇ ਬੰਦਾ ਬਹਾਦਰ ਨੇ ਉਸ ਪਾਸੇ ਰੁਖ ਕੀਤਾ। ਪਰ ਉਸ ਦੇ ਨਾਂ ਦਾ ਆਤੰਕ ਹੁਣ ਐਨਾ ਫੈਲ ਚੁੱਕਾ ਸੀ ਕਿ ਜ਼ਾਲਮਾਂ ਨੇ ਬਿਨਾਂ ਤਲਵਾਰ ਚੁੱਕੇ ਹੀ ਬੰਦਾ ਦੇ ਸਾਮ੍ਹਣੇ ਗੋਡੇ ਟੇਕ ਦਿੱਤੇ। ਉੱਥੋਂ ਪੰਜ ਹਜ਼ਾਰ ਦਾ ਨਜ਼ਰਾਨਾ ਲੈ ਕੇ ਬੰਦਾ ਅੱਗੇ ਵਧਿਆ।

ਵੇਖਦੇ ਹੀ ਵੇਖਦੇ ਸਿੱਖ ਹਕੂਮਤ ਸਾਰੇ ਸਰਹਿੰਦ ਸੂਬੇ ਤੇ ਫੈਲ ਗਈ। ਜਿਸ ਕਿਸੇ ਨੇ ਉਸ ਦੇ ਖਿਲਾਫ਼ ਹਥਿਆਰ ਚੁੱਕੇ ਉਸ ਨੂੰ ਬੰਦਾ ਬਹਾਦਰ ਦੀ ਤਲਵਾਰ ਦੀ ਧਾਰ ਵੇਖਣੀ ਪਈ। ਇਸ ਤਰ੍ਹਾਂ ਜੇਤੂ ਸੈਨਾਪਤੀ ਨੇ ਜੰਗ ਪਿੱਛੇ ਛੱਡ ਕੇ ਪਹਾੜਾਂ ਵੱਲ ਵਧਣਾ ਸ਼ੁਰੂ ਕੀਤਾ। ਲੋਹਗੜ੍ਹ ਅਤੇ ਨੇੜੇ-ਤੇੜੇ ਦੇ ਪਿੰਡਾਂ ਦੀ ਜਨਤਾ ਨੇ ਤੂਤੀਆਂ ਅਤੇ ਸ਼ਹਿਨਾਈਆਂ ਨਾਲ ਕਿਲੇ ਵਿਚ ਉਸ ਦਾ ਸਵਾਗਤ ਕੀਤਾ।

ਕੁਝ ਪਲਾਂ ਦੀ ਸ਼ਾਂਤੀ ਵਿਚ ਬੰਦਾ ਚੁੱਪ ਬੈਠਣ ਵਾਲਾ ਨਹੀਂ ਸੀ। ਹਾਲਾਂਕਿ ਸਿੱਖਾਂ ਦਾ ਦਬਦਬਾ ਸਾਰੇ ਇਲਾਕੇ ਵਿਚ ਫੈਲ ਗਿਆ ਸੀ, ਅਜੇ ਸਿੱਕਾ ਜਾਰੀ ਕਰਨ ਦਾ ਕੰਮ ਬਾਕੀ ਰਹਿ ਗਿਆ ਸੀ। ਮੈਦਾਨ ਵਿਚੋਂ ਲਿਆਂਦੇ ਗਏ ਕਾਰੀਗਰਾਂ ਅਤੇ ਜਿੱਤੀ ਹੋਈ ਚਾਂਦੀ ਨਾਲ ਬੰਦਾ ਨੇ ਇਕ ਖ਼ੂਬਸੂਰਤ ਸਿੱਕਾ ਚਲਾਇਆ। ਆਪਣੀ ਸਨਿਆਸੀ ਪ੍ਰਵਿਰਤੀ ਅਨੁਸਾਰ ਬੰਦਾ ਸਿੰਘ ਨੇ ਆਪਣਾ ਨਾਂ ਸਿਕੇ ਤੇ ਨਾ ਖੁਦਵਾ ਕੇ ਗੁਰੂ ਗੋਬਿੰਦ ਸਿੰਘ ਅਤੇ ਗੁਰੂ ਨਾਨਕ ਦਾ ਨਾਂ ਉਜਾਗਰ ਕੀਤਾ..........

"ਦੋਹਾਂ ਜਹਾਨਾਂ ਵਿਚ ਸੱਚਾ ਸਾਹਿਬ ਦੀ ਮੇਹਰ ਨਾਲ ਰਾਇਜ਼ ਹੋਇਆ ਇਹ ਸਿੱਕਾ
ਸ਼ਾਹਾਂ ਦੇ ਸ਼ਾਹ ਜਿਨ੍ਹਾਂ ਦਾ ਗੋਬਿੰਦ ਸਿੰਘ ਹੈ ਨਾਮ
ਇਹ ਸਿੱਕਾ ਉਨ੍ਹਾਂ ਦੀ ਹੀ ਜਿੱਤ ਦਾ ਹੈ ਨਿਸ਼ਾਨ
ਨਾਨਕ ਗੁਰੂ ਦੀ ਤੇਗ ਹਰ ਨੇਮਤ ਦੀ ਖਾਨ।"

ਸਿੱਕੇ ਦੇ ਦੂਜੇ ਪਾਸੇ ਲਿਖਿਆ ਗਿਆ..........

"ਉਸ ਸ਼ਹਿਰ ਦੀ ਜੋ ਅਸਲ ਵਿਚ ਸ਼ਰਨਾਗਤ ਨਿਵਾਸ ਹੈ
ਉਹ ਤਖ਼ਤ ਹੈ ਕਿ ਜਿਸ ਤੇ ਕਿਸਮਤ ਨੂੰ ਨਾਜ਼ ਹੈ"

ਅਧਿਕਾਰਤ ਮੋਹਰ ਤੇ ਸ਼ਬਦ ਲਿਖੇ ਗਏ..........

"ਦੇਗ-ਤੇਗ ਅਤੇ ਲੱਖਾਂ ਮੇਹਰ
ਬਖਸ਼ਿਸ਼ ਹੈ ਗੁਰੂ ਨਾਨਕ, ਗੁਰੂ ਗੋਬਿੰਦ ਕੀ"
"ੴ ਫਤਹਿ ਦਰਸ਼ਨ"

ਪਹਾੜੀ ਰਾਜਿਆਂ ਅਤੇ ਸਿੱਖ ਸਰਦਾਰਾਂ ਨੂੰ ਖ਼ਤ ਲਿਖੇ ਗਏ। ਉਹ ਵੀ ਬੰਦਾ ਨੇ ਆਪਣੀ ਵੱਲੋਂ ਨਹੀਂ ਬਲਕਿ "ਸ਼੍ਰੀ ਸੱਚਾ ਸਾਹਿਬ" ਦੇ ਨਾਂ ਤੇ ਲਿਖੇ।

ਸਰਹਿੰਦ ਵਿਚ ਫਤਹਿ ਦੇ ਦਰਸ਼ਨ ਕਰਨ ਤੋਂ ਬਾਦ ਬੰਦਾ ਬਹਾਦਰ ਨੇ ਇਕ ਨਵਾਂ ਨਾਹਰਾ ਲਾਇਆ, "ਫਤਹਿ ਦਰਸ਼ਨ" ਜੋ ਕਿ ਬਾਦ ਵਿਚ ਸਿੱਖ ਸੰਗਤਾਂ ਅਤੇ ਫੌਜੀਆਂ ਵੱਲੋਂ ਅਸਵੀਕਾਰ ਕਰ ਦਿੱਤਾ ਗਿਆ। ਬਲਕਿ ਇਹ ਇਤਿਹਾਸ ਦੀ ਇਕ ਵਿਡੰਬਨਾ ਹੀ ਹੈ ਕਿ ਪੁਰਾਣਾ ਨਾਹਰਾ ਛੱਡਣ ਦਾ ਇਲਜ਼ਾਮ ਬੰਦਾ ਸਿੰਘ ਦੇ ਉੱਪਰ ਲਾਇਆ ਗਿਆ। ਇਸ ਇਲਜ਼ਾਮ ਨੇ ਮਰਦੇ ਦਮ ਤੱਕ ਬੰਦੇ ਦਾ ਸਾਥ ਨਹੀਂ ਛੱਡਿਆ। ਇੱਥੋਂ ਤੱਕ ਕਿ ਆਖਣ ਵਾਲੇ ਇਹ ਵੀ ਆਖਣ ਤੋਂ ਨਾ ਟਲੇ ਕਿ ਬੰਦਾ ਬਹਾਦਰ ਨੇ ਆਪਣੇ ਆਪ ਨੂੰ "ਸੱਚਾ ਸਾਹਿਬ" ਅਖਵਾਉਣਾ ਚਾਹਿਆ ਸੀ।

ਪਰ ਇਹ ਸਾਰੀਆਂ ਗੱਲਾਂ ਬਾਦ ਵਿਚ। ਜਿਮੀਂਦਾਰੀ ਖਾਰਜ ਕਰਨ ਬਾਰੇ ਪਹਿਲਾਂ ਹੀ ਲਿਖਿਆ ਜਾ ਚੁੱਕਾ ਹੈ। ਕਈ ਜਿਮੀਂਦਾਰ ਮੁਸਲਮਾਨ ਸਨ ਅਤੇ ਗਰੀਬ

ਕਿਸਾਨਾਂ ਵਿਚ ਅਕਸਰ ਸਿੱਖ ਅਤੇ ਹਿੰਦੂ ਸਨ। ਜਿਮੀਂਦਾਰ ਲਗਾਨ ਦਾ ਤੈਅ ਕੀਤਾ ਹੋਇਆ ਹਿੱਸਾ ਹਰ ਫਸਲ ਤੋਂ ਬਾਦ ਉੱਪਰ ਨਵਾਬ ਜਾਂ ਫੌਜਦਾਰ ਨੂੰ ਭੇਜਦੇ ਸੀ। ਜਦੋਂ ਤੱਕ ਨਵਾਬ ਜਾਂ ਰਾਜਾ ਨੂੰ ਆਪਣਾ ਹਿੱਸਾ ਮਿਲਦਾ ਰਹੇ ਉਸ ਨੂੰ ਚਿੰਤਾ ਨਹੀਂ ਸੀ ਕਿ ਲਗਾਨ ਕਿਵੇਂ ਇੱਕਠਾ ਕੀਤਾ ਗਿਆ ਹੈ। ਜਿਸ ਸਾਲ ਮੀਂਹ ਨਾ ਪਿਆ ਹੋਵੇ ਉਸ ਸਾਲ ਗਰੀਬ ਕਿਸਾਨ ਨੂੰ ਰੋ-ਪਿੱਟ ਕੇ ਅਤੇ ਆਪਣੇ ਛੋਟੇ-ਛੋਟੇ ਖੇਤ ਵੇਚਕੇ ਲਗਾਨ ਦੇਣਾ ਪੈਂਦਾ ਸੀ। ਕਈ ਕਿਸਾਨ ਇਸ ਸਿਲਸਿਲੇ ਵਿਚ ਆਪਣਾ ਸਭ ਕੁਝ ਗਵਾ ਬਹਿੰਦੇ ਅਤੇ ਬਦਹਾਲ ਹੋ ਜਾਂਦੇ। ਅਜਿਹੀ ਹਾਲਤ ਵਿਚ ਉਨ੍ਹਾਂ ਦੀ ਮੱਦਦ ਪਿੰਡ ਦਾ ਮੱਖੀਚੂਸ ਬਾਣੀਆਂ ਕਰਦਾ ਅਤੇ ਉਹ ਵੀ ਕਈ ਗੁਣਾ ਵਿਆਜ ਲੈ ਕੇ।

ਬੰਦਾ ਬਹਾਦਰ ਨੇ ਇਕ ਹੀ ਹੁਕਮ ਨਾਲ ਜਿਮੀਂਦਾਰੀ ਖਤਮ ਕਰ ਦਿੱਤੀ। ਇਸ ਨਾਲ ਜ਼ਮੀਨ ਦੇ ਪੱਟੇਦਾਰ ਉਸਦੇ ਮਾਲਕ ਬਣ ਗਏ। ਜਿੰਮੀਦਾਰੀ ਖਤਮ ਕਰਨ ਦੇ ਸੁਧਾਰ ਨਾਲ ਹੀ ਕਈ ਘਰ ਦੋਬਾਰਾ ਵੱਸ ਗਏ। ਕਿਸਾਨ ਦੀ ਜ਼ਮੀਨ ਹਮੇਸ਼ਾ ਵਾਸਤੇ ਆਪਣੀ ਹੀ ਹੋ ਗਈ ਅਤੇ ਆਏ ਸਾਲ ਜੋ ਭੁੱਖ ਦਾ ਆਲਮ ਸਤਾਉਂਦਾ ਸੀ ਉਹ ਦੂਰ ਹੋ ਗਿਆ।

ਥੋੜੇ ਜਿਹੇ ਅਰਸੇ ਵਿਚ ਹੀ ਮਾਲ ਅਤੇ ਸੁੱਰਖਿਆ ਦੇ ਅਹੁਦਿਆਂ ਤੇ ਸਿੱਖ ਅਧਿਕਾਰੀਆਂ ਦੇ ਲੱਗਣ ਨਾਲ ਸਰਹਿੰਦ ਸੂਬੇ ਦਾ ਮਾਹੌਲ ਹੀ ਬਦਲ ਗਿਆ। ਜਿੱਥੇ ਬਾਜ਼ਾਰਾਂ ਅਤੇ ਖੇਤਾਂ ਵਿਚ ਮੁਗਲ ਸਰਦਾਰ ਆਪਣੇ ਕੋਰੜੇ ਅਤੇ ਘੋੜੇ ਲੈ ਕੇ ਘੁੰਮਦੇ ਹੁੰਦੇ ਸਨ ਅਤੇ ਉਨ੍ਹਾਂ ਨੂੰ ਵੇਖ ਕੇ ਸਿੱਖ ਅਤੇ ਹਿੰਦੂ ਜਨਤਾ ਹੱਥ ਜੋੜ ਕੇ ਸਿਰ ਝੁਕਾਉਂਦੀ ਸੀ, ਉੱਥੇ ਇਨਸਾਫ ਵਾਸਤੇ ਲੋਕ ਸਿੱਖ ਅਧਿਕਾਰੀਆਂ ਕੋਲ ਜਾਣ ਲੱਗੇ ਅਤੇ ਹਿੰਦੂਆਂ ਦਾ ਸਿਰ ਵੀ ਉੱਚਾ ਹੋ ਗਿਆ। ਗਊ-ਹੱਤਿਆ ਦੇ ਘਿਨਾਉਣੇ ਅਪਰਾਧ ਬਾਰੇ ਹੁਣ ਕਿਧਰੇ ਨਹੀਂ ਸੁਣਿਆਂ ਜਾਂਦਾ ਸੀ। ਆਮ ਆਦਮੀ ਦੀ ਆਤਮਾ ਆਜ਼ਾਦ ਹੋਈ। ਪੰਜਾਬ ਵਿਚ ਆਰਥਕ ਨਹੀਂ ਤਾਂ ਘੱਟੋ-ਘੱਟ ਮਾਨਸਿਕ ਉਤਸ਼ਾਹ ਰੋਮ-ਰੋਮ ਵਿਚ ਰਚ ਗਿਆ। ਲੋਕਾਂ ਨੇ ਬੰਦਾ ਬਹਾਦਰ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਨੂੰ ਦਿਲੋਂ ਦੁਆਵਾਂ ਦਿੱਤੀਆਂ ਅਤੇ ਥੋੜ੍ਹੇ ਸਮੇਂ ਵਾਸਤੇ ਪੰਜਾਬ ਵਿਚ ਰਾਮ ਰਾਜ ਵਰਗਾ ਮਾਹੌਲ ਬਣ ਗਿਆ।

------

# ਬਾਦਸ਼ਾਹ ਪੰਜਾਬ ਵਿਚ

ਇਤਿਹਾਸ ਵੀ ਤਰ੍ਹਾਂ ਤਰ੍ਹਾਂ ਦੀ ਖੇਡ ਖੇਡਦਾ ਹੈ। ਕਦੀ-ਕਦੀ ਘਟਨਾਵਾਂ ਦੀ ਧੁੰਦ ਐਨੀ ਗਹਿਰੀ ਹੁੰਦੀ ਹੈ ਕਿ ਉਸ ਵਿਚੋਂ ਵਕਤ ਦੀ ਰੌਸ਼ਨੀ ਵੀ ਧੁੰਦਲੀ ਹੋ ਕੇ ਹੀ ਨਿੱਕਲਦੀ ਹੈ। ਇਹ ਤਾਂ ਸਾਰੇ ਇਤਿਹਾਸਕਾਰ ਕਹਿੰਦੇ ਹਨ ਕਿ ਬੰਦਾ ਬਹਾਦਰ ਨੇ ਤਲਵਾਰ ਦੇ ਸਹਾਰੇ ਪੰਜਾਬ ਦੇ ਪੂਰਵ ਅਤੇ ਉੱਤਰ ਵਿਚ ਵੀ ਬੜੀ ਧੂਮ ਮਚਾਈ ਪਰ ਕਿਹੜੀ ਘਟਨਾ ਪਹਿਲਾਂ ਵਾਪਰੀ ਤੇ ਕਿਹੜੀ ਪਿੱਛੋਂ ਇਹ ਗੱਲ ਵਕਤ ਦੀ ਗਰਦਿਸ਼ ਵਿਚ ਗੁਆਚ ਜਾਂਦੀ ਹੈ। ਬਹਰਹਾਲ ਹੁਣ ਅਸੀਂ ਬੰਦਾ ਬਹਾਦਰ ਨੂੰ ਛੱਡ ਕੇ ਦਿੱਲੀ ਰਾਜ ਵੱਲ ਚੱਲਦੇ ਹਾਂ।

ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਛੱਡ ਕੇ ਮੁਗਲ ਬਾਦਸ਼ਾਹ ਦੱਖਣ ਵੱਲ ਗਿਆ ਸੀ। ਬਾਦਸ਼ਾਹ ਬਹਾਦਰਸ਼ਾਹ ਜਾਣਦਾ ਸੀ ਕਿ ਦੱਖਣ ਵਿਚ ਆਪਣੇ ਭਰਾ ਕਾਮਬਖਸ਼ ਨੂੰ ਪੂਰੀ ਤਰ੍ਹਾਂ ਆਪਣੇ ਰਾਹ ਵਿਚੋਂ ਹਟਾਉਣਾ ਉਸ ਦਾ ਪਹਿਲਾ ਨਿਸ਼ਾਨਾ ਹੋਵੇਗਾ।

ਇਸ ਲਈ ਜ਼ਰੂਰੀ ਹੋਵੇ ਤਾਂ ਉਸ ਨੂੰ ਪੂਰਾ ਇਕ ਸਾਲ ਆਪਣੇ ਰਾਜ ਤੋਂ ਦੂਰ ਹੀ ਰਹਿਣਾ ਪਏਗਾ।

ਕਾਮਬਖਸ਼ ਨੂੰ ਹਟਾਉਣ ਲਈ ਉਹ ਕਿੱਥੇ-ਕਿੱਥੇ ਗਿਆ ਅਤੇ ਕਿੰਨੀਆਂ ਲੜਾਈਆਂ ਲੜੀਆਂ ਇਹ ਸਾਡੇ ਵਾਸਤੇ ਮਹੱਤਵਪੂਰਨ ਨਹੀਂ ਹੈ। ਇਹ ਵੇਖਣਾ ਹੈ ਕਿ ਆਪਣੇ ਭਰਾ ਦੇ ਖੂਨ ਨਾਲ ਹੱਥ ਰੰਗ ਕੇ ਸਾਲ 1709 ਦੇ ਸ਼ੁਰੂ ਵਿਚ ਉਹ ਵਿਹਲਾ ਹੋ ਗਿਆ ਸੀ। ਪਰ ਇਕ ਸਾਲ ਕਾਮਬਖਸ਼ ਦੀ ਮੱਦਦ ਕਰਨ ਵਾਲੇ ਛੋਟੇ-ਮੋਟੇ ਰਾਜੇ ਅਤੇ ਪ੍ਰਸ਼ਾਸਨਿਕ ਇਕਾਈਆਂ ਨੂੰ ਕੁਚਲਦੇ-ਕੁਚਲਦੇ ਉਸ ਦਾ ਦੂਜਾ ਸਾਲ ਵੀ ਲੰਘ ਗਿਆ। ਸਿੱਖ ਵਿਦਰੋਹ ਦੇ ਨਾਲ ਰਾਜਸਥਾਨ ਦੇ ਰਾਜਪੂਤ ਰਾਜਿਆਂ ਦੇ ਸਿਰ ਚੁੱਕਣ ਦਾ ਵੀ ਉਸ ਨੂੰ ਪਤਾ ਲੱਗ ਚੁੱਕਾ ਸੀ। ਰਾਜਪੂਤ ਰਾਜੇ ਮੁਗਲ ਹਕੂਮਤ ਨਾਲ ਸ਼ੁਰੂ ਤੋਂ ਹੀ ਲੁਕਣ-ਮੀਟੀ ਦੀ ਖੇਡ ਖੇਡਦੇ ਆਏ ਸਨ। ਜਦੋਂ ਦਿੱਲੀ ਸਰਕਾਰ ਮਜ਼ਬੂਤ ਹੁੰਦੀ ਤਾਂ ਉਹ ਉਸ ਦੇ ਨਾਲ ਰਹਿ ਕੇ ਉਸ ਨੂੰ ਹੋਰ ਵੀ ਮਜ਼ਬੂਤ ਬਣਾਉਂਦੇ। ਪਰ ਬਾਦਸ਼ਾਹ ਦੇ ਥੋੜ੍ਹਾ ਦੂਰ ਜਾਣ ਤੇ ਹੀ ਆਪਣੀ ਸੁਤੰਤਰਤਾ ਦਾ ਝੰਡਾ ਫੇਰ ਬੁਲੰਦ ਕਰ ਦਿੰਦੇ। ਉਸ ਵੇਲੇ ਵੀ ਕੁਝ ਇਸੇ ਤਰ੍ਹਾਂ ਦਾ ਮਾਹੌਲ ਸੀ।

ਦੱਖਣ ਵਿਚ ਆਪਣੀ ਹਕੂਮਤ ਪੂਰੀ ਤਰ੍ਹਾਂ ਸਥਾਪਤ ਕਰਕੇ ਬਹਾਦਰ ਸ਼ਾਹ ਦਿੱਲੀ ਵੱਲ ਪਰਤਿਆ। ਉਸ ਦੇ ਨਾਲ ਹੀ ਸੀ ਉਸ ਦੀ ਇਕ ਲੱਖ ਤੋਂ ਉੱਪਰ ਦੀ ਫੌਜ਼ ਜਿਸ ਵਿਚ ਸਨ ਹਾਥੀ, ਘੋੜੇ, ਤੋਪਖਾਨਾ ਅਤੇ ਪੈਦਲ ਫੌਜੀਆਂ ਦੀਆਂ ਵੱਖੋ-ਵੱਖਰੇ ਪ੍ਰਦੇਸ਼ਾਂ ਦੀਆਂ ਟੁਕੜੀਆਂ। ਇਸ ਸਰਾਲ ਦੇ ਚੱਲਣ ਵਿਚ ਵੀ ਐਨਾ ਸਮਾਂ ਲੱਗਦਾ ਸੀ ਕਿ ਦਿੱਲੀ ਤੱਕ ਪੁੱਜਦੇ-ਪੁੱਜਦੇ ਵੀ ਤਿੰਨ ਮਹੀਨੇ ਲੰਘ ਗਏ। ਆਖ਼ਰ ਅਜਮੇਰ ਵਿਚ ਉਸਦਾ ਪੈਰ ਮਈ 1710 ਵਿਚ ਪਿਆ।

ਜਿਸ ਸਮੇਂ ਬੰਦਾ ਬਹਾਦਰ ਨੇ ਛੱਪੜ-ਝਿੜੀ ਵਿਚ ਵਜ਼ੀਰ ਖਾਨ ਨੂੰ ਹਰਾਇਆ ਅਤੇ ਸਰਹਿੰਦ ਨੂੰ ਰੌਂਦਿਆ, ਉਸ ਵੇਲੇ ਬਹਾਦਰ ਸ਼ਾਹ ਅਜਮੇਰ ਵਿਚ ਆਪਣੇ ਜ਼ਿਰਹਾ ਬਖ਼ਤਰ ਦੀ ਗਰਦ ਝਾੜ ਰਿਹਾ ਸੀ। ਥੱਕੇ-ਟੁੱਟੇ ਫੌਜੀਆਂ ਨੇ ਕੁਝ ਦਿਨ ਆਰਾਮ ਦੇ ਪਲ ਗੁਜ਼ਾਰੇ ਸਨ ਕਿ ਪੰਜਾਬ ਤੋਂ ਉਪੱਦਰ ਦੀ ਖ਼ਬਰ ਮਿਲੀ। ਆਪਣੀ ਮਜ਼ਬੂਤ ਫੌਜ ਦੇ ਦੋ ਟੁਕੜੇ ਕਰਕੇ ਇਕੋ ਵੇਲੇ ਉਹ ਰਾਜਪੂਤ ਅਤੇ ਸਿੱਖ ਦੋਹਾਂ ਖਿਲਾਫ਼ ਮੋਰਚਾ ਨਹੀਂ ਖੋਲ੍ਹਣਾ ਚਾਹੁੰਦਾ ਸੀ। ਆਪਣੇ ਪਿਤਾ ਬਾਦਸ਼ਾਹ ਔਰੰਗਜ਼ੇਬ ਦੇ ਵੇਲੇ ਤੋਂ ਉਸ ਨੂੰ ਰਾਜਪੂਤਾਂ ਦੀ ਰਣਨੀਤੀ ਦਾ ਪਤਾ ਸੀ। ਇਸੇ ਲਈ ਰਾਜਪੂਤਾਨਾ ਅਤੇ ਉੱਤਰ ਭਾਰਤ ਤੇ ਨੇੜੇ-ਤੇੜੇ ਦੇ ਵੱਡੇ-ਛੋਟੇ ਰਾਜਿਆਂ ਨਾਲ ਉਸ ਨੇ ਛੋਟੀ ਛੋਟੀ ਸੰਧੀਆਂ ਦੇ ਦਸਤਖ਼ਤ ਕੀਤੇ ਅਤੇ ਇਕ ਮਹੀਨੇ ਦੇ ਅੰਦਰ ਹੀ ਪੰਜਾਬ ਵੱਲ ਰੁਖ ਕੀਤਾ। ਜਗ੍ਹਾ-ਜਗ੍ਹਾ ਛੋਟੀਆਂ ਟੁਕੜੀਆਂ ਛੱਡ ਕੇ ਅਤੇ ਲਖਨਊ, ਮੁਰਾਦਾਬਾਦ, ਦਿੱਲੀ ਆਦਿ ਦੇ ਮੁਗਲ ਸੂਬੇਦਾਰਾਂ ਨੂੰ ਹੋਰ ਫੌਜਾਂ ਆਪਣੀ ਮੱਦਦ ਲਈ ਭਿਜਵਾਉਣ ਦਾ ਪੈਗਾਮ ਦੇ ਕੇ ਉਹ ਕੋਈ ਪੱਚੀ ਹਜ਼ਾਰ ਫੌਜੀਆਂ ਨਾਲ ਪੰਜਾਬ ਵਿਚ ਦਾਖਲ ਹੋਇਆ।

ਬੰਦਾ ਦੇ ਸਿੱਖਾਂ ਦੀ ਸੂਰਮਤਾਈ ਦੀਆਂ ਕਹਾਣੀਆਂ ਦੂਰ-ਦੂਰ ਤੱਕ ਫੈਲ ਚੁੱਕੀਆਂ ਸਨ। ਇਹ ਕਹਿਣਾ ਅੱਤਕਥਨੀ ਨਹੀਂ ਹੋਵੇਗੀ ਕਿ ਨਿਜੀ ਤੌਰ ਤੇ ਜਿਸ ਮੁਗਲ ਸੈਨਿਕ ਨੇ ਬੰਦਾ ਬਹਾਦਰ ਬਾਰੇ ਸੁਣਿਆਂ ਉਹ ਉਸ ਨੂੰ ਇਕ ਤਰ੍ਹਾਂ ਦਾ ਜਿੰਨ ਹੀ ਸਮਝਣ ਲੱਗਾ ਸੀ। ਉਸ ਦੇ ਤੰਤਰ ਦਾ ਗਿਆਨ, ਮਰੇ ਨੂੰ ਜਿਉਂਦਾ ਕਰਨ ਦੀ ਕਥਿਤ ਕਾਬਲੀਅਤ ਅਤੇ ਥੋੜ੍ਹੇ ਜਿਹੇ ਫੌਜੀਆਂ ਨਾਲ ਵੱਡੀਆਂ ਵੱਡੀਆਂ ਮੁਗਲ ਫੌਜਾਂ ਨੂੰ ਹਰਾਉਣਾ, ਸੈਨਿਕਾਂ ਵਿਚ ਭੈਅ ਵਿਆਪਤ ਕਰਨ ਵਿਚ ਸਫਲ ਹੋਏ ਸਨ। ਪਰ ਬਾਦਸ਼ਾਹ ਨੇ ਵੀ ਕੱਚੀਆਂ ਗੋਲੀਆਂ ਨਹੀਂ ਖੇਡੀਆਂ ਸਨ। ਦੋ ਸਾਲ ਤੱਕ ਬਰਾਬਰ ਹਾਥੀ ਅਤੇ ਘੋੜਿਆਂ ਦੀ ਪਿੱਠ ਤੇ ਚੜ੍ਹੇ ਉਸ ਨੂੰ ਵੀ ਜੰਗ ਦਾ ਚੰਗਾ ਅਨੁਭਵ ਹੋ ਗਿਆ ਸੀ।

ਜੰਗ ਵਿਚ ਕੁੱਦਣ ਤੋਂ ਪਹਿਲਾਂ ਉਸ ਨੇ ਆਪਣੀਆਂ ਫੌਜਾਂ ਨੂੰ ਇਕੱਠਾ ਕੀਤਾ। ਪਠਾਨ ਘਰਾਣੇ ਦੇ ਖ਼ੂੰਖਾਰ ਲੜਾਕਿਆਂ ਨੂੰ ਲੜਾਈਆਂ ਵਿਚ ਅੱਗੇ ਰੱਖਿਆ। ਜੈਨੁਦੀਨ ਖਾਂ ਨੂੰ ਸਰਹਿੰਦ ਦਾ ਸੂਬੇਦਾਰ ਬਣਾਇਆ ਗਿਆ ਜਿਸ ਨਾਲ ਕਿ ਉਹ ਅੱਗੇ ਜਾ ਕੇ ਆਪਣਾ ਸੂਬਾ ਜਿੱਤਣ ਦੀ ਕੋਸ਼ਿਸ਼ ਕਰੇ। ਫਿਰੋਜ਼ ਖਾਂ ਨੂੰ ਅਗੇਤੀ ਫੌਜ ਨਾਲ ਭੇਜਿਆ ਗਿਆ। ਅਜੇ ਬਾਦਸ਼ਾਹ ਹਰਿਆਣੇ ਦੇ ਇਲਾਕੇ ਵਿਚ ਹੀ ਸੀ ਕਿ ਮੁਰਾਦਾਬਾਦ ਦਾ ਸੂਬੇਦਾਰ ਮੁਹੰਮਦ ਅਮੀਨ ਖਾਂ ਅਤੇ ਉਸਦਾ ਪੁੱਤਰ ਕਮਰੁਦੀਨ ਖਾਂ ਬਾਦਸ਼ਾਹ ਨਾਲ ਆ ਰਲੇ। ਸੋਨੀਪਤ ਤੋਂ ਨਿਕਲਣ ਵੇਲੇ ਕੋਕਲਤਾਸ਼ ਖਾਂ ਨੂੰ ਉਥੇ ਦਾ ਸੂਬੇਦਾਰ ਬਣਾਇਆ ਗਿਆ ਅਤੇ ਉਸ ਨੂੰ ਫੌਜ ਦੀ ਰਸਦ ਦੀ ਆਵਾਜਾਈ ਬਰਾਬਰ ਚਾਲੂ ਰੱਖਣ ਦੀ ਜ਼ਿੰਮੇਵਾਰੀ ਸੌਂਪੀ ਗਈ। ਛੋਟੇ-ਮੋਟੇ ਜਾਗੀਰਦਾਰ ਆਪਣੇ ਨਾਲ ਰਲਾਉਂਦਾ ਹੋਇਆ ਇਹ ਕਾਰਵਾਂ ਉੱਤਰ ਵੱਲ ਵਧਿਆ। ਭਰਤਪੁਰ ਦੀਆਂ ਫੌਜਾਂ ਦਿੱਲੀ ਤੋਂ ਹੀ ਨਾਲ ਹੋ ਲਈਆਂ। ਦਿੱਲੀ ਵਿਚ ਬਾਦਸ਼ਾਹ ਦੀਆਂ ਪਿਆਰੀਆਂ ਬੇਗਮਾਂ ਰੋਂਦੀਆਂ-ਕੁਰਲਾਉਂਦੀਆਂ ਰਹਿ ਗਈਆਂ ਪਰ ਜੰਗ ਦੀ ਤਿਆਰੀ ਵਿਚ ਰੁੱਝਿਆ ਬਾਦਸ਼ਾਹ ਆਪਣੇ ਮਹਿਲਾਂ ਵਿਚ ਵੀ ਦਾਖਿਲ ਨਾ ਹੋਕੇ ਉੱਤਰ ਦਿੱਸ਼ਾ ਵੱਲ ਵਧਦਾ ਗਿਆ।

ਉਸ ਦੇ ਅੱਗੇ-ਅੱਗੇ ਚੱਲਣ ਵਾਲੇ ਫੌਜਦਾਰ ਨੇ ਉਸ ਨੂੰ ਨਿਰਾਸ਼ ਨਹੀਂ ਕੀਤਾ। ਫਿਰੋਜ਼ ਖਾਂ ਕਰਨਾਲ ਦੇ ਨੇੜੇ ਤਰਾਉੜੀ ਵਿਚ ਬਿਨੋਦ ਸਿੰਘ ਨਾਲ ਜਾ ਭਿੜਿਆ ਅਤੇ ਆਪਣੇ ਬੋਝ ਨਾਲ ਹੀ ਬਿਨੋਦ ਸਿੰਘ ਦੀ ਛੋਟੀ ਜਿਹੀ ਟੁਕੜੀ ਨੂੰ ਕੁਚਲ ਦਿੱਤਾ। ਛੋਟੀ ਜਿਹੀ ਜੰਗ ਤੋਂ ਬਾਦ ਤਿੰਨ ਸੌ ਸਿੱਖ ਫੌਜੀਆਂ ਦੇ ਸਿਰ ਉਸ ਨੇ ਬਹਾਦਰ ਸ਼ਾਹ ਨੂੰ ਭੇਂਟ ਸਰੂਪ ਭੇਜੇ। ਇਸ ਖੁਸ਼ਖਬਰੀ ਦੇ ਆਉਂਦੇ ਹੀ ਬਹਾਦਰਸ਼ਾਹ ਨੇ ਆਪਣੇ ਪਿਛਲੇ ਹੁਕਮ ਰੱਦ ਕਰਕੇ ਫਿਰੋਜ਼ ਖਾਂ ਨੂੰ ਸਰਹੰਦ ਦਾ ਸੂਬੇਦਾਰ ਨਿਯੁਕਤ ਕਰ ਦਿੱਤਾ। ਨਿਯੁਕਤੀ ਦੇ ਫਰਮਾਨ ਨੂੰ ਫਿਰੋਜ਼ ਖਾਂ ਨੇ ਜਦੋਂ ਖੋਲ੍ਹ ਕੇ ਵੇਖਿਆ ਤਾਂ ਉਸ ਵਿਚ ਰੇਸ਼ਮ ਦੀ ਡੋਰ ਨਾਲ ਬੰਨ੍ਹੀ ਇਕ ਥੈਲੀ ਵਿਚੋਂ ਇਕ ਲੱਖ ਸੋਨੇ ਦੀਆਂ ਮੋਹਰਾਂ ਨਿੱਕਲੀਆਂ। ਆਪਣੇ ਵਿਸ਼ਵਾਸਪਾਤਰ ਫੌਜਦਾਰ ਨੂੰ ਸਿੱਖ ਵਿਦਰੋਹ ਤੇ ਫਤਹਿ ਪਾਉਣ ਲਈ ਬਾਦਸ਼ਾਹ ਦਾ ਇਹ ਪਹਿਲਾ ਇਨਾਮ ਸੀ।

------

# ਉੱਤਰ ਭਾਰਤ

ਜੇਕਰ ਬੰਦਾ ਇਸ ਖਿਆਲ ਨਾਲ ਲੋਹਗੜ੍ਹ ਪੁੱਜਾ ਸੀ ਕਿ ਕੁਝ ਪਲ ਜੰਗ ਤੋਂ ਆਰਾਮ ਮਿਲੇਗਾ ਤਾਂ ਉਸ ਦੀ ਇਹ ਗਲਤਫਹਿਮੀ ਛੇਤੀ ਹੀ ਦੂਰ ਹੋ ਗਈ। ਹੋਇਆ ਇੰਜ ਕਿ ਗੁਰੂ ਗੋਬਿੰਦ ਸਿੰਘ ਦੇ ਖਾਲਸਾ ਸਾਜਣ ਤੋਂ ਬਾਦ ਉੱਤਰ ਭਾਰਤ ਵਿਚ ਆਸਪਾਸ ਕਈ ਥਾਵਾਂ ਤੇ ਸਿੱਖੀ ਦਾ ਰਿਵਾਜ਼ ਚੱਲ ਪਿਆ। ਕਈ ਹਿੰਦੂ ਪਰਿਵਾਰਾਂ ਨੇ ਆਪਣੇ ਟੱਬਰ ਦਾ ਸਭ ਤੋਂ ਵੱਡਾ ਪੁੱਤਰ ਸਿੱਖ ਬਣਾਕੇ ਆਜ਼ਾਦੀ ਦੀ ਲੜਾਈ ਵਿਚ ਝੋਕ ਦਿੱਤਾ। ਦੇਵਬੰਦ, ਜੋ ਕਿ ਇਸਲਾਮ ਦਾ ਗੜ੍ਹ ਸੀ ਅਤੇ ਜਿਸ ਉੱਤੇ ਇਕ ਜਾਣਿਆਂ-ਮੰਨਿਆਂ ਮੁਫਤੀ ਰਾਜ ਕਰਦਾ ਸੀ, ਵਿਚ ਵੀ ਸਿੱਖ ਪੈਦਾ ਹੋ ਗਏ। ਜਦੋਂ ਦੇਵਬੰਦ ਦੇ ਫੌਜਦਾਰ ਲਾਲ ਖਾਂ ਨੂੰ ਪਤਾ ਲੱਗਾ ਤਾਂ ਉਸ ਨੇ ਹੁਕਮ ਦਿੱਤਾ ਕਿ ਉਨਾਰਸਾ ਪਿੰਡ, ਜਿਥੇ ਸਭ ਤੋਂ ਵੱਧ ਸਿੱਖ ਮੌਜੂਦ ਸਨ, ਦੇ ਸਾਰੇ ਸਿੱਖਾਂ ਨੂੰ ਫੜ ਲਿਆ ਜਾਵੇ ਅਤੇ ਸਜ਼ਾ ਦਿੱਤੀ ਜਾਵੇ। ਪਰ ਇਕ ਸਿੱਖ ਗਰੰਥੀ ਕਪੂਰ ਸਿੰਘ ਉਨਾਰਸਾ ਤੋਂ ਨਿੱਕਲ ਆਇਆ ਅਤੇ ਬੰਦਾ ਬਹਾਦਰ ਨੂੰ ਮਿਲ ਕੇ ਫਰਿਆਦ ਕੀਤੀ। ਅਜੇ ਬੰਦਾ ਬਹਾਦਰ ਅਤੇ ਉਸ ਦੇ ਸਾਥੀਆਂ ਨੇ ਹਥਿਆਰ ਰੱਖੇ ਵੀ ਨਹੀਂ ਸਨ ਕਿ ਇਹ ਨਵੀਂ ਵੰਗਾਰ ਸਾਮ੍ਹਣੇ ਆ ਖੜੀ। ਬੰਦਾ ਨੇ ਆਪਣੇ ਫੌਜੀ ਆਗੂਆਂ ਨਾਲ ਸਲਾਹ ਕੀਤੀ। ਸਾਰਿਆਂ ਦੀ ਇਕੋ ਰਾਏ ਸੀ ਕਿ ਅੱਗੇ ਵਧ ਕੇ ਜਲਾਲ ਖਾਂ ਨਾਲ ਨਜਿੱਠਿਆ ਜਾਵੇ। ਅੱਗੇ ਵਧਣ ਤੋਂ ਪਹਿਲਾਂ ਬੰਦਾ ਨੇ ਉਸ ਇਲਾਕੇ ਦੇ ਮੁਗਲ ਫੌਜਦਾਰਾਂ ਨੂੰ ਇਕ ਚਿੱਠੀ ਲਿਖੀ ਕਿ ਉਹ ਸਿੱਖਾਂ ਨੂੰ ਤੰਗ ਕਰਨਾ ਛੱਡ ਦੇਣ ਅਤੇ ਬੰਦਾ ਬਹਾਦਰ ਦੇ ਸਾਮ੍ਹਣੇ ਗੋਡੇ ਟੇਕ ਦੇਣ। ਇਹ ਲਿਖ ਕੇ ਅਤੇ ਚਿੱਠੀ ਤੇ ਆਪਣੀ ਮੋਹਰ ਲਾ ਕੇ ਘੁੜਸਵਾਰ ਨੂੰ ਅੱਗੇ ਦੌੜਾਇਆ ਗਿਆ। ਪਿੱਛੇ ਪਿੱਛੇ ਹੀ ਰਾਤ ਵੇਲੇ ਬੰਦਾ ਨੇ ਜਮਨਾ ਪਾਰ ਕੀਤੀ ਅਤੇ ਅਗਲੇ ਦਿਨ ਸਹਾਰਨਪੁਰ ਦੇ ਸਾਮ੍ਹਣੇ ਮੋਰਚਾ ਲਾ ਕੇ ਖੜ੍ਹ ਗਿਆ।

ਲੜਾਈ ਅਜੇ ਸ਼ੁਰੂ ਹੋਣ ਵਾਲੀ ਹੀ ਸੀ ਕਿ ਉਸਦਾ ਸਵਾਰ ਘੋੜਾ ਦੁੜਾਉਂਦਾ ਸ਼ਹਿਰ ਵੱਲ ਆਉਂਦਾ ਵਿਖਾਈ ਦਿੱਤਾ। ਸਵਾਰ ਨੂੰ ਅਜਿਹੀ ਤੇਜੀ ਨਾਲ ਆਉਂਦਾ ਵੇਖਕੇ ਬੰਦਾ ਠਿਠਕ ਗਿਆ। ਕੀ ਉਸ ਦੇ ਤਿੰਨ ਹਜ਼ਾਰ ਫੌਜੀ ਸਹਾਰਨਪੁਰ ਵਾਸਤੇ

ਕਾਫੀ ਹੋਣਗੇ ? ਅਗਲੇ ਹੀ ਪਲ ਸਾਰੇ ਸ਼ੰਕੇ ਦੂਰ ਹੋ ਗਏ ਜਦੋਂ ਘੁੜਸਵਾਰ ਨੇ ਕਿਹਾ, "ਸਰਦਾਰ ਖਾਨ ਤਾਂ ਸ਼ਹਿਰ ਛੱਡ ਕੇ ਭੱਜ ਗਿਆ।"

ਇਹ ਖਬਰ ਸੁਣ ਕੇ ਸਿੱਖਾਂ ਦਾ ਕਾਫ਼ੀ ਮਨੋਰੰਜਨ ਹੋਇਆ। ਕਈ ਫੌਜੀ ਤਾੜੀਆਂ ਮਾਰ ਕੇ ਹੱਸੇ ਅਤੇ ਮੁਗਲਾਂ ਦਾ ਮਜ਼ਾਕ ਉਡਾਉਣ ਲੱਗੇ।

"ਪਰ ਫੇਰ ਸ਼ਹਿਰ ਦੀ ਕਿਲੇਬੰਦੀ ਕਿਉਂ ਹੋ ਰਹੀ ਹੈ ?" ਬੰਦਾ ਨੇ ਪੁੱਛਿਆ।

"ਸਰਦਾਰ, ਸ਼ਹਿਰ ਦੇ ਲੋਕਾਂ ਨੇ ਫੈਸਲਾ ਕੀਤਾ ਕਿ ਉਹ ਮਿਲ ਕੇ ਸਿੱਖਾਂ ਦਾ ਵਿਰੋਧ ਕਰਨਗੇ।"

ਬੰਦਾ ਨੇ ਆਪਣੀ ਫੌਜ ਨੂੰ ਦੋ ਜੱਥਿਆਂ ਵਿਚ ਵੰਡਿਆਂ ਅਤੇ ਛੋਟਾ ਜੱਥਾ ਹਮਲੇ ਲਈ ਅੱਗੇ ਵਧਿਆ। ਫੌਰਨ ਹੀ ਤੀਰ ਅਤੇ ਗੋਲੀਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਬੰਦਾ ਨੇ ਸਥਿਤੀ ਭਾਂਪੀ ਇਸ ਬੁਛਾੜ ਵਿਚ ਉਤਸ਼ਾਹ ਜ਼ਿਆਦਾ ਸੀ ਪਰ ਗਹਿਰਾਈ ਘੱਟ। ਛੋਟੇ ਜੱਥੇ ਨੇ ਅੱਗੇ ਵਧ ਕੇ ਸ਼ਹਿਰ ਦੇ ਨਾਗਰਿਕ ਸੈਨਿਕਾਂ ਨਾਲ ਭਿੜਨਾ ਸ਼ੁਰੂ ਕੀਤਾ। ਜਦੋਂ ਪਲੜਾ ਬਰਾਬਰੀ ਤੇ ਖੜ੍ਹਾ ਸੀ ਐਨ ਉਸ ਵੇਲੇ ਬੰਦਾ ਦੇ ਵੱਡੇ ਜੱਥੇ ਨੇ ਪੂਰੀ ਤਾਕਤ ਨਾਲ ਹੱਲਾ ਬੋਲ ਦਿੱਤਾ। ਇਕੋ ਹੀ ਵਾਰੀ ਕਿਲੇ ਦੇ ਰੱਖਿਅਕਾਂ ਦਾ ਉਤਸ਼ਾਹ ਟੁੱਟ ਗਿਆ ਤੇ ਕੱਚੀ ਕਿਲੇਬੰਦੀ ਨੂੰ ਤੋੜਕੇ, ਉਲੰਘਦੇ ਸਿੱਖ ਜੋਧੇ ਸ਼ਹਿਰ ਵਿਚ ਵੜ ਗਏ। ਨਾਗਰਿਕ ਬਹਾਦਰੀ ਨਾਲ ਲੜੇ ਪਰ ਤਜਰਬਾਕਾਰ ਜੋਧਿਆਂ ਸਾਮ੍ਹਣੇ ਉਨ੍ਹਾਂ ਦੀ ਕੋਈ ਪੇਸ਼ ਨਾ ਚੱਲੀ। ਬਲਕਿ ਲੁੱਟਮਾਰ ਵੱਧ ਹੋਈ ਅਤੇ ਕਈ ਨਾਗਰਿਕ ਮੌਤ ਦੇ ਘਾਟ ਉਤਾਰ ਦਿੱਤੇ ਗਏ। ਕਿਉਂਕਿ ਸਹਾਰਨਪੁਰ ਇਕ ਵੱਡਾ ਵਪਾਰਕ ਕੇਂਦਰ ਸੀ ਇਸ ਲਈ ਚੰਗੀ ਮਾਤਰਾ ਵਿਚ ਰੁਪਿਆ-ਪੈਸਾ ਅਤੇ ਸੋਨਾ-ਚਾਂਦੀ ਬੰਦਾ ਦੇ ਹੱਥ ਲੱਗਾ। ਸ਼ਹਿਰ ਦੇ ਪ੍ਰਸ਼ਾਸਨ ਨੂੰ ਆਪਣੇ ਹੱਥ ਵਿਚ ਲੈਕੇ ਸਿੱਖ ਨੇੜੇ-ਤੇੜੇ ਦੇ ਪਿੰਡਾਂ ਵਿਚ ਫੈਲ ਗਏ। ਸਹਾਰਨਪੁਰ ਦੇ ਹਿੰਦੂ ਅਤੇ ਸਿੱਖ ਨਾਗਰਿਕਾਂ ਨੇ ਨਾਲ ਦੇ ਪਿੰਡ ਬਦਾਤ ਦੇ ਪੀਰਜਾਦਿਆਂ ਦੀ ਖੁਲ੍ਹ ਕੇ ਸ਼ਿਕਾਇਤ ਕੀਤੀ। ਗਲੀਆਂ ਅਤੇ ਸੜਕਾਂ ਤੇ ਲੋਕਾਂ ਦੇ ਖੁਲ੍ਹੇ ਆਮ ਕਤਲ ਦੀ ਖਬਰ ਸੁਣਕੇ ਬੰਦਾ ਭੜਕ ਉੱਠਿਆ। ਇਕ ਜੱਥਾ ਬਦਾਤ ਵੱਲ ਗਿਆ ਅਤੇ ਸਾਰੇ ਪੀਰਜਾਦਿਆਂ ਨੂੰ ਤਲਵਾਰ ਦੀ ਧਾਰ ਦਾ ਸਵਾਦ ਚਖਾਇਆ। ਜਦੋਂ ਉਤਸ਼ਾਹ ਥੋੜ੍ਹਾ ਠੰਢਾ ਹੋਇਆ ਤਾਂ ਵਾਪਸ ਸਹਾਰਨਪੁਰ ਆਕੇ ਜੱਥੇ ਨੇ ਦਮ ਲਿਆ।

"ਉਹ ਕੌਣ ਆ ਰਿਹਾ ਹੈ ?" ਬੰਦਾ ਨੇ ਆਪਣੇ ਫੌਜੀਆਂ ਤੋਂ ਪੁੱਛਿਆ। ਗੱਲ ਇਹ ਸੀ ਕਿ ਸਹਾਰਨਪੁਰ ਤੋਂ ਬਾਦ ਬੰਦਾ ਬਹਾਦਰ ਨੇ ਜਲਾਲਾਬਾਦ ਦੇ ਫੌਜਦਾਰ ਜਲਾਲ ਖਾਂ ਨੂੰ ਚਿੱਠੀ ਭੇਜੀ ਸੀ ਜਿਸ ਵਿਚ ਪਹਿਲਾਂ ਵਾਂਗ ਹੀ ਉਸ ਨੂੰ ਵੀ

ਚੇਤਾਵਨੀ ਦਿੱਤੀ ਗਈ ਸੀ ਕਿ ਫੌਜਦਾਰ ਆਪਣੀਆਂ ਹਰਕਤਾਂ ਤੋਂ ਬਾਜ਼ ਆ ਜਾਵੇ। ਚਿੱਠੀ ਲੈ ਜਾਣ ਵਾਲੇ ਹਰਕਾਰੇ ਦੇ ਵਾਪਸ ਆਉਣ ਦਾ ਇੰਤਜ਼ਾਰ ਸੀ।

ਜਦੋਂ ਦੂਤ ਵਾਪਸ ਆਏ ਤਾਂ ਬੰਦਾ ਨੂੰ ਇੰਜ ਲੱਗਾ ਜਿਵੇਂ ਕਿਸੇ ਨੇ ਆਮ ਇਜਲਾਸ ਵਿਚ ਉਸ ਦੇ ਥੱਪੜ ਮਾਰ ਦਿੱਤਾ ਹੋਵੇ। ਸਾਰੇ ਦੂਤਾਂ ਦਾ ਮੂੰਹ ਕਾਲਾ ਕਰਕੇ ਗਧੇ ਤੇ ਪੁੱਠਾ ਬਿਠਾ ਕੇ ਉਨ੍ਹਾਂ ਨੂੰ ਵਾਪਸ ਭੇਜਿਆ ਗਿਆ ਸੀ। ਇਕ ਦੇ ਗਲ ਵਿਚ ਤਖ਼ਤੀ ਲਟਕ ਰਹੀ ਸੀ ਜਿਸ ਤੇ ਲਿਖਿਆ ਹੋਇਆ ਸੀ, "ਹਿੰਮਤ ਹੈ ਤਾਂ ਅਸਲੀ ਖਾਨ ਨਾਲ ਟੱਕਰ ਲਉ।"

ਬੱਸ ਫੇਰ ਕੀ ਸੀ। ਬੰਦਾ ਦਾ ਖ਼ੂਨ ਖੌਲ ਉੱਠਿਆ। ਡੇਢ ਸੌ ਸਿੱਖਾਂ ਦੀ ਟੁਕੜੀ ਸਹਾਰਨਪੁਰ ਦੀ ਰਾਖੀ ਲਈ ਛੱਡ ਕੇ ਫੌਜ ਜਲਾਲਾਬਾਦ ਵੱਲ ਨੱਸ ਤੁਰੀ। ਰਾਹ ਤੋਂ ਥੋੜ੍ਹਾ ਲਾਂਭੇ ਹੋ ਕੇ ਉਨ੍ਹਾਂ ਨੇ ਅੰਬਰੇਟਾ ਤੇ ਹੱਲਾ ਬੋਲ ਦਿੱਤਾ ਅਤੇ ਬਾਜ਼ਾਰ ਵਿੱਚ ਕਾਫੀ ਮਾਲ ਲੁੱਟਿਆ। ਰਾਹ ਦੇ ਦੂਜੇ ਮੀਲ-ਪੱਥਰ ਤੇ ਨਨੌਤਾ ਸ਼ਹਿਰ ਸੀ। ਉਸ ਨੂੰ ਵੀ ਤੁਰੇ ਜਾਂਦੇ ਰੌਂਦ ਦਿੱਤਾ ਗਿਆ। ਨਨੌਤਾ ਦੇ ਸ਼ੇਖਜ਼ਾਦੇ ਆਪਣੀਆਂ ਆਪਣੀਆਂ ਹਵੇਲੀਆਂ ਵਿਚੋਂ ਹੀ ਤੀਰਾਂ ਦੀ ਝੜੀ ਲਾਉਂਦੇ ਰਹੇ। ਪਰ ਹੁਣ ਤੱਕ ਯੁੱਧ ਕਲਾ ਵਿਚ ਪ੍ਰਵੀਣ ਹੋ ਗਏ ਸਿੰਘਾਂ ਨੇ ਹਰੇਕ ਹਵੇਲੀ ਵਿਚ ਵੜ ਵੜ ਕੇ ਤਿੰਨ ਸੌ ਸ਼ੇਖਜ਼ਾਦਿਆਂ ਨੂੰ ਮਾਰ ਸੁੱਟਿਆ। ਹਵੇਲੀਆਂ ਨੂੰ ਅੱਗ ਲਾ ਦਿੱਤੀ ਗਈ ਅਤੇ ਧੂਏਂ ਵਿਚ ਘਿਰੇ ਸ਼ਹਿਰ ਨੂੰ ਪਿੱਛੇ ਸਹਿਕਦਾ ਛੱਡ ਕੇ ਜਲਾਲਾਬਾਦ ਦਾ ਰਾਹ ਫੜਿਆ। ਸਹਾਰਨਪੁਰ ਤੋਂ ਨਨੌਤਾ ਤੱਕ "ਅਕਾਲ-ਅਕਾਲ" ਅਤੇ "ਫਤਹਿ ਦਰਸ਼ਨ" ਦੇ ਨਾਹਰੇ ਗੂੰਜ ਉਠੇ।

ਜਲਾਲ ਖਾਂ ਰੋਹਿੱਲਾ ਕਿਸੇ ਦੂਜੀ ਹੀ ਮਿੱਟੀ ਦਾ ਬਣਿਆ ਹੋਇਆ ਸੀ। ਸਿੱਖਾਂ ਦੇ ਆਉਣ ਦੀ ਖ਼ਬਰ ਸੁਣ ਕੇ ਉਸਨੇ ਨਾ ਸਿਰਫ਼ ਆਪਣੀ ਕਿਲੇਬੰਦੀ ਨੂੰ ਮਜ਼ਬੂਤ ਕਰ ਲਿਆ ਬਲਕਿ ਨੇੜੇ-ਤੇੜੇ ਤੋਂ ਅਫਗਾਨ ਫੌਜਦਾਰਾਂ ਦੀਆਂ ਫੌਜਾਂ ਵੀ ਬੁਲਵਾ ਲਈਆਂ। ਅਜੇ ਸਿੱਖ ਜਲਾਲਬਾਦ ਦੇ ਨੇੜੇ ਦੇ ਦੋ ਪਿੰਡਾਂ ਵਿਚ ਦੋ ਵੱਡੇ ਵਪਾਰੀਆਂ ਦੀਆਂ ਹਵੇਲੀਆਂ ਹੀ ਘੇਰੀਂ ਬੈਠੇ ਸਨ ਕਿ ਹਜ਼ਾਰ ਬਰਕੰਦਾਜ਼, ਤੀਰਅੰਦਾਜ਼ ਅਤੇ ਚਾਰ ਸੌ ਘੁੜਸਵਾਰ ਉਨ੍ਹਾਂ ਤੇ ਟੁੱਟ ਪਏ। ਆਈ ਫੌਜ ਤੋਂ ਹੌਂਸਲਾ ਫੜ ਕੇ ਪਿੰਡ ਵਾਲੇ ਵੀ ਤਲਵਾਰਾਂ, ਬਰਛੇ ਅਤੇ ਇੱਥੋਂ ਤੱਕ ਕਿ ਗੁਲੇਲਾਂ ਲੈ ਕੇ ਹਮਲੇ ਵਾਸਤੇ ਤਿਆਰ ਹੋ ਗਏ। ਘਮਾਸਾਣ ਲੜਾਈ ਹੋਈ। ਪਰ ਅਜੇਹੇ ਸਮੇਂ ਵੀ ਸਿੱਖ ਜੋਧਿਆਂ ਨੇ ਆਪਣੀ ਰਵਾਇਤੀ ਬਹਾਦਰੀ ਵਿਖਾਈ। ਜਲਾਲ ਖਾਂ ਦਾ ਭਤੀਜਾ ਗੁਲਾਮ ਮੁਹੰਮਦ ਅਤੇ ਉਸ ਦਾ ਚਚੇਰਾ ਭਾਈ ਮਾਰੇ ਗਏ।

ਸਿੱਖ ਅਤੇ ਅਫਗਾਨ ਛੋਟੀਆਂ-ਛੋਟੀਆਂ ਟੁਕੜੀਆਂ ਵਿਚ ਵੰਡੇ ਗਏ। ਇਕ-ਦੂਜੇ ਨੂੰ ਜਿੱਥੇ ਵੇਖ ਦੇ ਮਾਰ-ਕਾਟ ਸ਼ੁਰੂ ਹੋ ਜਾਂਦੀ। ਨੇੜੇ-ਤੇੜੇ ਤੋਂ ਆਏ ਜੋਧਿਆਂ ਦੀ ਮੱਦਦ ਨਾਲ ਜਲਾਲ ਖਾਂ ਨੂੰ ਖੁਦ ਕਿਲੇ ਤੋਂ ਬਾਹਰ ਆਉਣ ਦੀ ਲੋੜ ਨਹੀਂ ਪਈ। ਜਲਾਲ ਖਾਂ ਦੇ ਪੁੱਤ, ਪੋਤੇ, ਭਤੀਜੇ ਤੇ ਭਾਣਜੇ ਅੱਡ-ਅੱਡ ਟੁਕੜੀਆਂ ਲੈ ਕੇ ਅੱਡ ਅੱਡ ਪਾਸਿਉਂ, ਸਿੱਖਾਂ ਦਾ ਰਾਹ ਰੋਕਦੇ ਰਹੇ ਅਤੇ ਅਫਗਾਨ ਜੋਧਿਆਂ ਨੇ ਸਿੱਖਾਂ ਨੂੰ ਕਿਲਾ ਖਾਸ ਦੇ ਕੋਲ ਨਹੀਂ ਆਉਣ ਦਿੱਤਾ।

ਅਗਲੇ ਦਿਨ ਉੱਠ ਕੇ ਸਿੱਖ ਜੋਧੇ ਫੇਰ ਕਿਲੇ ਤੇ ਜਾ ਚੜ੍ਹੇ। ਪੌੜੀ ਅਤੇ ਮੁਰਚਲ ਲੈ ਕੇ ਕਿਲੇ ਦੇ ਚਾਰੇ ਪਾਸੇ ਇਕੱਠੇ ਹੋ ਗਏ। ਚਾਰ ਅੱਡ-ਅੱਡ ਜੱਥਿਆਂ ਨੇ ਮੁਰਚਲ ਕਿਲੇ ਦੀ ਕੰਧ ਤੇ ਟਿਕਾ ਦਿੱਤੇ ਅਤੇ ਥਾਂ-ਥਾਂ ਤੋਂ ਕੰਧਾਂ ਟੱਪ ਕੇ ਅੰਦਰ ਜਾਣ ਦੀ ਕੋਸ਼ਿਸ਼ ਕਰਨ ਲੱਗੇ, ਪਰ ਕੋਈ ਸਿੱਟਾ ਨਾ ਨਿੱਕਲਿਆ। ਇਕ ਤੋਂ ਬਾਦ ਇਕ ਵੀਹ ਦਿਨ ਤੱਕ ਸਵੇਰ ਤੋਂ ਸ਼ਾਮ ਇਹ ਜੰਗ ਚੱਲਦੀ ਰਹੀ। ਪਰ ਨਾ ਸਿੱਖ ਅੱਗੇ ਵਧ ਸਕੇ ਤੇ ਨਾ ਅਫਗਾਨ ਪਿੱਛੇ ਹਟੇ।

ਜੁਲਾਈ ਮਹੀਨੇ ਦਾ ਅੱਧ ਆ ਪੁੱਜਾ। ਇਕ ਦਿਨ ਮੋਹਲੇਧਾਰ ਮੀਂਹ ਨੇ ਸਿੱਖਾਂ ਦੇ ਜੋਸ਼ ਅਤੇ ਕੱਪੜਿਆਂ ਨੂੰ ਭਿਉਂ ਕੇ ਠੰਢਾ ਕਰ ਦਿੱਤਾ। ਐਨੇ ਵਿਚ ਪੰਜਾਬ ਤੋਂ ਵੀ ਮੁਸਲਮਾਨਾਂ ਦੇ ਦੋਬਾਰਾ ਇਕੱਠੇ ਹੋਣ ਦੀਆਂ ਖ਼ਬਰਾਂ ਆਉਣ ਲੱਗੀਆਂ। ਆਪਣੇ ਆਪ ਨੂੰ ਪੰਜਾਬ ਅਤੇ ਆਪਣੇ ਸ਼ਹਿਰ ਤੋਂ ਦੂਰ ਪਾ ਕੇ ਬੰਦਾ ਨੇ ਇੱਕੀਵੇਂ ਦਿਨ ਘੇਰਾ ਚੁੱਕ ਲਿਆ ਅਤੇ ਸਿੱਖ ਜੋਧੇ ਰਾਤ ਦੇ ਹਨੇਰੇ ਵਿਚ ਆਪਣੇ ਵਤਨ ਨੂੰ ਵਾਪਸ ਪਰਤ ਚੱਲੇ।

------

# ਹੈਦਰੀ ਝੰਡਾ

ਦੋਆਬਾ ਤੋਂ ਸਿੱਖਾਂ ਨੇ ਸਮੇਂ ਸਿਰ ਆ ਕੇ ਬੰਦਾ ਬਹਾਦਰ ਦੀਆਂ ਫੌਜਾਂ ਵਿਚ ਵਾਧਾ ਕੀਤਾ ਸੀ ਅਤੇ ਸ਼ਾਇਦ ਇਸੇ ਕਰਕੇ ਬੰਦਾ ਦੀ ਫੌਜ ਸਰਹਿੰਦ ਦੀ ਫੌਜ ਨਾਲ ਟੱਕਰ ਲੈ ਸਕੀ ਸੀ। ਹੁਣ ਮਾਝੇ ਦੇ ਸਿੱਖਾਂ ਨੇ ਵੀ ਆਪਣਾ ਸਿਰ ਚੁੱਕਿਆ। ਅੰਮ੍ਰਿਤਸਰ ਦੇ ਵੀਰ ਸਿੰਘ ਨੇ ਇਕ ਆਮ ਸਭਾ ਬੁਲਾ ਕੇ ਸਿੱਖਾਂ ਨੂੰ ਲਲਕਾਰਿਆ, "ਅਕਾਲ ਪੁਰਖ ਨੇ ਦਸਵੀਂ ਪਾਤਸ਼ਾਹੀ ਗੁਰੂ ਗੋਬਿਦ ਸ਼ਿੰਘ ਤੋਂ ਬਾਦ ਬੰਦਾ ਬਹਾਦਰ ਨੂੰ ਭੇਜਿਆ ਹੈ। ਗੁਰੂ ਗੋਬਿੰਦ ਸਿੰਘ ਨੇ ਆਪਣੇ ਹਥਿਆਰ ਆਪ ਬੰਦਾ ਸਿੰਘ ਦੇ ਸਰੀਰ ਤੇ ਸਜਾਏ ਹਨ। ਇਕ ਹੀ ਝਟਕੇ ਵਿਚ ਬੰਦੇ ਨੇ ਸਰਹਿੰਦ ਦੀ ਸੂਬੇਦਾਰੀ ਦਾ ਸਫਾਇਆ ਕਰ ਦਿੱਤਾ ਹੈ ਅਤੇ ਗੁਰੂ ਸਾਹਿਬ ਦੇ ਬੱਚਿਆਂ ਨੂੰ ਜੀਉਂਦਾ ਕੰਧ ਵਿਚ ਚਿਣਨ ਦਾ ਬਦਲਾ ਲਿਆ ਹੈ। ਅਜੇਹੇ ਮੌਕੇ ਕੀ ਅਸੀਂ ਹੱਥ ਤੇ ਹੱਥ ਧਰੀਂ ਬੈਠੇ ਰਹੀਏ ? ਕੀ ਸਾਡਾ ਕੋਈ ਫਰਜ਼ ਨਹੀਂ ਹੈ ?

ਇਕ ਨੌਜਵਾਨ ਸਿੱਖ ਨੇ ਹੱਥ ਚੁੱਕਿਆ,"ਸਰਦਾਰ, ਲਾਹੌਰ ਦੇ ਮੁਗਲ ਸੂਬੇਦਾਰ ਦਾ ਮੂੰਹ ਉੱਤਰ ਪੱਛਮ ਵੱਲ ਮੁੜਿਆ ਹੋਇਆ ਹੈ, ਅਤੇ ਜੰਮੂ ਦਾ ਫੌਜਦਾਰ ਸਾਡੇ ਤੋਂ ਬੜਾ ਦੂਰ ਹੈ। ਕਿਉਂ ਨਾ ਅਸੀਂ ਮੌਕੇ ਦਾ ਫਾਇਦਾ ਉਠਾ ਕੇ ਕਲਾਨੌਰ ਅਤੇ ਬਟਾਲਾ ਨੂੰ ਫਤਹਿ ਕਰ ਲਈਏ ?"

ਬਟਾਲਾ ਜੋ ਇਕ ਵੱਡਾ ਕਾਰੋਬਾਰੀ ਸ਼ਹਿਰ ਸੀ, ਨੂੰ ਜਿੱਤਣ ਵਿਚ ਬਹੁਤਾ ਚਿਰ ਨਹੀਂ ਲੱਗਿਆ। ਗੁਰਦਾਸਪੁਰ ਤਹਿਸੀਲ ਵਿਚ ਕਲਾਨੌਰ ਪਿੰਡ ਸੀ ਜਿਸ ਦਾ ਦੋ-ਤਰਫ਼ਾ ਮਹੱਤਵ ਸੀ। ਇਕ ਤਾਂ ਡੇਰਾ ਬਾਬਾ ਨਾਨਕ ਅਤੇ ਗੜ੍ਹਸ਼ੰਕਰ ਆਦਿ ਤੋਂ ਆਉਣ ਵਾਲਾ ਸਾਮਾਨ ਕਲਾਨੌਰ ਬਾਜ਼ਾਰ ਵਿਚ ਵੇਚਿਆ ਜਾਂਦਾ ਸੀ। ਦੂਜਾ ਮਹੱਤਵ ਇਕ ਰੋਮਾਂਚਕਾਰੀ ਘਟਨਾ ਨਾਲ ਜੁੜਿਆ ਹੋਇਆ ਸੀ।

ਦਿੱਲੀ ਦਰਬਾਰ ਦੇ ਸਿਪਾਹੀਆਂ ਨੂੰ ਪੈਂਤੜਿਆਂ ਤੋਂ ਬਚਾਉਣ ਵਾਸਤੇ ਅਤੇ ਜੰਗ ਦਾ ਅਨੁਭਵ ਕਰਵਾਉਣ ਵਾਸਤੇ ਬਾਦਸ਼ਾਹ ਹਮਾਯੂੰ ਨੇ ਆਪਣੇ ਪੁੱਤਰ ਅਕਬਰ ਨੂੰ ਆਪਣੇ ਵਫ਼ਾਦਾਰ ਸੈਨਾਪਤੀ ਬਹਿਰਾਮਖਾਨ ਦੇ ਨਾਲ ਉੱਤਰ ਪੂਰਵ ਪ੍ਰਾਂਤ ਵਿਚ ਖੂੰਖਾਰ ਜਨਜਾਤੀਆਂ ਦਾ ਵਿਦਰੋਹ ਕੁਚਲਣ ਵਾਸਤੇ ਭੇਜ ਦਿੱਤਾ ਸੀ। ਕੰਮ ਖਤਮ ਕਰਕੇ ਫੌਜ ਦਿੱਲੀ ਵਾਪਸ ਪਰਤ ਰਹੀ ਸੀ। ਜਦੋਂ ਉਹ ਕਲਾਨੌਰ ਤੋਂ

ਨਿੱਕਲ ਰਹੇ ਸੀ ਤਾਂ ਦਿੱਲੀ ਤੋਂ ਚੱਲਿਆ ਹੋਇਆ ਇਕ ਖਤ ਮਿਲਿਆ ਜਿਸ ਵਿਚ ਹਮਾਯੂੰ ਦੀ ਮੌਤ ਦੀ ਖ਼ਬਰ ਸੀ। ਸਿਆਸੀ ਪੈਂਤੜਿਆਂ ਤੋਂ ਵਾਕਿਫ਼ ਬਹਿਰਾਮਖਾਨ ਨੇ ਕਾਫ਼ਲੇ ਨੂੰ ਉੱਥੇ ਹੀ ਰੋਕ ਲਿਆ। ਸਾਰੀ ਫੌਜ ਅਤੇ ਨਗਰ ਵਾਸੀਆਂ ਦੇ ਸਾਮ੍ਹਣੇ ਇਕ ਵੱਡੇ ਜਲਸੇ ਦਾ ਆਯੋਜਨ ਕੀਤਾ ਗਿਆ। ਸ਼ਹਿਜਾਦਾ ਅਕਬਰ ਨੂੰ ਬਾਦਸ਼ਾਹ ਐਲਾਨ ਦਿੱਤਾ ਗਿਆ। ਐਲਾਨਨਾਮੇ ਦੀਆਂ ਕਈ ਕਾਪੀਆਂ, ਜਿਨ੍ਹਾਂ ਤੇ ਪੰਜ-ਪੰਜ ਗਵਾਹਾਂ ਦੇ ਹਸਤਾਖਰ ਸਨ, ਸਾਰੇ ਸਾਮਰਾਜ ਵਿਚ ਭੇਜ ਦਿੱਤੀਆਂ ਗਈਆਂ। ਜਿਸ ਚੌਂਤਰੇ ਤੇ ਡੇਢ ਸੌ ਸਾਲ ਪਹਿਲਾਂ ਕਾਹਲੀ ਕਾਹਲੀ ਵਿਚ ਇਹ ਤਾਜਪੋਸ਼ੀ ਹੋਈ ਸੀ ਉਹ ਅਜੇ ਤੱਕ ਕਲਾਨੌਰ ਵਿਚ ਮੌਜੂਦ ਸੀ।

ਮਾਝੇ ਦੇ ਸਿੱਖਾਂ ਨੇ ਬੜੀ ਸੌਖੀ ਜਿੱਤ ਹਾਸਲ ਕੀਤੀ ਅਤੇ ਉਸੇ ਚੌਂਤਰੇ ਤੇ ਖੜ੍ਹੇ ਹੋ ਕੇ ਨਗਾਰੇ ਵਜਾ ਕੇ ਇਸ ਦਾ ਐਲਾਨ ਕੀਤਾ। ਉੱਧਰ ਕੀਰਤਪੁਰ, ਅਨੰਦਪੁਰ ਅਤੇ ਡੇਰਾ ਬਾਬਾ ਨਾਨਕ ਵਿਚ ਤੀਰਥ ਯਾਤਰਾ ਕਰਦਾ ਹੋਇਆ ਬੰਦਾ ਅੰਮ੍ਰਿਤਸਰ ਜਾ ਪੁੱਜਾ। ਸਵਰਨ ਮੰਦਰ ਵਿਚ ਉਸ ਨੇ ਗਿਆਰਾਂ ਸੌ ਸਵਰਨ ਮੁਦਰਾਵਾਂ ਦੀ ਅਰਦਾਸ ਕੀਤੀ ਅਤੇ ਮਾਝੇ ਦੇ ਸਿੱਖਾਂ ਨਾਲ ਰਲ ਗਿਆ।

ਲਾਹੌਰ ਬੰਦਾ ਦੇ ਐਨੇ ਨੇੜੇ ਕਦੀ ਵੀ ਨਹੀਂ ਸੀ। ਮਾਝੇ ਦੇ ਸਿੱਖਾਂ ਦੇ ਆਉਣ ਨਾਲ ਫੌਜ ਵੀ ਕਰੀਬ ਦਸ ਹਜ਼ਾਰ ਤੋਂ ਵੱਧ ਹੋ ਗਈ ਸੀ। ਆਪਣੇ ਸਿਪਾਹਸਾਲਾਰਾਂ ਅਤੇ ਮਾਝੇ ਦੀਆਂ ਫੌਜਾਂ ਦੇ ਸਰਦਾਰਾਂ ਨਾਲ ਸਲਾਹ ਕਰਕੇ ਬੰਦਾ ਸਿੱਧਾ ਲਾਹੌਰ ਵੱਲ ਨੂੰ ਹੋ ਲਿਆ।

ਇਹ ਜੰਗ ਅਜਿਹੀ ਸੰਗਠਤ ਨਹੀਂ ਸੀ ਜਿਸ ਵਿਚ ਆਮ੍ਹਣੇ-ਸਾਮ੍ਹਣੇ ਦੋ ਵੱਡੀਆਂ ਫੌਜਾਂ ਹੋਣ ਅਤੇ ਇਕ ਦਿਨ ਵਿਚ ਹੀ ਲੜਾਈ ਦਾ ਫੈਸਲਾ ਹੋ ਜਾਵੇ। ਪਹਿਲਾਂ ਮਾਝਾ ਦੇ ਜੱਥੇ ਲਾਹੌਰ ਸ਼ਹਿਰ ਵਿਚ ਵੜ ਗਏ ਅਤੇ ਸ਼ਾਲੀਮਾਰ ਬਾਗ ਵਿਚ ਜਾ ਡੇਰਾ ਲਾਇਆ। ਸੂਬੇਦਾਰ ਸਈਅਦ ਅਸਲਮ ਖਾਂ ਨੂੰ ਜਦੋਂ ਮੌਲਵੀਆਂ ਨੇ ਕਿਲੇ ਤੋਂ ਬਾਹਰ ਨਿੱਕਲ ਕੇ ਸਿੱਖਾਂ ਨਾਲ ਲੜਨ ਨੂੰ ਕਿਹਾ ਤਾਂ ਉਸ ਦੇ ਹੱਥ ਪੈਰ ਫੁੱਲ ਗਏ। ਪਰ ਮੌਲਵੀ ਐਨੇ ਅਰਸੇ ਤੋਂ ਚੱਲ ਰਹੇ ਆਪਣੇ ਵਡੱਪਣ ਨੂੰ ਛੱਡਣ ਲਈ ਤਿਆਰ ਨਹੀਂ ਸਨ। ਉਨ੍ਹਾਂ ਨੇ ਜਿਹਾਦ ਦਾ ਨਾਹਰਾ ਲਾਇਆ ਅਤੇ ਇਕ ਹਰੇ ਝੰਡੇ ਹੇਠਾਂ ਸਾਰੇ ਗਾਜ਼ੀਆਂ ਨੂੰ ਇਕੱਠਾ ਹੋਣ ਲਈ ਕਿਹਾ। ਇਸ ਝੰਡੇ ਦਾ ਨਾਂ ਹੈਦਰੀ ਝੰਡਾ ਪਿਆ। ਇਸ ਅਪੀਲ ਨੇ ਬਿਜਲੀ ਵਰਗਾ ਕੰਮ ਕੀਤਾ। ਕਈ ਮੁਸਲਮਾਨ ਵਪਾਰੀਆਂ ਨੇ ਰੁਪਿਆ-ਪੈਸਾ ਇਕੱਠਾ ਕੀਤਾ। ਵੇਖਦੇ ਹੀ ਵੇਖਦੇ ਕਈ ਹਜ਼ਾਰ ਗਾਜ਼ੀ ਹਥਿਆਰਾਂ ਸਮੇਤ ਇਕੱਠੇ ਹੋ ਗਏ।

ਬੰਦਾ ਨੇ ਆਪਣੀ ਰਣਨੀਤੀ ਬਦਲ ਲਈ। ਇਕ ਜੱਥਾ ਜਿਲ੍ਹਾ ਗੁਰਦਾਸਪੁਰ ਵਿਚ ਰਿਆੜਕੀ ਦੇ ਇਲਾਕੇ ਵਿਚ ਭੇਜਿਆ ਗਿਆ। ਦੂਜਾ ਮਾਝੇ ਦੇ ਇਲਾਕੇ ਵਿਚ ਅੰਮ੍ਰਿਤਸਰ ਅਤੇ ਲਾਹੌਰ ਵਿਚਕਾਰ ਛਿੱਟ-ਪੁੱਟ ਲੜਾਈਆਂ ਲਈ ਤੈਨਾਤ ਹੋਇਆ। ਇਕ ਜੱਥਾ ਸਿੱਧਾ ਲਾਹੌਰ ਵਾਸਤੇ ਰਵਾਨਾ ਹੋਇਆ। ਲਾਹੌਰ ਦੇ ਰਾਹ ਵਿਚ ਰਾਵੀ ਦੇ ਕੰਢੇ ਉਨ੍ਹਾਂ ਨੇ ਪਿੰਡ ਭਰਥ ਮੁਠੋਲਾ ਦੇ ਕਿਲੇ ਤੇ ਕਬਜ਼ਾ ਕੀਤਾ ਅਤੇ ਜੰਗ ਦਾ ਆਧਾਰ ਇਸੇ ਨੂੰ ਬਣਾਇਆ। ਜਦੋਂ ਗਾਜ਼ੀ ਉੱਥੇ ਪੁੱਜੇ ਤਾਂ ਹਜ਼ਾਰਾਂ ਦੀ ਤਾਦਾਦ ਵਿਚ ਉਨ੍ਹਾਂ ਨੇ ਇਸ ਕਿਲੇ ਨੂੰ ਘੇਰ ਲਿਆ। ਪਰ ਕਈ ਦਿਨਾਂ ਦੀ ਗੈਰ ਫੈਸਲਾਕੁਨ ਲੜਾਈ ਤੋਂ ਬਾਦ ਵੀ ਨਾ ਗਾਜ਼ੀ ਕਿਲੇ ਵਿਚ ਵੜ ਸਕੇ ਅਤੇ ਨਾ ਹੀ ਸਿੱਖ ਗਾਜ਼ੀਆਂ ਨੂੰ ਕਿਲੇ ਤੋਂ ਭਜਾ ਸਕੇ। ਆਖਰ ਇਕ ਰਾਤ ਇਕ ਸਾਹਸੀ ਹੱਲੇ ਨਾਲ ਸਿੱਖ ਜੱਥਾ ਬਾਹਰ ਨਿੱਕਲ ਆਇਆ ਅਤੇ ਇਸ ਤੋਂ ਪਹਿਲਾਂ ਕਿ ਗਾਜ਼ੀ ਕੁਝ ਕਰ ਸਕਣ ਤੇਜ਼ੀ ਨਾਲ ਆਪਣੇ ਬਾਕੀ ਜੱਥਿਆਂ ਨਾਲ ਰਲਣ ਵਾਸਤੇ ਦੌੜ ਗਿਆ।

ਬਲਦੇ ਜਜ਼ਬੇ ਅਤੇ ਭਾਰੀ ਅਸਲਾ ਹੋਣ ਦੇ ਬਾਵਜੂਦ ਵੀ ਹਜ਼ਾਰਾਂ ਗਾਜ਼ੀਆਂ ਨੂੰ ਸਿੱਖਾਂ ਦੇ ਹੱਥੋਂ ਹਾਰ ਦਾ ਮੂੰਹ ਵੇਖਣਾ ਪਿਆ। ਉਹ ਇਹ ਭੁੱਲ ਗਏ ਸਨ ਕਿ ਜਿੱਥੇ ਗਾਜ਼ੀ ਸਿਰਫ਼ ਆਪਣਾ ਰਾਜ ਬਣਾਉਣ ਲਈ ਇਕੱਠੇ ਹੋਏ ਸਨ, ਉੱਥੇ ਹਰ ਸਿੱਖ ਹਮੇਸ਼ਾ ਤੋਂ ਹੀ ਇਕ ਗਾਜ਼ੀ ਸੀ। ਜਾਨ ਮਾਲ ਤੋਂ ਇਲਾਵਾ ਉਸ ਨੇ ਆਪਣੇ ਧਰਮ ਅਤੇ ਪਛਾਣ ਨੂੰ ਵੀ ਕਾਇਮ ਰੱਖਣਾ ਸੀ। ਖਾਲਸੇ ਦੀ ਤਾਂ ਸੰਸਕ੍ਰਿਤੀ ਹੀ ਜੰਗ ਦੇ ਵਿਚਕਾਰ ਜਨਮੀ ਸੀ ਅਤੇ ਉਸੇ ਧਰੋਹਰ ਨੂੰ ਬਚਾਉਣ ਵਾਸਤੇ ਉਹ ਲਗਾਤਰ ਲੜਾਈਆਂ ਲੜਦੇ ਆ ਰਹੇ ਸਨ। ਇਸ ਤੋਂ ਬਿਨਾਂ ਬੰਦਾ ਬਹਾਦਰ ਦੀਆਂ ਤਾਜ਼ਾ ਕਾਮਯਾਬੀਆਂ ਨੇ ਵੀ ਉਨ੍ਹਾਂ ਨੂੰ ਹਿੰਮਤੀ ਬਣਾ ਦਿੱਤਾ ਸੀ ਅਤੇ ਪਿਛਲੇ ਦੋ-ਤਿੰਨ ਸਾਲਾਂ ਵਿਚ ਉਨ੍ਹਾਂ ਵਿਚ ਜੰਗ ਦੇ ਦਾਉ ਪੇਚ ਅਤੇ ਅਨੁਸ਼ਾਸ਼ਨ ਵੀ ਕੁੱਟ ਕੁੱਟ ਕੇ ਭਰੇ ਜਾ ਚੁੱਕੇ ਸਨ।

ਭਰਥ ਮੁਠੋਲਾ ਦੀ ਸ਼ਰਮਨਾਕ ਵਾਰਦਾਤ ਤੋਂ ਗਾਜ਼ੀ ਮੂੰਹ ਲਟਕਾ ਕੇ ਪਰਤੇ ਪਰ ਲਾਹੌਰ ਪਹੁੰਚ ਕੇ ਆਪਣੀ ਥੋਥੀ ਜੀਭ ਨਾਲ ਮੂੰਹ ਫੁਲਾ-ਫੁਲਾ ਕੇ ਜੱਕੜ ਛੱਡੇ। ਲਾਹੌਰ ਦੇ ਲੋਕ ਇਸ ਜਿੱਤ ਤੇ ਵਿਸ਼ਵਾਸ਼ ਕਰਨ ਹੀ ਲੱਗੇ ਸਨ ਕਿ ਐਨੇ ਵਿਚ ਲਾਹੌਰ ਤੋਂ ਦਸ ਮੀਲ ਦੂਰ ਚਾਮਿਆਰੀ ਵਿਚ ਸਿੱਖ ਸੂਰਮਿਆਂ ਦੇ ਇਕੱਠੇ ਹੋਣ ਦੀ ਖ਼ਬਰ ਮਿਲੀ। ਭਰੀ ਸਭਾ ਵਿਚ ਗਾਜ਼ੀਆਂ ਦੇ ਮੂੰਹ ਫੱਕ ਹੋ ਗਏ। ਲਾਹੌਰ ਵਾਸੀਆਂ ਨੇ ਸਰਵ ਸੰਮਤੀ ਨਾਲ ਗਾਜ਼ੀਆਂ ਨੂੰ ਪੁੱਠੇ ਪੈਰੀਂ ਖਦੇੜ ਕੇ ਜੰਗ ਦੇ ਮੈਦਾਨ ਵਿਚ

ਪੁਚਾਇਆ।

ਇੱਧਰ ਸਿੱਖਾਂ ਨੇ ਆਪਣੀ ਰਵਾਇਤੀ ਜੰਗ ਸ਼ੁਰੂ ਕਰ ਦਿੱਤੀ ਸੀ। ਅਮੀਰਜ਼ਾਦਿਆਂ ਅਤੇ ਵੱਡੇ ਵੱਡੇ ਜਿਮੀਂਦਾਰਾਂ ਨੂੰ ਇਸੇ ਦੌਰਾਨ ਸਿੱਖਾਂ ਨੇ ਕੋਟਲਾ ਬੇਗਮ ਨਾਂ ਦੀ ਇਕ ਥਾਂ ਨੂੰ ਠੀਕ ਸਮਝ ਕੇ ਉੱਥੇ ਡੇਰਾ ਪਾ ਲਿਆ ਅਤੇ ਕਿਲੇ ਬੰਦੀ ਕਰ ਲਈ। ਉਸ ਤੋਂ ਬਾਦ ਗਾਜ਼ੀ ਹਜ਼ਾਰਾਂ ਦੀ ਤਾਦਾਦ ਵਿਚ ਕੀੜੀਆਂ ਵਾਂਗ ਆ ਖੜੇ ਹੋਏ ਅਤੇ ਕਿਲੇ ਦੇ ਦੁਆਲੇ ਅੱਡੇ ਜਮਾ ਲਏ। ਆਪਣੀ ਭਾਰੀ ਤਾਦਾਦ ਦੇ ਜ਼ੋਰ ਤੇ ਮਨ ਵਿਚ ਨਿਸ਼ਚਿੰਤ ਉਹ ਕੱਚੇ ਕਿਲੇ ਦੇ ਚਾਰੇ ਪਾਸੇ ਘੁੰਮਣ ਲੱਗੇ। ਐਨੇ ਵਿਚ ਇਕ ਪਾਸੇ ਦੇ ਦਰਵਾਜ਼ੇ ਖੋਲ੍ਹ ਕੇ ਸਿੱਖ ਜੋਧੇ ਭੁੱਖੇ ਸ਼ੇਰਾਂ ਵਾਂਗ ਗਾਜ਼ੀਆਂ ਤੇ ਟੁੱਟ ਪਏ। ਘਮਾਸਾਣ ਲੜਾਈ ਹੋਈ। ਗਾਜ਼ੀ ਚਾਰੇ ਪਾਸਿਉਂ ਦੌੜ ਕੇ ਲੜਾਈ ਵਾਲੀ ਥਾਂ ਤੇ ਗਏ ਅਤੇ 'ਯਾ ਅਲੀ' ਦੇ ਨਾਹਰਿਆਂ ਨਾਲ ਜੰਗ ਵਿਚ ਜੁੱਟ ਗਏ। ਭਾਰੀ ਤਾਦਾਦ ਦੇ ਮੁਕਾਬਲੇ ਵਿਚ ਘੱਟ ਗਿਣਤੀ ਸੂਰਮਾ ਸਿੱਖਾਂ ਦੀ ਯੁੱਧ ਕਲਾ ਵੇਖਣ ਵਾਲੀ ਹੀ ਸੀ। ਜਦੋਂ ਸਾਰੇ ਗਾਜ਼ੀ ਰਣਖੇਤਰ ਵਿਚ ਆ ਭਿੜੇ ਤਾਂ ਸਿੱਖ ਫੌਜ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਜੰਗ ਵਿਚ ਲਾ ਲਿਆ। ਹੱਥੋ-ਹੱਥੀ ਜੰਗ ਵਿਚ ਕਈ ਸਿੱਖ ਖੇਤ ਰਹੇ ਪਰ ਗਾਜ਼ੀ ਵੀ ਗਾਜਰ-ਮੂਲੀ ਵਾਂਗ ਕਟ-ਕਟ ਕੇ ਡਿੱਗਣ ਲੱਗੇ।

ਐਨੇ ਵਿਚ ਸਿੱਖਾਂ ਦਾ ਇਕ ਤਾਜ਼ਾ ਦਸਤਾ ਜੋ ਹੁਣ ਤੱਕ ਰਾਖਵਾਂ ਰੱਖਿਆ ਹੋਇਆ ਸੀ, ਕਿਲੇ ਦੇ ਦੂਜੇ ਦਰਵਾਜ਼ੇ ਵਿਚੋਂ ਨਿੱਕਲਿਆ ਅਤੇ ਪੂਰੀ ਤੇਜ਼ੀ ਨਾਲ ਮੁਗਲਾਂ ਤੇ ਟੁੱਟ ਪਿਆ। ਬਰਾਬਰੀ ਤੇ ਲਟਕਦੀ ਜੰਗ ਤੇ ਇਸ ਤਾਜ਼ਾ ਹਮਲੇ ਦਾ ਭਿਆਨਕ ਅਸਰ ਹੋਇਆ। ਮਿੰਟਾਂ ਵਿਚ ਹੀ ਮੁਗਲ ਫੌਜਾਂ ਦੇ ਪੈਰ ਉਖੜ ਗਏ। ਪਹਿਲਾਂ ਤੋਂ ਲੜਾਈ ਵਿਚ ਰੁੱਝੇ ਸਿੱਖ ਵੀ ਮੌਕਾ ਵੇਖ ਕੇ ਝੰਡੇ ਥੱਲੇ ਇਕੱਠੇ ਹੋ ਗਏ ਅਤੇ ਇਕ ਜ਼ੋਰਦਾਰ ਜਵਾਬੀ ਹਮਲਾ ਕੀਤਾ। ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਅਤੇ "ਫਤਹਿ ਦਰਸ਼ਨ" ਦੇ ਨਾਹਰਿਆਂ ਨੇ 'ਯਾ ਅਲੀ' ਦੀ ਆਵਾਜ਼ ਦਬਾ ਦਿੱਤੀ। ਗਾਜ਼ੀ ਪੁੱਠੇ ਪੈਰੀਂ ਭੱਜੇ ਅਤੇ ਸਿੱਖਾਂ ਨੇ ਦੂਰ ਤੱਕ ਉਨ੍ਹਾਂ ਦਾ ਪਿੱਛਾ ਕਰਕੇ ਭਾਰੀ ਨੁਕਸਾਨ ਪੁਚਾਇਆ। ਦੁਪਹਿਰ ਤੋਂ ਸ਼ਾਮ ਤੱਕ ਗਾਜ਼ੀ ਲਾਹੌਰ ਵੱਲ ਭੱਜਦੇ ਰਹੇ ਅਤੇ ਸਿੱਖ ਮਗਰ-ਮਗਰ। ਆਖਰ ਗਾਜ਼ੀਆਂ ਨੇ ਭੀਲੋਵਾਲ ਪਿੰਡ ਵਿਚ ਠਾਹਰ ਲਈ। ਕਈਆਂ ਨੇ ਕਿਲੇ ਵਿਚ ਵੜ ਕੇ ਸੁਰੱਖਿਅਤ ਥਾਂ ਲੱਭ ਲਈ। ਰਾਤ ਹੁੰਦੇ ਹੁੰਦੇ ਬਾਕੀ ਫੌਜ ਵੀ ਆ ਪੁੱਜੀ ਅਤੇ ਥੱਕ ਕੇ ਕਿਲੇ ਦੇ ਸਾਹਮਣੇ ਖੁਲ੍ਹੇ ਵਿਚ ਹੀ ਆਰਾਮ ਕਰਨ ਲਈ ਲੇਟ ਗਏ। ਪਿੱਛਾ ਕਰਨ ਵਾਲੇ ਸਿੱਖਾਂ ਦਾ ਦੂਰ ਤੱਕ ਕੋਈ ਨਾਂ-ਨਿਸ਼ਾਨ ਨਹੀਂ ਸੀ। ਪਰ ਗਲਤ, ਸਿੱਖ ਸਿਰਫ ਅੱਧਾ ਕੋਹ ਤੇ ਹੀ ਸਨ ਅਤੇ ਝਾੜੀਆਂ ਵਿਚ ਹੀ

ਛਿੱਪੇ ਹੋਏ ਸਨ। ਅੱਧੀ ਰਾਤ ਤੱਕ ਆਰਾਮ ਕਰਨ ਤੋਂ ਬਾਦ ਸਿੱਖ ਉਠ ਖੜ੍ਹੇ ਹੋਏ ਅਤੇ ਦਬੇ ਪੈਰ ਇਕ ਮੀਲ ਦਾ ਸਫਰ ਮੁਕਾ ਕੇ ਖੁਲ੍ਹੇ ਵਿਚ ਸੁੱਤੇ ਪਏ ਬਦਨਸੀਬਾਂ ਤੇ ਅਚਾਨਕ ਹੱਲਾ ਬੋਲ ਦਿੱਤਾ। ਅੱਧੇ ਗਾਜ਼ੀ ਤਾਂ ਸੁੱਤੇ ਪਏ ਹੀ ਸਿੱਖਾਂ ਦੀਆਂ ਤਲਵਾਰਾਂ ਦੀ ਬਲੀ ਚੜ੍ਹ ਗਏ। ਬਾਕੀ ਉੱਠੇ, ਕੁਝ ਭੱਜੇ ਪਰ ਅੱਧ ਸੁੱਤੇ ਜਿਹਾਂ ਨੂੰ ਹਨ੍ਹੇਰੇ ਵਿਚ ਕੁਝ ਨਾ ਸੁੱਝਿਆ। ਮੁਗਲ ਫੌਜ ਦਾ ਅਜੇਹਾ ਕਤਲੇ ਆਮ ਪਹਿਲਾਂ ਕਦੇ ਨਹੀਂ ਸੁਣਿਆ ਗਿਆ ਸੀ। ਕਿਲੇ ਵਿਚ ਵੜੇ ਫੌਜੀ ਵੀ ਤੌਬਾ ਕਰਕੇ ਭੱਜ ਨਿੱਕਲੇ ਅਤੇ ਮਾਝੇ ਅਤੇ ਰਿਆੜਕੀ ਦਾ ਪੂਰਾ ਮੈਦਾਨ ਸਿੱਖਾਂ ਦੇ ਹੱਥ ਛੱਡ ਗਏ।

ਇਸ ਤੋਂ ਬਾਦ ਹੀ ਮੁਸਲਮਾਨ ਜਨਤਾ ਨੇ ਮੌਲਵੀ, ਉਲੇਮਾਂ ਅਤੇ ਨਵਾਬਾਂ ਨੂੰ ਕਈ ਵਾਰੀ ਉਕਸਾਇਆ ਕਿ ਉਹ ਸਿੱਖਾਂ ਦੇ ਖਿਲਾਫ਼ ਜਿਹਾਦ ਖੜ੍ਹਾ ਕਰਨ ਪਰ ਹਰ ਵਾਰੀ ਜਵਾਬ ਮੰਦਾ ਹੀ ਰਿਹਾ। ਆਖਰ ਮੌਲਵੀਆਂ ਨੂੰ ਵੀ ਆਪਣੀ ਜਾਨ ਪਿਆਰੀ ਸੀ।

"ਬਾਦਸ਼ਾਹੋਂ ਕੋ ਤੋ ਮੁਬਾਰਿਕ ਸਿਆਸਤ ਕਾ ਤਾਜ਼
ਸੋਜ਼ਾਗਿਰੀ ਹੈ ਫਕੀਰੋਂ ਕੇ ਲੀਏ
ਤੂ ਐ 'ਹਾਫਿਜ਼' ਖੈਰ ਅਪਨੀ ਹੀ ਮਨਾ
ਜਾਨ ਤੇਰੀ ਹੈ ਸਿਰਫ ਤੇਰੇ ਹੀ ਲੀਏ"

"ਇਹ ਬੰਦਾ ਤਾਂ ਜਿੰਨ ਹੈ। ਤੰਤਰ-ਮੰਤਰ ਕਰਦਾ ਹੈ," ਮੌਲਵੀਆਂ ਦੀ ਆਮ ਸ਼ਿਕਾਇਤ ਸੀ।

"ਅਸੀਂ ਕਾਲੇ ਜਾਦੂ ਨਾਲ ਕਿਵੇਂ ਲੜੀਏ?"

------

# ਦੋਆਬੀਆ ਸਿੱਖ

ਸਥਾਨ-ਸੁਲਤਾਨਪੁਰ ਲੋਧੀ ਮੌਜੂਦਾ ਜਿਲ੍ਹਾ ਕਪੂਰਥਲਾ। ਮੁਗਲ ਫੌਜਦਾਰ ਸ਼ਮਸੁਦੀਨ ਖਾਂ ਦੀ ਗੜ੍ਹੀ। ਕਈ ਸਾਲਾਂ ਦੇ ਇਸਤੇਮਾਲ ਦੇ ਬਾਵਜੂਦ ਗੜ੍ਹੀ ਸਾਫ਼-ਸੁਥਰੀ। ਬਾਹਰ ਬੰਦੂਕਾਂ ਨਾਲ ਲੈਸ ਇਕ ਟੁਕੜੀ ਦਾ ਪਹਿਰਾ ਲੱਗਾ ਹੋਇਆ ਹੈ। ਹਰ ਆਉਣ-ਜਾਣ ਵਾਲੇ ਤੋਂ ਪੁੱਛ-ਗਿੱਛ। ਅਫਗਾਨ ਸੈਨਿਕ ਕੰਮ ਵਿਚ ਚੁਸਤ ਹਨ ਅਤੇ ਫਾਲਤੂ ਸਮਾਂ ਬਰਬਾਦ ਨਹੀਂ ਕਰਦੇ।

ਦੂਰੋਂ ਧੂੜ ਦਾ ਇਕ ਛੋਟਾ ਜਿਹਾ ਗੁਬਾਰ ਉੱਠਦਾ ਹੈ। ਸ਼ੇਰਸ਼ਾਹ ਸੂਰੀ ਮਾਰਗ ਜਲੰਧਰ ਅਤੇ ਲੁਧਿਆਣਾ ਹੁੰਦੇ ਹੋਏ ਅੰਮ੍ਰਿਤਸਰ ਨਿੱਕਲ ਗਿਆ ਅਤੇ ਸਤਲੁਜ ਦੇ ਕਿਨਾਰੇ ਇਸ ਹੜ੍ਹ ਗ੍ਰਸਤ ਖੇਤਰ ਨੂੰ ਉਵੇਂ ਹੀ ਛੱਡ ਗਿਆ। ਇਸ ਲਈ ਸੜਕਾਂ ਪੱਕੀਆਂ ਨਹੀਂ ਹਨ ਤੇ ਬਰਾਬਰ ਧੂੜ ਉੱਡਦੀ ਰਹਿੰਦੀ ਹੈ। ਦੂਰੋਂ ਹੀ ਗਾਰਦ ਨੇ ਲਲਕਾਰਿਆ, "ਕੌਣ ਹੈ ?"

ਦੋ ਸਿੱਖ ਘੁੜਸਵਾਰ ਕੋਲ ਆ ਕੇ ਰੁਕੇ, "ਦੋਆਬੀਆ ਸਿੱਖ ਸਰਦਾਰ ਸਿੰਘ ਬਹਾਦਰ ਵੱਲੋਂ ਇਕ ਪਰਵਾਨਾ ਲਿਆਏ ਹਾਂ।"

ਗਾਰਦ ਨੇ ਧਾਗੇ ਨਾਲ ਬੰਨ੍ਹੀਂ ਹੋਈ ਚਿੱਠੀ ਫੜੀ, "ਕੀ ਹੈ ਇਸ ਵਿਚ ?"

ਸਾਡੇ ਸਰਦਾਰ ਨੇ ਕਿਹਾ ਹੈ ਕਿ ਸਿੱਖ ਇਨਕਲਾਬ ਦਾ ਸਮਾਂ ਆ ਗਿਆ ਹੈ। ਸਰਹੰਦ ਅਤੇ ਮਾਝਾ ਪ੍ਰਦੇਸ਼ ਤੇ ਸਿੱਖਾਂ ਦਾ ਅਧਿਕਾਰ ਹੋ ਚੁੱਕਾ ਹੈ। ਫੌਜਦਾਰ ਸ਼ਮਸੁਦੀਨ ਨੂੰ ਗੁਜ਼ਾਰਿਸ਼ ਹੈ ਕਿ ਉਹ ਬਗੈਰ ਕਿਸੇ ਖ਼ੂਨ-ਖਰਾਬੇ ਦੇ ਆਪਣੀ ਗੱਦੀ ਖਾਲੀ ਕਰ ਦੇਣ ਅਤੇ ਸਿੱਖਾਂ ਨੂੰ ਸੌਂਪ ਦੇਣ। ਨਾਲ ਹੀ ਪੰਜ ਲੱਖ ਰੁਪਏ ਨਗਦ ਅਤੇ ਹਜ਼ਾਰ ਬੰਦੂਕਾਂ ਲਈ ਗੋਲੀ ਸਿੱਕਾ ਅਤੇ ਬਰੂਦ ਫੌਰਨ ਭੇਜਿਆ ਜਾਵੇ। ਨਹੀਂ ਤਾਂ ਉਨ੍ਹਾਂ ਨੂੰ ਮੈਦਾਨੇ ਜੰਗ ਵਿਚ ਸੱਚਾ ਸਾਹਿਬ ਦਾ ਕਹਿਰ ਝੱਲਣਾ ਪਏਗਾ।

ਸਿੱਖ ਜੋਧਿਆਂ ਨੇ ਘੋੜੇ ਨੂੰ ਅੱਡੀ ਲਾਈ ਅਤੇ ਮੁੜ ਕੇ ਆਪਣੇ ਰਾਹ ਪੈ ਗਏ। ਗਾਰਦ ਦਾ ਮੁਖੀ ਇਸ ਹਿਮਾਕਤ ਨੂੰ ਭੁੱਚਕਾ ਜਿਹਾ ਵੇਖਦਾ ਰਹਿ ਗਿਆ।

ਅੰਦਰ ਆਪਣੇ ਨਵਾਬਾਂ ਅਤੇ ਸਿਪਾਹਸਾਲਾਰਾਂ ਵਿਚਕਾਰ ਬੈਠੇ ਸ਼ਮਸੁਦੀਨ ਖਾਨ ਨੇ ਪਰਵਾਨੇ ਨੂੰ ਜੋਰ ਨਾਲ ਪੜ੍ਹ ਕੇ ਸਭ ਨੂੰ ਸੁਣਾਇਆ। ਸਾਰੇ ਇਸ ਨਵੇਂ ਖਤਰੇ ਨੂੰ ਪਛਾਣਦੇ ਸਨ। ਅਫਗਾਨ ਐਨੀ ਛੇਤੀ ਧੰਮਕੀਆਂ ਨੂੰ ਮੰਨਣ ਵਾਲੇ ਨਹੀਂ ਸਨ। ਪਰ ਇਸ ਵਧਦੇ ਹੋਏ ਹੜ੍ਹ ਨੂੰ ਰੋਕਿਆ ਵੀ ਕਿਵੇਂ ਜਾਵੇ ?

ਕਾਫ਼ੀ ਸੋਚ ਕੇ ਸ਼ਮਸੁਦੀਨ ਨੇ ਲਿਖਵਾਇਆ, "ਫੌਜ਼ਦਾਰ ਸ਼ਮਸੁਦੀਨ ਖਾਂ ਸਿੱਖਾਂ ਦੇ ਜਜ਼ਬੇ ਦੀ ਕਦਰ ਕਰਦੇ ਹਨ। ਇਸ ਪਰਵਾਨੇ ਨਾਲ ਪੈਦਾ ਹੋਏ ਹਰ ਹਾਲਤ ਤੇ ਗੌਰ ਕਰਨ ਤੋਂ ਬਾਦ ਜਵਾਬ ਦਿੱਤਾ ਜਾਵੇਗਾ। ਦੋਆਬਾ ਦੇ ਬਾਜ਼ਾਰਾਂ ਵਿਚ ਬਰੂਦ ਅਤੇ ਅਸਲੇ ਦੀ ਕਮੀ ਨਹੀਂ ਹੈ ਪਰ ਗੱਡੀਆਂ ਪੂਰੀਆਂ ਨਾ ਹੋਣ ਕਰਕੇ ਸਮਾਨ ਭੇਜਣ ਦੀ ਦਿੱਕਤ ਹੈ। ਫਿਲਹਾਲ ਥੋੜ੍ਹਾ ਗੋਲੀ ਬਰੂਦ ਭੇਜਿਆ ਜਾ ਰਿਹਾ ਹੈ। ਇਹ ਵਸੂਲ ਪਾਉ।"

ਸਿੱਖ ਘੁੜਸਵਾਰਾਂ ਦੇ ਵਾਪਸ ਪੁੱਜਣ ਤੋਂ ਦੋ ਦਿਨ ਅੰਦਰ ਹੀ ਅਫਗਾਨ ਘੁੜਸਵਾਰਾਂ ਦੀ ਵਾਰੀ ਸੀ ਪਰਵਾਨਾ ਲਿਆਉਣ ਦੀ। ਸਿੱਖ ਜੋਧੇ ਉਂਜ ਹੀ ਮੈਦਾਨਾਂ ਵਿਚ ਤੰਬੂ ਲਾ ਕੇ ਠਹਿਰੇ ਹੋਏ ਸਨ ਅਤੇ ਉਨ੍ਹਾਂ ਦੇ ਮੁਖੀ ਬਹਾਦਰ ਸਿੰਘ ਨਾਲ ਹੀ ਇਕ ਪੱਕੇ ਮਕਾਨ ਵਿਚ। ਅਫਗਾਨ ਹਰਕਾਰਿਆਂ ਦਾ ਨਿਡਰਤਾ ਨਾਲ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਜ਼ੋਰਾਵਰ ਸਿੰਘ ਦੇ ਸਾਮ੍ਹਣੇ ਪੇਸ਼ ਕੀਤਾ ਗਿਆ। ਚਿੱਠੀ ਖੋਲ੍ਹ ਕੇ ਵੇਖਦੇ ਹੀ ਬਹਾਦਰ ਸਿੰਘ ਖਿੜ ਗਿਆ। ਸੱਜਾ ਹੱਥ ਹਵਾ ਵਿਚ ਉੱਚਾ ਚੁੱਕ ਕੇ ਉਸ ਨੇ ਜੈਕਾਰਾ ਛੱਡਿਆ, "ਬੋਲੋ ਸੋ ਨਿਹਾਲ।" ਚਾਰੇ ਪਾਸੇ ਬੈਠੇ ਸਿੱਖਾਂ ਨੇ ਹੇਕ ਨਾਲ ਹੇਕ ਮਿਲਾਈ, "ਸਤਿ ਸ੍ਰੀ ਅਕਾਲ।"

ਬਹਾਦਰ ਸਿੰਘ ਨੇ ਉੱਚੀ ਆਵਾਜ਼ ਵਿਚ ਚਿੱਠੀ ਪੜ੍ਹ ਕੇ ਸੁਣਾਈ। ਚਿੱਠੀ ਖਤਮ ਹੁੰਦੇ ਹੁੰਦੇ ਇਕ ਵਾਰੀ ਫੇਰ ਜੈਕਾਰਾ ਵੱਜਿਆ। ਹਿਦਾਇਤ ਦੇ ਮੁਤਾਬਕ ਦੋਹਾਂ ਹਰਕਾਰਿਆਂ ਨੇ ਸਿਰ ਝੁਕਾਇਆ ਅਤੇ ਅਦਬ ਨਾਲ ਵਾਪਸ ਚਲੇ ਗਏ। ਸਿੱਖ ਫੌਜੀਆਂ ਨੇ ਬਾਹਰ ਖੜ੍ਹੀਆਂ ਦੋ ਗੱਡੀਆਂ ਵਿਚੋਂ ਵੀਹ ਬੰਦੂਕਾਂ ਅਤੇ ਬਾਰੂਦ ਦੀਆਂ ਥੈਲੀਆਂ ਆਪਣੇ ਕਬਜ਼ੇ ਵਿਚ ਲੈ ਲਈਆਂ। ਬਹਾਦਰ ਸਿੰਘ ਉੱਚੀ ਆਵਾਜ਼ ਵਿਚ ਬੋਲਿਆ, "ਛੇਤੀ ਨਾ ਕਰੋ ਦੋਸਤੋ, ਅਜੇ ਅਜਿਹੀਆਂ ਪੰਜਾਹ ਗੱਡੀਆਂ ਹੋਰ ਆਉਣੀਆਂ ਨੇ।" ਚਾਰ ਚੁਫੇਰੇ ਫੇਰ ਇਕ ਠਹਾਕਾ ਗੂੰਜਿਆ।

ਅਗਲੇ ਹੀ ਦਿਨ ਸ਼ਮਸੁਦੀਨ ਦੇ ਚੁਣੇ ਹੋਏ ਵੀਹ ਸੇਵਾਦਾਰ ਇਲਾਕੇ ਦੇ ਮੌਲਵੀਆਂ ਕੋਲ ਚਲੇ ਗਏ। ਦਰਬਾਰ ਦੇ ਪ੍ਰਮੁੱਖ ਮੌਲਵੀ ਵੱਲੋਂ ਪਹਿਲਾਂ ਹੀ ਹਦਾਇਤਾਂ ਦਿੱਤੀਆਂ ਜਾ ਚੁੱਕਿਆਂ ਸਨ। ਥਾਂ ਥਾਂ ਤੇ ਜਿਹਾਦ ਦਾ ਨਾਹਰਾ ਲੱਗਣਾ ਸ਼ੁਰੂ ਹੋ ਗਿਆ ਅਤੇ ਆਮ ਸਭਾਵਾਂ ਜੁੜਨ ਲੱਗੀਆਂ। ਇਲਾਕੇ ਦੇ ਜ਼ਿਮੀਦਾਰਾਂ ਨੇ ਹੈਸੀਅਤ ਮੁਤਾਬਕ ਵੀਹ, ਪੰਜਾਹ, ਸੌ ਸੈਨਿਕ ਇੱਕਠੇ ਕੀਤੇ। ਵਪਾਰਿਆਂ ਨੇ ਸੈਂਕੜੇ ਰੁਪਏ ਅਤੇ ਸੋਨਾ-ਚਾਂਦੀ ਹਥਿਆਰਾਂ ਦੀ ਖਰੀਦ ਵਾਸਤੇ ਭੇਜਿਆ। ਵੇਖਦੇ ਹੀ ਵੇਖਦੇ ਸ਼ਮਸੁਦੀਨ ਦੇ ਝੰਡੇ ਥੱਲੇ ਇਕ ਲੱਖ ਸਿਪਾਹੀ ਇਕੱਠੇ ਹੋ ਗਏ। ਖਾਨ ਦੀ ਆਪਣੀ ਸਿਖਲਾਈ ਯਾਫ਼ਤਾ ਫੌਜ ਸੀ ਕਰੀਬ ਤੀਹ ਹਜ਼ਾਰ ਅਤੇ ਪੰਜ ਹਜ਼ਾਰ ਘੁੜਸਵਾਰ

ਸਨ। ਹਥਿਆਰਾਂ ਨਾਲ ਲੈਸ ਇਹ ਉਮੜਦੀ ਫੌਜ ਸਿੱਖਾਂ ਦੇ ਡੇਰੇ ਵੱਲ ਵਧੀ।

ਸਿਰਫ 14 ਮੀਲ ਦੂਰ ਬੈਠੇ ਸਿੱਖਾਂ ਦੇ ਡੇਰੇ ਤੋਂ ਇਹ ਖਬਰ ਲੁਕੀ ਨਾ ਰਹੀ। ਰਾਹੋਂ ਕਸਬੇ ਵਿਚ ਇਹ ਖੁਲ੍ਹਾ ਮੈਦਾਨ, ਜਿਸ ਵਿਚ ਇੱਟਾਂ ਬਣਾਉਣ ਦੇ ਕੰਮ ਕਾਰਨ ਮੈਦਾਨ ਤੇ ਹੀ ਟੋਆ ਬਣ ਗਿਆ ਸੀ, ਉਸ ਦੇ ਚਾਰੇ ਪਾਸੇ ਕੰਧ ਖੜ੍ਹੀ ਕਰਕੇ ਸਿੱਖਾਂ ਨੇ ਗੜ੍ਹੀ ਬਣਾਈ। ਅਫਗਾਨ ਫੌਜ ਦੇ ਆਉਣ ਦੀ ਖ਼ਬਰ ਸੁਣ ਕੇ ਦੋ ਦਿਨਾਂ ਵਿਚ ਹੀ ਗੜ੍ਹੀ ਦੀ ਕੰਧ ਪੱਕੀ ਕਰ ਲਈ ਗਈ ਅਤੇ ਬੰਦੂਕਾਂ, ਤੋਪਾਂ ਤੀਰਾਂ ਵਾਸਤੇ ਮੋਰੀਆਂ ਬਣਾ ਲਈਆਂ ਗਈਆਂ। ਸਾਮ੍ਹਣੇ ਮੁੱਖ ਦਰਵਾਜ਼ੇ ਤੋਂ ਇਲਾਵਾ ਬਾਕੀ ਤਿੰਨ ਪਾਸੇ ਵੀ ਦਰਵਾਜ਼ੇ ਬਣਵਾਏ ਗਏ ਜਿਸ ਨਾਲ ਦੁਸ਼ਮਨ ਨੂੰ ਪਤਾ ਲੱਗੇ ਬਿਨਾਂ ਨਿੱਕਲਿਆ ਜਾ ਸਕੇ। ਇਹ ਸਭ ਕਰਕੇ ਸਿੱਖਾਂ ਦਾ ਇਕ ਵੱਡਾ ਜੱਥਾ ਕਿਲੇ ਦੇ ਬਾਹਰ ਹੀ ਅਫਗਾਨਾਂ ਦੀ ਫੌਜ ਦੀ ਉਡੀਕ ਕਰਨ ਲੱਗਾ।

ਅੱਠ ਅਕਤੂਬਰ 1710 ਨੂੰ ਸਵੇਰੇ ਧੂੜ ਦਾ ਇਕ ਵੱਡਾ ਬੱਦਲ ਰਾਹੋਂ ਦੀ ਗੜ੍ਹੀ ਵੱਲ ਵਧਦਾ ਦਿਖਾਈ ਦਿੱਤਾ। ਕੋਲ ਆਉਂਦੇ ਆਉਂਦੇ ਹਜ਼ਾਰਾਂ ਦੀ ਗਿਣਤੀ ਵਿਚ ਗਾਜ਼ੀ ਅਤੇ ਦੋਹਾਂ ਕਿਨਾਰਿਆਂ ਦੇ ਨਾਲ ਚੱਲਦੇ ਘੁੜਸਵਾਰ ਵਿਖਾਈ ਦਿੱਤੇ। ਅਫਗਾਨ ਫੌਜ ਦੇ ਸਿਖਲਾਈ ਯਾਫ਼ਤਾ ਫੌਜੀ ਕਿਤੇ ਪਿੱਛੇ ਆ ਰਹੇ ਸਨ। ਸਭ ਤੋਂ ਪਹਿਲਾਂ ਗਾਜ਼ਿਆਂ ਨੇ ਜ਼ੋਰ ਦਾ ਹੱਲਾ ਬੋਲਿਆ। ਸੌ ਗਜ ਦੀ ਦੂਰੀ ਤੋਂ ਤੀਰ ਅਤੇ ਗੋਲੀਆਂ ਦੀ ਬੁਛਾੜ ਕਰਕੇ ਸਿੱਖ ਫੁਰਤੀ ਨਾਲ ਕਿਲੇ ਵਿਚ ਵੜ ਗਏ ਅਤੇ ਮੁੱਖ ਦਰਵਾਜ਼ਾ ਬੰਦ ਕਰ ਲਿਆ। ਫੇਰ ਕਈ ਦਿਨ ਤੱਕ ਅਸਿੱਧੀ ਜੰਗ ਚੱਲਦੀ ਰਹੀ। ਹਜ਼ਾਰਾਂ ਦੀ ਗਿਣਤੀ ਵਿਚ ਗਾਜ਼ੀ ਸਾਮ੍ਹਣੇ ਵੱਲੋਂ ਦੌੜ ਕੇ ਆਉਂਦੇ ਅਤੇ ਕਿਲੇ ਦੀਆਂ ਕੰਧਾਂ ਤੇ ਪੌੜੀਆਂ ਨਾਲ ਚੜ੍ਹਨ ਦੀ ਕੋਸ਼ਿਸ ਕਰਦੇ। ਕੰਧ ਦੀਆਂ ਬੁਰਜੀਆਂ ਤੋਂ ਪੱਥਰ, ਤੀਰ ਅਤੇ ਬਰਛਿਆਂ ਦੀ ਬੁਛਾੜ ਹੁੰਦੀ। ਪੌੜੀਆਂ ਤੇ ਜਾਨ ਤਲੀ ਤੇ ਧਰਕੇ ਚੜ੍ਹਦੇ ਹੋਏ ਗਾਜ਼ੀ ਅੱਜੇ ਅੱਧੇ ਰਾਹ ਹੀ ਪੁੱਜਦੇ ਇੰਨੇ ਵਿਚ ਪੌੜੀ ਉਲਟਾ ਦਿੱਤੀ ਜਾਂਦੀ ਜਾਂ ਫੌਜੀ ਰਾਹ ਵਿਚ ਹੀ ਮਾਰ ਦਿੱਤੇ ਜਾਂਦੇ। ਦੋ ਇਕ ਜੋ ਕੰਧ ਟੱਪ ਕੇ ਅੰਦਰ ਜਾਣ ਵਿਚ ਸਫਲ ਹੁੰਦੇ ਉਨ੍ਹਾਂ ਨੂੰ ਚੁਕੰਨੇ ਸਿੱਖ ਘੇਰ ਕੇ ਫੌਰਨ ਮਾਰ ਦਿੰਦੇ। ਰਾਤ ਹੁੰਦੇ ਹੁੰਦੇ ਲੜਾਈ ਰੁਕ ਜਾਂਦੀ। ਸਵੇਰ ਅਮ੍ਰਿਤ ਵੇਲੇ ਸੱਜੇ ਖੱਬੇ ਦੇ ਦਰਵਾਜਿਆਂ ਵਿਚੋਂ ਸਿੱਖਾਂ ਦਾ ਚਾਰ ਪੰਜ ਸੌ ਦਾ ਜੱਥਾ ਨਿੱਕਲਦਾ ਅਤੇ ਗਾਜ਼ੀਆਂ ਦਾ ਭਾਰੀ ਨੁਕਸਾਨ ਕਰਕੇ ਅੰਦਰ ਵੜ ਜਾਂਦਾ।

ਕੁਝ ਦਿਨ ਜਦੋਂ ਇੰਜ ਹੀ ਚੱਲਦਾ ਰਿਹਾ ਤਾਂ ਇਕ ਰਾਤ ਸਾਰੀ ਫੌਰ ਪਿੱਛੇ ਦਾ ਦਰਵਾਜ਼ਾ ਖੋਲ੍ਹ ਕੇ ਰਾਤ ਦੇ ਹਨੇਰੇ ਵਿਚ ਗੁਆਚ ਗਈ। ਅਗਲੇ ਦਿਨ ਜਦੋਂ

ਬੁਰਜ ਤੇ ਕੋਈ ਸੈਨਿਕ ਨਜ਼ਰ ਨਹੀਂ ਆਇਆ ਤਾਂ ਗਾਜੀਆਂ ਨੇ ਮੁੱਖ ਦਰਵਾਜ਼ਾ ਤੋੜ ਕੇ ਅੰਦਰ ਦਾਖਲਾ ਲਿਆ। ਸਿੱਖ ਫੌਜੀਆਂ ਦਾ ਕੋਈ ਨਾਂ-ਨਿਸ਼ਾਨ ਨਾ ਵੇਖ ਕੇ ਮੁਗਲਾਂ ਨੇ ਜਸ਼ਨ ਮਨਾਇਆ।

ਸ਼ਮਸੁਦੀਨ ਨੂੰ ਇਸ ਚੁੱਪ ਤੇ ਹੈਰਾਨੀ ਤਾਂ ਹੋਈ ਪਰ ਸਿੱਖਾਂ ਨਾਲ ਲੜਾਈ ਵਿਚ ਉਹ ਵੀ ਉਂਨਾ ਹੀ ਥੱਕ ਚੁੱਕਾ ਸੀ ਜਿੰਨਾ ਉਸਨੇ ਸੋਚਿਆ ਸੀ ਕਿ ਸਿੱਖ ਥੱਕ ਚੁੱਕੇ ਹੋਣਗੇ। ਇਸ ਲਈ ਗੜ੍ਹੀ ਵਿਚ ਇਕ ਹਜ਼ਾਰ ਗਾਜ਼ੀਆਂ ਨੂੰ ਛੱਡ ਕੇ ਫੌਜਾਂ ਦੀ ਕਮਾਨ ਉਸ ਨੇ ਪਿੱਛੇ ਨੂੰ ਮੋੜ ਲਈ ਅਤੇ ਸੁਲਤਾਨਪੁਰ ਆ ਕੇ ਆਰਾਮ ਕੀਤਾ। ਕੁਝ ਨੂੰ ਛੱਡ ਕੇ ਬਾਕੀ ਗਾਜ਼ੀਆਂ ਨੂੰ ਵੀ ਘਰ ਭੇਜ ਦਿੱਤਾ ਗਿਆ।

ਸਿੱਖਾਂ ਦੀ ਇਸ ਰਣਨੀਤੀ ਬਾਰੇ ਕਿਸੇ ਨੇ ਸਾਵਧਾਨ ਕੀਤਾ ਹੈ:

"ਹਾਰ ਵੀ ਜਾਣ ਉਨ੍ਹਾਂ ਨੂੰ ਹਾਰਿਆ ਨਾ ਮੰਨ
ਇਹ ਵੀ ਇਕ ਦਾਉ ਹੈ ਉਨ੍ਹਾਂ ਦੀ ਜੰਗ ਦਾ
ਉਹ ਪੁੱਠੀ ਦੌੜ ਦੇ ਹਥਿਆਰ ਨਾਲ
ਬਦਲਦੇ ਨੇ ਹਾਰ ਆਪਣੀ ਜਿੱਤ ਵਿਚ।

ਉਨ੍ਹਾਂ ਦਾ ਪਿੱਛਾ ਕਰਨ ਵਾਲੀ ਫੌਜ
ਜਦੋਂ ਦੂਰ ਹੋ ਜਾਂਦੀ ਹੈ ਆਪਣੀ ਕਮਾਨ ਤੋਂ
ਦੌੜਦੇ ਨੇ ਇਹ ਉਸ ਦੇ ਖਾਤਮੇ ਵਾਸਤੇ
ਅੱਗ ਪਾਣੀ ਵਿਚ ਲਾਉਣਾ ਇਹ ਖੂਬ ਨੇ ਜਾਣਦੇ।

ਤੂੰ ਖੁਦ ਵੇਖਿਆ ਹੈ ਅਜੇਹਾ ਵਾਕਿਆ
ਪਿੱਛਾ ਕਰਨ ਵਾਲਿਆਂ ਨੂੰ ਇਹ ਦਿੰਦੇ ਨੇ ਧੋਖਾ ਕਿਵੇਂ
ਅਤੇ ਨਿਸ਼ਚਿਤ ਕਰਦੇ ਨੇ ਉਸ ਦਾ ਸਰਵਨਾਸ਼
ਜਮੀਨ ਤੇ ਪਈ ਹੋਵੇ ਧੂੜ ਜਿਵੇਂ।

ਅਜੇ ਸ਼ਮਸਖਾਨ ਸੁਲਤਾਨਪੁਰ ਪੁੱਜਾ ਹੀ ਹੋਵੇਗਾ ਕਿ ਸਿੱਖ ਫੌਜ ਫੇਰ ਗੜ੍ਹੀ ਦੇ ਮੂਹਰੇ ਸੀ। ਕੋਈ ਹਜ਼ਾਰ ਜੋਧੇ ਗੜ੍ਹੀ ਤੇ ਟੁੱਟ ਪਏ ਅਤੇ ਗਾਜ਼ੀਆਂ ਨੂੰ ਅਸਾਨੀ ਨਾਲ ਕੱਢ ਕੇ ਗੜ੍ਹੀ ਤੇ ਫੇਰ ਕਬਜ਼ਾ ਕਰ ਲਿਆ। ਇਸ ਦੀ ਖ਼ਬਰ ਵੀ ਖਾਨ ਦੇ ਕੋਲ ਪੁੱਜ ਗਈ ਪਰ ਸ਼ੁਕਰ ਹੈ ਕਿ ਇਹ ਖ਼ਬਰ ਆਉਣ ਤੋਂ ਪਹਿਲਾਂ ਉਹ ਆਪਣੀ ਜਿੱਤ ਦਾ ਪੈਗਾਮ ਬਾਦਸ਼ਾਹ ਨੂੰ ਭੇਜ ਚੁੱਕਾ ਸੀ।

# ਬਾਦਸ਼ਾਹ ਦੀ ਪੈਹਲ

"ਲਾਹੌਲ ਵਿਲਾ ਕੁੱਵਤ! ਇਹ ਐਨੇ ਸਾਰੇ ਕਿੱਥੋਂ ਪੈਦਾ ਹੋ ਗਏ। ਅਤੇ ਐਨੇ ਹਥਿਆਰ, ਲੁੱਟਮਾਰ! ਬਹੁਤ ਹਿਮਾਕਤ ਹੋ ਗਈ ਹੈ ਇਨ੍ਹਾਂ ਦੀ।"

ਵਜ਼ੀਰ ਮੁਨੀਮ ਖਾਨ ਬੋਲਿਆ।" ਮੇਰੀ ਸਮਝ ਵਿਚ ਜਹਾਂਪਨਾਹ ਇਸ ਤੋਂ ਵੱਡੀਆਂ-ਵੱਡੀਆਂ ਆਫ਼ਤਾਂ ਦਾ ਸਿਰ ਕੁੱਚਲ ਚੁੱਕੇ ਹਨ। ਇਹ ਛੋਟੀ ਜਿਹੀ ਕੌਮ ਰਾਜਪੂਤਾਂ ਅਤੇ ਮਰਾਠਿਆਂ ਦੇ ਸਾਮ੍ਹਣੇ ਕੁਝ ਵੀ ਨਹੀਂ ਹੈ।"

"ਇਹ ਸਹੀ ਨਹੀਂ ਹੈ...... ਸ਼ਹਿਨਸ਼ਾਹ," ਬਹਾਦਰਸ਼ਾਹ ਦਾ ਵਫ਼ਾਦਾਰ ਅੰਗ ਰੱਖਿਅਕ ਬੋਲਿਆ। ਇਹ ਬੰਦਾ ਜੋ ਬਹਾਦਰ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ ਅਸਲ ਵਿਚ ਇਹ ਇਕ ਜਿੰਨ ਹੈ। ਮੰਤਰ-ਤੰਤਰ ਜਾਣਦਾ ਹੈ ਅਤੇ ਝਾੜ-ਫੂਕ ਵੀ ਕਰਦਾ ਹੈ। ਸੁਣਿਆਂ ਤਾਂ ਇੱਥੋਂ ਤੱਕ ਵੀ ਹੈ ਕਿ ਮਰੇ ਨੂੰ ਜਿਉਂਦਾ ਅਤੇ ਜਿਉਂਦੇ ਨੂੰ ਮੁਰਦਾ ਕਰ ਦਿੰਦਾ ਹੈ।"

ਫੌਜਦਾਰ ਫਿਰੋਜ਼ ਖਾਂ ਨੇ ਦਖਲ ਦਿੱਤਾ,"ਸਲੀਮ ਖਾਂ ਤਾਂ ਬੇਵਜਾਹ ਘਬਰਾਇਆ ਹੋਇਆ ਹੈ। ਜਹਾਂਪਨਾਹ। ਇਹ ਹਾਰੀ ਹੋਈ ਮੁਗਲ ਫੌਜ ਦੇ ਸੈਨਿਕਾਂ ਤੋਂ ਪਤਾ ਨਹੀਂ ਕੀ-ਕੀ ਸੁਣਦਾ ਰਹਿੰਦਾ ਹੈ ਅਤੇ ਜਹਾਂਪਨਾਹ ਦੇ ਸਾਮ੍ਹਣੇ ਰੱਖਦਾ ਹੈ। ਤਲਵਾਰ ਦੇ ਇਕ ਹੱਥ ਨਾਲ ਵੱਡੇ-ਵੱਡੇ ਜਿੰਨ ਭੱਜ ਜਾਂਦੇ ਹਨ।

"ਇਹ ਠੀਕ ਹੈ ਫਿਰੋਜ਼ ਖਾਂ, ਪਰ ਅਸੀਂ ਸੁਣਿਆ ਹੈ ਕਿ ਉਸ ਨਾਮੁਰਾਦ ਕੌਮ ਦੇ ਸਾਰੇ ਹੀ ਬਸ਼ਿੰਦੇ ਬਗਾਵਤ ਕਰ ਚੁੱਕੇ ਹਨ। ਇਹ ਬੰਦਾ ਕਾਫਰ ਪਹਾੜਾਂ ਤੋਂ ਉੱਤਰਦਾ ਹੈ। ਸਾਡੀਆਂ ਫੌਜਾਂ ਅਤੇ ਸੂਬਿਆਂ ਵਿਚ ਕਤਲੇ ਆਮ ਮਚਾ ਕੇ ਫਿਰ ਪਹਾੜਾਂ ਵਿਚ ਅਲੋਪ ਹੋ ਜਾਂਦਾ ਹੈ। ਉਸ ਨੂੰ ਫੜਨ ਵਾਸਤੇ ਸਾਨੂੰ ਉੱਤਰ ਅਤੇ ਪੂਰਵ ਦੇ ਨੇੜੇ-ਤੇੜੇ ਸੂਬਿਆਂ ਤੋਂ ਸਾਰੀਆਂ ਫੌਜਾਂ ਮੰਗਵਾਉਣੀਆਂ ਪੈਣਗੀਆਂ।

"ਜੀ ਜਾਂਹਪਨਾਹ,"ਫਿਰੋਜ਼ ਖਾਂ ਅਦਬ ਨਾਲ ਬੋਲਿਆ।

"ਦਿੱਲੀ ਆਸਿਫਦੌਲਾ ਨੂੰ ਪੈਗਾਮ ਭੇਜੋ ਕਿ ਇਕ ਫੌਜ ਸਾਡੇ ਕੋਲ ਤੁਰੰਤ ਭੇਜੇ। ਅਵਧ ਦੇ ਸੂਬੇਦਾਰ ਖਾਨ ਦੂਹਾਨ ਨੂੰ ਵੀ ਇਹ ਪੈਗਾਮ ਭੇਜਿਆ ਜਾਵੇ। ਮੁਰਾਦਾਬਾਦ, ਇਸਲਾਮਾਬਾਦ ਅਤੇ ਬੜ੍ਹਾ ਪਰਵਾਨੇ ਭੇਜ ਕੇ ਇਹੀ ਹੁਕਮ ਉਨ੍ਹਾਂ ਨੂੰ ਦਿੱਤਾ ਜਾਵੇ।"

ਬਹਾਦਰਸ਼ਾਹ ਫਿਰੋਜ਼ ਖਾਂ ਵੱਲ ਮੁੜਿਆ,"ਫਿਰੋਜ਼, ਤੇਰੇ ਕੋਲ ਇਸ ਵੇਲੇ ਕਿੰਨੀ ਫੌਜ ਹੈ ?"

"ਕੋਈ 15 ਹਜ਼ਾਰ ਪਿਆਦੇ ਨੇ ਜਨਾਬ। ਦੋ ਹਜ਼ਾਰ ਘੁੜਸਵਾਰ ਅਤੇ ਘੱਟੋ-ਘੱਟ ਐਨੇ ਹੀ ਤੀਰਅੰਦਾਜ਼ ਹੋਣਗੇ।"

ਬਹਾਦਰ ਸ਼ਾਹ ਨੇ ਮੁਨੀਮ ਖਾਂ ਨੂੰ ਹੁਕਮ ਦਿੱਤਾ, "ਸਾਡੀ ਫੌਜ ਵਿਚੋਂ ਕੋਈ ਦੋ ਹਜਾਰ ਬੰਦੂਕਚੀ ਫਿਰੋਜ਼ ਖਾਂ ਨੂੰ ਦਿੱਤੇ ਜਾਣ। ਇਸ ਤੋਂ ਇਲਾਵਾ ਪੰਜਾਹ ਹਜ਼ਾਰ ਰੁਪਏ ਖਜ਼ਾਨੇ ਵਿਚੋਂ ਰੋਜ਼ਮੱਰਾ ਖਰਚੇ ਵਾਸਤੇ ਇਨ੍ਹਾਂ ਕੋਲ ਰਖਵਾ ਦਿੱਤੇ ਜਾਣ। ਤੂੰ ਫਿਰੋਜ਼ ਵੀਹ ਹਜ਼ਾਰ ਦੀ ਫੌਜ ਲੈ ਕੇ ਅੱਗੇ-ਅੱਗੇ ਚੱਲ ਅਤੇ ਸਾਨੂੰ ਹਰ ਹਫ਼ਤੇ ਪੈਗਾਮ ਭੇਜਦਾ ਰਹਿ ਕਿ ਤੇਰੀ ਮੁਹਿੰਮ ਕਿਵੇਂ ਚੱਲ ਰਹੀ ਹੈ।"

ਬਹਾਦਰਸ਼ਾਹ ਨੇ ਫੇਰ ਮੁਨੀਮ ਖਾਂ ਨੂੰ ਹਦਾਇਤ ਕੀਤੀ, "ਹੁਣ ਤੋਂ ਸਾਡੀਆਂ ਸਾਰੀਆਂ ਫੌਜਾਂ ਦੇ ਆਉਣ-ਜਾਣ ਦੀ ਤਰੀਕਵਾਰ ਫਹਿਰਿਸ਼ਤ ਰੱਖੀ ਜਾਵੇ।"

ਇਹ ਘਟਨਾ ਸੀ 27 ਜੂਨ 1710 ਦੀ। ਪੰਜਾਬ ਵਿਚ ਸਰਹੰਦ ਡਿੱਗ ਚੁੱਕਾ ਸੀ ਅਤੇ ਸਿੱਖਾਂ ਦੇ ਹੱਥ ਜਾ ਚੁੱਕਾ ਸੀ। ਜਦੋਂ ਤੱਕ ਬਹਾਦਰਸ਼ਾਹ ਸਾਰੀ ਫੌਜ ਇੱਕਠੀ ਕਰਕੇ ਪੰਜਾਬ ਪੁੱਜਾ, ਕਾਫ਼ੀ ਕੁਝ ਬਦਲ ਚੁੱਕਾ ਸੀ। ਪਰ ਤਵਾਰੀਖ਼ ਤੋਂ ਸਾਨੂੰ ਇਹ ਫਹਿਰਿਸ਼ਤ ਮਿਲਦੀ ਹੈ।

11 ਜੁਲਾਈ 1710 — ਜਲਾਲਾਖਾਨ ਦਾ ਪੈਗਾਮ ਸਿੱਖ ਹਮਲਿਆਂ ਬਾਰੇ, ਵਜ਼ੀਰ ਖਾਨ ਦੀ ਮੌਤ ਦੀ ਖਬਰ ਅਤੇ ਜੈਨੁਦੀਨ ਖਾਂ ਨੂੰ ਸਰਹੰਦ ਦਾ ਫੌਜਦਾਰ ਥਾਪਣਾ।

7 ਅਗਸਤ 1710 — ਫਿਰੋਜ਼ ਖਾਂ ਮੇਵਾਤੀ ਵੀਹ ਹਜ਼ਾਰ ਦੀ ਫੌਜ ਨਾਲ ਸਿੱਖਾਂ ਦੇ ਖਿਲਾਫ਼ ਜੰਗ ਕਰਨ ਲਈ ਰਵਾਨਾ। ਮੁਰਾਦਾਬਾਦ ਤੋਂ ਮੁਹੱਮਦ ਅਮੀਨ ਖਾਂ, ਚਿਨ ਬਹਾਦਰ ਅਤੇ ਕਮਰੁਦੀਨ ਖਾਂ ਦਸ ਹਜ਼ਾਰ ਦੀ ਫੌਜ ਨਾਲ ਬਹਾਦਰ ਸ਼ਾਹ ਦੇ ਸਾਮ੍ਹਣੇ ਪੇਸ਼।

22 ਅਗਸਤ 1710 — ਸਦੀਦ ਵਜ਼ੀਰਹੁਦੀਨ ਖਾਂ ਸਾਢੇ ਸੱਤ ਹਜ਼ਾਰ ਦੀ ਫੌਜ ਲੈ ਕੇ ਬੜ੍ਹਾ ਤੋਂ ਚੱਲਦਾ ਹੋਇਆ ਪੁੱਜਾ।

25 ਅਗਸਤ 1710 — ਕੋਕਲਤਾਸ਼ ਖਾਂ ਨੂੰ ਸੋਨੀਪਤ ਦਾ ਸੂਬੇਦਾਰ ਥਾਪ ਕੇ ਭੇਜਿਆ ਗਿਆ। ਸ਼ਹਿਨਸ਼ਾਹ ਨੇ ਪੂਰੇ ਤਾਮ-ਝਾਮ ਨਾਲ ਸੋਨੀਪਤ ਵਾਸਤੇ ਕੂਚ ਕੀਤਾ।

22 ਅਕਤੂਬਰ 1710 — ਸ਼ਹਿਨਸ਼ਾਹ ਖੁਦ ਪਾਨੀਪਤ ਵਿਚ। ਉਸ ਦੇ

ਨਾਲ ਹੁਣ ਤਕਰੀਬਨ ਅੱਸੀ ਹਜ਼ਾਰ ਫੌਜ ਜਿਸ ਵਿਚ ਹਜ਼ਾਰ ਤੋਂ ਉੱਤੇ ਹਾਥੀ, ਬਾਰਾਂ ਹਜ਼ਾਰ ਘੁੜਸਵਾਰ, ਇੰਨੇ ਹੀ ਤੀਰਅੰਦਾਰ ਅਤੇ ਬਰਕੰਦਾਜ਼ ਸਨ।

*****

"ਇਕ ਹੁਕਮ ਜਾਰੀ ਕਰੋ ਮੁਨੀਮ ਖਾਂ। ਸਾਡੀ ਫੌਜ ਵਿਚ ਜੋ ਵੀ ਹਿੰਦੂ ਹਨ ਉਹ ਆਪਣੀ ਦਾੜ੍ਹੀ-ਮੁੱਛ ਸਾਫ਼ ਕਰਨ ਜਿਸ ਨਾਲ ਲੜਾਈ ਵਿਚ ਸਾਡੀਆਂ ਫੌਜਾਂ ਉਨ੍ਹਾਂ ਨੂੰ ਸਿੱਖ ਸਮਝ ਕੇ ਨਾ ਮਾਰ ਦੇਣ।"

"ਨਾਲ ਹੀ ਕੋਈ ਵੀ ਸ਼ਖਸ ਦਿੱਲੀ ਵਿਚ ਇਜਾਜ਼ਤ ਤੋਂ ਬਿਨਾਂ ਨਾ ਵੜ ਸਕੇ ਅਤੇ ਫੌਜ ਦੇ ਸਿਪਾਹੀਆਂ ਨੂੰ ਮਿਲਣ ਕੋਈ ਵੀ ਰਿਸ਼ਤੇਦਾਰ ਫੌਜਦਾਰ ਤੋਂ ਪੁੱਛੇ ਬਿਨਾਂ ਤੰਬੂਆਂ ਵਿਚ ਨਾ ਵੜੇ।"

*****

10 ਸਤੰਬਰ — ਸੈਫੁਦੀਨ ਅਲੀ ਖਾਂ ਅਤੇ ਉਸ ਦੇ ਦੋ ਭਰਾ ਪਟੌਦੀ ਵਿਚ ਆ ਕੇ ਮਿਲੇ ਅਤੇ ਚੁੜਾਮਨ ਜਾਟ ਦਿੱਲੀ ਦੀ ਹੀ ਸੀਮਾ ਤੇ ਪੰਜ ਹਜ਼ਾਰ ਜਾਟ ਲੈ ਕੇ ਮਿਲਿਆ।

------

# ਪੁੱਠੀ ਹਵਾ

"ਕੋਈ ਮੈਨੂੰ ਸਾਰੇ ਸਿੱਖਾਂ ਦੀ ਮਰਦਮਸ਼ੁਮਾਰੀ ਤਾਂ ਕਰ ਕੇ ਦੱਸੇ। ਕੋਈ ਕਹਿੰਦਾ ਹੈ ਕਿ ਸਿੱਖ ਲਾਹੌਰ ਤੱਕ ਪਹੁੰਚੇ ਹੋਏ ਹਨ। ਦੂਜਾ ਕਹਿੰਦਾ ਹੈ ਕਿ ਸਰਹੰਦ ਲਈ ਬੈਠੇ ਹਨ। ਤੀਜਾ ਫੌਜਦਾਰ ਕਹਿੰਦਾ ਹੈ ਕਿ ਉਹ ਹੁਣੇ ਉਨ੍ਹਾਂ ਤੋਂ ਰਾਹੋਂ ਵਿਚ ਹਾਰ ਕੇ ਆਇਆ ਹੈ ਅਤੇ ਚੌਥਾ ਕਹਿੰਦਾ ਹੈ ਕਿ ਉਹ ਬੰਦਾ ਸਹਾਰਨਪੁਰ ਵਿਚ ਵੜਿਆ ਹੋਇਆ ਹੈ।" ਫਿਰੋਜ਼ ਖਾਂ ਮੇਵਾਤੀ ਨੇ ਆਪਣੀ ਫੌਜ ਦੇ ਸਿਪਾਹਸਾਲਾਰਾਂ ਤੋਂ ਪੁੱਛਿਆ।

ਇਕ ਸਿਪਾਹਸਾਲਾਰ ਬੋਲਿਆ,"ਜਿੱਥੋਂ ਤੱਕ ਲਾਹੌਰ ਦਾ ਸਵਾਲ ਹੈ ਇਹ ਤਾਂ ਮੈਂ ਪੱਕੇ ਤੌਰ ਤੇ ਦੱਸ ਸਕਦਾ ਹਾਂ ਕਿਉਂਕਿ ਮੇਰਾ ਆਪਣਾ ਸਾਲਾ ਜੀਵਾ ਖਾਂ ਭਰਥ ਮੁਠੌਲਾ ਵਿਚ ਮਰਦਾ ਮਰਦਾ ਬਚਿਆ ਹੈ ਅਤੇ ਭੱਜ ਕੇ ਘਰ ਆਇਆ ਹੈ। ਉਹ ਵੀ ਦੱਸ ਰਿਹਾ ਸੀ ਕਿ ਰਾਹੋਂ ਵਿਚ ਇਕ ਵਾਰੀ ਗੜ੍ਹੀ ਤੋਂ ਭੱਜ ਜਾਣ ਤੋਂ ਬਾਦ ਸਿੱਖਾਂ ਨੇ ਦੋਬਾਰਾ ਹਮਲਾ ਕਰਕੇ ਅਫ਼ਗਾਨ ਫੌਜਾਂ ਨੂੰ ਮਾਰ ਭਜਾਇਆ। ਸਰਹੰਦ ਦੀ ਹਾਰ ਤਾਂ ਹੁਣ ਚਾਰ ਮਹੀਨੇ ਪੁਰਾਣੀ ਹੋ ਚੁੱਕੀ ਹੈ ਅਤੇ ਜਹਾਂਪਨਾਹ ਨੂੰ ਉਸੇ ਵਜਾਹ ਕਰਕੇ ਦਿੱਲੀ ਅਤੇ ਰਾਜਪੁਤਾਨਾ ਛੱਡ ਕੇ ਪੰਜਾਬ ਵੱਲ ਆਉਣਾ ਪਿਆ ਹੈ।"

"ਅਤੇ ਸਹਾਰਨਪੁਰ ? ਨਜ਼ੀਬਾਬਾਦ ?"

ਦੂਜਾ ਸਿਪਾਹਸਾਲਾਰ ਬੋਲਿਆ, "ਮੇਰੇ ਖਿਆਲ ਵਿਚ ਇਸ ਸ਼ਖਸ ਬੰਦਾ ਦੀ ਜ਼ਿਆਦਾਤਰ ਫੌਜ ਉੱਥੇ ਹੀ ਹੈ। ਇਸੇ ਲਈ ਤਾਂ ਸ਼ਹਿਰ ਤੋਂ ਬਾਦ ਸ਼ਹਿਰ ਉਸ ਦੇ ਸਾਮ੍ਹਣੇ ਡਿੱਗਦੇ ਜਾ ਰਹੇ ਹਨ।" "ਅਤੇ ਮੁਖਲਿਸਪੁਰ ?" ਫਿਰੋਜ਼ ਖਾਂ ਲੋਹਗੜ੍ਹ ਨੂੰ ਉਸ ਦੇ ਪੁਰਾਣੇ ਨਾਂ ਨਾਲ ਹੀ ਸੰਬੋਧਤ ਕਰ ਰਿਹਾ ਸੀ। ਚਾਰੇ ਪਾਸੇ ਚੁੱਪ ਛਾ ਗਈ। ਕਿਸੇ ਨੂੰ ਮੁਖਲਿਸਪੁਰ ਬਾਰੇ ਜਾਣਕਾਰੀ ਨਹੀਂ ਸੀ।

"ਮੈਨੂੰ ਸਮਝ ਨਹੀਂ ਆਉਂਦਾ ਕਿ ਇਕ ਹੀ ਸ਼ਖਸ ਐਨੀਆਂ ਥਾਵਾਂ ਤੇ ਕਿਵੇਂ ਹੋ ਸਕਦਾ ਹੈ। ਬਹਰਹਾਲ ਜੇ ਇਹ ਸੋਚ ਕੇ ਚੱਲੀਏ ਕਿ ਥੋੜ੍ਹੇ-ਥੋੜ੍ਹੇ ਸਿੱਖ ਲੜਾਕੇ ਤਾਂ ਇਨ੍ਹਾਂ ਸਾਰੀਆਂ ਥਾਵਾਂ ਤੇ ਫੈਲੇ ਹੋਏ ਹਨ। ਸਾਨੂੰ ਜਹਾਂਪਨਾਹ ਨੇ ਜੋ ਕੰਮ ਦਿੱਤਾ ਹੈ, ਉਸ ਨੂੰ ਤਰਜੀਹ ਦੇਈਏ।"

ਉਸੇ ਵੇਲੇ ਦਰਵਾਜ਼ੇ ਤੇ ਦਸਤਕ ਹੋਈ ਅਤੇ ਪਾਨੀਪਤ ਤੋਂ ਇਕ ਹਰਕਾਰੇ ਦੇ ਆਉਣ ਦੀ ਖਬਰ ਮਿਲੀ। ਹਰਕਾਰਾ ਵੀ ਇਕ ਫੌਜੀ ਸੀ। ਮੁਗਲ ਸ਼ੈਲੀ ਵਿਚ ਹੱਥ

ਚੁੱਕ ਕੇ ਉਸ ਨੇ ਫਿਰੋਜ਼ ਖਾਂ ਨੂੰ ਸਲਾਮ ਕੀਤੀ ਅਤੇ ਇਤਲਾਹ ਕੀਤੀ ਕਿ ਫੌਜਦਾਰ ਬਾਜ਼ਿਦ ਖਾਂ ਕੋਈ ਚਾਰ ਕੋਹ ਦੂਰ ਡੇਰਾ ਜਮਾਈਂ ਬੈਠਾ ਹੈ ਅਤੇ ਫਿਰੋਜ਼ ਖਾਂ ਨੂੰ ਮਿਲਣਾ ਚਾਹੁੰਦਾ ਹੈ। ਫਿਰੋਜ਼ ਖਾਂ ਸੁਣ ਕੇ ਉਤਾਵਲਾ ਹੋ ਗਿਆ।

"ਤਾਂ ਫੇਰ ਦੇਰ ਕਿਸ ਗੱਲ ਦੀ ਹੈ? ਛੇਤੀ ਉਨ੍ਹਾਂ ਨੂੰ ਆਖੋ ਕਿ ਆਕੇ ਮਿਲਣ।"

ਇਕ ਘੜੀ ਦੇ ਅੰਦਰ ਅੰਦਰ ਹੀ ਬਾਜ਼ਿਦ ਖਾਂ ਦੇ ਅਗੇਤੀ ਸੈਨਿਕਾਂ ਦੇ ਘੋੜਿਆਂ ਦੀਆਂ ਟਾਪਾਂ ਸੁਣਾਈ ਦਿੱਤੀਆਂ ਅਤੇ ਧੂੜ ਉੱਡਦੀ ਨਜ਼ਰ ਆਈ। ਛੇਤੀ ਹੀ ਬਾਜ਼ਿਦ ਖਾਂ ਆਪਣੇ ਚੁਣੇ ਹੋਏ ਸੌ ਘੁੜਸਵਾਰਾਂ ਨਾਲ ਆ ਰਲਿਆ।

ਉਂਜ ਤਾਂ ਦੋਵੇਂ ਹੀ ਫੌਜਦਾਰ ਸੀ ਪਰ ਵੱਡੀ ਫੌਜ ਫਿਰੋਜ਼ ਖਾਂ ਨਾਲ ਹੋਣ ਕਰਕੇ ਅਤੇ ਸ਼ਹਿਨਸ਼ਾਹ ਦਾ ਫਰਮਾਨ ਧਾਰਨ ਕੀਤਾ ਹੋਣ ਕਰਕੇ ਫਿਰੋਜ਼ ਖਾਂ ਦਾ ਅਹੁਦਾ ਉਸ ਤੋਂ ਵੱਡਾ ਸੀ। ਬਾਜ਼ਿਦ ਖਾਂ ਨੇ ਘੋੜੇ ਤੋਂ ਉੱਤਰ ਕੇ ਕਮਰੇ ਵਿਚ ਆ ਕੇ ਫਿਰੋਜ਼ ਖਾਂ ਨੂੰ ਸਲਾਮ ਕੀਤਾ, ਪਰ ਫਿਰੋਜ਼ ਖਾਂ ਨੇ ਉਸ ਨੂੰ ਗਲ ਨਾਲ ਲਾ ਲਿਆ।

"ਚੰਗਾ ਕੀਤਾ ਤੂੰ ਆ ਗਿਆ ਬਾਜ਼ਿਦ। ਘੱਟੋ-ਘੱਟ ਹੁਣ ਮੈਨੂੰ ਇਸ ਨਾਮੁਰਾਦ ਸ਼ਖਸ, ਜੋ ਕਿ ਬੰਦਾ ਬਹਾਦਰ ਕਿਹਾ ਜਾਂਦਾ ਹੈ, ਬਾਰੇ ਚੰਗੀ ਤਰ੍ਹਾਂ ਪਤਾ ਲੱਗ ਜਾਵੇਗਾ।"

"ਪੰਜਾਬ ਦੇ ਹਾਲਾਤ ਤਾਂ ਮੈਂ ਬਖ਼ੂਬੀ ਤੁਹਾਨੂੰ ਅਰਜ਼ ਕਰ ਸਕਦਾ ਹਾਂ। ਦਿੱਲੀ ਦੇ ਹਾਲਾਤ ਤੁਸੀਂ ਮੈਨੂੰ ਦੱਸਣ ਦੀ ਤਕਲੀਫ਼ ਕਰੋ।"

"ਦਿੱਲੀ ਵਿਚ ਇਸ ਵੇਲੇ ਕੋਈ ਨਹੀਂ ਹੈ ਬਾਜ਼ਿਦ ਖਾਂ। ਸ਼ਹਿਨਸ਼ਾਹ ਖੁਦ ਇਸ ਕੌਮ ਨਾਲ ਮੋਰਚਾ ਲੈਣ ਵਾਸਤੇ ਚਾਰ ਸੂਬਿਆਂ ਤੋਂ ਫੌਜਾਂ ਇੱਕਠੀਆਂ ਕਰਕੇ ਦਿੱਲੀ ਤੋਂ ਚੱਲ ਪਏ ਹਨ ਅਤੇ ਇਸ ਪਾਸੇ ਹੀ ਆ ਰਹੇ ਹਨ। ਉਨ੍ਹਾਂ ਨੇ ਮੈਨੂੰ ਅੱਗੇ ਭੇਜਿਆ ਹੈ।"

ਦੁਪਹਿਰ ਦੇ ਖਾਣੇ ਤੱਕ ਦੋਹਾਂ ਫੌਜਦਾਰਾਂ ਨੇ ਸਲਾਹ ਮਸ਼ਵਰਾ ਕੀਤਾ। ਬਾਜ਼ਿਦ ਖਾਂ ਨੇ ਦੱਸਿਆ ਕਿ ਕਿਵੇਂ ਸਿੱਖਾਂ ਨੇ ਮਾਝਾ, ਦੋਆਬਾ ਅਤੇ ਸਰਹੰਦ ਤੇ ਪੂਰੀ ਤਰ੍ਹਾਂ ਕਬਜਾ ਕਰ ਲਿਆ ਸੀ। ਉਸ ਨੇ ਦੱਸਿਆ ਕਿ ਲਾਹੌਰ ਵੀ ਡਿੱਗ ਹੀ ਜਾਣਾ ਸੀ ਪਰ ਐਨ ਮੌਕੇ ਤੇ ਹੀ ਸਿੱਖ ਫੌਜ ਉਸ ਸ਼ਹਿਰ ਨੂੰ ਛੱਡ ਕੇ ਪੰਜਾਬ ਦੇ ਅੰਦਰੂਨੀ ਇਲਾਕਿਆਂ ਵਿਚ ਲੁੱਟ-ਮਾਰ ਕਰਨ ਲੱਗ ਪਈ।

"ਪਰ ਇਹ ਸਾਰੇ ਜੱਥੇ ਅੱਡ-ਅੱਡ ਇਲਾਕਿਆਂ ਵਿਚ ਸਨ, "ਬਾਜ਼ਿਦ ਖਾਂ ਨੇ ਅੱਗੇ ਦੱਸਿਆ, " ਇਹ ਸ਼ਖਸ ਜੋ ਇਨ੍ਹਾਂ ਵਿਚੋਂ ਸਭ ਤੋਂ ਖ਼ੂੰਖਾਰ ਅਤੇ ਸੈਤਾਨ ਹੈ

ਉਹ ਤਾਂ ਅਜੇ ਨਜੀਬਾਬਾਦ ਵਿਚ ਹੀ ਫਸਿਆ ਹੋਇਆ ਹੈ।

"ਤਾਂ ਕੀ ਉਸ ਤੋਂ ਬਿਨਾਂ ਹੀ ਸਿੱਖਾਂ ਨੇ ਇਹ ਅਫ਼ਰਾ-ਤਫ਼ਰੀ ਮਚਾਈ ਹੋਈ ਹੈ ? ਸਰਹੰਦ ਦਾ ਸੂਬੇਦਾਰ ਤਾਂ ਪੱਕੇ ਤੌਰ ਤੇ ਨੀਂਹ ਪਾਈਂ ਬੈਠਾ ਸੀ ਅਤੇ ਉਸ ਕੋਲ ਫੌਜ ਵੀ ਵਧੀਆ ਸੀ।"

"ਉਸ ਵੇਲੇ ਬੰਦਾ ਬਹਾਦਰ ਐਥੇ ਹੀ ਸੀ। ਉਸ ਤੋਂ ਬਾਦ ਉਹ ਸਹਾਰਨਪੁਰ ਵੱਲ ਗਿਆ ਹੈ।"

ਮੈਨੂੰ ਦੱਸ ਬਾਜ਼ਿਦ ਖਾਂ ਕਿ ਕੀ ਇਸ ਸ਼ਖਸ ਕੋਲ ਵਾਕਈ ਜਾਦੂਈ ਤਾਕਤ ਹੈ ?" ਫਿਰੋਜ਼ ਖਾਂ ਨੇ ਪੁੱਛਿਆ। ਬਾਜ਼ਿਦ ਖਾਂ ਨੇ ਨਾਂਹ ਕਰਨ ਦੇ ਅੰਦਾਜ਼ ਵਿਚ ਸਿਰ ਹਿਲਾਇਆ।

"ਤਾਂ ਫੇਰ ਇਹ ਆਦਮੀ ਐਨੇ ਥੋੜ੍ਹੇ ਜਿਹੇ ਫੌਜੀ ਲੈ ਕੇ, ਘੱਟ ਹਥਿਆਰਾਂ ਨਾਲ, ਸਾਡੀਆਂ ਨਵਾਬੀ ਫੌਜਾਂ ਨੂੰ ਜਿਨ੍ਹਾਂ ਵਿਚ ਹਾਥੀ, ਘੋੜੇ, ਬਰਕੰਦਾਜ਼ ਵਗੈਰਾ ਸਭ ਕੁਝ ਹੈ। ਸਭ ਦਾ ਸਫਾਇਆ ਕਿਵੇਂ ਕਰ ਦਿੰਦਾ ਹੈ ?"

ਕਾਫੀ ਸੋਚ ਕੇ ਬਾਜ਼ਿਦ ਖਾਂ ਬੋਲਿਆ, "ਜਿਸ ਵੇਲੇ ਮੁਗਲ ਸਿਪਾਹੀ ਸ਼ਹਿਨਸ਼ਾਹ ਬਾਬਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਉਸ ਵੇਲੇ ਲੜਦੇ ਸੀ ਉਸ ਵੇਲੇ ਸਾਡੇ ਵਿਚ ਇਕ ਕੌਮੀ ਜਜ਼ਬਾ ਹੁੰਦਾ ਸੀ। ਮਰਨ ਜਾਂ ਮਾਰਨ ਦੀ ਗੱਲ ਹੁੰਦੀ ਸੀ ਅਤੇ ਜਾਨ ਦੀ ਪਰਵਾਹ ਕੀਤੇ ਬਿਨਾਂ ਅਸੀਂ ਮੈਦਾਨ ਵਿਚ ਉੱਤਰਦੇ ਸੀ। ਆਪਣੇ ਤੋਂ ਵੱਡੀਆਂ ਫੌਜਾਂ ਦੇ ਖਿਲਾਫ਼ ਵੀ ਅਸੀਂ ਜਿੱਤਦੇ ਸੀ। ਸ਼ਾਇਦ ਇਹੀ ਜਜ਼ਬਾਤ ਇਸ ਵੇਲੇ ਉਨ੍ਹਾਂ ਨਾਲ ਹਨ।"

ਕੁਝ ਰੁਕ ਕੇ ਬਾਜ਼ਿਦ ਖਾਂ ਨੇ ਕਿਹਾ, "ਹੋਰ ਕੋਈ ਕਾਰਨ ਤਾਂ ਮੈਨੂੰ ਨਜ਼ਰ ਨਹੀਂ ਆਉਂਦਾ। ਹਾਂ, ਇਹ ਬੰਦਾ ਵਾਕਈ ਬਹਾਦਰ ਹੈ, ਚਲਾਕ ਹੈ ਅਤੇ ਸਾਰੀਆਂ ਸਿੱਖ ਫੌਜਾਂ ਨੂੰ ਇਸ ਤੇ ਭਰੋਸਾ ਹੈ। ਇਸੇ ਲਈ ਇਹ ਹੁਣ ਤੱਕ ਲੜਦੇ ਆ ਰਹੇ ਹਨ। ਜਿਸ ਦਿਨ ਇਹ ਭਰੋਸਾ ਟੁੱਟ ਜਾਵੇਗਾ, ਉਸ ਦਿਨ ਸਿੱਖ ਹਾਰਨ ਲੱਗ ਜਾਣਗੇ।"

ਬਾਜ਼ਿਦ ਖਾਂ ਨੂੰ ਨਹੀਂ ਪਤਾ ਸੀ ਕਿ ਅਨਜਾਨੇ ਵਿਚ ਹੀ ਉਸ ਨੇ ਸਿੱਖਾਂ ਦੇ ਖਿਲਾਫ਼ ਲੜਾਈ ਜਿੱਤਣ ਦਾ ਨਾ ਕੇਵਲ ਗੁਰ ਹੀ ਦੱਸ ਦਿੱਤਾ ਸੀ, ਬਲਕਿ ਸਿੱਖ ਫੌਜਾਂ ਦੇ ਬਾਰੇ ਭਵਿੱਖਬਾਣੀ ਵੀ ਕਰ ਦਿੱਤੀ ਸੀ।

"ਹੁਣ ਵੇਖਦੇ ਹਾਂ ਕਿ ਉਹ ਸਾਡੀਆਂ ਵੱਡੀਆਂ ਫੌਜਾਂ ਦੇ ਖਿਲਾਫ਼ ਕੀ ਕਰਦੇ ਹਨ ?" ਫਿਰੋਜ਼ ਖਾਂ ਸੋਚਦੇ ਹੋਏ ਬੋਲਿਆ।

ਇਸ ਖੇਡ ਵਿਚ ਹੁਣ ਵਾਕਈ ਕਈ ਖਿਡਾਰੀ ਹੋ ਚੁੱਕੇ ਹਨ ਜੋ ਕਿ ਅੱਡ-ਅੱਡ

ਮੈਦਾਨਾਂ ਵਿਚ ਜੁੱਟੇ ਹੋਏ ਸਨ। ਬਾਜ਼ਿਦ ਖਾਂ ਨਾਲ ਗੱਲ ਕਰਨ ਤੋਂ ਬਾਦ ਫਿਰੋਜ਼ ਖਾਂ ਦਾ ਅੰਦਾਜ਼ਾਂ ਸਹੀ ਸੀ ਕਿ ਵੱਖੋ-ਵੱਖਰੇ ਇਲਾਕਿਆਂ ਵਿਚ ਉਤਪਾਤ ਮਚਾਉਣ ਵਾਲੇ ਸਿੱਖ ਜੋਧੇ ਅੱਡ-ਅੱਡ ਥਾਵਾਂ ਤੋਂ ਆਂਦੇ ਹਨ। ਬੰਦਾ ਬਹਾਦਰ ਇਕ ਹੀ ਹੈ ਅਤੇ ਸਾਇਦ ਉਹ ਇਸ ਵੇਲੇ ਨਜੀਬਾਬਾਦ ਤੋਂ ਵਾਪਸ ਆਉਣ ਦੀ ਹਾਲਤ ਵਿਚ ਹੈ। ਮੁਖਲਿਸਪੁਰ ਵਿਚ ਬੰਦਾ ਨੇ ਕੋਈ ਥਾਂ ਬਣਾਈ ਹੋਈ ਹੈ। ਜਿੱਥੇ ਅੱਜ ਤੱਕ ਲੜਾਈਆਂ ਵਿਚ ਜਿੱਤਿਆ ਅਸਲਾ ਅਤੇ ਖਜ਼ਾਨਾ ਰੱਖਿਆ ਹੋਇਆ ਹੈ। ਐਨਾ ਸਾਰਾ ਅੰਦਾਜ਼ਾ ਲਾਉਣ ਤੋਂ ਬਾਦ ਫਿਰੋਜ਼ ਖਾਂ ਨੇ ਆਪਣੇ ਸੂਹੀਆਂ ਨੂੰ ਇੱਧਰ-ਉੱਧਰ ਭੇਜਿਆ ਕਿ ਉਹ ਸਰਹੰਦ ਵਾਲੇ ਸਿੱਖ ਜੱਥੇ ਦਾ ਅਤਾ-ਪਤਾ ਲੱਭ ਕੇ ਲਿਆਉਣ।

ਜਵਾਬ ਆਉਣ ਵਿਚ ਬਹੁਤਾ ਚਿਰ ਨਹੀਂ ਲੱਗਾ। ਸਰਹੰਦ ਵਿਚ ਰਾਜ ਜਮਾ ਕੇ ਬਿਨੋਦ ਸਿੰਘ ਅਤੇ ਰਾਮ ਸਿੰਘ ਇਕ ਛੋਟੀ ਜਿਹੀ ਫੌਜ ਨਾਲ ਤਰਾਵੜੀ ਪਿੰਡ ਦੇ ਕੋਲ ਸਿੱਖ ਥਾਣਾ ਸਥਾਪਤ ਕਰਨ ਆਏ ਹੋਏ ਸੀ। ਤਰਾਵੜੀ ਪਾਨੀਪਤ ਤੋਂ ਸ਼ੇਰਸ਼ਾਹ ਸੂਰੀ ਸੜਕ ਤੇ ਕਰੀਬ ਤੀਹ ਮੀਲ ਉੱਤਰ ਵੱਲ ਹੈ। ਖਬਰ ਮਿਲਦੇ ਹੀ ਫਿਰੋਜ਼ ਖਾਂ ਨੇ ਘੋੜੇ ਦੀ ਕਾਠੀ ਕਸੀ ਅਤੇ ਬਾਜ਼ਿਦ ਖਾਂ ਦੀ ਫੌਜ਼ ਨੂੰ ਪਿੱਛੇ ਲਾ ਕੇ ਰਵਾਨਾ ਹੋ ਗਿਆ। ਬਦਕਿਸਮਤੀ ਨੂੰ ਤਰਾਵੜੀ ਪਹੁੰਚ ਕੇ ਉਸ ਨੇ ਵੇਖਿਆ ਕਿ ਦੂਰ ਦੂਰ ਤੱਕ ਪੇਂਡੂ ਇਲਾਕਾ ਹੋਣ ਕਰਕੇ ਧਰਤੀ ਛਿਛੜੇ ਦੀਆਂ ਝਾੜੀਆਂ ਨਾਲ ਢਕੀ ਪਈ ਸੀ। ਸਿੱਖਾਂ ਨਾਲ ਹੋਈਆਂ ਪਿਛਲੀਆਂ ਲੜਾਈਆਂ ਕਰਕੇ ਬਾਜ਼ਿਦ ਖਾਂ ਨੂੰ ਪਤਾ ਸੀ ਕਿ ਇਸ ਤਰ੍ਹਾਂ ਦੀ ਧਰਤੀ ਸਿੱਖਾਂ ਦੇ ਤੌਰ-ਤਰੀਕਿਆਂ ਵਾਸਤੇ ਠੀਕ ਹੈ। ਪਰ ਮਰਦਾ ਕੀ ਨਾ ਕਰਦਾ। ਐਨੀ ਦੂਰ ਤੋਂ ਆਏ ਸਿਪਾਹੀਆਂ ਨੂੰ ਜੰਗ ਵਿਚ ਤਾਂ ਝੋਕਣਾ ਹੀ ਸੀ।

ਜ਼ਾਹਿਰ ਹੈ ਕਿ ਸਿੱਖਾਂ ਨੂੰ ਇਸ ਫੌਜ ਦੇ ਆਉਣ ਦਾ ਪਤਾ ਸੀ ਕਿਉਂਕਿ ਝਾੜੀਆਂ ਵਿਚ ਡੂੰਘੇਰਾ ਜਾਣ ਤੋਂ ਬਾਦ ਅਚਾਨਕ ਬੰਦੂਕਾਂ ਦੀਆਂ ਗੋਲੀਆਂ ਦੀ ਇਕ ਬੁਛਾੜ ਨੇ ਮੁਗਲ ਫੌਜ ਦਾ ਸਵਾਗਤ ਕੀਤਾ। ਦੂਜੇ ਪਾਸਿਉਂ ਇਕ ਹੋਰ ਬੁਛਾੜ ਆਈ। ਇਸ ਤੋਂ ਪਹਿਲਾਂ ਕਿ ਮੁਗਲ ਫੌਜ ਸੰਭਲ ਸਕੇ, ਪਤਾ ਨਹੀਂ ਕਿਹੜੀ ਕਿਹੜੀ ਝਾੜੀ ਚੋਂ ਤਲਵਾਰ ਧਾਰੀ ਸਿੱਖਾਂ ਨੇ ਨਿੱਕਲ ਕੇ ਵੱਢ-ਟੁੱਕ ਕਰਨੀ ਸ਼ੁਰੂ ਕਰ ਦਿੱਤੀ। ਜਿੱਧਰ ਮੁਗਲ ਸੈਨਿਕ ਪਿੱਛੇ ਹਟਦੇ ਉੱਧਰ ਦੀਆਂ ਹੀ ਝਾੜੀਆਂ ਵਿਚੋਂ 40-50 ਸਿੱਖ ਜੋਧੇ ਨਿੱਕਲਦੇ ਅਤੇ ਸਿਪਾਹੀਆਂ ਦੀਆਂ ਲੱਤਾਂ ਵੱਢ ਸੁੱਟਦੇ ਜੋ ਕਿ ਜ਼ਰਹਾ ਬਖਤਰ ਨਾਲ ਢਕੀਆਂ ਹੋਈਆਂ ਨਹੀਂ ਸਨ। ਫਿਰੋਜ਼ ਖਾਂ ਅਤੇ ਬਾਜ਼ਿਦ ਖਾਂ ਨੇ ਆਪਣੀ ਸਾਰੀ ਫੌਜ ਲੜਾਈ ਵਿਚ ਝੋਕ ਦਿੱਤੀ। ਪਹਿਲਾਂ ਲੱਗਾ ਕਿ ਸ਼ੁਰੂ ਦੇ ਲਾਹੇ

ਦੀ ਵਜ਼ਾ ਨਾਲ ਸਿੱਖ ਜੰਗ ਨੂੰ ਅਖੀਰ ਤੱਕ ਲੈ ਜਾ ਕੇ ਜਿੱਤ ਜਾਣਗੇ ਪਰ ਫੇਰ ਹੋਰ ਝਾੜੀਆਂ ਵਿਚੋਂ ਸਿੱਖ ਨਿਕਲਣੇ ਬੰਦ ਹੋ ਗਏ। ਮੁਗਲ ਫੌਜਾਂ ਨੇ ਵੇਖਿਆ ਕਿ ਉਨ੍ਹਾਂ ਦੀ ਗਿਣਤੀ ਸਿੱਖ ਫੌਜ ਨਾਲੋਂ ਕਈ ਗੁਣਾ ਹੈ। ਫਿਰ ਕੀ ਸੀ, ਚਾਰੇ ਪਾਸਿਉਂ ਘੇਰ ਕੇ ਉਨ੍ਹਾਂ ਨੇ ਇਕ-ਇਕ ਸਿੱਖ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਕਤਲੇ ਆਮ ਵਿਚਕਾਰ ਹੀ ਫਿਰੋਜ਼ਖਾਨ ਨੇ ਚੀਖ਼ ਕੇ ਆਪਣੀਆਂ ਫੌਜਾਂ ਨੂੰ ਰੋਕਿਆ ਅਤੇ ਤਿੰਨ ਸੌ ਸਿੱਖ ਸੂਰਮਿਆਂ ਦੇ ਸਿਰ ਵੱਢਵਾ ਕੇ ਇਕ ਵੱਖਰੀ ਗੱਡੀ ਵਿਚ ਭਰਵਾ ਦਿੱਤੇ। ਕਈ ਹੋਰ ਕਟੇ ਹੋਏ ਸਿਰਾਂ ਨੂੰ ਸ਼ੇਰਸ਼ਾਹ ਸੂਰੀ ਮਾਰਗ ਦੇ ਦੋਵੇਂ ਪਾਸੇ ਉੱਚੇ ਦਰਖ਼ਤਾਂ ਨਾਲ ਲਟਕਾ ਦਿੱਤਾ ਗਿਆ।

ਬਾਦਸ਼ਾਹ ਦਾ ਤਾਮ-ਝਾਮ ਨੇੜੇ ਹੀ ਅਮੀਨਗੜ੍ਹ ਤੱਕ ਆ ਪੁੱਜਾ ਸੀ। ਤਿੰਨ ਸੌ ਕਟੇ ਸਿਰ ਵੇਖ ਕੇ ਬਹਾਦਰ ਸ਼ਾਹ ਨੂੰ ਆਪਣੀ ਆਲਮੀ ਤਾਕਤ ਤੇ ਦੋਬਾਰਾ ਵਿਸ਼ਵਾਸ ਹੋਇਆ। ਜਿੱਤ ਦੀ ਖੁਸ਼ੀ ਵਿਚ ਹੁਣੇ ਹੁਣੇ ਨਿਯੁਕਤ ਕੀਤੇ ਗਏ ਬਾਵਨੀ ਸਰਹੰਦ ਦੇ ਸੂਬੇਦਾਰ ਜੈਨੁਦੀਨ ਖਾਂ ਨੂੰ ਉਸ ਨੇ ਇਕ ਝਟਕੇ ਨਾਲ ਹਟਾ ਦਿੱਤਾ ਅਤੇ ਫਿਰੋਜ਼ ਖਾਂ ਨੂੰ ਇਹ ਸੂਬਾ ਸੌਂਪ ਦਿੱਤਾ। ਸੋਨੇ ਅਤੇ ਹੀਰੇ ਨਾਲ ਜੜੀਆਂ ਛੇ ਖਿੱਲਤਾਂ ਫਿਰੋਜ਼ ਖਾਂ ਨੂੰ ਭੇਜਿਆ ਗਈਆਂ ਕਿ ਉਹ ਬਾਜ਼ਿਦ ਖਾਂ ਨੂੰ ਵੀ ਵੰਡ ਦੇਵੇ। ਇਹ ਘਟਨਾ 30 ਅਕਤੂਬਰ 1710 ਦੀ ਸੀ।

*****

ਸਿੱਖ ਫੌਜਾਂ ਦੀ ਜਿੱਤ ਦੀ ਅਤੇ ਰਾਮ ਰਾਜ ਦੀ ਸਥਾਪਨਾ ਜਿੰਨੀ ਚਮਤਕਾਰੀ ਸੀ, ਉਂਨੀ ਹੀ ਅਚਾਨਕ ਉਨ੍ਹਾਂ ਦੇ ਉੱਖੜਨ ਦੀ ਕਹਾਣੀ ਹੈ। ਸ਼ੁਰੂ ਤੋਂ ਅਖੀਰ ਤੱਕ ਬੰਦਾ ਬਹਾਦਰ ਘੱਟ ਅਮਲਾ, ਨਿਚਲੇ ਪੱਧਰ ਦੇ ਹਥਿਆਰ ਅਤੇ ਅਕਸਰ ਘੱਟ ਜੋਧਿਆਂ ਨੂੰ ਲੈ ਕੇ ਲੜਦਾ ਹੋਇਆ ਜਿੱਤਦਾ ਰਿਹਾ। ਪਰ ਲੰਮੀ ਦੌੜ ਵਿਚ ਮੁਗਲ ਸਾਮਰਾਜ ਵਰਗੀ 150 ਸਾਲ ਤੋਂ ਜਮੀ ਹੋਈ ਹਕੂਮਤ ਨੂੰ ਹਰਾਉਣਾ ਔਖਾ ਸੀ। ਜਦੋਂ ਸ਼ਹਿਨਸ਼ਾਹ ਬਹਾਦਰਸ਼ਾਹ ਆਪ ਫੌਜਾਂ ਲੈ ਕੇ ਪੰਜਾਬ ਵਿਚ ਉੱਤਰ ਪਿਆ ਅਤੇ ਬੰਦਾ ਬਹਾਦਰ ਦੀ ਵੱਧ ਤੋਂ ਵੱਧ ਪੰਦਰਾਂ ਵੀਹ ਹਜ਼ਾਰ ਫੌਜ ਦੇ ਖਿਲਾਫ਼ ਇਕ ਲੱਖ ਸਿਪਾਹੀ ਖੜ੍ਹੇ ਕਰ ਦਿੱਤੇ ਤਾਂ ਸਿੱਖਾਂ ਦੇ ਗੋਡੇ ਆਖਰ ਕਿਤੇ ਤਾਂ ਟਿਕਣੇ ਹੀ ਸਨ। ਪਰ ਉਲਟ ਹਾਲਤਾਂ ਦੇ ਬਾਵਜੂਦ ਸਿੱਖਾਂ ਨੇ ਜਿੱਥੇ-ਕਿਤੇ ਆਪਣੇ ਬਰਾਬਰ ਦੀਆਂ ਜਾਂ ਕੁਝ ਵੱਡੀਆਂ ਫੌਜਾਂ ਨਾਲ ਲੋਹਾ ਲਿਆ ਉਥੇ ਸਿਰਫ਼ ਉਤਸ਼ਾਹ ਅਤੇ ਅਥਾਹ ਬਹਾਦਰੀ

ਨਾਲ ਹੀ ਜਿੱਤ ਹਾਸਲ ਕੀਤੀ।

ਤਰਾਵੜੀ ਦੀ ਲੜਾਈ ਤੋਂ ਬਾਦ ਬਚੀ-ਖੁਚੀ ਸਿੱਖ ਫੌਜ ਸਢੌਰੇ ਵੱਲ ਮੁੜ ਗਈ ਸੀ ਜਿਸ ਨਾਲ ਲੋੜ ਪੈਣ ਤੇ ਲੋਹਗੜ੍ਹ ਵਿਚ ਸ਼ਰਨ ਲਈ ਜਾ ਸਕੇ। ਇੱਧਰ ਬਾਜ਼ਿਦ ਖਾਂ ਹੋਰ ਉੱਤਰ ਵਿਚ ਵੜ ਕੇ ਆਪਣੇ ਭਤੀਜੇ ਸ਼ਮਸ ਖਾਂ ਨਾਲ ਮਿਲ ਗਿਆ। ਰਲੀਆਂ-ਮਿਲੀਆਂ ਫੌਜਾਂ ਨੇ ਸਰਹੰਦ ਸ਼ਹਿਰ ਤੇ ਹਮਲਾ ਕੀਤਾ। ਯਾਕੂਬ ਖਾਂ ਦੇ ਬਾਗ ਵਿਚ ਸਾਮ੍ਹਣਾ ਹੋਇਆ। ਸਰਹੰਦ ਨੂੰ ਸੁਰੱਖਿਅਤ ਜਾਣ ਕੇ ਸੂਬੇਦਾਰ ਬਾਜ਼ ਸਿੰਘ ਸਿੱਖ ਥਾਣੇ ਸਥਾਪਤ ਕਰਨ ਬਾਹਰ ਗਿਆ ਹੋਇਆ ਸੀ। ਉਸ ਦੇ ਭਰਾ ਸੁੱਖਾ ਸਿੰਘ ਅਤੇ ਸ਼ਾਮ ਸਿੰਘ ਨੇ ਅਫਗਾਨ ਫੌਜ ਦਾ ਸਾਮ੍ਹਣਾ ਕੀਤਾ ਪਰ ਵੇਖਦੇ ਹੀ ਵੇਖਦੇ ਸੁੱਖਾ ਸਿੰਘ ਮਾਰਿਆ ਗਿਆ। 'ਯਾ-ਅਲੀ-ਯਾ-ਅਲੀ ਦਾ ਨਾਹਰਾ ਲਾਉਂਦੇ ਹੋਏ ਅਫਗਾਨ ਫੌਜਾਂ ਨੇ ਥੋੜ੍ਹੇ ਜਿਹੇ ਬਚੇ-ਖੁਚੇ ਸਿੱਖ ਸੈਨਿਕਾਂ ਨੂੰ ਘੇਰਾ ਪਾਉਣਾ ਸ਼ੁਰੂ ਕਰ ਦਿੱਤਾ। ਪਰ ਉਹ ਪਿਛਲੇ ਦਰਵਾਜ਼ੇ ਵਿਚੋਂ ਭੱਜ ਕੇ ਸਰਹੰਦ ਕਿਲੇ ਵਿਚ ਵੜ ਗਏ। ਅਜੇ ਸ਼ਮਸ ਖਾਂ ਅਤੇ ਬਾਜ਼ਿਦ ਖਾਂ ਸੋਚ ਹੀ ਰਹੇ ਸਨ ਕਿ ਇਸ ਫੌਜ ਨਾਲ ਕਿਲੇ ਵਿਚ ਵੜਨ ਦੀ ਕੋਸ਼ਿਸ਼ ਕੀਤੀ ਜਾਵੇ ਜਾਂ ਨਾਂ ਕਿ ਸ਼ਹਿਨਸ਼ਾਹ ਬਹਾਦਰਸ਼ਾਹ ਨੂੰ 27 ਨਵੰਬਰ ਨੂੰ ਇਹ ਖਬਰ ਮਿਲ ਗਈ। ਬਹਾਦਰਸ਼ਾਹ ਨੇ ਫੌਰਨ ਫੌਜਦਾਰ ਮੁਹੰਮਦ ਅਮੀਨ ਖਾਂ ਚਿਨ ਬਹਾਦਰ ਨੂੰ ਤੇਜੀ ਨਾਲ ਸ਼ਮਸ ਖਾਂ ਦੀ ਮੱਦਦ ਵਾਸਤੇ ਰਵਾਨਾ ਕਰ ਦਿੱਤਾ। ਬਾਦਸ਼ਾਹ ਦੇ ਹੱਥੀਂ ਖਿੱਲਤ ਪਾਉਣ ਦੀ ਆਸ ਵਿਚ ਅਮੀਨ ਖਾਂ ਨੇ ਆਪਣੇ ਸਿਪਾਹੀਆਂ ਨੂੰ ਜ਼ਬਰਦਸਤੀ ਦੁੜਾ ਕੇ 48 ਘੰਟੇ ਵਿਚ ਸਰਹੰਦ ਸ਼ਹਿਰ ਵਿਚ ਵਾੜ ਦਿੱਤਾ। ਪਰ ਇਹ ਕੀ ? ਉਸ ਦੇ ਪੁੱਜਣ ਤੋਂ ਥੋੜ੍ਹਾ ਚਿਰ ਪਹਿਲਾਂ ਥੋੜ੍ਹੇ ਜਿਹੇ ਬਚੇ-ਖੁਚੇ ਸਿੱਖ ਜੋਧਿਆਂ ਨੇ ਕਿਲਾ ਛੱਡ ਦਿੱਤਾ ਸੀ ਅਤੇ ਸ਼ਮਸ ਖਾਂ ਖਜ਼ਾਨਾ ਇਕੱਠਾ ਕਰਨ ਵਿਚ ਜੁਟਿਆ ਹੋਇਆ ਸੀ। ਫਿਰੋਜ਼ ਖਾਂ ਦੀ ਦੇਖਾ-ਦੇਖੀ ਸ਼ਮਸ ਖਾਂ ਨੇ ਵੀ ਸਿੱਖਾਂ ਦੇ ਤਿੰਨ ਸੌ ਸਿਰ ਇਕ ਗੱਡੀ ਵਿਚ ਭਰ ਕੇ ਬਹਾਦਰਸ਼ਾਹ ਨੂੰ ਭੇਜ ਦਿੱਤੇ ਜੋ ਤਿੰਨ ਦਸੰਬਰ ਨੂੰ ਸਢੌਰਾ ਵਿਚ ਬਹਾਦਰ ਸ਼ਾਹ ਕੋਲ ਪੁੱਜ ਗਏ। ਖਿਝ ਕੇ ਅਮੀਨ ਖਾਂ ਵਾਪਸ ਮੁੜ ਆਇਆ ਅਤੇ ਆਉਂਦੇ ਹੀ ਸ਼ਮਸ ਖਾਂ ਦੇ ਖਿਲਾਫ਼ ਸ਼ਹਿਨਸ਼ਾਹ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਦਰਬਾਰੀ ਗੁੱਟਬਾਜ਼ੀ ਵਿਚ ਬੇਚਾਰੇ ਸ਼ਮਸ ਖਾਂ ਦੇ ਕਰਾਰੀ ਸੱਟ ਪਈ ਅਤੇ ਉੱਚਾ ਅਹੁਦਾ ਮਿਲਣ ਦੀ ਗੱਲ ਤਾਂ ਦੂਰ ਉਸ ਨੂੰ ਜਲੰਧਰ ਦੀ ਫੌਜਦਾਰੀ ਤੋਂ ਵੀ ਬਰਖਾਸਤ ਕਰ ਦਿੱਤਾ ਗਿਆ।

------

# ਕੱਸਦਾ ਜਾਂਦਾ ਜਾਲ

ਭਾਰੀ ਸ਼ਾਹੀ ਹਾਜ਼ਰੀ ਨਾਲ ਸਾਰਾ ਇਲਾਕਾ ਭਰ ਗਿਆ। ਮਈ ਵਿਚ ਬੰਦਾ ਬਹਾਦਰ ਦੀ ਜਿੱਤ ਤੋਂ ਬਾਦ ਜਿੱਥੇ ਸਿੱਖ ਹੀ ਸਿੱਖ ਨਜ਼ਰ ਆਉਣ ਲੱਗੇ ਸਨ, ਸਰਹੰਦ ਦੇ ਸਰਦਾਰਾਂ ਦੀ ਰਾਹ ਤੋਂ ਬਾਦ ਹੁਣ ਉੱਥੇ ਤੁਰਕੀ ਟੋਪੀ ਤੇ ਮੁਗਲ ਜ਼ਿਰਹਾ ਬਖ਼ਤਰ ਛਾ ਗਏ। ਅੰਦਾਜ਼ੇ ਨਾਲ ਬਾਦਸ਼ਾਹ ਦੀ ਕੁੱਲ ਫੌਜ ਇਕ ਲੱਖ ਤੋਂ ਵੱਧ ਸੀ ਜਿਸ ਵਿਚੋਂ ਹਰੇਕ ਲੜਾਈ ਵਿਚ ਘੱਟੋ-ਘੱਟ 60 ਹਜ਼ਾਰ ਹਿੱਸਾ ਲੈਂਦੇ ਸਨ। ਸਰਹੰਦ ਅਤੇ ਪਾਨੀਪਤ ਦੇ ਖੇਤਰਾਂ ਤੋਂ ਸਿੱਖ ਹੁਣ ਪਿੱਛੇ ਹਟਦੇ ਹਟਦੇ ਸਢੌਰਾ ਪੁੱਜ ਗਏ ਸੀ ਜਿੱਥੇ ਬਾਦਸ਼ਾਹ ਦੀ ਫੌਜ ਨਜ਼ਰ ਆਉਂਦੇ ਹੀ ਉਹ ਲੋਹਗੜ੍ਹ ਵਿਚ ਦਾਖਲ ਹੋ ਗਏ। 25 ਬਿੱਘੇ ਦੀ ਛੋਟੀ ਜਿਹੀ ਚਾਰ ਦੀਵਾਰੀ ਵਿਚ ਕੋਈ ਪੰਜ ਹਜ਼ਾਰ ਸਿੱਖ ਜੋਧੇ ਮੋਢੇ ਨਾਲ ਮੋਢਾ ਜੋੜ ਕੇ ਜਮ ਗਏ। ਸੌਣ ਦੀ ਫ਼ੁਰਸਤ ਨਹੀਂ, ਹਿੱਲਣ ਨੂੰ ਜਗ੍ਹਾ ਨਹੀਂ ਅਤੇ ਖਾਣਾ-ਦਾਣਾ ਵੀ ਛੇਤੀ ਹੀ ਖਤਮ ਹੋ ਗਿਆ। ਅਜਿਹੀ ਹਾਲਤ ਵਿਚ ਮੁਗਲ ਫੌਜ ਨੇ ਉਨ੍ਹਾਂ ਨੂੰ ਚਾਰੇ ਪਾਸਿਉਂ ਘੇਰ ਲਿਆ।

4 ਦਸੰਬਰ 1710 ਨੂੰ ਮੁਨੀਮ ਖਾਂ ਖਾਨ-ਏ-ਖਾਨਾ ਅਤੇ ਉਸ ਦਾ ਮੁੰਡਾ ਮਹਾਵਤ ਖਾਂ ਆਪਣੇ ਦਸ ਹਜ਼ਾਰ ਸਿਪਾਹੀਆਂ ਨਾਲ ਸਢੌਰਾ ਅਤੇ ਨਾਹਨ ਵਿਚਕਾਰ ਫੈਲ ਗਏ। ਚੇਤੇ ਰਹੇ ਕਿ ਮੁਨੀਮ ਖਾਂ ਨੇ ਬਾਦਸ਼ਾਹ ਨੂੰ ਕਿਹਾ ਸੀ ਕਿ ਇਸ ਛੋਟੇ ਜਿਹੇ ਬੰਦੇ ਵਾਸਤੇ ਜਹਾਂਪਨਾਹ ਨੂੰ ਆਉਣ ਦੀ ਕੋਈ ਲੋੜ ਨਹੀਂ ਹੈ, ਉਹ ਇਕੱਲਾ ਹੀ ਉਸ ਨੂੰ ਫੜ ਕੇ ਬਾਦਸ਼ਾਹ ਦੇ ਪੈਰਾਂ ਵਿਚ ਪਾ ਦੇਵੇਗਾ। ਇਸ ਸਮੇਂ ਇਸ ਨਾਲ ਅਫਜ਼ਲ ਖਾਂ ਬਖਸ਼ੀ ਅਤੇ ਸ਼ਹਿਜ਼ਾਦਾ ਰਫੀ-ਉਸ ਖਾਂ ਦੋਵੇਂ ਦਸ ਹਜ਼ਾਰੀ ਸਰਦਾਰ ਵੀ ਸਨ। ਅਜੇਹੇ ਵਿਚ ਰੁਸਤਮ ਦਿਲ ਖਾਂ ਅਤੇ ਸਰਹੰਦ ਦੇ ਨਵੇਂ ਸੂਬੇਦਾਰ ਫਿਰੋਜ਼ ਖਾਂ ਨੂੰ ਹੁਕਮ ਹੋਇਆ ਕਿ ਉਹ ਅੱਗੇ ਜਾ ਕੇ ਮੁਖਲਿਸਪੁਰ ਦੇ ਇਲਾਕੇ ਵਿਚ ਦਾਖਲ ਹੋ ਕੇ ਛਾਣ-ਬੀਣ ਕਰੇ। ਦੋਹਾਂ ਦੀ ਮਿਲਾ ਕੇ ਕੋਈ 25 ਹਜ਼ਾਰ ਫੌਜ ਸਾਵਧਾਨੀ ਨਾਲ ਅੱਗੇ ਵਧੀ ਅਤੇ ਨਾਹਨ ਦੇ 'ਬਰਫੀ ਰਾਜਾ' ਦੇ ਕਿਲੇ ਦੇ ਹੇਠਾਂ ਪਹੁੰਚ ਗਈ, ਐਨੇ ਵਿਚ ਲੋਹਗੜ੍ਹ ਦੇ ਕਿਲੇ ਵੱਲੋਂ ਕੋਈ ਦੋ ਹਜ਼ਾਰ ਸਿੱਖ ਜੋਧੇ, "ਅਕਾਲ-ਅਕਾਲ" ਅਤੇ "ਫਤਹਿ ਦਰਸ਼ਨ" ਦੇ ਨਾਹਰੇ ਲਾਉਂਦੇ ਮੁਗਲ ਫੌਜ ਤੇ ਟੁੱਟ ਪਏ। ਹਮਲਾ ਐਨਾ ਜ਼ੋਰਦਾਰ ਸੀ ਕਿ ਪਹਿਲੀ ਹੀ ਲਹਿਰ ਵਿਚ ਮੇਵਾਤੀਆਂ ਦੇ ਪੈਰ ਉੱਖੜ ਗਏ।

ਲੰਬੀਆਂ ਫਹਿਰਾਉਂਦੀਆਂ ਦਾੜ੍ਹੀਆਂ, ਕਾਲੇ ਰੰਗ ਦਾ ਅੰਗਰਖਾ, ਹੱਥਾਂ ਵਿਚ ਫੜੇ ਇਕ ਤੇ ਕਦੀ ਦੋ ਖੰਡੇ, ਸਿੱਖਾਂ ਨੇ ਮੁਗਲ ਫੌਜ ਵਿਚ ਭਿਆਨਕ ਤਬਾਹੀ ਮਚਾ ਦਿੱਤੀ। ਸੈਂਕੜੇ ਮੁਗਲ ਫੌਜੀ "ਹਾਏ ਹਾਏ, ਸ਼ੈਤਾਨ ਬਚਾਉ, ਭੱਜੋ, ਭਜੋ" ਕਰਦੇ ਮੈਦਾਨ ਚੋਂ ਭੱਜ ਗਏ। ਕਈਆਂ ਨੇ ਬਾਦ ਵਿਚ ਸਹੁੰ ਖਾ ਕੇ ਦੱਸਿਆ ਕਿ ਕਾਫਰਾਂ ਦਾ ਨੇਤਾ ਇਕ ਅੱਠ ਫੁੱਟ ਦਾ ਦੈਤ ਸੀ, ਜਿਸ ਦੀ ਹੱਥ ਲੰਬੀ ਜੀਭ ਅੱਗੇ ਲਟਕੀ ਹੋਈ ਸੀ ਅਤੇ ਉਸ ਦੀਆਂ ਅੱਖਾਂ ਵਿਚੋਂ ਚੰਗਿਆੜੇ ਨਿੱਕਲ ਰਹੇ ਸਨ। ਅੱਧੇ ਪਹਿਰ ਦੀ ਘਮਾਸਾਣ ਜੰਗ ਤੋਂ ਬਾਦ ਪਿੱਛੋਂ ਹੋਰ ਫੌਜਾਂ ਵੀ ਮੁਗਲਾਂ ਦੀ ਮੱਦਦ ਵਾਸਤੇ ਪੁੱਜ ਗਈਆਂ ਪਰ ਉਦੋਂ ਤੱਕ ਸੈਤਾਨਾਂ ਦਾ ਇਹ ਟੋਲਾ ਫੈਲਦੇ ਹਨੇਰੇ ਵਿਚ ਅਲੋਪ ਹੋ ਗਿਆ। ਮੁਗਲਾਂ ਨੇ ਵੀ ਤੌਬਾ ਕਰਕੇ ਸੁੱਖ ਦਾ ਸਾਹ ਲਿਆ।

ਰਾਤ ਨੂੰ ਮੁਗਲ ਫੌਜੀਆਂ ਨੇ ਆਦਤਨ ਪੂਰੇ ਆਰਾਮ ਵਾਸਤੇ ਤਿਆਰ ਹੋ ਕੇ ਡੇਰਾ ਪਾ ਲਿਆ। ਕੁਝ ਨੇ ਰਾਤ ਨੂੰ ਹੁੱਕਾ ਗੁੜਗੁੜਾਇਆ, ਕੁਝ ਨੇ ਗਰਮ ਪਾਣੀ ਕਰਵਾਕੇ ਗੁਸਲ ਕੀਤਾ ਅਤੇ ਇਕ ਅੱਧ ਚੌਪੜ ਵੀ ਨਜ਼ਰ ਆਈ। ਗਹਿਰੀ ਰਾਤ ਨੂੰ ਸਾਰੇ ਸੌਣ ਦੀ ਤਿਆਰੀ ਕਰਨ ਲੱਗੇ। ਐਨੇ ਨੂੰ ਕੁਝ ਤੰਬੂਆਂ ਦੇ ਠੀਕ ਸਾਮ੍ਹਣੇ ਬਿਜਲੀ ਚਮਕੀ ਅਤੇ ਜੋਰਦਾਰ ਗਰਜ ਨਾਲ ਜ਼ਮੀਨ ਹਿੱਲ ਗਈ।

"ਯਾ ਖੁਦਾ! ਇਹ ਕੀ ਸੀ?" ਹੜਬੜਾ ਕੇ ਕਈ ਫੌਜੀ ਉੱਠ ਖੜ੍ਹੇ ਹੋਏ। ਇਕ ਅਨਜਾਣੇ ਖਦਸ਼ੇ ਨੇ ਸਾਰਿਆਂ ਦਾ ਮਨ ਡੋਲ ਦਿੱਤਾ।

"ਕੁਝ ਨਹੀਂ, ਕੁਝ ਨਹੀਂ ਹੈ" , ਇਕ ਬਜੁਰਗ ਸਿਪਾਹੀ ਨੇ ਦੂਜਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। "ਸੌਂ ਜਾਉ।"

ਸੈਨਿਕ ਲੇਟੇ ਹੀ ਸੀ ਕਿ ਇਕ ਹੋਰ ਜੋਰਦਾਰ ਗਰਜ ਨਾਲ ਸਾਰੇ ਚੌਂਕ ਕੇ ਉੱਠੇ। ਕੁਝ ਨੇੜੇ ਦੇ ਬਿਸਤਰਿਆਂ ਵਿਚ ਜਾ ਲੁਕੇ। ਰਾਤ ਦੀਆਂ ਮਸ਼ਾਲਾਂ ਫੜੱਕ ਕਰਕੇ ਬੁਝ ਗਈਆਂ ਅਤੇ ਫੇਰ ਚੀਖ-ਪੁਕਾਰ ਮੱਚ ਗਈ।

"ਹਾਏ, ਇਹ ਕਿੱਥੇ ਇਸ ਜਿੰਨ ਨਾਲ ਲੜਨ ਅਸੀਂ ਪੁੱਜ ਗਏ।"

"ਇਹ ਸਾਰੀ ਉਸ ਕਾਫਰ ਬੰਦਾ ਦੀ ਕਰਤੂਤ ਹੈ।"

ਬੜੀ ਮੁਸ਼ਕਿਲ ਨਾਲ ਡਰਦੇ ਡਰਦੇ ਸੈਨਿਕ ਦੋਬਾਰਾ ਲੇਟ ਸਕੇ।

ਰਾਤ ਨੂੰ ਜੰਗਲਾਂ ਤੋਂ ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ ਆਉਂਦੀਆਂ ਰਹੀਆਂ। ਗਿੱਦੜ ਅਤੇ ਜੰਗਲੀ ਕੁੱਤਿਆਂ ਦੀਆਂ ਉੱਚੀਆਂ ਆਵਾਜ਼ਾਂ ਵਿਚ ਚਿੱਲਾਉਣ ਅਤੇ ਰੋਣ ਨਾਲ ਸੈਨਿਕਾਂ ਦੇ ਮਨ ਵਿਚ ਬਦਸ਼ਗਨੀ ਦੇ ਖਿਆਲ ਆਉਂਦੇ ਜਾਂਦੇ ਰਹੇ।

ਜੇਕਰ ਬਾਦਸ਼ਾਹ ਨੂੰ ਪਤਾ ਲੱਗ ਜਾਂਦਾ ਕਿ ਅਸਲ ਵਿਚ ਸ਼ਾਮ ਦੀ ਲੜਾਈ ਵਿਚ ਜਿੱਤ ਨਹੀਂ ਹਾਰ ਹੋਈ ਹੈ ਤਾਂ ਉਸ ਦੇ ਗੁੱਸੇ ਦਾ ਕੋਈ ਅੰਤ ਨਹੀਂ ਰਹਿਣਾ ਸੀ। ਇਸ ਲਈ ਹਾਲਾਂਕਿ ਫਿਰੋਜ਼ ਖਾਂ ਦਾ ਆਪਣਾ ਪੁੱਤਰ ਇਸ ਛਿੱਟ-ਪੁੱਟ ਲੜਾਈ ਵਿਚ ਬੁਰੀ ਤਰ੍ਹਾਂ ਜ਼ਖਮੀ ਹੋਇਆ ਸੀ ਅਤੇ ਉਸਦਾ ਭਤੀਜਾ ਮਾਰਿਆ ਗਿਆ ਸੀ, ਉਸਨੇ ਸ਼ਹਿਨਸ਼ਾਹ ਨੂੰ ਮਿਲਦੇ ਸਮੇਂ ਆਪਣਾ ਚਿਹਰਾ ਖੁਸ਼ੀਮੰਦ ਹੀ ਬਣਾ ਕੇ ਰੱਖਿਆ। ਬਾਕੀ ਸਭ ਫੌਜਦਾਰਾਂ ਨੇ ਵੀ ਬਾਦਸ਼ਾਹ ਦੇ ਸਾਮ੍ਹਣੇ ਅਜੇਹਾ ਹੀ ਵਿਹਾਰ ਵਿਖਾਇਆ। ਲਿਹਾਜ਼ਾ ਬਾਦਸ਼ਾਹ ਨੇ ਸਭ ਦੀ ਪਿੱਠ ਥਾਪੜੀ ਅਤੇ ਕਿਸੇ ਨੂੰ ਖਿੱਲਤ, ਕਿਸੇ ਨੂੰ ਪਦਵੀ ਅਤੇ ਜੋ ਬਚਿਆ ਉਸ ਨੂੰ ਆਪਣੀ ਨਿੱਜੀ ਰਸੋਈ ਤੋਂ ਪਕਵਾਨ ਪ੍ਰਦਾਨ ਕੀਤੇ। ਅਗਲੇ ਹੀ ਦਿਨ ਸਵੇਰੇ ਪੂਰੀ ਫੌਜ ਨੇ ਕੂਚ ਕੀਤਾ ਅਤੇ ਇਸ ਵਾਰੀ ਸੋਮ ਨਦੀ ਦੇ ਕੰਢੇ ਹੀ ਆਕੇ ਡੇਰਾ ਲਾਇਆ।

ਸਰਦੀਆਂ ਦੇ ਇਸ ਮੌਸਮ ਵਿਚ ਸੋਮ ਦਾ ਪਾਣੀ ਕਾਫੀ ਹੇਠਾਂ ਵਗ ਰਿਹਾ ਸੀ। ਅਤੇ ਦੋਵੇਂ ਬਰਸਾਤੀ ਨਾਲਿਆਂ ਵਿਚ ਤਾਂ ਪਾਣੀ ਕੇਵਲ ਇਕ ਲਕੀਰ ਜਿਹੀ ਹੀ ਬਾਕੀ ਸੀ। ਦਸ ਦਸੰਬਰ ਦੀ ਸਵੇਰ ਕੋਈ ਸੱਠ ਹਜ਼ਾਰ ਸਿਪਾਹੀਆਂ ਨੇ ਕਿਲੇ ਦੇ ਸਾਮ੍ਹਣੇ ਹਾਜਰੀ ਦਿੱਤੀ। ਖੱਬੇ ਪਾਸੇ ਸਹਿਜ਼ਾਦਾ ਰਫ਼ੀ ਸ਼ਾਨ, ਵਿਚਕਾਰ ਰਾਜਾ ਉਦਿੱਤ ਸਿੰਘ ਬੁੰਦੇਲ ਅਤੇ ਮੁਨੀਮ ਖਾਂ ਦਾ ਬੇਟਾ ਮਹਾਵਤ ਖਾਂ, ਸੱਜੇ ਪਾਸੇ ਰਾਜਾ ਛਤਰਸਾਲ ਬੁੰਦੇਲ ਅਤੇ ਦੋ ਹੋਰ ਸ਼ਹਿਜ਼ਾਦੇ ਸਨ। ਪਿੱਛੇ ਪਿੱਛੇ ਹਜ਼ਾਰਾਂ ਰੋਹਿੱਲੇ, ਲੁਟੇਰੇ ਅਤੇ ਤਮਾਸ਼ਬੀਨਾਂ ਦਾ ਜਮਘਟਾ ਸੀ। ਮੁਨੀਮ ਖਾਂ ਨੇ ਆਪਣੀ ਨਿੱਜੀ ਫੌਜ ਸਾਰਿਆਂ ਤੋਂ ਵੱਖਰੀ ਲਾਈ ਸੀ। ਬਾਦਸ਼ਾਹ ਅਜੇ ਵੀ ਫੂਕ ਫੂਕ ਕੇ ਪੈਰ ਧਰ ਰਿਹਾ ਸੀ। ਵੇਖਦੇ ਹੀ ਵੇਖਦੇ ਬਾਦਸ਼ਾਹ ਤੋਂ ਇਜਾਜ਼ਤ ਲੈ ਕੇ ਮੁਨੀਮ ਖਾਂ ਸਭ ਤੋਂ ਅੱਗੇ ਪਹੁੰਚ ਗਿਆ ਅਤੇ ਆਪਣਾ ਤੰਬੂ ਗੱਡ ਦਿੱਤਾ। ਤੰਬੂ ਗੱਡਦੇ ਗੱਡਦੇ ਹੀ ਸਿੱਖਾਂ ਨੇ ਕਿਲੇ ਦੀ ਤੋਪ ਨਾਲ ਮੁਨੀਮ ਖਾਂ, ਤੇ ਹੱਲਾ ਬੋਲ ਦਿੱਤਾ। ਕਾਲਜੇ ਹੱਥ ਵਿਚ ਲੈ ਕੇ ਮੁਨੀਮ ਖਾਂ, ਸ਼ਹਿਜ਼ਾਦਾ ਰਫੀ ਸ਼ਾਨ ਅਤੇ ਰੁਸਤਮ ਦਿਲ ਖਾਂ ਨੇ ਸਿੱਖਾਂ ਦਾ ਮੁਕਾਬਲਾ ਕੀਤਾ। ਇਸ ਵਾਰੀ ਸ਼ਾਹੀ ਫੌਜਾਂ ਪਿੱਛੇ ਨਹੀਂ ਹਟੀਆ ਅਤੇ ਸਿੱਖਾਂ ਨੂੰ ਗੜ੍ਹੀ ਦੇ ਅੰਦਰੋਂ ਹੀ ਲੜਾਈ ਕਰਕੇ ਤਸੱਲੀ ਕਰਨੀ ਪਈ।

------

# ਲੋਹਗੜ੍ਹ ਦੀ ਲੜਾਈ

ਅਜੀਬ ਨਜ਼ਾਰਾ ਸੀ। ਸੋਮ ਨਦੀ ਦੇ ਇਸ ਪਾਰ ਬਾਦਸ਼ਾਹ ਅਤੇ ਉਸ ਦੇ ਦਰਬਾਰੀਆਂ ਦੇ ਤੰਬੂ ਲੱਗੇ ਹੋਏ ਸਨ ਜਿਵੇਂ ਕਿਸੇ ਵੱਡੇ ਨਾਟਕ ਵਾਸਤੇ ਪਿੱਛੇ ਆਰਾਮਦੇਹ ਕੁਰਸੀਆਂ ਲਾਈਆਂ ਗਈਆਂ ਹੋਣ। ਸਾਮ੍ਹਣੇ ਜ਼ਿੰਦਗੀ ਅਤੇ ਮੌਤ ਦੀ ਭਿਆਨਕ ਖੇਡ ਖੇਡੀ ਜਾ ਰਹੀ ਸੀ। ਕਿਉਂਕਿ ਸਿੱਖਾਂ ਨੇ ਮੁਨੀਮ ਖਾਂ ਨੂੰ ਤੰਬੂ ਗੱਡਣ ਹੀ ਨਹੀਂ ਦਿੱਤੇ ਸਨ, ਇਸ ਲਈ ਬਾਦਸ਼ਾਹ ਦਾ ਹੁਕਮ ਨਾ ਮੰਨ ਕੇ ਮੁਨੀਮ ਖਾਂ ਅਤੇ ਦੇਖਾ-ਦੇਖੀ ਰੁਸਤਮ ਦਿਲ ਖਾਂ ਅਤੇ ਸ਼ਹਿਜ਼ਾਦਾ ਰਫ਼ੀ ਸ਼ਾਨ ਅੱਗੇ ਅੱਗੇ ਵਧਦੇ ਰਹੇ। ਬਾਦਸ਼ਾਹ ਨੂੰ ਕੁਝ ਨਾਰਾਜ਼ਗੀ ਵੀ ਹੋਈ ਪਰ ਫੌਜ ਨੂੰ ਕਾਮਯਾਬੀ ਨਾਲ ਵਧਦਾ ਵੇਖ ਕੇ ਉਹ ਕੁਝ ਬੋਲਿਆ ਨਹੀਂ।

ਕਾਮਵਰ ਖਾਂ ਅਤੇ ਅਮਾਨਉੱਲਾ ਖਾਂ ਕੌਸ ਬੇਗੀ ਨੇ ਵੀ ਅੱਗੇ ਵਧ ਕੇ ਉਸ ਟੀਲੇ ਤੇ ਚੜ੍ਹਨਾ ਸ਼ੁਰੂ ਕਰ ਦਿੱਤਾ। ਜਿਸ ਦੇ ਧੁਰ ਉੱਪਰ ਕਿਲਾ ਬਣਿਆ ਹੋਇਆ ਸੀ। ਟੀਲੇ ਤੇ ਘਣੇ ਜੰਗਲ ਦੇ ਵਿਚਾਲਿਉਂ ਛੋਟੀਆਂ-ਵੱਡੀਆਂ ਚੌਂਕੀਆਂ ਉੱਤੋਂ ਸਿੱਖਾਂ ਨੇ ਉਨ੍ਹਾਂ ਨੂੰ ਲਲਕਾਰਿਆ ਅਤੇ ਉਨ੍ਹਾਂ ਤੇ ਗੋਲੀਆਂ ਵੀ ਬਰਸਾਈਆਂ। ਕੁਝ ਚੌਂਕੀਆਂ ਤੋਂ ਵੱਡੇ ਤਿੱਖੇ ਤੀਰਾਂ ਨੇ ਮੁਗਲਾਂ ਨੂੰ ਵਿੰਨ ਸੁੱਟਿਆ। ਪਰ ਹਜ਼ਾਰਾਂ ਦੀ ਤਾਦਾਦ ਵਿਚ ਮੁਗਲ ਸੈਨਿਕ ਹੁਣ ਬਾਦਸ਼ਾਹ ਦੀ ਨਿਗਾਹ ਤੇ ਠੀਕ ਸਾਮ੍ਹਣੇ ਪਿੱਛੇ ਹਟਣ ਵਾਲੇ ਨਹੀਂ ਸਨ। ਇਕ ਮਰਦਾ ਤਾਂ ਚਾਰ ਹੋਰ ਉਸ ਦੀ ਥਾਂ ਲੈ ਲੈਂਦੇ। ਦਸ ਦਸ ਸਿੱਖਾਂ ਦੀਆਂ ਚੌਂਕੀਆਂ ਤੇ ਪੰਜਾਹ ਪੰਜਾਹ ਮੁਗਲਾਂ ਨੇ ਹਮਲਾ ਕੀਤਾ। ਹੌਲੀ-ਹੌਲੀ ਸਿੱਖ ਚੌਂਕੀਆਂ ਛੱਡ ਕੇ ਪਿੱਛੇ ਹੱਟਦੇ ਗਏ ਅਤੇ ਯਾ ਅਲੀ-ਯਾ ਅਲੀ ਚਿਲਾਉਂਦੇ ਮੁਗਲ ਉੱਪਰ ਚੜ੍ਹਦੇ ਗਏ। ਭਾਰੀ ਨੁਕਸਾਨ ਦੇ ਬਾਵਜੂਦ ਉਨ੍ਹਾਂ ਨੇ ਅੱਗੇ ਵਧਣਾ ਨਹੀਂ ਛੱਡਿਆ।

ਬਾਦਸ਼ਾਹ ਦਾ ਖਾਸ ਦੂਤ ਮਿਰਜ਼ਾ ਰੁਕਨ ਅੱਗੇ ਦੀਆਂ ਕਤਾਰਾਂ ਵਿਚੋਂ ਘੋੜਾ ਦੁੜਾਉਂਦਾ ਹੇਠਾਂ ਆਇਆ ਅਤੇ ਬਾਦਸ਼ਾਹ ਨੂੰ ਲੜਾਈ ਦੀਆਂ ਤਾਜ਼ਾ ਖਬਰਾਂ ਸੁਣਾਈਆਂ। ਉਸਨੇ ਜੰਗਲਾਂ ਵਿਚ ਛੁਪੀਆਂ ਹੋਈਆਂ ਗੜ੍ਹੀ ਦੀਆਂ ਕੰਧਾਂ ਇਸ਼ਾਰੇ ਨਾਲ ਬਾਦਸ਼ਾਰ ਨੂੰ ਵਿਖਾਈਆਂ। ਗੜ੍ਹੀ ਦੇ ਇਕ ਹਿੱਸੇ ਵਿਚ ਇਕ ਸਫੇਦ ਰਿਸ਼ਟ-ਪੁਸ਼ਟ ਸਿੱਖ ਸਰਦਾਰ ਵੀ ਵਿਖਾਈ ਦਿੱਤਾ ਜਿਸ ਨੂੰ ਮਿਰਜ਼ਾ ਨੇ ਬੰਦਾ ਬਹਾਦਰ ਦੱਸਿਆ।

ਰੁਸਤਮ ਸਿੰਘ ਖਾਂ ਨੇ ਗੜ੍ਹੀ ਦੇ ਮੁੱਖ ਦਰਵਾਜ਼ੇ ਤੇ ਪੁੱਜਣ ਦਾ ਸ਼ੁਭ ਸਮਾਚਾਰ ਵੀ ਸੁਣਾਇਆ।

ਐਨੇ ਵਿਚ ਰਾਜਪੂਤ ਖੇਮਿਆਂ ਵਿਚ ਕੁਝ ਕਹਾ ਸੁਣੀ ਹੁੰਦੀ ਲੱਗੀ ਅਤੇ ਫੇਰ ਹਲਚਲ ਵਿਖਾਈ ਦਿੱਤੀ। ਬਾਦ ਵਿਚ ਪਤਾ ਲੱਗਾ ਕਿ ਛਤਰਸਾਲ ਬੁੰਦੇਲ ਨੇ ਉਦਿੱਤ ਸਿੰਘ ਨੂੰ ਮਿਹਣਾ ਮਾਰਿਆ ਸੀ ਕਿ ਜੇਕਰ ਉਹ ਵੀਰ ਹੈ, ਤਾਂ ਅੱਗੇ ਜਾ ਕੇ ਲੜੇ, ਉਸਦੇ ਪਿੱਛੇ (ਛਤਰਸਾਲ ਦੇ) ਕਿਉਂ ਲੁਕਿਆ ਹੋਇਆ ਹੈ?

ਇਸ ਤੋਂ ਬਾਦ ਬਾਦਸ਼ਾਹ ਦੇ ਵੇਖਦੇ ਵੇਖਦੇ ਵਿਚਾਲੇ ਦੀਆਂ ਕਤਾਰਾਂ ਵਿਚੋਂ ਗੁੱਸੇ ਨਾਲ ਭਰਿਆ ਰਾਜਾ ਉਦਿਤ ਸਿੰਘ ਆਪਣੇ ਚੁਣੇ ਹੋਏ ਪੰਜਾਹ ਸਾਥੀਆਂ ਨੂੰ ਲੈ ਕੇ ਬਾਕੀ ਫੌਜਾਂ ਨੂੰ ਪਿੱਛੇ ਛੱਡਿਆ ਹੋਇਆ ਅੱਗੇ ਵਧਿਆ ਅਤੇ ਮੁੱਖ ਦਰਵਾਜ਼ੇ ਦੇ ਸਾਮ੍ਹਣੇ ਰੁਸਤਮ ਦਿਲ ਖਾਨ ਨਾਲ ਜਾ ਮਿਲਿਆ। ਦੋਹਾਂ ਦੀਆਂ ਮਿਲੀਆਂ ਹੋਈਆਂ ਫੌਜਾਂ ਨੇ ਗੜ੍ਹੀ ਦੀ ਦੀਵਾਰ ਤੇ ਤੈਨਾਤ ਸਿੱਖਾਂ ਤੇ ਗੋਲੀਆਂ ਦੀ ਜਬਰਦਸਤ ਬੁਛਾੜ ਕੀਤੀ।

*****

ਸ਼ਾਮ ਢਲ ਚੱਲੀ ਸੀ। ਆਪਣੀਆਂ ਫੌਜਾਂ ਨੂੰ ਕਿਲੇ ਦੇ ਮੁੱਖ ਦਰਵਾਜ਼ੇ ਤੇ ਪੁੱਜਾ ਵੇਖ ਕੇ ਮੁਨੀਮ ਖਾਂ ਨੇ ਇਕ ਫੈਸਲਾ ਲਿਆ। ਉਸ ਨੂੰ ਪਤਾ ਸੀ ਕਿ ਇਸ ਵੇਲੇ ਸ਼ੁਰੂ ਕੀਤਾ ਹੋਇਆ ਹਮਲਾ ਰਾਤ ਤੱਕ ਚੱਲਦਾ ਰਹੇਕਾ। ਘੋਰ ਘੁੱਪ ਹਨੇਰੇ ਵਿਚ, ਨਵੀਂ ਜਗ੍ਹਾ ਵਿਚ, ਉਸ ਦੀਆਂ ਫੌਜਾਂ ਨੂੰ ਤਾਂ ਕੁਝ ਪਤਾ ਨਹੀਂ ਲੱਗੇਗਾ ਪਰ ਕਿਲੇ ਅਤੇ ਜੰਗਲ ਦਾ ਪੂਰਾ ਇਲਮ ਹੋਣ ਕਰਕੇ ਸਿੱਖ ਫੌਜਾਂ ਉੱਪਰ ਚੜ੍ਹ ਬੈਠਣਗੀਆਂ। ਰਾਤ ਵਿਚ ਜੰਗਲੀ ਜਾਨਵਰਾਂ ਦਾ ਵੀ ਖਤਰਾ ਸੀ ਅਤੇ ਉਸਦੇ ਸਿਪਾਹੀ ਜੋ ਬੰਦਾ ਬਹਾਦਰ ਨੂੰ ਜਿੰਨ ਸਮਝਦੇ ਸਨ ਡਰ ਜਾਣਗੇ। ਇਸ ਲਈ ਉਸ ਨੇ ਸ਼ਾਹੀ ਬਿਗਲਧਾਰੀ ਸੈਨਿਕ ਨੂੰ ਹੁਕਮ ਦਿੱਤਾ ਕਿ ਇਸ ਵੇਲੇ ਲੜਾਈ ਬੰਦ ਹੋਣ ਦਾ ਬਿਗਲ ਵਜਾਏ। ਨਾਲ ਹੀ ਉਹ ਖੁਦ ਬਾਦਸ਼ਾਹ ਨੂੰ ਖਬਰ ਦੇਣ ਵਾਸਤੇ ਆਪਣੇ ਘੋੜੇ ਤੇ ਸਰਪਟ ਹੈਠਾਂ ਦੌੜਿਆ।

ਇੱਧਰ ਸਿੱਖਾਂ ਨੇ ਸੁਖ ਦਾ ਸਾਹ ਲਿਆ। ਬਾਦਸ਼ਾਹ ਨੂੰ ਆਪਣੀ ਹੁਕਮ ਅਦੂਲੀ ਵੇਖ ਕੇ ਕੁਝ ਗੁੱਸਾ ਤਾਂ ਲਾਜ਼ਮੀ ਤੌਰ ਤੇ ਆਇਆ ਹੋਵੇਗਾ ਪਰ ਫੌਜ ਨੂੰ ਕਿਲੇ ਦੇ ਦਰਵਾਜ਼ੇ ਤੱਕ ਪੁੱਜਾ ਵੇਖ ਕੇ ਉਸ ਨੇ ਮੁਨੀਮ ਖਾਂ ਦੀ ਪਿੱਠ ਥਾਪੜੀ।

ਆਖਦੇ ਹਨ ਕਿ ਮੁਨੀਮ ਖਾਨ ਨੂੰ ਰਾਹ ਵਿਚ ਆਉਂਦੇ ਆਉਂਦੇ ਕੁਝ ਹਰਕਾਰਿਆਂ ਨੇ ਦੱਸਿਆ ਸੀ ਕਿ ਬੰਦਾ ਬਹਾਦਰ ਆਪ ਚਾਰੇ ਪਾਸਿਉਂ ਘਿਰ ਚੁੱਕਾ ਹੈ ਅਤੇ ਉਸ ਦੇ ਬਚਣ ਦੀ ਕੋਈ ਸੂਰਤ ਨਹੀਂ ਹੈ। ਮੁਨੀਮ ਖਾਂ ਨੇ ਛਾਤੀ ਫੁਲਾ ਕੇ ਇਹੀ ਕਹਾਣੀ ਬਾਦਸ਼ਾਹ ਨੂੰ ਬਾਕੀ ਦਰਬਾਰੀਆਂ ਦੀ ਹਾਜ਼ਰੀ ਵਿਚ ਬੜੇ ਜ਼ੋਰ-ਸ਼ੋਰ ਨਾਲ ਸੁਣਾਈ। ਉਸਨੇ ਬਾਦਸ਼ਾਹ ਨੂੰ ਇਹ ਵੀ ਭਰੋਸਾ ਦਿਵਾਇਆ ਕਿ ਕਲ੍ਹ, ਸਵੇਰੇ ਹਮਲਾ ਸ਼ੁਰੂ ਹੁੰਦੇ ਹੀ ਉਹ ਬੰਦਾ ਬਹਾਦਰ ਦੀਆਂ ਮੁਸ਼ਕਾਂ ਕਸ ਕੇ ਬਾਦਸ਼ਾਹ ਦੇ ਪੈਰਾਂ ਵਿਚ ਪਟਕ ਦੇਵੇਗਾ। ਕੁਝ ਹੋਰ ਸ਼ਾਬਾਸ਼ੀ ਲੈ ਕੇ ਉਹ ਵਾਪਿਸ ਆਪਣੇ ਖੇਮੇ ਵਿਚ ਆ ਗਿਆ ਅਤੇ ਵਧੀਆ ਸ਼ਰਾਬ ਦੀ ਘੁੱਟ ਲਿਆਉਣ ਆਪਣੇ ਨੌਕਰ ਨੂੰ ਭੇਜਿਆ।

*****

ਹਾਲਤ ਵਾਕਈ ਖਰਾਬ ਸੀ ਪਰ ਐਨੀ ਨਹੀਂ ਜਿੰਨੀ ਮੁਨੀਮ ਖਾਂ ਨੇ ਸੋਚੀ ਸੀ। ਸਿੱਖਾਂ ਦੀ ਪੰਜ ਹਜ਼ਾਰ ਦੀ ਗਿਣਤੀ ਵਿਚੋਂ ਸ਼ਾਇਦ ਦੋ ਤਿੰਨ ਹਜ਼ਾਰ ਜੋਧੇ ਹੁਣ ਰਹਿ ਗਏ ਹੋਣਗੇ। ਬਗੈਰ ਅਸਲੇ ਤੋਂ ਉਨ੍ਹਾਂ ਵਾਸਤੇ ਸੱਠ ਹਜ਼ਾਰ ਮੁਗਲਾਂ ਦਾ ਹਮਲਾ ਸਹਿਣਾ ਇਕ ਦਮ ਨਾਮੁਮਕਿਨ ਹੁੰਦਾ। ਪਰ ਸਭ ਤੋਂ ਬੁਰੀ ਖਬਰ ਇਹ ਸੀ ਕਿ ਦੁਪਹਿਰ ਤੋਂ ਬਾਦ ਸਿੱਖਾਂ ਦਾ ਅਨਾਜ ਭੰਡਾਰ ਵੀ ਖਤਮ ਹੋ ਗਿਆ ਸੀ ਅਤੇ ਸਾਰੀ ਫੌਜ ਫਾਕਾ ਕੱਟ ਰਹੀ ਸੀ। ਬੰਦਾ ਬਹਾਦਰ ਦੇ ਕੁਝ ਚੁਸਤ ਸਰਦਾਰ ਕਿਲੇ ਦੀ ਦੀਵਾਰ ਤੇ ਬਿਨਾਂ ਹਥਿਆਰ ਚੜ੍ਹ ਆਏ ਅਤੇ ਬਾਦਸ਼ਾਹ ਦੀ ਫੌਜ ਦੇ ਇਕ ਪਾਸੇ ਬਣੇ ਅਨਾਜ ਭੰਡਾਰ ਦੇ ਭੰਡਾਰੀਆਂ ਨੂੰ ਇਸ਼ਾਰੇ ਨਾਲ ਬੁਲਾਇਆ। ਰਾਤ ਦਾ ਇਕ ਪਹਿਰ ਨਿੱਕਲ ਚੁੱਕਾ ਸੀ ਅਤੇ ਦੋਵੇਂ ਪਾਸੇ ਦੀਆਂ ਫੌਜਾਂ ਇਸ ਵੇਲੇ ਆਰਾਮ ਕਰ ਰਹੀਆਂ ਸਨ। ਭੰਡਾਰੀਆਂ ਦਾ ਕਿਲੇ ਦੀ ਦੀਵਾਰ ਦੇ ਹੇਠਾਂ ਆਉਣਾ ਤੇ ਉਪਰ ਸਰਦਾਰਾਂ ਨਾਲ ਸੰਕੇਤ ਵਿਚ ਗੱਲ ਕਰਨਾ ਕਿਸੇ ਨੂੰ ਪਤਾ ਨਹੀਂ ਲੱਗਾ।

"ਥੋੜ੍ਹਾ ਬਹੁਤ ਅਨਾਜ ਦਿਉਂਗੇ ?" ਸਰਦਾਰਾਂ ਨੇ ਪੁੱਛਿਆ। ਪਹਿਲਾਂ ਭੰਡਾਰਿਆਂ ਨੇ ਮਨ੍ਹਾਂ ਕਰ ਦਿੱਤਾ, ਫੇਰ ਮੁੱਖ ਭੰਡਾਰੀ ਨੇ ਪੁੱਛਿਆ, " ਕਿੰਨਾ ਚਾਹੀਦਾ ਹੈ ?"

"ਜਿੰਨਾ ਤੁਸੀਂ ਦੇ ਸਕਦੇ ਹੋ।"

ਮੁੱਖ ਭੰਡਾਰੀ ਨੇ ਆਪਣੇ ਸਾਥੀਆਂ ਨਾਲ ਸਲਾਹ ਕੀਤੀ ਅਤੇ ਉੱਪਰ ਇਸ਼ਾਰਾ ਕੀਤਾ, "ਦੋ ਦਾ ਸੇਰ ਮਿਲੇਗਾ।"

ਸਰਦਾਰ ਕੁਝ ਗਲਤ ਸਮਝੇ, "ਦੋ ਆਨੇ ਸੇਰ? ਬਹੁਤ ਜ਼ਿਆਦਾ ਹੈ।"

ਹੁਣ ਤੱਕ ਸੰਕੇਤਕ ਭਾਸ਼ਾ ਫੁਸਫੁਸਾਹਟ ਵਿਚ ਬਦਲ ਗਈ ਸੀ। ਹੇਠੋਂ ਭੰਡਾਰੀਆਂ ਨੇ ਕਿਹਾ, ਦੋ ਆਨੇ ਨਹੀਂ, ਦੋ ਰੁਪਏ ਸੇਰ।"

ਸਰਦਾਰਾਂ ਦੀ ਹੈਰਾਨੀ ਦਾ ਠਿਕਾਣਾ ਨਾ ਰਿਹਾ। ਤਕਰੀਬਨ ਪਿੱਛੇ ਮੁੜ ਹੀ ਚੱਲੇ ਸਨ ਕਿ ਦੋ ਇਕ ਫੇਰ ਵਾਪਸ ਆ ਗਏ।" ਸਾਡੀ ਮੁਸ਼ਕਿਲ ਦਾ ਬੜੀ ਬੇਸ਼ਰਮੀ ਨਾਲ ਫਾਇਦਾ ਉਠਾ ਰਹੇ ਹੋ। ਰੱਬ ਤੁਹਾਨੂੰ ਕਦੀ ਮਾਫ਼ ਨਹੀਂ ਕਰੇਗਾ, "ਉਨ੍ਹਾਂ ਨੇ ਬੇਇੱਜਤ ਹੋ ਕੇ ਆਖਿਆ।

"ਤੁਹਾਡੀ ਇੱਛਾ ਹੈ, "ਕਹਿ ਕੇ ਭੰਡਾਰੀ ਵਾਪਸ ਆਪਣੇ ਖ਼ੇਮੇ ਵਿਚ ਜਾਣ ਲੱਗੇ।

"ਰੁਕੋ, ਦੋ ਮਣ ਆਟਾ ਦੇ ਦਿਉ।"

"ਆਟਾ ਨਹੀਂ, ਕਣਕ ਮਿਲੇਗੀ।"

ਬੇਇੱਜਤੀ ਦੇ ਮਾਰੇ ਸਿੱਖ ਜੋਧਿਆਂ ਦੀਆਂ ਅੱਖਾਂ ਵਿਚ ਹੰਝੂ ਆ ਗਏ। ਪਰ ਹੋਰ ਕਰਦੇ ਕੀ? ਚਾਦਰਾਂ ਹੇਠਾਂ ਲਮਕਾਈਆਂ ਜਿਨ੍ਹਾਂ ਵਿਚ ਭੰਡਾਰੀਆਂ ਨੇ ਛੇਤੀ ਛੇਤੀ ਕਣਕ ਭਰ ਦਿੱਤੀ। ਰੱਸੀਆਂ ਦੀ ਮੱਦਦ ਨਾਲ ਚਾਦਰਾਂ ਉੱਤਾਂਹ ਖਿੱਚ ਲਈਆਂ ਗਈਆਂ।

*****

ਖ਼ੂਨ ਦੇ ਬਰਾਬਰ ਮਹਿੰਗੇ ਅਨਾਜ ਨਾਲ ਸਾਰਿਆਂ ਨੂੰ ਥੋੜ੍ਹਾ-ਥੋੜ੍ਹਾ ਅੰਨ ਮਿਲਿਆ। ਬੰਦਾ ਨੇ ਆਪਣੇ ਹਿੱਸੇ ਤੋਂ ਇਕ ਲੱਪ ਵੀ ਜਿਆਦਾ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਕੁਰਬਾਨੀ ਨੂੰ ਅਤੇ ਦੁਖਦਾਈ ਹਾਲਤ ਨੂੰ ਵੇਖ ਕੇ ਸਰਦਾਰਾਂ ਨੇ ਬੰਦਾ ਨੂੰ ਪੇਸ਼ਕਸ਼ ਕੀਤੀ ਕਿ ਰਾਤ ਦੇ ਹਨੇਰੇ ਵਿਚ ਉਹ ਕਿਲੇ ਤੋਂ ਬਾਹਰ ਨਿੱਕਲ ਜਾਵੇ। ਪਹਿਲਾਂ ਤਾ ਬੰਦਾ ਨੇ ਸਾਫ਼ ਮਨ੍ਹਾਂ ਕਰ ਦਿੱਤਾ ਪਰ ਫੇਰ ਸਰਦਾਰਾਂ ਨੇ ਮਿਲ ਕੇ ਉਸ ਨੂੰ ਸਮਝਾਇਆ ਕਿ ਉਸ ਦੀ ਜਾਨ ਬਾਕੀਆਂ ਦੀ ਜਾਨ ਨਾਲੋਂ ਵਧੇਰੇ ਕੀਮਤੀ ਹੈ। ਆਖਰ ਸੈਨਿਕ ਤਾਂ ਕਈ ਹਜ਼ਾਰ ਸਨ, ਸਿਪਾਹ ਸਾਲਾਰ ਵੀ ਵੀਹ-ਵੀਹ ਹੋਣਗੇ ਹੀ, ਪਰ ਬੰਦਾ ਬਹਾਦਰ ਤਾਂ ਇਕ ਹੀ ਸੀ। ਗੁਰੂ ਨੇ ਹੋਰ ਕਿਸੇ ਦੇ ਹੱਥ ਵਿਚ ਤਾਂ ਫਰਮਾਨ ਦਿੱਤਾ ਹੀ ਨਹੀਂ ਸੀ। ਜੇ ਵਾਹਿਗੁਰੂ ਨੇ ਚਾਹਿਆ ਤਾਂ ਬੰਦਾ ਬਹਾਦਰ ਦੇ ਜਿਉਂਦੇ ਜੀਅ ਹਜ਼ਾਰਾਂ ਦੀ ਫੌਜ਼ ਇਕੱਠੀ ਕੀਤੀ ਜਾ ਸਕਦੀ ਹੈ ਸਰਦਾਰਾਂ ਨੇ ਬੰਦਾ

ਬਹਾਦਰ ਨੂੰ ਕਿਲੇ ਵਿਚੋਂ ਹਿਫਾਜ਼ਤ ਨਾਲ ਕੱਢਣ ਦਾ ਕੰਮ ਆਪਣੇ ਜਿੰਮੇ ਲੈ ਲਿਆ।

ਕਿਲੇ ਦੇ ਅੰਦਰ ਲੱਗੇ ਹੋਏ ਇਮਲੀ ਦੇ ਰੁੱਖ ਨੂੰ ਕੱਟ ਕੇ ਸਿੱਖ ਜੋਧੇ ਉਸ ਨੂੰ ਖੋਖਲਾ ਕਰਨ ਦੇ ਕੰਮ ਵਿਚ ਰੁੱਝ ਗਏ। ਉਸ ਵਿਚ ਬਰੂਦ ਭਰਿਆ ਗਿਆ ਅਤੇ ਇਕ ਪਾਸੋਂ ਬੱਤੀ ਕੱਢ ਕੇ ਉੱਤੋਂ ਕੱਸ ਕੇ ਬੰਨ੍ਹ ਦਿੱਤਾ। ਬੱਤੀ ਨੂੰ ਅੱਗ ਲਾਕੇ ਕਿਲੇ ਦੀ ਦੀਵਾਰ ਤੋਂ ਹੇਠਾਂ ਸੁੱਟ ਦਿੱਤਾ। ਇਹ ਵੱਡਾ ਪਟਾਕਾ ਰਫੀ-ਉਸ- ਸ਼ਾਨ ਦੇ ਪਾਸੇ ਡਿੱਗਾ। ਇਕ ਵੱਡੇ ਧਮਾਕੇ ਨਾਲ ਜਦੋਂ ਇਹ ਫਟਿਆ ਤਾਂ ਦੂਰੋਂ-ਦੂਰੋਂ ਸੈਨਿਕ ਤਮਾਸ਼ਾ ਵੇਖਣ ਆ ਗਏ। ਰਾਜਾ ਉਦਿਤ ਸਿੰਘ ਬੁੰਦੇਲ ਅਤੇ ਛਤਰਪਾਲ ਬੁੰਦੇਲ ਦੇ ਰਾਜਪੂਤ ਵੀ ਇੱਧਰ ਨੂੰ ਭੱਜੇ। ਐਨੇ ਨੂੰ ਬੁੰਦੇਲਾਂ ਵੱਲ ਦਾ ਕਿਲੇ ਦਾ ਦਰਵਾਜਾ ਖੁਲ੍ਹਿਆ ਅਤੇ ਹਜ਼ਾਰ ਸੈਨਿਕ ਆਪਣੇ ਵਿਚਕਾਰ ਬੰਦਾ ਬਹਾਦਰ ਨੂੰ ਲੈ ਕੇ ਬਾਹਰ ਨਿਕਲੇ। ਆਪਣੀਆਂ ਤਲਵਾਰਾਂ ਦੇ ਜ਼ੋਰ ਤੇ ਉਨ੍ਹਾਂ ਨੇ ਦੌੜਕੇ ਸੈਨਿਕਾਂ ਦੇ ਵਿਚਕਾਰੋਂ ਜਗ੍ਹਾ ਬਣਾਈ। ਅਤੇ ਭੁੱਚਕੀਆਂ ਖੜ੍ਹੀਆਂ ਮੁਗਲ-ਰਾਜਪੂਤ ਫੌਜ ਇੱਕਠੀ ਹੋ ਕੇ ਉਨ੍ਹਾਂ ਦੇ ਮਗਰ ਭੱਜੀ ਤਾਂ ਪੰਜ ਸੋ ਪੈਦਲ ਸਿਖ ਜੋਧਿਆ ਨੇ ਵਾਪਸ ਮੁੜ ਕੇ ਉਨ੍ਹਾਂ ਦਾ ਸਾਮ੍ਹਣਾ ਕੀਤਾ। ਇਹ ਜੋਧੇ ਉਦੋਂ ਤੱਕ ਮੁਗਲ ਫੌਜਾਂ ਨੂੰ ਰੋਕਦੇ ਰਹੇ ਜਦੋਂ ਤੱਕ ਬੰਦਾ ਅਤੇ ਉਸ ਦੇ ਪੰਜ ਸੋ ਘੁੜਸਵਾਰ ਥੱਲੇ ਉੱਤਰ ਕੇ ਨਦੀ ਪਾਰ ਕਰਕੇ ਦੂਰ ਤੱਕ ਨਹੀ ਨਿੱਕਲ ਗਏ। ਰਾਤ ਦੇ ਹਨੇਰੇ ਵਿਚ ਮੁਗਲਾਂ ਨੂੰ ਇਹੀ ਲੱਗਾ ਕਿ ਇਹ ਸਿੱਖਾਂ ਦਾ ਲੜਾਈ ਦਾ ਆਮ ਤਰੀਕਾ ਹੈ। ਇਸ ਛਿੱਟ-ਪੁੱਟ ਮੁੱਠ ਭੇੜ ਵਿਚ ਹੱਥੋਂ ਕੀ ਨਿਕਲ ਗਿਆ ਇਹ ਉਨ੍ਹਾਂ ਦੀ ਸਮਝ ਵਿਚ ਨਹੀਂ ਆਇਆ।

ਸਵੇਰੇ ਜਦੋਂ ਤੋਪਾਂ ਨੇ ਅੱਗ ਵਰਸਾਉਣੀ ਸ਼ੁਰੂ ਕੀਤੀ ਤਾਂ ਥੋੜੀ ਹੀ ਦੇਰ ਬਾਦ ਗੜ੍ਹੀ ਵਿਚੋਂ ਗੋਲੀਆਂ ਚੱਲਣੀਆਂ ਬੰਦ ਹੋ ਗਈਆਂ। ਹਜ਼ਾਰਾਂ ਮੁਗਲ ਫੌਜੀ ਮੁੱਖ ਦਰਵਾਜੇ ਵਿਚੋਂ ਦੌੜ ਕੇ ਅੰਦਰ ਵੜੇ। ਬਚੇ ਖੁਚੇ ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਕੇ ਉਨ੍ਹਾਂ ਦੇ ਸਰਦਾਰ ਨੂੰ ਕੈਦ ਕਰਕੇ ਮੁਨੀਮ ਖਾਂ ਕੋਲ ਲੈ ਆਏ।

ਮੁਨੀਮ ਖਾਂ ਨੇ ਨਜ਼ਰ ਚੁੱਕ ਕੇ ਵੇਖਿਆ। ਇਕ ਮਧਰੇ ਕੱਦ ਦਾ ਸਿੱਖ ਜੋਧਾ, ਉੱਤੋਂ ਹੇਠਾਂ ਤੱਕ ਨੀਲਾ ਅੰਗਰਖਾ ਪਹਿਨੀਂ, ਲੰਬੀ ਦਾੜ੍ਹੀ, ਰੋਬਦਾਰ ਸ਼ਖਸੀਅਤ, ਨਿਡਰ ਉਨ੍ਹਾਂ ਦੇ ਸਾਮ੍ਹਣੇ ਖੜ੍ਹਾ ਸੀ।

ਬੰਦਾ ਬਹਾਦਰ ਫੜਿਆ ਗਿਆ, ਦੇ ਵਿਆਪਕ ਸ਼ੋਰ ਵਿਚਕਾਰ ਮੁਨੀਮ ਖਾਂ ਨੇ ਇਸ ਜੋਧੇ ਨੂੰ ਉੱਤੋਂ ਹੇਠਾਂ ਤੱਕ ਵੇਖਿਆ। ਮੋਢੇ ਤੇ ਤੀਰ ਅਤੇ ਤਰਕਸ਼ ਨਾ ਵੇਖ ਕੇ ਉਸ ਨੇ ਮਜ਼ਾਕ ਦੇ ਲਹਿਜੇ ਵਿਚ ਪੁੱਛਿਆ, ਕਿਉਂ ਬਹਾਦਰ ਤੀਰ ਕਮਾਨ ਕਿੱਥੇ

ਗਿਆ ?

ਤੀਰ ਕਮਾਨ ਆਪਣੇ ਮਾਲਕ ਕੋਲ ਹੈ। ਸਿੱਖ ਜੋਧੇ ਨੇ ਨਿਡਰ ਹੋ ਕੇ ਜਵਾਬ ਦਿੱਤਾ।

"ਕੀ ?"

"ਕੀ ਦਾ ਮਤਲਬ ?"

"ਤਾਂ ਕੀ ਬੰਦਾ ਬਹਾਦਰ ਫੇਰ ਨਿੱਕਲ ਗਿਆ ?"

"ਹਾਂ..... ਬੰਦਾ ਬਹਾਦਰ ਅਤੇ ਉਸ ਦੇ ਪੰਜ ਸੋ ਸਿਪਾਹੀ ਰਾਤ ਨੂੰ ਕਿਲਾ ਛੱਡ ਕੇ ਚਲੇ ਗਏ। ਹੁਣ ਉਹ ਅਗਲੀ ਲੜਾਈ ਵਿਚ ਮਿਲਣਗੇ।"

ਮੁਨੀਮ ਖਾਂ ਨੂੰ ਕੱਟੋ ਤਾਂ ਖ਼ੂਨ ਨਹੀਂ। ਮੂੰਹ ਪੀਲਾ ਹੋ ਗਿਆ। ਇਹ ਸੋਚ ਕੇ ਕਿ ਬਾਦਸ਼ਾਹ ਕੀ ਕਹੇਗਾ, ਮੂੰਹ ਤੇ ਹਵਾਈਆਂ ਉਡਣ ਲੱਗੀਆਂ।

ਪਰ ਬਾਦਸ਼ਾਹ ਦੇ ਸਾਮ੍ਹਣੇ ਪੇਸ਼ ਤਾਂ ਹੋਣਾ ਹੀ ਸੀ। ਚਿਹਰਿਆਂ ਤੇ ਮਜ਼ਾਕ ਦੇ ਭਾਵ ਲਈਂ ਬੈਠੇ ਸੈਨਿਕਾਂ ਵਿਚੋਂ ਦੀ ਜਦੋਂ ਉਹ ਲੰਘਿਆ ਤਾਂ ਇਸ ਮਜ਼ਾਕ ਵਿਚ ਉਸ ਨੂੰ ਆਪਣੇ ਦਰਬਾਰੀ ਸਾਥੀਆ ਦਾ ਹੱਥ ਨਜ਼ਰ ਆਇਆ। ਬਾਦਸ਼ਾਹ ਦਾ ਲਾਲ ਚਿਹਰਾ ਵੇਖਕੇ ਉਹ ਜ਼ਮੀਨ ਵਿਚ ਹੋਰ ਵੀ ਧਸ ਗਿਆ।

"ਤੇਰਾ ਬਾਜ਼ ਤਾਂ ਉੱਡ ਗਿਆ ਮੁਨੀਮ ਖਾਂ! ਹੁਣ ਤੂੰ ਇਸ ਉੱਲੂ ਨੂੰ ਮੇਰੇ ਕੋਲ ਕਿਉਂ ਲਿਆਇਐਂ ?" ਬਿਨਾਂ ਇਕ ਸ਼ਬਦ ਕਹੇ ਮੁਨੀਮ ਖਾਂ ਫਰਸ਼ੀ ਸਲਾਮ ਕਰਦਾ ਬਾਹਰ ਨਿੱਕਲ ਗਿਆ। ਬਾਦਸ਼ਾਹ ਦੀ ਤਿੱਖੀ ਨਜ਼ਰ ਨਾਲ ਜਿਵੇਂ ਉਸ ਦੀ ਪਿੱਠ ਜਲ ਰਹੀ ਸੀ। ਛਾਤੀ ਤੇ ਦਬਾਉ ਕਾਰਨ ਜਿਵੇਂ ਉਸ ਦਾ ਸਾਹ ਬੰਦ ਹੋਣ ਨੂੰ ਸੀ। ਜੇ ਉਸ ਦੇ ਨਿੱਜੀ ਅੰਗ ਰੱਖਿਅਕ ਨੇ ਉਸ ਨੂੰ ਨਾ ਸੰਭਾਲਿਆ ਹੁੰਦਾ ਤਾਂ ਸ਼ਾਇਦ ਉਹ ਉੱਥੇ ਹੀ ਡਿਗ ਪੈਂਦਾ। ਤੰਬੂ ਵਿਚ ਜਾਕੇ ਉਸ ਦੇ ਮੂੰਹ ਵਿਚੋਂ ਹਲਕੀ ਜਿਹੀ ਆਵਾਜ਼ ਨਿੱਕਲੀ," ਹਕੀਮ.....ਛੇਤੀ।"

*****

ਜੇਕਰ ਮੁਨੀਮ ਖਾਂ ਨੂੰ ਐਨਾ ਜ਼ੋਰ ਦਾ ਧੱਕਾ ਲੱਗਾ ਸੀ ਤਾਂ ਸਦਮਾ ਬਾਦਸ਼ਾਹ ਨੂੰ ਵੀ ਘੱਟ ਨਹੀਂ ਸੀ। ਬਾਦਸ਼ਾਹ ਦਾ ਮੁਨੀਮ ਖਾਂ ਵੱਲ ਰਵਈਆ ਹੋਰ ਦੋ-ਚਾਰ ਦਿਨਾਂ ਵਿਚ ਸੁਧਰ ਗਿਆ। ਪਰ ਮੁਨੀਮ ਖਾਂ ਨੂੰ ਦਿਲ ਤੇ ਜੋ ਦਬਾਉ ਮਹਿਸੂਸ ਹੋਇਆ ਸੀ ਉਸ ਨੇ ਦੋ ਮਹੀਨੇ ਬਾਦ ਉਸ ਦੀ ਜਾਨ ਹੀ ਲੈ ਲਈ। ਬਹਿਰਹਾਲ ਉਸੇ ਦਿਨ ਦੁਪਹਿਰ ਨੂੰ ਰੁਸਤਮ ਦਿਲ ਖਾਂ ਨੇ ਪੱਚੀ ਸਿੱਖ ਬੰਦੀ ਬਾਦਸ਼ਾਹ ਸਾਮ੍ਹਣੇ ਖੜ੍ਹੇ

ਕੀਤੇ। ਪਿੱਛੇ ਪਿੱਛੇ ਪੰਜ ਹਾਥੀ, ਤੋਪਾਂ ਅਤੇ ਸਤਾਰਾਂ ਰਖੇਲ (ਛੋਟੀਆਂ ਤੋਪਾਂ)। ਬਾਦਸ਼ਾਹ ਨੇ ਸਾਰੇ ਫੌਜਦਾਰਾਂ ਨੂੰ ਬਣਦਾ ਸਨਮਾਨ ਦਿੱਤਾ। ਇਨ੍ਹਾਂ ਵਿਚ ਮੁਨੀਮ ਖਾਂ ਵੀ ਸੀ। ਕਿਉਂਕਿ ਬੰਦਾ ਨਾਹਨ ਵੱਲੋਂ ਹੀ ਭੱਜਾ ਸੀ ਇਸ ਲਈ ਖਾਸ ਹੁਕਮ ਜਾਰੀ ਕੀਤੇ ਗਏ ਕਿ ਨਾਹਨ ਦੇ ਬਰਫੀ ਰਾਜਾ ਨੂੰ ਫੌਰਨ ਬੰਦੀ ਬਣਾ ਕੇ ਪੇਸ਼ ਕੀਤਾ ਜਾਵੇ। ਕਿਉਂਕਿ ਰਾਜਾ ਖੁਦ ਮੁਗਲ ਕੁਮਕ ਦੇ ਹੱਥ ਨਹੀਂ ਆਇਆ, ਇਸ ਲਈ ਉਸਦੇ ਲੜਕੇ ਭੂਪ ਪ੍ਰਕਾਸ਼ ਨੂੰ ਫੜ ਕੇ ਪੇਸ਼ ਕੀਤਾ ਗਿਆ। ਭੂਪ ਪ੍ਰਕਾਸ਼ ਦੀ ਮਾਤਾ ਨੇ ਤੀਹ ਛੋਟੇ ਰਾਜਿਆਂ ਨੂੰ ਬਾਦਸ਼ਾਹ ਕੋਲ ਆਪਣੇ ਬੇਟੇ ਦੇ ਹੱਕ ਵਿਚ ਫਰਿਆਦ ਵਾਸਤੇ ਭੇਜਿਆ ਪਰ ਬਾਦਸ਼ਾਹ ਦਾ ਗੁੱਸਾ ਤਾਂ ਹੀ ਠੰਢਾ ਹੋਇਆ ਜਦੋਂ ਉਸ ਨੇ ਉਨ੍ਹਾਂ ਤੀਹਾਂ ਨੂੰ ਹੀ ਮੌਤ ਦੇ ਘਾਟ ਉਤਾਰ ਦਿੱਤਾ। ਭੂਪ ਪ੍ਰਕਾਸ਼ ਅਤੇ ਗੁਲਾਬ ਸਿੰਘ ਬਖਸ਼ੀ ਜਿਸ ਨੇ ਬੰਦਾ ਬਹਾਦਰ ਬਣ ਕੇ ਮੁਗਲਾਂ ਦੀਆਂ ਅੱਖਾਂ ਵਿਚ ਧੂੜ ਪਾਈ ਸੀ, ਦੋਹਾਂ ਨੂੰ ਲੋਹੇ ਦੇ ਪਿੰਜਰਿਆਂ ਵਿਚ ਬੰਦ ਕਰਕੇ ਦਿੱਲੀ ਭੇਜਿਆ ਜਿੱਥੇ ਉਨ੍ਹਾਂ ਨੂੰ ਦਿੱਲੀ ਦੇ ਕੋਤਵਾਲ ਸਰਬਰਾਹ ਖਾਂ ਦੇ ਹਵਾਲੇ ਕਰ ਦਿੱਤਾ ਗਿਆ। ਇਸ ਸਰਬਰਾਹ ਖਾਨ ਦੀਆਂ ਅਮਾਨਵੀ ਕਰਤੂਤਾਂ ਦੀ ਜਾਣਕਾਰੀ ਸਾਨੂੰ ਹੋਰ ਅੱਗੇ ਮਿਲੇਗੀ।

ਇਹ ਰੁਸਤਮ ਦਿਲ ਖਾਂ ਦਾ ਹੀ ਖਿਆਲ ਸੀ ਕਿ ਗੜ੍ਹੀ ਵਿਚ ਕਿਤੇ ਨਾ ਕਿਤੇ ਹੋਰ ਰੁਪਿਆ ਪੈਸਾ ਹੋਣਾ ਚਾਹੀਦਾ ਹੈ ਜੋ ਕਿ ਬੰਦਾ ਬਹਾਦਰ ਨੇ ਸਮਾਣਾ ਅਤੇ ਸਰਹੰਦ ਤੋਂ ਲੁੱਟਿਆ ਸੀ। ਬਾਦਸ਼ਾਹ ਤੋਂ ਇਜਾਜ਼ਤ ਲੈ ਕੇ ਉਸ ਨੇ ਗੜ੍ਹੀ ਦਾ ਚੱਪਾ-ਚੱਪਾ ਛਾਣ ਮਾਰਿਆ ਪਰ ਫੁੱਟੀ ਕੌਡੀ ਵੀ ਨਹੀਂ ਮਿਲੀ। ਹਿੰਮਤ ਨਾ ਹਾਰ ਕੇ ਰੁਸਤਮ ਨੇ ਕਿਲੇ ਦੀਆਂ ਦੀਵਾਰਾਂ ਦੇ ਬਾਹਰ ਇਕ-ਇਕ ਕੋਹ ਤੱਕ ਖੁਦਾਈ ਕਰਨ ਦਾ ਹੁਕਮ ਦਿੱਤਾ। ਅੰਤ ਵਿਚ ਮਿਹਨਤ ਦਾ ਢੁੱਕਵਾਂ ਫਲ ਮਿਲਿਆ। ਅੱਡ-ਅੱਡ ਥਾਂਵਾਂ ਤੋਂ ਸੋਨੇ ਦੀਆਂ ਅਸ਼ਰਫੀਆਂ ਅਤੇ ਕੋਈ ਅੱਠ ਲੱਖ ਰੁਪਏ ਬਰਾਮਦ ਹੋਏ।

ਲੋਹਗੜ੍ਹ ਦੀ ਮੁਗਲ ਕਹਾਣੀ ਦਾ ਦੁੱਖਦਾਈ ਅੰਤ ਹੋਇਆ। 18 ਫਰਵਰੀ 1711 ਨੂੰ ਅਗਲੀ ਮੁਹਿੰਮ ਦੌਰਾਨ ਮੁਨੀਮ ਖਾਂ ਬਿਸਤਰੇ ਤੋਂ ਸੌਂ ਕੇ ਨਹੀਂ ਉੱਠਿਆ। ਅਸਲ ਵਿਚ ਕੁਝ ਦਿਨਾਂ ਤੋਂ ਉਸ ਦੀ ਸਿਹਤ ਤਾਂ ਡਾਵਾਂ ਡੋਲ ਚੱਲ ਹੀ ਰਹੀ ਸੀ ਪਰ ਫਰਵਰੀ ਮਹੀਨੇ ਦੇ ਜਾਂਦੇ ਜਾਂਦੇ ਅਚਾਨਕ ਉਸ ਦੇ ਕੰਨ ਅਤੇ ਅੱਖਾਂ ਬੇਕਾਰ ਹੁੰਦੇ ਚਲੇ ਗਏ। ਦਰਬਾਰੀ ਹਕੀਮ ਦੀ ਸਲਾਹ ਸੀ ਕਿ ਯੁਨਾਨੀ ਤਰੀਕਿਆਂ ਨਾਲ ਸਰਜਰੀ ਕਰ ਦਿੱਤੀ ਜਾਵੇ। ਪਰ ਮਰਜ਼ ਐਨੀ ਫੈਲ ਚੁੱਕੀ ਸੀ ਕਿ ਬਗੈਰ ਅੱਖਾਂ-ਕੰਨ, ਹੋਰ ਅੱਗੇ ਪਤਾ ਨਹੀਂ ਕੀ-ਕੀ, ਦੇ ਬਿਨਾਂ ਜਿਉਣਾ ਉਂਜ ਵੀ ਬੇਕਾਰ ਹੋਵੇਗਾ। ਇਸ ਲਈ ਮੁਨੀਮ ਖਾਂ ਨੂੰ ਸੁੱਖ ਦੀ ਮੌਤ ਨਸੀਬ ਹੋਈ। ਮੁਹਿੰਮ ਦੇ ਦੌਰਾਨ ਹੀ ਇਕ ਜੋਧੇ ਵਾਂਗ ਉਸ ਨੂੰ ਮੈਦਾਨ ਵਿਚ ਹੀ ਦਫਨ ਕਰ ਦਿਤਾ ਗਿਆ।

# ਬਾਦਸ਼ਾਹ ਬਹਾਦਰ ਸ਼ਾਹ ਦਾ ਤਵਾਰੀਖੀ ਸਫਰ

| | | |
|---|---|---|
| 16 ਦਸੰਬਰ 1710 | : | ਲੋਹਗੜ੍ਹ ਦੇ ਖਜਾਨੇ ਦੀ ਬਰਾਮਦਗੀ |
| 28 ਫਰਵਰੀ 1711 | : | ਮੁਨੀਮ ਖਾਂ ਦੀ ਮੌਤ |
| 08 ਮਾੱਰਚ 1711 | : | ਸ੍ਰੀ ਨਗਰ (ਗੜ੍ਹਵਾਲ) ਦੇ ਰਾਜਾ ਫਤਹਿ ਸਿੰਘ ਦਾ ਨਜ਼ਰਾਨਾ ਪੇਸ਼, ਬਾਦਸ਼ਾਹ ਵੱਲੋਂ ਕਬੂਲ |
| 30 ਅਪ੍ਰੈਲ 1711 | : | ਬਾਦਸ਼ਾਹ ਰੋਪੜ ਵਿਚ |
| 17 ਮਈ 1711 | : | ਸਤਲੁਜ ਨਦੀ ਪਾਰ |
| 9 ਜੂਨ 1711 | : | ਹੋਸ਼ਿਆਰਪੁਰ |
| 23 ਜੂਨ 1711 | : | ਬਿਆਸ ਨਦੀ ਪਾਰ |
| 17ਜਨਵਰੀ 1711 | : | ਕਾਹਨੂੰਵਾਨ |
| 29 ਜੁਲਾਈ 1711 | : | ਕਲਾਨੌਰ |
| 3 ਅਗਸਤ 1711 | : | ਪੰਜ ਗਰਾਈਂ |
| 17 ਅਗਸਤ 1711 | : | ਲਾਹੌਰ |

*****

ਪਾਠਕ ਗੌਰ ਕਰਨ ਕਿ ਜਿਨਾਂ ਇਲਾਕਿਆਂ ਵਿਚੋਂ ਦੀ ਬਾਦਸ਼ਾਹ ਦਾ ਤਾਮਝਾਮ ਨਿੱਕਲਿਆ, ਉਨ੍ਹਾਂ ਵਿਚੋਂ ਕਈ ਵਿਚ ਅਸੀਂ ਸਿੱਖਾਂ ਦਾ ਰਾਜ ਦੱਸ ਚੁੱਕੇ ਹਾਂ। ਅਸਲ ਵਿਚ ਸਿੱਖਾਂ ਦੀ ਕਈ ਲੜਾਈਆਂ ਵਿਚ ਜਿੱਤ ਜ਼ਰੂਰ ਹੋਈ ਸੀ, ਪਰ ਉਨ੍ਹਾਂ ਨੂੰ ਆਪਣਾ ਪ੍ਰਸ਼ਾਸਨ ਸਥਾਪਤ ਕਰਨ ਵਾਸਤੇ ਲੋੜੀਂਦਾ ਸਮਾਂ ਨਹੀਂ ਮਿਲਿਆ।

ਜਿਨ੍ਹਾਂ-ਜਿਨ੍ਹਾਂ ਖੇਤਰਾਂ ਵਿਚ ਸਿੱਖ ਆਪਣੇ ਥਾਣੇਦਾਰ ਅਤੇ ਤਹਿਸੀਲਦਾਰ ਲਾ ਵੀ ਚੁੱਕੇ ਸਨ, ਉਨ੍ਹਾਂ ਨੂੰ ਛੇ ਮਹੀਨਿਆਂ ਦੇ ਅੰਦਰ ਹੀ ਬਾਦਸ਼ਾਹ ਦੀ ਭਾਰੀ ਭਰਕਮ ਫੌਜਾਂ ਨੇ ਉਖਾੜ ਸੁੱਟਿਆ। ਸਰਹੰਦ ਵਿਚ ਅਤੇ ਉਸ ਦੇ ਚਾਰੇ ਪਾਸੇ ਜਿੱਥੇ ਇਕ ਸਿੱਖ ਸੂਬੇਦਾਰ (ਬਾਜ ਸਿੰਘ) ਨੇ ਵਾਕਈ ਰਾਜ ਕੀਤਾ ਸੀ, ਉੱਥੇ ਸਿੱਖ ਪ੍ਰਸ਼ਾਸਨ ਕੁਝ ਹੱਦ ਤੱਕ ਫੈਲਿਆ ਸੀ ਪਰ ਫਿਰੋਜ਼ ਖਾਂ ਨੇ ਇਹ ਸੁਖਦ ਸਪਨਾ ਬਹੁਤਾ

ਚਿਰ ਨਹੀਂ ਚੱਲਣ ਦਿੱਤਾ ਸੀ। ਮਾਝਾ-ਦੋਆਬਾ ਵਿਚ ਜਿੱਥੇ ਕੋਈ ਸਿੱਖ ਫੌਜਦਾਰ ਨਿਯੁਕਤ ਹੀ ਨਹੀਂ ਹੋਇਆ ਸੀ, ਉਥੇ ਸਥਾਨਕ ਪ੍ਰਸ਼ਾਸਨ ਦੋਬਾਰਾ ਮੁਗਲਾਂ ਦੇ ਹੱਥੀਂ ਚੱਲਾ ਗਿਆ ਸੀ, ਜਾਂ ਫੇਰ ਸਥਿਤੀ ਅਸਪਸ਼ਟ ਸੀ। ਇਸ ਲਈ ਬਾਦਸ਼ਾਹ ਦੀ ਫੌਜ ਨੂੰ ਲਾਹੌਰ ਪੁੱਜਣ ਵਿਚ ਕੋਈ ਸਮੱਸਿਆ ਨਹੀਂ ਹੋਈ। ਤੇ ਬੰਦਾ ਬਹਾਦਰ ਇਸ ਵੇਲੇ ਕਿੱਥੇ ਸੀ ?

------

# ਬੰਦਾ ਬਹਾਦਰ-ਦੂਸਰੀ ਪਾਰੀ

10 ਦਸੰਬਰ 1710 ਦੀ ਰਾਤ ਨੂੰ ਲੋਹਗੜ੍ਹ ਤੋਂ ਗਾਇਬ ਹੋਇਆ ਬੰਦਾ 12 ਦਸੰਬਰ ਦੀ ਸਵੇਰ ਆਪਣੇ ਪੰਜ ਸੌ ਸਿੱਖਾਂ ਨਾਲ ਕੀਰਤਪੁਰ ਵਿਚ ਵੇਖਿਆ ਗਿਆ। ਉਹ ਜਿੰਨ ਸੀ ਜਾਂ ਦੈਂਤ ਜੋ ਰਾਤੋ-ਰਾਤ ਐਨੀ ਦੂਰੀ ਤਹਿ ਕਰ ਗਿਆ ? ਸੱਚ ਇਹ ਹੈ ਕਿ ਬਾਬਾ ਜਾਨਕੀਦਾਸ ਨਾਲ ਸ਼ਿਵਾਲਕ ਪਹਾੜੀਆਂ ਵਿਚ ਪੂਰਾ ਇਕ ਸਾਲ ਘੁੰਮਣ ਤੋਂ ਬਾਦ ਮਾਧੋਦਾਸ ਬੈਰਾਗੀ ਨੂੰ ਇਨ੍ਹਾਂ ਪਹਾੜੀਆਂ ਦੇ ਕਈ ਗੁਪਤ ਰਸਤਿਆਂ ਦੀ ਜਾਣਕਾਰੀ ਸੀ। ਸਮਾਣਾ ਅਤੇ ਸਰਹੰਦ ਦੀਆਂ ਲੜਾਈਆਂ ਤੋਂ ਬਾਦ ਹੁਣ ਬੰਦਾ ਕੋਲ ਧਨ, ਸਾਧਨ ਅਤੇ ਚੰਗੇ ਘੋੜਿਆਂ ਦੀ ਕਮੀ ਨਹੀਂ ਸੀ। ਉਸ ਕੋਲ ਚੁਣੇ ਹੋਏ ਪੰਜ ਸੌ ਸੈਨਿਕਾਂ ਕੋਲ ਵੀ ਘੋੜੇ ਅਤੇ ਅਸਤਰ-ਸ਼ਸਤਰ ਮੌਜੂਦ ਸਨ। ਕਾਸ਼! ਜੇਕਰ ਇਕ ਸਾਲ ਵਿਚ ਉਹ ਪੰਜਾਹ ਹਜ਼ਾਰ ਸੈਨਿਕਾਂ ਦੀ ਫੌਜ ਖੜ੍ਹੀ ਕਰ ਸਕਦਾ ਤਾਂ ਇਸ ਵੇਲੇ ਪੰਜਾਬ ਦਾ ਆਲਮ ਹੀ ਹੋਰ ਹੁੰਦਾ।

ਗੁਰੂ ਗੋਬਿੰਦ ਸਿੰਘ ਵੱਲੋਂ ਪਵਿੱਤਰ ਕੀਤਾ ਗਿਆ ਕੀਰਤਪੁਰ ਦਾ ਪੱਤਣ ਉਨ੍ਹੀਂ ਦਿਨੀਂ ਮਸ਼ਹੂਰ ਸੀ। ਦੂਰੋਂ-ਦੂਰੋਂ ਸਿੱਖ ਜੱਥੇ ਆਉਂਦੇ ਅਤੇ ਗੁਰਦੁਆਰੇ ਵਿਚ ਮੱਥਾ ਟੇਕਦੇ। ਬੰਦਾ ਬਹਾਦਰ ਨੇ ਇਸੇ ਥਾਂ ਆਪਣਾ ਹੈੱਡ ਕੁਆਰਟਰ ਬਣਾਇਆ। ਪੰਜਾਬ, ਜੰਮੂ ਅਤੇ ਉੱਤਰ ਪ੍ਰਦੇਸ਼ ਦੀਆਂ ਸੰਗਤਾਂ ਨੂੰ ਉਸ ਨੇ ਖਤ ਲਿੱਖੇ ਜਿਨ੍ਹਾਂ ਵਿਚ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਂ ਦੀ ਅਪੀਲ ਕੀਤੀ ਕਿ ਸਿੱਖ ਉਸ ਦੇ ਝੰਡੇ ਥੱਲੇ ਇੱਕਠੇ ਹੋਣ।

ਜੌਨਪੁਰ ਦੀ ਖਾਲਸਾ ਸੰਗਤ ਨੂੰ ਲਿਖਿਆ ਖੱਤ ਇਸ ਤਰ੍ਹਾਂ ਸੀ.......

26 ਦਿਸੰਬਰ 1710

ਮੋਹਰ (ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਂ)

" ਇਹ ਸ਼੍ਰੀ ਸੱਚਾ ਸਾਹਿਬ ਦਾ ਹੁਕਮ ਹੈ। ਗੁਰੂ ਜੌਨਪੁਰ ਦੇ ਖਾਲਸਾ ਦੀ ਰੱਖਿਆ ਕਰਨਗੇ। ਗੁਰੂ ਦੇ ਨਾਂ ਦਾ ਜਾਪ ਕਰੋ, ਜੀਵਨ ਸ਼ੁਧ ਹੋਵੇਗਾ। ਤੁਸੀ ਮਹਾਨ ਅਕਾਲ ਪੁਰਖ ਦੇ ਖਾਲਸੇ ਹੋ। ਇਸ ਹੁਕਮਨਾਮੇ ਨੂੰ ਵੇਖਦੇ ਹੀ ਹਥਿਆਰ ਧਾਰਣ ਕਰ ਕੇ ਹਾਜ਼ਰ ਹੋਵੋ। ਖਾਲਸਾ ਰਹਿਤ ਮਰਿਆਦਾ ਦੇ ਮੁਤਾਬਕ ਰਹੋ। ਭੰਗ, ਤੰਬਾਕੂ, ਪੋਸਤ, ਸ਼ਰਾਬ ਜਾਂ ਕਿਸੇ ਹੋਰ ਨਸ਼ੇ ਦਾ ਇਸਤੇਮਾਲ ਨਾ ਕਰੋ। ਮਾਸ ਮੱਛੀ ਅਤੇ

ਪਿਆਜ਼ ਨਾ ਖਾਓ। ਚੋਰੀ ਅਤੇ ਪਰਾਈ ਔਰਤ ਨਾਲ ਵਾਸਨਾ ਨਾ ਕਰੋ। ਅਸੀਂ ਫੇਰ ਤੋਂ ਸੱਤ ਯੁਗ ਲੈ ਕੇ ਆਏ ਹਾਂ । ਇੱਕ ਦੂਜੇ ਨੂੰ ਪਿਆਰ ਕਰੋ।"

ਜਵਾਬ ਵਿਚ ਕਈ ਹਜ਼ਾਰ ਸਿੰਘ ਕੀਰਤਪੁਰ ਪਹੁੰਚੇ ਅਤੇ ਗੁਰੂ ਦੇ ਹੁਕਮਾਂ ਨੂੰ ਪੂਰਾ ਕਰਨ ਦੀ ਸਹੁੰ ਖਾਧੀ।

ਬਾਦਸ਼ਾਹੀ ਫੌਜ ਦਸੰਬਰ ਤੋਂ ਫੌਰਨ ਬਾਦ ਤੰਬੂ ਪੁੱਟ ਕੇ ਪੰਜਾਬ ਵੱਲ ਰਵਾਨਾ ਹੋ ਚੁੱਕੀ ਸੀ। ਮੌਕਾ ਦੇਖ ਕੇ ਬੰਦਾ ਬਹਾਦਰ ਨੇ ਸਰਦੀ ਦੇ ਢਲਦੇ- ਢਲਦੇ ਕਹਿਲੂਰ ਦੇ ਕਿਲੇ ਨੂੰ ਘੇਰ ਲਿਆ। ਕਹਿਲੂਰ (ਬਿਲਾਸਪੁਰ) ਦਾ ਰਾਜਾ ਹਕੀਮ ਚੰਦ ਸਰਹੰਦ ਦੀ ਲੜਾਈ ਤੋ ਬਾਦ ਅਜਿਹੀ ਹੀ ਘਟਨਾ ਦੇ ਡਰੋਂ ਮੋਰਚਾ ਬੰਦੀ ਕਰਕੇ ਬੈਠਾ ਸੀ। ਉਸ ਨੇ ਮਾਤਹਿਤ ਜਿੰਮੀਦਾਰਾਂ ਤੋਂ ਅਤੇ ਨੇੜੇ-ਤੇੜੇ ਦੇ ਰਾਜਿਆਂ ਤੋ ਕਾਫੀ ਧਨ ਇਕੱਠਾ ਕਰ ਲਿਆ ਸੀ। ਪਰ ਹਮਲਾ ਹੋਣ ਤੇ ਇਹ ਸਭ ਕੁਝ ਕੰਮ ਨਾ ਆਇਆ। ਸਿੱਖਾ ਨੇ ਬਿਲਾਸਪੁਰ ਦੀ ਛੋਟੀ ਜਿਹੀ ਫੌਜ ਨੂੰ ਕੁਚਲ ਦਿੱਤਾ ਅਤੇ ਸ਼ਹਿਰ ਨੂੰ ਜੀ ਭਰ ਕੇ ਲੁਟਿਆ।

ਇਸ ਜਿੱਤ ਤੋਂ ਬਾਦ ਮੰਡੀ ਅਤੇ ਕੁੱਲੂ ਦੇ ਰਾਜਿਆਂ ਨੇ ਜਿੰਨੀ ਛੇਤੀ ਹੋ ਸਕਿਆ ਬੰਦਾ ਬਹਾਦਰ ਦੀ ਸੱਤਾ ਸਵੀਕਾਰ ਕਰ ਲਈ। ਰਾਜਿਆਂ ਨੇ ਸਿੱਖ ਸਾਮਰਾਜ ਨੂੰ ਨਜ਼ਰਾਨੇ ਪੇਸ਼ ਕੀਤੇ। ਇੱਥੋਂ ਤੱਕ ਸ਼੍ਰੀ ਨਗਰ ਦੇ ਰਾਜੇ ਨੇ, ਜਿਸ ਨੇ ਕੁਝ ਮਹੀਨੇ ਪਹਿਲਾਂ ਹੀ ਇੱਕ ਨਜ਼ਰਾਨਾ ਬਾਦਸ਼ਾਹ ਕੋਲ ਭੇਜਿਆ ਸੀ, ਅਗਲਾ ਨਜ਼ਰਾਨਾ ਬੰਦਾ ਬਹਾਦਰ ਦੇ ਨਾਂ ਭੇਜ ਦਿੱਤਾ।

ਬਾਦਸ਼ਾਹ ਦੀਆਂ ਫੌਜਾਂ ਦੇ ਦਬਾਓ ਤੋਂ ਮੁਕਤ ਅਤੇ ਪਹਾੜੀ ਰਾਜਿਆਂ ਨੂੰ ਕਾਬੂ ਕਰ ਕੇ ਬੰਦਾ ਚੰਬਾ ਰਵਾਨਾ ਹੋਇਆ। ਪਰ ਚੰਬਾ ਪੰਹੁਚ ਕੇ ਉਹ ਅਜਿਹੀ ਹਾਲਤ ਵਿਚ ਫੱਸ ਗਿਆ ਜਿਸ ਤੋਂ ਉਹ ਬੱਚ ਨਹੀਂ ਸਕਿਆ।

*****

ਹੋਇਆ ਇਹ ਕਿ ਚੰਬਾ ਦੇ ਰਾਜਾ ਉਦੇ ਸਿੰਘ ਨੇ ਆਪਣੇ ਮੰਤਰੀ ਨੂੰ ਹੁਕਮ ਦਿਤਾ ਕਿ ਉਹ ਜਾ ਕੇ ਪਤਾ ਕਰੇ ਕਿ ਬੰਦਾ ਬਹਾਦਰ ਦਾ ਚੰਬਾ ਵੱਲ ਆਉਣ ਦਾ ਮਕਸਦ ਕੀ ਹੈ। ਬੰਦਾ ਪਠਾਨਕੋਟ ਤੋਂ ਥੋੜਾ ਅੱਗੇ ਹੀ ਪੁੱਜਾ ਸੀ ਕਿ ਚੱਕੀ ਨਦੀ ਨੂੰ ਪਾਰ ਕਰਦੇ ਹੀ ਮੰਤਰੀ ਚਤੁਰ ਸਿੰਘ ਦੀ ਛੋਟੀ ਜਿਹੀ ਟੁਕੜੀ ਨਾਲ ਸਾਮ੍ਹਣਾ ਹੋਇਆ। ਚਤੁਰ ਸਿੰਘ ਨੂੰ ਇਹ ਵੇਖ ਕੇ ਹੈਰਾਨੀ ਹੋਈ ਕਿ ਬੰਦਾ ਸਿਰਫ਼ ਆਪਣੇ

ਗਿਣੇ-ਚੁਣੇ ਸਾਥੀਆਂ ਨਾਲ ਹੀ ਚੰਬਾ ਵੱਲ ਰਵਾਨਾ ਹੋਇਆ ਹੈ। ਚਤੁਰ ਸਿੰਘ ਨੇ ਆਪਣਾ ਪਰੀਚੇ ਦੇ ਕੇ ਕੁਸ਼ਲ-ਮੰਗਲ ਪੁੱਛੀ। ਨਾਲ ਹੀ ਉਸਨੇ ਬਿਰਧ ਚੰਬਾ ਰਾਜਾ ਨੂੰ ਪਰਵਾਨਾ ਭਿਜਵਾ ਕੇ ਬੰਦਾ ਦੇ ਇਕੱਲਾ ਆਉਣ ਦੀ ਖਬਰ ਭੇਜੀ। ਸਲਾਹ ਦਿੱਤੀ ਕਿ ਇੱਕਲਾ ਹੋਣ ਦੇ ਬਾਵਜੂਦ ਬੰਦਾ ਦਾ ਵੀਰ ਸੈਨਾਪਤੀ ਵਰਗਾ ਸਵਾਗਤ ਕੀਤਾ ਜਾਵੇ।

ਰਾਹ ਵਿਚ ਜਾਣ-ਪਛਾਣ ਕੁਝ ਵਧਣ ਤੋਂ ਬਾਦ ਮੰਤਰੀ ਨੇ ਹੱਥ ਜੋੜ ਕੇ ਪੁੱਛ ਹੀ ਲਿਆ ਕਰੀਬ ਚਾਲੀ ਸਾਲ ਦੀ ਉਮਰ ਹੋਣ ਦੇ ਬਾਵਜੂਦ ਬੰਦਾ ਨੇ ਹੁਣ ਤੱਕ ਵਿਆਹ ਕਿਉਂ ਨਹੀਂ ਕੀਤਾ? ਉੱਤਰ ਸੰਖਿਪਤ ਸੀ...... ਪਹਿਲਾਂ ਬੈਰਾਗ ਵਿਚ ਰਹਿਣ ਕਰਕੇ ਸੋਚਿਆ ਹੀ ਨਹੀਂ ਅਤੇ ਬਾਦ ਵਿਚ ਸੈਨਿਕ ਹੋਣ ਦੇ ਨਾਤੇ ਸੰਭਵ ਹੀ ਨਹੀਂ ਹੋਇਆ। ਮੰਤਰੀ ਨੂੰ ਇਸ ਜਵਾਬ ਤੋਂ ਲੱਗਾ ਕਿ ਬੰਦਾ ਵਿਆਹ ਦਾ ਇੱਛੁਕ ਹੈ।

ਚੰਬਾ ਵੜਦੇ ਹੀ ਪ੍ਰਦੇਸ਼ ਦੀ ਰਮਣੀਕ ਸੁੰਦਰਤਾ ਨੇ ਬੰਦਾ ਦਾ ਮਨ ਮੋਹ ਲਿਆ। ਸੋਚਿਆ ਕੁਝ ਦਿਨ ਤਲਵਾਰ ਮਿਆਨ ਵਿਚ ਰੱਖ ਕੇ ਆਰਾਮ ਕਰ ਲਿਆ ਜਾਵੇ। ਪੈਰ ਰੁਕਦੇ ਹੀ ਜਿਵੇਂ ਮਨ ਵੀ ਉੱਥੇ ਹੀ ਅਟਕ ਗਿਆ। ਕੁਝ ਦਿਨਾਂ ਵਿਚ ਹੀ ਆਲੇ-ਦੁਆਲੇ ਦੀ ਸੁੰਦਰਤਾ ਨੇ ਮਨ ਮੋਹ ਲਿਆ। ਚੰਬਾ ਦੀ ਖਿੜੀ-ਖਿੜੀ ਧੁੱਪ ਅਤੇ ਸੁੰਦਰ ਨਰ-ਨਾਰੀਆਂ ਨੂੰ ਵੇਖਦੇ ਹੋਏ ਸੱਤ ਦਿਨ ਕਦੋਂ ਲੰਘ ਗਏ, ਬੰਦਾ ਨੂੰ ਪਤਾ ਹੀ ਨਾ ਲੱਗਾ। ਠੀਕ ਸੱਤ ਦਿਨ ਬਾਦ ਬੰਦਾ ਦੇ ਆਰਾਮਦੇਹ ਮਹਿਮਾਨ ਘਰ ਵਿਚ ਰਾਜਾ ਖ਼ੁਦ ਨਜ਼ਰਾਨਾ ਲੈ ਕੇ ਪੇਸ਼ ਹੋਇਆ। ਸਵਾਗਤ ਵਿਚ ਇਕ ਮਿਠਾਸ ਭਰਿਆ ਭਾਸ਼ਣ, ਗੁਰੂਆਂ ਦਾ ਆਦਰ ਨਾਲ ਨਾਂ ਅਤੇ ਸੌ ਅਸ਼ਰਫੀਆਂ ਦਾ ਟੀਕਾ ਪੇਸ਼ ਕੀਤਾ।

"ਸੂਰਮਿਆਂ ਦਾ ਕੋਈ ਜਾਤ-ਗੋਤ ਨਹੀਂ ਹੁੰਦਾ"

ਉਦੇ ਸਿੰਘ ਨੇ ਘੋਸ਼ਣਾ ਕੀਤੀ। "ਪਰ ਫੇਰ ਵੀ ਇਹ ਜਾਣ ਕੇ ਮੈਨੂੰ ਬਹੁਤ ਖੁਸ਼ੀ ਹੋਈ ਹੈ ਕਿ ਸੂਰਬੀਰ ਬੰਦਾ ਬਹਾਦਰ ਜੰਮੂ ਪ੍ਰਾਂਤ ਦੇ ਕੁਲੀਨ ਰਾਜਪੂਤ ਪਰਿਵਾਰ ਨਾਲ ਸਬੰਧ ਰੱਖਦੇ ਹਨ। ਜੇਕਰ ਮੇਰੀ ਕੋਈ ਆਪਣੀ ਬੇਟੀ ਹੁੰਦੀ ਤਾਂ ਮੈਂ ਖੁਸ਼ੀ ਨਾਲ ਉਸ ਦਾ ਵਿਆਹ ਇਸ ਸੂਰਬੀਰ ਨਾਲ ਕਰ ਦਿੰਦਾ।"

ਬੰਦਾ ਦੇ ਮੂੰਹ ਤੇ ਖੇਡਦੀ ਮੁਸਕਾਨ ਵੇਖਕੇ ਉਸ ਨੇ ਆਪਣਾ ਆਖਰੀ ਤੀਰ ਛੱਡ ਹੀ ਦਿੱਤਾ, "ਪਰ ਅਜੇਹਾ ਨਾ ਹੋਣ ਤੇ ਵੀ ਮੈਂ ਆਪਣੇ ਹੀ ਪਰਿਵਾਰ ਦੀ ਇਕ ਸੁੰਦਰ ਕੰਨਿਆਂ ਦਾ ਵਿਆਹ ਇਨ੍ਹਾਂ ਨਾਲ ਕਰਦਾ ਹਾਂ, ਉਠੋ, ਸੂਰਬੀਰ ਬੰਦਾ ਬਹਾਦਰ।"

ਬੰਦਾ ਨੇ ਸਿਰ ਚੁੱਕ ਕੇ ਵੇਖਿਆ। ਅਠਾਰਾਂ ਸਾਲ ਦੀ ਅਥਾਹ ਸੁੰਦਰੀ ਨਾਲ ਅੱਖਾਂ ਚਾਰ ਹੋਈਆਂ। ਅੱਖਾਂ ਦੇ ਵਿਚ ਲਾਜ ਤਾਂ ਸੀ ਹੀ, ਪਰ ਨਾਲ ਹੀ ਬੇਖੌਫ਼ ਸੁਭਾਅ, ਇਕ ਚੁਣੌਤੀ ਜੋ ਆਖ ਰਹੀ ਹੋਵੇ....... ਮੈਂ ਵੀ ਕੁਲ ਵਿਚ, ਸੂਰਮਗਤੀ ਵਿਚ ਕਿਸੇ ਤੋਂ ਘੱਟ ਨਹੀਂ ਹਾਂ। ਜੇ ਹਿੰਮਤ ਹੈ ਤਾਂ....... ।

ਅਤੇ ਬੰਦਾ ਨੇ ਚੁਣੌਤੀ ਸਵੀਕਾਰ ਕਰ ਲਈ। ਭਰੀ ਸਭਾ ਵਿਚ ਬੰਦਾ ਨੇ ਉਸ ਦਾ ਹੱਥ ਸਾਂਭ ਲਿਆ।

ਬੰਦਾ ਨੂੰ ਵਿਸ਼ਵਾਸ ਨਹੀਂ ਸੀ ਕਿ ਅਜਿਹੀ ਖੁਸ਼ੀ ਉਸ ਦੀ ਕਿਸਮਤ ਵਿਚ ਵੀ ਲਿਖੀ ਹੋਈ ਸੀ।

ਪਹਾੜੀ ਇਲਾਕੇ ਦੀ ਠੰਢ ਵਿਚ ਸਾਰਾ-ਸਾਰਾ ਦਿਨ ਉਹ ਆਪਣੀ ਪਤਨੀ ਨਾਲ ਮਹਿਮਾਨ ਘਰ ਵਿਚ ਹੀ ਗੁਜ਼ਾਰਦਾ। ਕਦੀ-ਕਦੀ ਜਦੋਂ ਧੁੱਪ ਨਿੱਕਲਦੀ ਤਾਂ ਘੋੜੇ ਦੀ ਕਾਠੀ ਕੱਸ ਕੇ ਦੋਵੇਂ ਮੀਲਾਂ ਦੂਰ ਨਿੱਕਲ ਜਾਂਦੇ। ਚੰਬਾ, ਬਨੀਖੇਤ ਦੀ ਕੁਦਰਤੀ ਸੁੰਦਰਤਾ ਨੂੰ ਘੰਟਿਆਂ ਬੱਧੀ ਵੇਖਦੇ ਰਹਿੰਦੇ। ਉਸ ਦੀ ਨੌਜਵਾਨ ਪਤਨੀ ਨੇ ਉਸ ਨੂੰ ਬੜਾ ਕੁਝ ਸਿਖਾਇਆ ਜੋ ਉਹ ਆਪਣੇ ਬੈਰਾਗੀ ਅਤੇ ਸੈਨਿਕ ਜੀਵਨ ਵਿਚ ਖੋ ਚੁੱਕਾ ਸੀ। ਕਦੋਂ ਸੂਰਜ ਨਿੱਕਲਦਾ ਕਦੋਂ ਦਿਨ ਢਲ ਜਾਂਦਾ, ਜਾਂ ਫੇਰ ਸਵੇਰ ਹੁੰਦੀ ਉਨ੍ਹਾਂ ਨੂੰ ਪਤਾ ਹੀ ਨਾ ਲੱਗਦਾ। ਛੇਤੀ ਹੀ ਉਸ ਦੀ ਪਤਨੀ ਗਰਭਵਤੀ ਹੋ ਗਈ। ਪਹਾੜੀ ਇਲਾਕਿਆਂ ਦੀਆਂ ਠੰਢੀਆਂ ਬਰਸਾਤਾਂ ਰੁਕ ਗਈਆਂ ਅਤੇ ਕਈ ਦਿਨ ਤੱਕ ਸੂਰਜ ਲਗਾਤਾਰ ਨਿੱਕਲਿਆ ਤਾਂ ਬੰਦੇ ਨੂੰ ਮੌਸਮ ਦੇ ਬਦਲਣ ਦਾ ਅਹਿਸਾਸ ਹੋਇਆ। ਅਗਲੇ ਹੀ ਦਿਨ ਸਵੇਰੇ ਬੰਦਾ ਇਸ਼ਨਾਨ ਤੋਂ ਬਾਦ ਧਿਆਨ ਵਿਚ ਬੈਠ ਗਿਆ। ਪਰ ਗੁਰੂ ਨੇ ਦਰਸ਼ਨ ਨਹੀਂ ਦਿੱਤੇ। ਬੰਦਾ ਰੋਜ਼ ਧਿਆਨ ਵਿਚ ਬੈਠਦਾ ਪਰ ਦਰਸ਼ਨ ਨਾ ਹੋਏ। ਹੁਣ ਉਸ ਦਾ ਮਨ ਇਸ ਵਿਲਾਸਤਾ ਤੋਂ ਉਦਾਸ ਹੋਣ ਲੱਗ ਪਿਆ। ਪ੍ਰੇਸ਼ਾਨ ਮਨ ਨਾਲ ਇਕ ਦਿਨ ਉਸਨੇ ਘੋਸ਼ਣਾ ਕੀਤੀ ਕਿ ਉਹ ਅਗਲੇ ਹੀ ਦਿਨ ਪਹਾੜਾਂ ਤੋਂ ਹੇਠਾਂ ਉੱਤਰ ਕੇ ਦੋਬਾਰਾ ਜੰਗ ਦੀ ਤਿਆਰੀ ਕਰੇਗਾ। ਪਤਨੀ ਦੀਆਂ ਬੇਨਤੀਆਂ ਨੂੰ ਉਸ ਨੇ ਅਣਸੁਣਿਆਂ ਕਰ ਦਿੱਤਾ।

ਅਗਲੇ ਹੀ ਦਿਨ ਗੁਰੂ ਪ੍ਰਗਟ ਹੋਏ।" ਤੂੰ ਤਾਂ ਜੰਗ ਤੋਂ ਵਾਪਸ ਆ ਗਿਆ ਬੰਦਾ ਬਹਾਦਰ।" ਉਨ੍ਹਾਂ ਨੇ ਜਿਵੇਂ ਮਿਹਣਾ ਮਾਰਿਆ ਹੋਵੇ।

ਬੰਦਾ ਨਤਮਸਤਕ ਸੀ। ਉਸ ਦੇ ਮੂੰਹ ਵਿਚੋਂ ਇਕ ਬੋਲ ਵੀ ਨਾ ਫੁੱਟਿਆ। ਉਹ ਵੀ ਇਕ ਘੜੀ ਦੇ ਅੰਦਰ ਉਥੋਂ ਰਵਾਨਾ ਹੋਣ ਹੀ ਵਾਲਾ ਸੀ। ਇਹ ਹੁਣ ਦੋਬਾਰਾ ਨਹੀਂ ਹੋਵੇਗਾ ਗੁਰੂ ਜੀ, ਉਸ ਨੇ ਬਾਰ-ਬਾਰ ਮਨ ਵਿਚ ਸਹੁੰ ਖਾਧੀ।

*****

ਸ਼ਾਇਦ ਬੰਦਾ ਬਹਾਦਰ ਨੂੰ ਪਤਾ ਨਾ ਲੱਗਾ ਹੋਵੇ ਪਰ ਉਸ ਦੇ ਖਿਲਾਫ਼ ਫ਼ੁਸਫੁਸਾਹਟ ਦੀ ਮੁਹਿੰਮ ਨੂੰ ਉਸ ਦੇ ਵਿਆਹ ਤੋਂ ਬਾਦ ਬੜਾ ਉਤਸ਼ਾਹ ਮਿਲਿਆ। ਜਦੋਂ ਉਹ ਪਹਾੜਾਂ ਤੋਂ ਉੱਤਰ ਕੇ ਬਹਿਰਾਮਪੁਰ ਆਇਆ ਅਤੇ ਬਿਨੋਦ ਸਿੰਘ, ਫਤਹਿ ਸਿੰਘ ਆਦਿ ਨੂੰ ਉਸ ਦੇ ਅੰਗ ਰਖਿਆਕਾਂ ਨੇ ਵਿਆਹ ਬਾਰੇ ਦੱਸਿਆ ਤਾਂ ਕਾਹਨ ਸਿੰਘ ਨੇ ਹਿਕਾਰਤ ਭਰੀ ਅਵਾਜ਼ ਵਿਚ ਕਿਹਾ," ਲਉ ਪਿਤਾ ਜੀ (ਬਿਨੋਦ ਸਿੰਘ), ਹੁਣ ਤਾਂ ਤੁਹਾਡੇ ਸਰਦਾਰ ਦਾ ਵੀ ਵਿਆਹ ਹੋ ਗਿਆ। ਤੁਸੀਂ ਮਿਠਾਈ ਨਹੀਂ ਵੰਡੋਗੇ ?" ਸਿੱਖ ਜੋਧਿਆਂ ਨੂੰ ਡਰ ਸੀ ਕਿ ਕਬੀਲਦਾਰੀ ਵਿਚ ਫ਼ਸ ਕੇ ਬੰਦਾ ਕਿਤੇ ਆਪਣੇ ਮਕਸਦ ਨੂੰ ਨਾ ਭੁੱਲ ਜਾਵੇ। ਪਰ ਨਾ ਉਦੋਂ ਤੱਕ ਤੇ ਨਾ ਹੀ ਉਸ ਤੋਂ ਬਾਦ ਬੰਦਾ ਨੇ ਕੋਈ ਵੀ ਅਜੇਹਾ ਕੰਮ ਕੀਤਾ ਜਿਸ ਨਾਲ ਮਕਸਦ ਨੂੰ ਭੁਲਾਉਣ ਦੀ ਬੂ ਆਉਂਦੀ ਹੋਵੇ। ਜੋ ਵੀ ਹੋਵੇ, ਸਿੱਖਾਂ ਦੇ ਇਕ ਹਿੱਸੇ ਵਿਚ ਇਸ ਗੱਲ ਨੂੰ ਲੈ ਕੇ ਖਾਸਾ ਮਤਭੇਦ ਸੀ ਜੋ ਅੱਗੇ ਚੱਲ ਕੇ ਬੰਦਾ ਬਹਾਦਰ ਦੇ ਖਿਲਾਫ ਇਕ ਲਹਿਰ ਬਣ ਗਿਆ।

*****

ਇਤਿਹਾਸ ਦੇ ਹਰੇਕ ਚਮਤਕਾਰੀ ਖਿੱਚ ਵਾਲੇ ਨਾਇਕ ਦੇ ਬਾਰੇ, ਖਾਸ ਕਰਕੇ ਸੈਨਾ ਨਾਇਕ ਦੇ ਬਾਰੇ ਇਹ ਜਾਣਿਆਂ ਜਾਂਦਾ ਹੈ ਕਿ ਉਸ ਦੀ ਨਿੱਜੀ ਹਾਜਰੀ ਤੇ ਗੈਰ ਹਾਜਰੀ ਨਾਲ ਉਸ ਦੀ ਕੌਮ ਅਤੇ ਫੌਜ ਨੂੰ ਬਰਾਬਰ ਫਰਕ ਪਿਆ। ਜੂਲੀਅਸ ਕੈਸਰ (ਸੀਜ਼ਰ) ਜਦੋਂ ਵੀ ਆਪਣੇ ਪਿਆਰੇ ਚਿੱਟੇ ਘੋੜੇ ਤੇ ਬੈਠਕੇ ਚੱਲਦੇ ਜੰਗ ਵਿਚ ਦੀ ਸਿਪਾਹੀਆਂ ਦੇ ਵਿਚੋਂ ਨਿਕਲਦਾ ਤਾਂ ਸੈਨਿਕਾਂ ਵਿਚ ਜੋਸ਼ ਦੀ ਲਹਿਰ ਦੌੜ ਜਾਂਦੀ ਅਤੇ ਉਹ ਦੁੱਗਣੀ ਤਾਕਤ ਨਾਲ ਲੜਦੇ। ਕਿਸੇ ਦੈਵੀ ਸ਼ਕਤੀ ਨਾਲ ਜੰਗ ਦੇ ਮੈਦਾਨ ਵਿਚ ਉਸ ਨੂੰ ਕਦੀ ਨਾ ਤੀਰ ਲੱਗਾ ਨਾ ਤਲਵਾਰ। ਜੋਨ ਔਫ ਆਰਕ, ਹੈਨਿਬਲ ਅਤੇ ਨੈਪੋਲੀਅਨ ਤੋਂ ਵੀ ਵੱਧ ਇਹ ਬੰਦਾ ਬਹਾਦਰ ਲਈ ਸੱਚ ਸੀ। ਜਦੋਂ-ਜਦੋਂ ਬੰਦਾ ਪਹਾੜਾਂ ਵਿਚ ਹੁੰਦਾ ਤਾਂ ਪੰਜਾਬ ਵਿਚ ਸਿੱਖਾਂ ਦਾ ਦਬਦਬਾ ਘਟਣ ਲੱਗਦਾ ਅਤੇ ਉਨ੍ਹਾਂ ਤੇ ਜ਼ੁਲਮ ਵਧਣ ਲੱਗ ਜਾਂਦੇ। ਜਦੋਂ ਉਹ ਛੋਟੀ-ਮੋਟੀ ਫੌਜ ਇੱਕਠੀ ਕਰਕੇ ਵਾਪਸ ਪੰਜਾਬ ਆਉਂਦਾ ਤਾਂ ਆਪਣੇ ਤੋਂ ਵੱਡੀਆਂ ਮੁਗਲ ਫੌਜਾਂ ਤੇ ਫਤਹਿ ਪਾਉਂਦਾ। ਜ਼ਾਹਰ ਹੈ ਉਦੋਂ ਸਿੱਖਾਂ ਦਾ ਦਬਦਬਾ ਵਧ ਜਾਂਦਾ।

ਮੈਦਾਨੇ ਜੰਗ ਵਿਚ ਉਸ ਦੇ ਤੀਰ ਚੁਣ-ਚੁਣ ਕੇ ਵਿਰੋਧੀ ਫੌਜਾਂ ਨੇ ਸਰਦਾਰਾਂ

ਨੂੰ ਮਾਰਦੇ। ਹੱਥੋ-ਹੱਥੀ ਜੰਗ ਵਿਚ ਜਦੋਂ ਤਲਵਾਰ ਉਸ ਦੇ ਹੱਥ ਵਿਚ ਹੁੰਦੀ ਤਾਂ ਮਜਾਲ ਹੈ ਕਿ ਉਸ ਦੇ ਆਪਣੇ ਉੱਪਰ ਕੋਈ ਛੋਟਾ-ਮੋਟਾ ਜ਼ਖਮ ਵੀ ਲੱਗ ਜਾਵੇ। ਹਾਲਾਂਕਿ ਉਸ ਤੋਂ ਬਿਨਾਂ ਵੀ ਸਿੱਖਾਂ ਨੇ ਕੁਝ ਅਹਿਮ ਜਿੱਤਾਂ ਹਾਸਲ ਕੀਤੀਆਂ, ਪਰ ਨਾ ਉਹ ਕਿਲਾ ਸਥਾਪਤ ਕਰ ਸਕੇ, ਨਾ ਹੀ ਆਪਣੀ ਜਿੱਤ ਨੂੰ ਥੋੜ੍ਹਾ ਟਿਕਾਊ ਬਣਾ ਸਕੇ।

-------

# ਇਕ ਹੋਰ ਫਤਹਿ

ਗੁਰਦਾਸਪੁਰ ਦੇ ਬਹਿਰਾਮ ਪੁਰ ਖੇਤਰ ਵਿਚ ਮੈਦਾਨਾਂ ਵਿਚ ਉੱਤਰ ਕੇ ਬੰਦਾ ਗੁਰਦਾਸਪੁਰ ਸ਼ਹਿਰ ਵੱਲ ਵਧਿਆ। ਗੁਰਦਾਸਪੁਰ ਸ਼ਹਿਰ ਅੱਜ ਵੀ ਇਕ ਸੁੱਤਾ ਜਿਹਾ ਕਸਬਾ ਹੈ, ਪਰ ਭਗੋਲਕ ਅਤੇ ਰਣਨੀਤਕ ਕਾਰਨਾਂ ਕਰਕੇ ਬੜਾ ਮਹੱਤਵਪੂਰਨ ਹੈ। ਗੁਰਦਾਸਪੁਰ ਤੋਂ ਪਠਾਨਕੋਟ ਪੱਚੀ ਮੀਲ ਅਤੇ ਜੰਮੂ ਸਿਰਫ ਪਚੱਤਰ ਮੀਲ ਉੱਤਰ-ਪੂਰਵ ਵੱਲ ਹੈ। ਦੱਖਣ-ਪੱਛਮ ਵਿਚ ਬਟਾਲਾ ਸਿਰਫ ਪਚੱਤਰ ਮੀਲ ਅਤੇ ਲਾਹੌਰ ਕਰੀਬ ਸੱਤਰ ਮੀਲ ਹੈ। ਜਿਸ ਦੇ ਹੱਥ ਗੁਰਦਾਸਪੁਰ ਰਿਹਾ, ਉਸ ਨੂੰ ਸ਼ਿਵਾਲਕ ਦੇ ਪਹਾੜਾਂ (ਤਿੱਬਤ ਵੱਲ) ਅਤੇ ਕਸ਼ਮੀਰ ਦੀਆਂ ਘਾਟੀਆਂ ਵਾਸਤੇ ਖੁਲ੍ਹਾ ਰਾਹ ਮਿਲ ਗਿਆ।

*****

ਜਦੋਂ ਤੋਂ ਲੋਹਗੜ੍ਹ ਵਿਚ ਬੰਦਾ ਉਸ ਦੇ ਹੱਥੋਂ ਨਿੱਕਲ ਗਿਆ ਉਦੋਂ ਤੋਂ ਹੀ ਬਹਾਦਰ ਸ਼ਾਹ ਦਾ ਅੱਧਾ ਧਿਆਨ ਇਸੇ ਪਾਸੇ ਰਿਹਾ। ਇਸ ਲਈ ਉਸ ਨੇ ਸਮੇਂ-ਸਮੇਂ ਤੇ ਵੱਖੋ-ਵੱਖਰੇ ਫੌਜਦਾਰਾਂ ਦੀ ਕਮਾਨ ਵਿਚ ਬੰਦਾ ਸਿੰਘ ਨੂੰ ਫੜਨ ਵਾਸਤੇ ਫੌਜਾਂ ਭੇਜੀਆਂ।

ਇਨ੍ਹਾਂ ਵਿਚੋਂ ਮੁੱਖ ਸੀ ਸਾਫ਼ ਸ਼ਿਕਨ ਬਹਾਦਰ (11 ਜਨਵਰੀ 1711) ਦੀ ਫੌਜ, ਹਾਮਿਦ ਖਾਂ ਦੇ ਪੰਜ ਹਜ਼ਾਰ ਘੁੜਸਵਾਰ, ਰੁਸਤਮ ਦਿਲ ਖਾਂ ਅਤੇ ਚਿਨ ਬਹਾਦਰ (31 ਮਈ 1711) ਦੇ ਕੁੱਲ ਮਿਲਾ ਕੇ ਕਰੀਬ ਬਾਰਾਂ ਹਜ਼ਾਰ ਫੌਜੀ। ਪਰ ਸਿੱਖਾਂ ਦੀ ਪੁਰਾਣੀ ਜਿੱਤ ਵਿਚੋਂ ਬਚੇ ਮੁਖਬਰਾਂ ਦਾ ਜਾਲ ਅਜੇ ਵੀ ਕਾਇਮ ਸੀ। ਉਨ੍ਹਾਂ ਦੀਆਂ ਤਤਕਾਲੀ ਸੂਚਨਾਵਾਂ ਤੇ ਅਤੇ ਆਪਣੀ ਤੇਜ਼ ਚਾਲ ਦੇ ਆਧਾਰ ਤੇ ਬੰਦਾ ਮੁਗਲ ਫੌਜਾਂ ਤੋਂ ਇਕ ਕਦਮ ਅੱਗੇ ਹੀ ਰਿਹਾ। ਮੁਗਲ ਫੌਜਾਂ ਕਦੀ ਉਸਨੂੰ ਦੇਖ ਵੀ ਨਹੀਂ ਸਕੀਆਂ, ਅਤੇ ਜਦੋਂ ਉਸ ਨੂੰ ਆਪ ਇਕ ਮੌਕਾ ਮਿਲਿਆ, ਉਦੋਂ ਉਹ ਇਕ ਇਕੱਲੀ ਪਈ ਦੁਸ਼ਮਨ ਦੀ ਫੌਜ ਨਾਲ ਜਾ ਭਿੜਿਆ ਅਤੇ ਉਸ ਨੂੰ ਖਤਮ ਕਰ ਦਿੱਤਾ। ਚਾਚਾ-ਭਤੀਜੇ ਖਾਂ (ਬਾਜ਼ਿਦ ਅਤੇ ਸ਼ਮਸੁਦੀਨ ਖਾਂ) ਨਾਲ ਇੰਜ ਹੀ ਹੋਇਆ।

ਬਿਸਟ-ਦੋਆਬ ਦਾ ਬਰਖਾਸਤ ਫੌਜਦਾਰ ਸ਼ਮਸੁਦੀਨ ਖਾਂ ਆਪਣੇ ਚਾਚਾ ਬਾਜ਼ਿਦ ਖਾਂ(ਫੌਜਦਾਰ ਜੰਮੂ) ਨੂੰ ਮਿਲਣ ਜਾ ਰਿਹਾ ਸੀ ਜਦੋਂ ਬੰਦਾ ਨੇ ਬਹਿਰਾਮਪੁਰ - ਰਾਮਪੁਰ ਵਿਚ ਪ੍ਰਵੇਸ਼ ਕੀਤਾ। ਸਿੱਖਾਂ ਨੂੰ ਐਨਾ ਨੇੜੇ ਵੇਖ ਕੇ (ਸਿਰਫ 30 ਮੀਲ) ਦੋਹਾਂ ਨੇ ਸਲਾਹ ਕੀਤੀ ਅਤੇ ਡੇਢ ਹਜ਼ਾਰ ਘੁੜਸਵਾਰਾਂ ਨਾਲ ਸ਼ਮਸ ਖਾਂ ਸਿੱਖਾਂ ਨਾਲ ਭਿੜਨ ਲਈ ਅੱਗੇ ਵਧਿਆ। ਪਿੱਛੇ-ਪਿੱਛੇ ਬਾਜ਼ਿਦ ਖਾਂ ਕਈ ਹਜ਼ਾਰ ਘੁੜਸਵਾਰ ਲੈ ਕੇ ਆ ਰਿਹਾ ਸੀ। ਮੁਗਲ ਫੌਜ ਨੂੰ ਵੇਖਦੇ ਹੀ ਬੰਦਾ ਬਹਾਦਰ ਨੇ ਦਿਸ਼ਾ ਬਦਲੀ ਅਤੇ ਪੁੱਠੇ ਪਾਸੇ ਭੱਜਣਾ ਸ਼ੁਰੂ ਕਰ ਦਿੱਤਾ। ਹੁਣ ਅੱਗੇ-ਅੱਗੇ ਸਿੱਖ ਅਤੇ ਇਕਦਮ ਪਿੱਛੇ ਸ਼ਮਸ ਖਾਂ ਸੀ। ਪਿੱਛੇ ਬਾਜ਼ਿਦ ਖਾਂ ਚੇਤਾਵਨੀ ਦਿੰਦਾ ਰਿਹਾ ਕਿ ਸਿੱਖ ਫੌਜਾਂ ਦੇ ਬਹੁਤਾ ਨੇੜੇ ਨਾ ਜਾਉ, ਸਾਡੇ ਨਾਲ ਹੀ ਰਹੋ। ਪਰ ਜੋਸ਼ ਵਿਚ ਪਿੱਛਾ ਕਰਦੇ ਹੋਏ ਸ਼ਮਸ ਖਾਂ ਨੇ ਇਕ ਨਾ ਸੁਣੀ। ਦੌੜਦੇ-ਦੌੜਦੇ ਸਿੱਖ ਦੋ ਹਿੱਸਿਆਂ ਵਿਚ ਵੰਡ ਗਏ ਅਤੇ ਸੱਜੇ-ਖੱਬੇ ਹੋ ਗਏ। ਅਚਾਨਕ ਉਹ ਰੁਕ ਗਏ ਅਤੇ ਮੁੜ ਕੇ ਮੁਗਲਾਂ ਸਾਮ੍ਹਣੇ ਡਟ ਗਏ। ਅੱਧੇ ਮੁਗਲ ਸਵਾਰ ਰੁਕਦੇ-ਰੁਕਦੇ ਵੀ ਸਿੱਖਾਂ ਦੇ ਬਰਛਿਆਂ ਦੀ ਮਾਰ ਥੱਲੇ ਆ ਗਏ ਅਤੇ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਸੱਜੇ-ਖੱਬੇ ਤੋਂ ਵੀ ਸਿੱਖਾਂ ਨੇ ਮੁੜ ਕੇ ਹਮਲਾ ਕਰ ਦਿੱਤਾ। ਬਹਾਦਰੀ ਨਾਲ ਲੜਦੇ-ਲੜਦੇ ਸ਼ਮਸ ਖਾਂ ਖੇਤ ਰਿਹਾ। ਬਾਜ਼ਿਦ ਖਾਂ ਆਪਣੀਆਂ ਫੌਜਾਂ ਨਾਲ ਸ਼ਮਸ ਦੀ ਲਾਸ਼ ਲੈਣ ਅੱਗੇ ਵਧਿਆ ਅਤੇ ਖੁਦ ਵੀ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਦੁਸ਼ਮਨ ਦੇ ਇਸ ਪੁਰਾਣੇ ਫੌਜਦਾਰ ਉੱਤੇ ਸਿੱਖਾਂ ਦੀ ਪੂਰੀ ਤਰ੍ਹਾਂ ਜਿੱਤ ਹੋਈ। ਜਦੋਂ ਤੱਕ ਲਾਹੌਰ ਵਿਚ ਬਾਦਸ਼ਾਹ ਤੱਕ ਇਹ ਖਬਰ ਪੁੱਜੀ ਉਦੋਂ ਤੱਕ ਬਾਜ਼ਿਦ ਖਾਂ ਵੀ ਦਮ ਤੋੜ ਚੁੱਕਾ ਸੀ। ਇਸ ਲੜਾਈ ਵਿਚ ਬੰਦਾ ਦੇ ਪੁਰਾਣੇ, ਵਫ਼ਾਦਾਰ ਸਾਥੀਆਂ ਬਾਜ਼ ਸਿੰਘ ਅਤੇ ਫਤਹਿ ਸਿੰਘ ਨੇ ਨਿੱਜੀ ਤੌਰ ਤੇ ਜ਼ਬਰਦਸਤ ਬਹਾਦਰੀ ਵਿਖਾਈ।

*****

ਜ਼ਿਲ੍ਹਾ ਗੁਰਦਾਸਪੁਰ ਵਿਚ ਰਹਿਣ ਵਾਲੇ ਪਰਿਵਾਰ, ਸਿੱਖ ਅਤੇ ਮੁਸਲਮਾਨ ਇਕ ਹੀ ਹਾਲਤ ਵਿਚ ਸੀ। ਕਈ ਸਾਲਾਂ ਬਾਦ ਜਦੋਂ ਸਿੱਖ ਲਹਿਰ ਆਈ ਤਾਂ ਮੁਸਲਮਾਨ ਉੱਜੜ ਕੇ ਲਾਹੌਰ ਵੱਲ ਭੱਜੇ ਜਿੱਥੇ ਅਜੇ ਵੀ ਮੁਗਲ ਸੂਬੇਦਾਰ ਕਾਇਮ ਸੀ। ਜਦੋਂ ਬਾਦਸ਼ਾਹ ਦੀਆਂ ਭੇਜੀਆਂ ਹੋਈਆਂ ਫੌਜਾਂ ਇੱਥੇ ਫੈਲਣ ਲੱਗੀਆਂ ਤਾਂ ਮੁਸਲਮਾਨ ਵਾਪਸ ਆ ਗਏ ਅਤੇ ਸਿੱਖਾਂ ਤੇ ਜ਼ੁਲਮ ਸ਼ੁਰੂ ਹੋ ਗਏ। ਪਰ ਕੁਝ ਹੀ

ਮਹੀਨਿਆਂ ਵਿਚ ਬੰਦਾ ਬਹਾਦਰ ਨੇ ਸਿੱਖ ਫੌਜਾਂ ਦੇ ਨਾਲ ਵਾਪਸ ਇਸ ਜ਼ਿਲ੍ਹੇ ਤੇ ਕਬਜ਼ਾ ਕਰ ਲਿਆ ਅਤੇ ਮੁਸਲਮਾਨਾਂ ਦੀ ਪੱਛਮ ਦੀ ਦੌੜ ਫੇਰ ਸ਼ੁਰੂ ਹੋ ਗਈ।

ਬਟਾਲਾ ਸ਼ਹਿਰ ਵਿਚ ਵੀ ਇਹੀ ਨਜ਼ਾਰਾ ਸੀ। ਅੱਧੇ ਮੁਸਲਮਾਨ ਬਟਾਲਾ ਛੱਡ ਕੇ ਸੁਰੱਖਿਅਤ ਥਾਵਾਂ ਤੇ ਚਲੇ ਗਏ ਸਨ ਪਰ ਬਾਕੀਆਂ ਨੇ ਫੌਜਦਾਰ ਮੁਹੰਮਦ ਦਾਈਮ, ਸ਼ੇਖ ਉਲ ਹਿੰਦ ਦੀ ਕਮਾਨ ਵਿਚ ਸ਼ਹਿਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਪਰ ਸਿੱਖਾਂ ਦੇ ਭਿਆਨਕ ਹਮਲਿਆਂ ਦੇ ਸਾਮ੍ਹਣੇ ਮੁਸਲਮਾਨ ਟਿਕ ਨਹੀਂ ਸਕੇ। ਜੰਗ ਤੋਂ ਥੋੜ੍ਹੇ ਚਿਰ ਅੰਦਰ ਹੀ ਸ਼ੇਖ ਉਲ ਹਿੰਦ ਸਹਿਤ ਸਾਰੇ ਮੁਸਲਮਾਨ ਮੈਦਾਨੇ ਜੰਗ ਵਿਚ ਸ਼ਹੀਦ ਹੋ ਗਏ ਅਤੇ ਸਿੱਖ ਸ਼ਹਿਰ ਵਿਚ ਦਾਖਲ ਹੋ ਗਏ।

ਬਟਾਲਾ ਤੋਂ ਕਲਾਨੌਰ ਛੋਟਾ ਹੀ ਰਾਹ ਸੀ। ਜਦੋਂ ਵੀ ਕਲਾਨੌਰ ਵਾਸੀ ਬਟਾਲਾ ਵਿਚ ਸਿੱਖਾਂ ਦੇ ਹੋਣ ਦੀ ਖਬਰ ਸੁਣਦੇ ਤਾਂ ਉਨ੍ਹਾਂ ਦੇ ਆਉਣ ਲਈ ਉਂਜ ਹੀ ਤਿਆਰ ਰਹਿੰਦੇ। ਬੰਦਾ ਜਦ ਸ਼ਹਿਰ ਤੋਂ ਪੰਜ ਮੀਲ ਦੂਰ ਸੀ ਤਾਂ ਉੱਥੋਂ ਦਾ ਮੁਸਲਮਾਨ ਅਮੀਰ ਆਪਣੀ ਛੋਟੀ ਜਿਹੀ ਗੜ੍ਹੀ ਦੇ ਦਰਵਾਜ਼ੇ ਬੰਦ ਕਰਕੇ ਲਾਹੌਰ ਵੱਲ ਕੂਚ ਕਰ ਗਿਆ। ਜ਼ਿਆਦਾਤਰ ਮੁਸਲਮਾਨ ਵੀ ਉਸ ਦੇ ਨਾਲ ਹੀ ਦੌੜ ਗਏ ਅਤੇ ਕਲਾਨੌਰ ਫੇਰ ਦੋਬਾਰਾ ਬੰਦਾ ਬਹਾਦਰ ਦੇ ਹੱਥ ਆ ਗਿਆ।

ਇਸ ਵੇਲੇ ਸਿੱਖ ਅਤੇ ਮੁਗਲ ਫੌਜਾਂ ਪੰਜਾਬ ਵਿਚ ਇਕ ਦੂਜੇ ਨਾਲ ਜਿਵੇਂ ਲੁਕਣ-ਮੀਟੀ ਖੇਡ ਰਹੀਆਂ ਸਨ। ਤੇਜ਼ ਸੰਚਾਰ ਸਾਧਨਾਂ ਦੀ ਘਾਟ ਕਾਰਨ ਅਤੇ ਪੰਜਾਬ ਦਾ ਖੇਤਰਫਲ ਵੱਡਾ ਹੋਣ ਕਾਰਨ ਇਹ ਪ੍ਰਾਂਤ ਅੱਡ-ਅੱਡ ਛੋਟੇ-ਵੱਡੇ ਇਲਾਕਿਆਂ ਵਿਚ ਵੰਡਿਆ ਹੋਇਆ ਸੀ। ਕਿਤੇ ਸਿੱਖਾਂ ਦਾ ਰਾਜ, ਕਿਤੇ ਮੁਗਲਾਂ ਦਾ ਅਤੇ ਵਿਚ-ਵਿਚਾਲੇ ਕਿਤੇ ਅਰਾਜਕਤਾ ਦੀ ਸਥਿਤੀ ਸੀ। ਛੋਟੇ ਅਤੇ ਵੱਡੇ ਜਿਮੀਂਦਾਰ ਆਪਣੀਆਂ ਫੌਜਾਂ ਨਾਲ ਅੱਡ-ਅੱਡ ਇਲਾਕਿਆਂ ਤੇ ਆਪਣੀ ਹਕੂਮਤ ਜਮਾਈਂ ਬੈਠੇ ਸਨ। ਜਦੋਂ ਇਕ ਵੱਡੀ ਛੱਲ ਆਉਂਦੀ ਤਾਂ ਸਾਰੇ ਇਲਾਕੇ ਦੀ ਸ਼ਕਲ ਬਦਲ ਜਾਂਦੀ। ਕਦੀ ਕਦੀ ਤਾਂ ਬਾਦਸ਼ਾਹ ਅਤੇ ਬੰਦਾ ਬਹਾਦਰ ਇਕ ਦੂਜੇ ਤੋਂ ਸਿਰਫ ਪੰਜਾਹ ਮੀਲ ਦੂਰ ਹੀ ਹੁੰਦੇ ਪਰ ਇਕ ਦੂਜੇ ਨੂੰ ਪਤਾ ਵੀ ਨਾ ਹੁੰਦਾ। ਪਰ ਬਾਦਸ਼ਾਹ ਦੀਆਂ ਭੇਜੀਆਂ ਫੌਜਾਂ ਬੰਦਾ ਸਿੰਘ ਨੂੰ ਘੇਰਨ ਅਤੇ ਖਤਮ ਕਰਨ ਲਈ ਪੰਜਾਬ, ਜੰਮੂ ਅਤੇ ਹਿਮਾਚਲ ਵਿਚ ਲਗਾਤਾਰ ਗਸ਼ਤ ਕਰ ਰਹੀਆਂ ਸਨ। ਬੰਦਾ ਬਹਾਦਰ ਉਨ੍ਹਾਂ ਦੇ ਹੱਥਾਂ ਵਿਚੋਂ ਫਿਸਲ ਜਾਂਦਾ ਅਤੇ ਲੋਹਗੜ੍ਹ ਜਾਂ ਹੋਰ ਪਹਾੜਾਂ ਤੇ ਜਾ ਬਹਿੰਦਾ। ਦੋ-ਤਿੰਨ ਮਹੀਨਿਆਂ ਬਾਦ ਫੇਰ ਇਕ ਫੌਜ ਇਕੱਠੀ ਕਰਕੇ ਪੰਜਾਬ ਆਉਂਦਾ ਕੁਝ ਮੁਗਲ ਫੌਜਾਂ ਨੂੰ ਢਾਹ-ਢੇਰੀ ਕਰਦਾ ਤੇ ਕਿਸੇ ਫੌਜਦਾਰੀ ਤੇ ਆਪਣਾ ਕਬਜ਼ਾ ਜਮਾ ਲੈਂਦਾ।

ਇਹ ਉਦੋਂ ਤੱਕ ਚੱਲਦਾ ਜਦੋਂ ਤੱਕ ਇਕ ਵੱਡੇ ਪ੍ਰਾਂਤ ਦਾ ਸੂਬੇਦਾਰ ਜਾਂ ਬਾਦਸ਼ਾਹ ਆਪ ਇਕ ਵੱਡੀ ਫੌਜ ਭੇਜ ਕੇ ਬੰਦਾ ਨੂੰ ਉਸ ਦੇ ਰਾਜ ਵਿਚੋਂ ਬੇਦਖਲ ਨਾ ਕਰ ਦਿੰਦਾ। ਪੂਰੀ ਤਰ੍ਹਾਂ ਵੇਖਿਆ ਜਾਵੇ ਤਾਂ ਪੰਜਾਬ ਪ੍ਰਾਂਤ ਵਿਚ ਅਤੇ ਉਸ ਦੇ ਚਾਰੇ ਪਾਸੇ ਅਜੇ ਵੀ ਮੁਗਲਾਂ ਦਾ ਰਾਜ ਸੀ। ਹਾਲਾਂਕਿ ਸਿੱਖਾਂ ਦੇ ਛੋਟੇ-ਵੱਡੇ ਦਸਤੇ ਮਰਜ਼ੀ ਨਾਲ ਲੁੱਟਮਾਰ ਕਰਦੇ ਸਾਰੇ ਘੁੰਮਦੇ ਸਨ। ਮੁਗਲ ਸਾਮਰਾਜ ਦਾ ਸਿੱਕਾ ਆਮ ਚੱਲਦਾ ਸੀ ਹਾਲਾਂਕਿ ਬੰਦਾ ਦੇ ਹੁੰਦੇ ਸੱਚਾ ਸਾਹਿਬ ਦਾ ਸਿੱਕਾ ਵੀ ਮਾਨਤਾ ਰੱਖਦਾ ਸੀ।

*****

ਬੰਦਾ ਬਹਾਦਰ ਦਾ ਪਸੰਦੀਦਾ ਇਲਾਕਾ ਸੀ ਜੰਮੂ ਪ੍ਰਾਂਤ ਅਤੇ ਸ਼ਿਵਾਲਕ ਦੀਆਂ ਪਹਾੜੀਆਂ। ਇਨ੍ਹਾਂ ਪਹਾੜੀਆਂ ਬਾਰੇ ਨਿੱਜੀ ਤੌਰ ਤੇ ਉਸ ਦੀ ਜਾਣਕਾਰੀ ਐਨੀ ਸੀ ਇਨ੍ਹਾਂ ਵਿਚ ਘੁੰਮਦੇ ਹੋਏ ਉਸ ਨੂੰ ਕਦੀ ਕਿਸੇ ਸਥਾਨਕ ਰਾਹ ਤੇ ਮਾਰਗ ਦਰਸ਼ਨ ਦੀ ਲੋੜ ਨਹੀਂ ਪਈ। ਦਿੱਲੀ, ਲਾਹੌਰ ਜਾਂ ਉੱਤਰ ਪ੍ਰਦੇਸ਼ ਤੋਂ ਆਏ ਹੋਏ ਮੁਗਲ ਫੌਜਦਾਰਾਂ ਅਤੇ ਉਨ੍ਹਾਂ ਦੇ ਸਿਪਾਹੀਆਂ ਵਾਸਤੇ ਇਹ ਇਲਾਕਾ ਨਵਾਂ ਸੀ। ਇਸ ਤਰ੍ਹਾਂ ਹੁੰਦੇ-ਹੁਵਾਂਦੇ 'ਚਿਨ ਬਹਾਦਰ ਅਤੇ ਰੁਸਤਮ ਦਿਲ ਖਾਂ ਦੀਆਂ ਫੌਜਾਂ ਨੇ ਇਕ ਵਾਰੀ ਫੇਰ ਉਸ ਨੂੰ ਕਠੂਆ ਦੇ ਨੇੜੇ ਤਿੰਨ ਪਾਸਿਉਂ ਘੇਰ ਲਿਆ। ਪਰ ਚਿਨ ਬਹਾਦਰ ਦੀਆਂ ਫੌਜਾਂ ਨੂੰ ਚਕਮਾ ਦੇ ਕੇ ਉਹ ਰੁਸਤਮ ਦਿਲ ਖਾਂ ਦੀਆਂ ਫੌਜਾਂ ਤੇ ਕਹਿਰ ਬਣ ਕੇ ਟੁੱਟ ਪਿਆ ਅਤੇ ਮੁਗਲ ਫੌਜਾਂ ਨੂੰ ਚੀਰਦਾ ਹੋਇਆ ਪਹਾੜਾਂ ਵਿਚ ਵੜ ਗਿਆ। ਮੁਗਲਾਂ ਨੇ ਖਿੱਝ ਕੇ ਸਥਾਨਕ ਪਿੰਡ ਵਾਸੀਆਂ ਤੇ ਜ਼ੁਲਮ ਢਾਉਣੇ ਸ਼ੁਰੂ ਕਰ ਦਿੱਤੇ। ਕਈ ਨੌਜਵਾਨਾਂ ਨੂੰ ਕੈਦ ਕਰਕੇ ਲਾਹੌਰ ਦੇ ਨੱਖਾਸ ਵਿਚ ਭੇਜਿਆ ਗਿਆ ਅਤੇ ਜਾਨਵਰਾਂ ਵਾਂਗਾਂ ਬੋਲੀ ਲਾ ਕੇ ਉਨ੍ਹਾਂ ਨੂੰ ਵੇਚਿਆ ਗਿਆ।

ਮੁਗਲਾਂ ਦਾ ਵੱਡਾ ਫੌਜਦਾਰ ਹੋਣ ਦੇ ਨਾਤੇ ਚਿਨ ਬਹਾਦਰ ਨੂੰ ਬਾਰ-ਬਾਰ ਬੰਦਾ ਦੇ ਆਪਣੇ ਹੱਥੋਂ ਨਿੱਕਲ ਜਾਣ ਦੀ ਖਬਰ ਕਈ ਬਹਾਨਿਆਂ ਨਾਲ ਬਾਦਸ਼ਾਹ ਨੂੰ ਸੁਣਾਉਣੀ ਪੈਂਦੀ। ਹੁਣ ਜਦ ਤਿੰਨ ਪਾਸਿਉਂ ਘਿਰ ਜਾਣ ਤੋਂ ਬਾਵਜੂਦ ਵੀ ਬੰਦਾ ਉਸ ਦੇ ਹੱਥੋਂ ਨਿਕਲ ਗਿਆ ਤਾਂ ਬਾਦਸ਼ਾਹ ਕੋਲ ਕੀ ਨਵਾਂ ਬਹਾਨਾ ਘੜਦਾ। ਉਸ ਨੇ ਰੁਸਤਮ ਦਿਲ ਖਾਂ ਦੇ ਖਿਲਾਫ਼ ਬਾਦਸ਼ਾਹ ਨੇ ਕੰਮ ਭਰਨੇ ਸ਼ੁਰੂ ਕਰ ਦਿੱਤੇ।

"ਇੰਜ ਕਿਵੇਂ ਹੋ ਸਕਦਾ ਹੈ, ਸ਼ਹਿਨਸ਼ਾਹ, ਕਿ ਰੁਸਤਮ ਦਿਲ ਖਾਂ ਦੇ ਸਾਮ੍ਹਣੇ

ਆਉਂਦੇ ਹੀ ਕਾਫ਼ਰ ਭੱਜਣ ਵਿਚ ਕਾਮਯਾਬ ਹੋ ਜਾਂਦਾ ਹੈ?"

"ਹੁਣ ਵੇਖੋ, ਆਪਣੀਆਂ(ਸ਼ਹਿਨਸ਼ਾਹ) ਫੌਜਾਂ ਨੇ ਬੰਦਾ ਨੂੰ ਲੋਹਗੜ੍ਹ ਵਿਚ ਚਾਰੇ ਪਾਸਿਉਂ ਘੇਰ ਲਿਆ ਸੀ ਅਤੇ ਰੁਸਤਮ ਦਿਲ ਖਾਂ ਗੜ੍ਹੀ ਦੇ ਮੁੱਖ ਦਰਵਾਜ਼ੇ ਤੇ ਖੜ੍ਹਾ ਸੀ। ਫਿਰ ਇਹ ਸਿੱਖ ਕਿਵੇਂ ਨਿੱਕਲ ਗਿਆ?"

"ਅਤੇ ਜਦੋਂ ਮੈਂ ਉਸ ਨੂੰ ਪਿੱਛੋਂ ਧੱਕ ਰਿਹਾ ਸੀ ਅਤੇ ਉਸ ਦੇ ਸਾਮ੍ਹਣੇ ਰੁਸਤਮ ਦਿਲ ਖਾਂ ਦੀ ਵੱਡੀ ਫੌਜ ਖੜ੍ਹੀ ਸੀ, ਤਾਂ ਉਸ ਨਾਲ ਅੱਖ ਮਿਲਾਉਂਦੇ ਹੀ ਬੰਦਾ ਫੇਰ ਕਿਵੇਂ ਭੱਜ ਗਿਆ?"

"ਲੋਹਗੜ੍ਹ ਵਿਚ ਰੁਸਤਮ ਦਿਲ ਖਾਂ ਨੂੰ ਕਿਵੇਂ ਪਤਾ ਲੱਗਾ ਕਿ ਬੰਦਾ ਨੇ ਖਜ਼ਾਨਾ ਧਰਤੀ ਦੀ ਕੁੱਖ ਵਿਚ ਛਿਪਾਇਆ ਹੋਇਆ ਹੈ ਅਤੇ ਆਖਰ ਉਸੇ ਨੂੰ ਅੱਠ ਲੱਖ ਰੁਪਏ ਮਿਲੇ? (ਅਸਲ ਵਿਚ ਇਹ ਰੁਪਿਆ ਮੁਗਲ ਖਜ਼ਾਨੇ ਨੂੰ ਹੀ ਸੌਂਪ ਦਿੱਤਾ ਗਿਆ ਸੀ) ਜ਼ਰੂਰ ਰੁਸਤਮ ਦਿਲ ਖਾਂ ਦੀ ਇਸ ਕਾਫ਼ਰ ਨਾਲ ਗੰਢ-ਤੁਪ ਹੈ।"

"ਬੇਹਤਰ ਹੋਵੇਗਾ ਸ਼ਹਿਨਸ਼ਾਹ ਕਿ ਆਪ ਇਸ ਗੱਦਾਰ ਨੂੰ ਲਾਹੌਰ ਬੁਲਾ ਕੇ ਆਪਣੀ ਨਜ਼ਰ ਥੱਲੇ ਹੀ ਰੱਖੋ ਜਿਸ ਨਾਲ ਕਿ ਇਹ ਆਪਣੇ ਨਾਂ ਨੂੰ ਹੋਰ ਬਦਨਾਮੀ ਨਾ ਲਿਆਉਂਦਾ ਰਹੇ।"

ਬਾਦਸ਼ਾਹ ਨੇ ਇਕ ਕਦਮ ਵਾਧੂ ਹੀ ਚੁੱਕਿਆ। ਰੁਸਤਮ ਦਿਲ ਖਾਂ ਨੂੰ ਬੁਲਾ ਕੇ ਕਿਲੇ ਵਿਚ ਨਜ਼ਰਬੰਦ ਕਰਕੇ ਰੱਖਿਆ ਗਿਆ। ਉਸ ਦੀ ਫੌਜ ਵੀ ਚਿਨ ਬਹਾਦਰ ਨੂੰ ਦੇ ਦਿੱਤੀ ਗਈ ਜੋ ਪੰਜ ਹਜ਼ਾਰੀ ਤੋਂ ਦਸ ਹਜ਼ਾਰੀ ਹੋ ਗਿਆ।

ਐਨੀਆਂ ਸਾਰੀਆਂ ਮੁਗਲ ਫੌਜਾਂ ਦੇ ਪੰਜਾਬ ਵਿਚ ਹੋਣ ਨਾਲ ਲਾਜ਼ਮੀ ਸੀ ਕਿ ਪੰਜਾਬ ਵਿਚ ਮੁਸਲਮਾਨਾਂ ਦਾ ਪਲੜਾ ਕੁਝ ਭਾਰੀ ਹੁੰਦਾ ਅਤੇ ਸਿੱਖਾਂ ਦਾ ਜਿਊਣਾ ਹੋਰ ਮੁਸ਼ਕਿਲ ਹੋ ਜਾਂਦਾ। ਜਗ੍ਹਾ-ਜਗ੍ਹਾ ਤੇ ਹਿੰਦੂ-ਸਿੱਖਾਂ ਦੇ ਧਾਰਮਿਕ ਤਿਉਹਾਰਾਂ ਅਤੇ ਪੂਜਾ ਤੇ ਪਾਬੰਦੀਆਂ ਲੱਗਣ ਲੱਗੀਆਂ। ਇੱਥੋਂ ਤੱਕ ਕਿ ਇਕ ਦਿਨ ਇਕ ਮੁਗਲ ਦਰਬਾਰੀ ਦੇ ਹਿੰਦੂ ਮੁਸੱਦੀ ਸ਼ਿਵ ਸਿੰਘ ਦੇ ਪੁੱਤਰ ਦੇ ਚੇਚਕ ਨਿੱਕਲ ਆਈ। ਰਿਵਾਜ਼ ਦੇ ਮੁਤਾਬਕ ਉਹ ਨਗਾੜਾ ਵਜਾਉਂਦਾ ਸ਼ੀਤਲਾ ਮਾਤਾ ਦੇ ਮੰਦਰ ਜਾ ਰਿਹਾ ਸੀ। ਜਦੋਂ ਉਹ ਮਸਜਿਦ ਦੇ ਕੋਲੋਂ ਦੀ ਲੰਘਿਆ ਤਾਂ ਮੌਲਵੀਆਂ ਨੇ ਸ਼ੋਰ ਮਚਾਇਆ ਕਿ ਇਸ ਸ਼ਹਿਰ ਵਿਚ ਕੁਫਰ ਹੱਦ ਤੋਂ ਬਾਹਰ ਨਿੱਕਲਦਾ ਜਾ ਰਿਹਾ ਹੈ। ਇਸ ਤੇ ਹੇਠਲੀਆਂ ਜਾਤਾਂ ਦੇ ਕਈ ਮੁਸਲਮਾਨ ਜਿਵੇਂ ਮੋਚੀ, ਮਾਲੀ ਵਗੈਰਾ ਇਕੱਠੇ ਹੋ ਗਏ ਅਤੇ ਹਿੰਦੂਆਂ ਵਿਚ ਆਤੰਕ ਮਚਾਉਣਾ ਸ਼ੁਰੂ ਕਰ ਦਿੱਤਾ। ਬੜੀ ਮੁਸ਼ਕਿਲ ਨਾਲ ਲਾਹੌਰ ਸੂਬੇਦਾਰ ਦੇ ਦੋ ਹਿੰਦੂ ਕੋਤਵਾਲਾਂ ਨੇ ਸ਼ਹਿਰ ਦੀ ਹਿੰਸਾ ਤੇ ਕਾਬੂ

ਪਾਇਆ।

ਬਾਦਸ਼ਾਹ ਦੇ ਲਾਹੌਰ ਪੁੱਜਣ ਤੋਂ ਕੁਝ ਦਿਨ ਪਹਿਲਾਂ ਕੁਝ ਕੱਟੜ ਮੁਸਲਮਾਨਾਂ ਨੇ ਖਬਰ ਫੈਲਾ ਦਿੱਤੀ ਕਿ ਸ਼ਹਿਰ ਵਿਚ ਕਈ ਸਿੱਖ ਮੁਸਲਮਾਨ ਬਣੇ ਘੁੰਮ ਰਹੇ ਹਨ ਅਤੇ ਬੰਦਾ ਬਹਾਦਰ ਵਾਸਤੇ ਮੁਖਬਰ ਦਾ ਕੰਮ ਕਰ ਰਹੇ ਹਨ। ਇਸ ਲਈ ਬਾਦਸ਼ਾਹ ਨੇ ਆਪਣਾ ਪੁਰਾਣਾ ਫੌਜੀ ਫਰਮਾਨ ਲਾਹੌਰ ਸ਼ਹਿਰ ਵਿਚ ਵੀ ਜਾਰੀ ਕਰਵਾ ਦਿੱਤਾ ਕਿ ਕੋਈ ਹਿੰਦੂ ਦਾੜ੍ਹੀ ਨਾ ਰੱਖੇ।

ਬਾਦਸ਼ਾਹ ਦੇ ਆਉਣ ਤੋਂ ਦੋ ਦਿਨ ਪਹਿਲਾਂ ਐਨੀ ਅਫ਼ਰਾ-ਤਫਰੀ ਮੱਚੀ ਕਿ ਉੱਚੇ ਅਹੁਦਿਆਂ ਵਾਲੇ ਨਾਇਕ ਅਤੇ ਫੌਜਦਾਰ ਨਾਈਆਂ ਨੂੰ ਨਾਲ ਲੈ ਕੇ ਮੁਹੱਲਿਆਂ ਅਤੇ ਬਾਜ਼ਾਰਾਂ ਵਿਚ ਨਿੱਕਲੇ। ਜੋ ਦਾੜ੍ਹੀ ਵਾਲਾ ਹਿੰਦੂ ਨਜ਼ਰ ਆਇਆ, ਫੜ ਕੇ ਉਸ ਦੀ ਦਾੜ੍ਹੀ ਸਾਫ ਕਰ ਦਿੱਤੀ ਗਈ।

ਅਜੇਹਾ ਆਲਮ ਸੀ ਲਾਹੌਰ ਸ਼ਹਿਰ ਦਾ ਜਦੋਂ ਗੁਰਦਾਸਪੁਰ ਦੇ ਰਿਆੜਕੀ ਖੇਤਰ ਵਿਚੋਂ ਨਿੱਕਲਦੇ ਹੋਏ ਬਾਦਸ਼ਾਹ ਨੇ ਅਗਸਤ 1711 ਵਿਚ ਲਾਹੌਰ ਵਿਚ ਪ੍ਰਵੇਸ਼ ਕੀਤਾ।

*****

ਬਾਦਸ਼ਾਹ ਦੀ ਲਾਹੌਰ ਯਾਤਰਾ ਸਾਡੇ ਵਾਸਤੇ ਸਿਰਫ ਐਨਾ ਹੀ ਮਹੱਤਵ ਰੱਖਦੀ ਹੈ ਕਿ ਬਾਦਸ਼ਾਹ ਦੇ ਜਿਉਂਦੇ ਜੀਅ 1711 ਤੋਂ ਲੈ ਕੇ ਫਰਵਰੀ 1712 ਤੱਕ ਬੰਦਾ ਜਾਣ ਕੇ ਲਾਹੌਰ ਤੋਂ ਦੂਰ-ਦੂਰ ਰਿਹਾ। ਇਸ ਤੋਂ ਫੌਰਨ ਬਾਦ 4 ਮਾਰਚ 1712 ਨੂੰ ਬਾਦਸ਼ਾਹ ਦੀ ਮੌਤ ਤੋਂ ਬਾਦ ਉਸ ਦੇ ਸ਼ਹਿਜ਼ਾਦਿਆਂ ਵਿਚ ਗੱਦੀ ਵਾਸਤੇ ਜੰਗ ਸ਼ੁਰੂ ਹੋ ਗਈ ਅਤੇ ਮੌਕੇ ਦਾ ਫਾਇਦਾ ਉਠਾ ਕੇ ਬੰਦਾ ਬਹਾਦਰ ਨੇ ਫੇਰ ਪੰਜਾਬ ਵਿਚ ਊਧਮ ਮਚਾਉਣਾ ਸ਼ੁਰੂ ਕਰ ਦਿੱਤਾ।

ਕਿਹਾ ਜਾਂਦਾ ਹੈ ਕਿ ਮਰਨ ਤੋਂ ਪਹਿਲਾਂ ਬਾਦਸ਼ਾਹ ਤੇ ਇਕ ਪਾਗਲਪਣ ਜਿਹਾ ਛਾ ਗਿਆ ਸੀ ਜਿਸ ਦਾ ਕਹਿਰ ਸ਼ਹਿਰ ਦੇ ਕੁੱਤਿਆਂ, ਫਕੀਰਾਂ, ਜੋਗੀਆਂ ਅਤੇ ਸੰਨਿਆਸੀਆਂ ਤੇ ਟੁੱਟਿਆ। ਮੇਹਨਤੀ ਹੋਣ ਦੇ ਬਾਵਜੂਦ ਉਸ ਨੂੰ ਆਪਣੀ ਦਿੱਲੀ ਦੀ ਗੱਦੀ ਤੇ ਬੈਠਣ ਦਾ ਮੌਕਾ ਬਹੁਤ ਘੱਟ ਮਿਲਿਆ। ਜਿੰਨੀ ਮਾਰ-ਕਾਟ ਉਸ ਨੇ ਆਪਣੀ ਗੱਦੀ ਪਾਉਣ ਲਈ ਮਚਾਈ ਸੀ ਉਸ ਤੋਂ ਕਿਤੇ ਜ਼ਿਆਦਾ ਉਸ ਤੋਂ ਬਾਦ ਹੋਈ। ਪਰ ਸਮਾਂ ਹੈ ਹੁਣ ਵਾਪਸ ਆਪਣੇ ਨਾਇਕ ਕੋਲ ਮੁੜਨ ਦਾ ਜੋ ਇਸ ਵੇਲੇ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਤੰਬੂ ਵਿਚ ਬੈਠਾ ਹੈ।

------

# ਲੋਹਗੜ੍ਹ ਰਾਜਧਾਨੀ....... ਫੇਰ ਤੋਂ

ਬਾਦਸ਼ਾਹ ਦੇ ਬੇਟਿਆਂ ਵਿਚ ਅਜਿਹੀ ਖ਼ੂਨੀ ਅੰਦਰੂਨੀ ਜੰਗ ਛਿੜੀ ਕਿ ਮੁਗਲ ਆਪਣੇ ਦੁਸ਼ਮਨਾਂ ਨੂੰ ਤਾਂ ਭੁੱਲ ਹੀ ਗਏ। ਮੌਕਾ ਵੇਖ ਕੇ ਮਾਰਚ 1712 ਵਿਚ ਬੰਦਾ ਬਹਾਦਰ ਪਹਾੜਾਂ ਤੋਂ ਹੇਠਾਂ ਉੱਤਰਿਆ ਅਤੇ ਨੀਮ ਪਹਾੜੀ ਇਲਾਕਿਆਂ ਵਿਚੋਂ ਫੇਰ ਕੋਈ ਸੱਤ ਹਜ਼ਾਰ ਫੌਜੀ ਇਕੱਠੇ ਕੀਤੇ (ਪਿਛਲੇ ਭਾਗ, ਬਹਿਰਾਮਪੁਰ ਦੀ ਲੜਾਈ)। ਇਸ ਤੋਂ ਬਾਦ ਬੰਦਾ ਨਾਹਨ ਦੇ ਇਲਾਕੇ ਵਿਚ ਪੁੱਜਾ। ਸਢੌਰਾ ਦਾ ਮਹੱਤਵਪੂਰਨ ਸ਼ਹਿਰ ਉਸਨੇ ਦੋਬਾਰਾ ਜਿੱਤ ਲਿਆ। ਕਿਉਂਕਿ ਲੋਹਗੜ੍ਹ ਦੇ ਸਾਰੇ ਜੰਗਲ ਅਤੇ ਕਿਲੇ ਦੇ ਅੰਦਰ ਵੜਨ ਦੇ ਇਕ ਦੋ ਚੋਰ ਰਸਤੇ ਉਸਨੂੰ ਚੰਗੀ ਤਰ੍ਹਾਂ ਪਤਾ ਸਨ ਇਸ ਲਈ ਹਨੇਰੀ ਰਾਤ ਵਿਚ ਚੁਪਕੇ ਜਿਹੇ ਲੋਹਗੜ੍ਹ ਵਿਚ ਵੜ ਜਾਣਾ ਉਸ ਵਾਸਤੇ ਸੌਖਾ ਸੀ।

ਮੁਗਲਾਂ ਦੀ ਛੋਟੀ ਜਿਹੀ ਟੁਕੜੀ ਨੂੰ ਬਿਨਾਂ ਕਿਸੇ ਨਿੱਜੀ ਨੁਕਸਾਨ ਦੇ ਹਰਾ ਕੇ ਉਸ ਨੇ ਲੋਹਗੜ੍ਹ ਤੇ ਵਾਪਸ ਕਬਜ਼ਾ ਕਰ ਲਿਆ। ਲਗਭਗ ਦੋ ਸਾਲ ਤੱਕ ਲੋਹਗੜ੍ਹ ਫੇਰ ਸਿੱਖ ਸਾਮਰਾਜ ਦੀ ਰਾਜਧਾਨੀ ਰਹੀ। ਇਸੇ ਦੌਰਾਨ ਲਾਹੌਰ ਦੇ ਸੂਬੇਦਾਰ ਇਸਲਾਮ ਖਾਨ ਨੂੰ ਵੀ ਇਕ ਵਾਰੀ ਕਰਾਰੀ ਹਾਰ ਦਿੱਤੀ।

*****

ਇੱਧਰ ਦਿੱਲੀ ਵਿਚ ਮਾਰ-ਕਾਟ ਖਤਮ ਹੋਣ ਤੋਂ ਬਾਦ ਫਰੁਖਸੀਅਰ ਨੇ ਰਾਜ ਸੰਭਾਲਦੇ ਹੀ ਫੇਰ ਤੋਂ ਪੰਜਾਬ ਵੱਲ ਧਿਆਨ ਦਿੱਤਾ। ਇਸ ਤੋਂ ਪਹਿਲਾਂ ਸਰਹੰਦ ਦੇ ਸੂਬੇਦਾਰ ਨੇ ਪੁਰਾਣੀ ਸਥਿਤੀ ਲਿਆਉਣ ਦੀ ਬੜੀ ਕੋਸ਼ਿਸ਼ ਕੀਤੀ। ਕਿਉਂਕਿ ਬਾਕੀ ਸਾਰੇ ਰਿਸ਼ਤੇਦਾਰ ਅਤੇ ਸੂਬੇਦਾਰ ਬਾਦਸ਼ਾਹਤ ਦੀ ਲੜਾਈ ਵਿਚ ਇਕ ਪਾਸੇ ਜਾਂ ਦੂਜੇ ਪਾਸੇ ਲੱਗੇ ਹੋਏ ਸੀ ਇਸ ਲਈ ਉਸਨੇ ਇਕੱਲੇ ਹੀ ਇਹ ਲੜਾਈ ਜਾਰੀ ਰੱਖੀ।

ਸਢੌਰਾ ਵਿਚ ਵੀ ਬੰਦਾ ਬਹਾਦਰ ਨੇ ਇਕ ਕਿਲਾ ਬਣਾ ਲਿਆ ਸੀ ਜੋ ਕਿ ਲੋਹਗੜ੍ਹ ਦੇ ਰਾਹ ਵਿਚ ਖੜ੍ਹਾ ਸੀ। ਸੂਬੇਦਾਰ ਨੇ ਸਢੌਰਾ ਦੇ ਕਿਲੇ ਨੂੰ ਚਾਰੇ ਪਾਸਿਉਂ ਘੇਰ ਲਿਆ ਅਤੇ ਤਰ੍ਹਾਂ ਤਰ੍ਹਾਂ ਉਸ ਨੂੰ ਢਾਹੁਣ ਦੀ ਕੋਸ਼ਿਸ਼ ਕੀਤੀ। ਸਾਮ੍ਹਣੇ ਖਾਈਆਂ

ਖੋਦ ਕੇ ਉਨ੍ਹਾਂ ਵਿਚ ਮੁਗਲ ਸੈਨਿਕ ਡਟ ਗਏ। ਇਕ ਵੱਡੀ ਤੋਪ ਕਿਲੇ ਦੇ ਠੀਕ ਸਾਮ੍ਹਣੇ ਰੱਖੀ ਗਈ ਅਤੇ ਉਮੀਦ ਕੀਤੀ ਗਈ ਕਿ ਉਸ ਦੇ ਵੱਡੇ ਗੋਲੇ ਚੱਲਦੇ ਹੀ ਕਿਲੇ ਦੀ ਦੀਵਾਰ ਢਹਿ ਜਾਵੇਗੀ। ਪਰ ਵਿਚ-ਵਿਚਾਲੇ ਹੀ ਤੋਪ ਬੇਚਾਰੀ ਉਲਟ ਗਈ ਅਤੇ ਉਸਨੂੰ ਦੋਬਾਰਾ ਖੜ੍ਹੀ ਕਰਦੇ-ਕਰਦੇ ਲੜਾਈ ਦਾ ਸਮਾਂ ਨਿੱਕਲ ਗਿਆ। ਸਢੌਰਾ ਲੋਹਗੜ੍ਹ ਦਾ ਇਹ ਘੇਰਾ ਇਕ ਸਾਲ ਤੋਂ ਵੱਧ ਚੱਲਿਆ। ਐਨੇ ਵਿਚ ਕੁਝ ਚੁਣੇ ਸਾਥੀਆਂ ਨੂੰ ਸਢੌਰਾ ਵਿਚ ਛੱਡ ਕੇ ਬੰਦਾ ਬਹਾਦਰ ਲੋਹਗੜ੍ਹ ਮੁੜ ਗਿਆ। ਉੱਤੋਂ ਸਢੌਰਾ ਦੀ ਲੜਾਈ ਵੇਖ ਕੇ ਵਿਚਕਾਰ ਹੀ ਸਿੱਖਾਂ ਦੇ ਜੱਥੇ ਉਹ ਹੇਠਾਂ ਭੇਜਦਾ ਰਿਹਾ ਜਿਸ ਨਾਲ ਸਢੌਰਾ ਤੇ ਦਬਾਓ ਨਹੀਂ ਵਧਿਆ ਅਤੇ ਲੋਹਗੜ੍ਹ ਵੀ ਸਿੱਧਾ ਖਤਰੇ ਵਿਚ ਨਹੀਂ ਆਇਆ।

ਪਰ ਇਕ ਸਾਲ ਬਾਦ ਬਾਦਸ਼ਾਹ ਫਰੂਖਸੀਅਰ ਦੀ ਇਕ ਹੋਰ ਵੱਡੀ ਫੌਜ ਆ ਜਾਣ ਨਾਲ ਬੰਦਾ ਦੀ ਇਸ ਲੜਾਈ ਦਾ ਅੰਤ ਵੀ ਉਹੀ ਹੋਇਆ ਜੋ ਕਿ ਹਮੇਸ਼ਾ ਹੁੰਦਾ ਆਇਆ ਸੀ। ਮੁਗਲ ਫੌਜਾਂ ਵਧਦੀਆਂ ਗਈਆਂ ਅਤੇ ਸਿੱਖਾਂ ਦੀ ਰਸਦ ਖਤਮ ਹੁੰਦੀ ਗਈ। ਇਕ ਰਾਤ ਲੋਹਗੜ੍ਹ ਛੱਡ ਕੇ ਬੰਦਾ ਫੇਰ ਪਹਾੜਾਂ ਵਿਚ ਅਲੋਪ ਹੋ ਗਿਅ। ਲਗਭਗ ਡੇਢ ਸਾਲ ਤੱਕ, ਅਕਤੂਬਰ 1713 ਦੇ ਸ਼ੁਰੂ ਤੋਂ ਲੈ ਕੇ ਫਰਵਰੀ 1715 ਤੱਕ ਸਿੱਖਾਂ ਅਤੇ ਮੁਗਲਾਂ ਵਿਚ ਕਈ ਛੋਟੀਆਂ-ਵੱਡੀਆਂ ਲੜਾਈਆਂ ਹੋਈਆਂ। ਵਿਚ-ਵਿਚ ਬੰਦਾ ਬਹਾਦਰ ਦਾ ਨਾਂ ਵੀ ਉੱਭਰ ਕੇ ਆਉਂਦਾ ਰਿਹਾ। ਇਹ ਗੱਲ ਤਾਂ ਤੈਅ ਹੈ ਕਿ ਇਨ੍ਹਾਂ ਦਿਨਾਂ ਵਿਚ ਮੁਗਲ ਫੌਜਾਂ ਦੀਆਂ ਕਈ ਟੁਕੜੀਆਂ ਉੱਚ ਫੌਜਦਾਰਾਂ ਦੀ ਕਮਾਨ ਵਿਚ ਬੰਦਾ ਦੀ ਤਲਾਸ਼ ਵਿਚ ਘੁੰਮ ਰਹੀਆਂ ਸਨ ਅਤੇ ਬੰਦਾ ਤੇ ਪੂਰਾ ਦਬਾਉ ਸੀ। ਕਈ ਇਤਿਹਾਸਕਾਰਾਂ ਦਾ ਮਤ ਹੈ ਕਿ ਇਸ ਦੌਰਾਨ ਬੰਦਾ ਚਨਾਬ ਨਦੀ ਦੇ ਕਿਨਾਰੇ ਡੇਰਾ ਬਣਾ ਕੇ ਸ਼ਾਂਤ ਜੀਵਨ ਬਤੀਤ ਕਰ ਰਿਹਾ ਸੀ। ਲੱਗਦਾ ਹੈ ਕਿ ਵਿਲਾਸਤਾ ਦੇ ਇਨ੍ਹਾਂ ਪਲਾਂ ਵਿਚ ਉਸ ਨੇ ਇਕ ਹੋਰ ਵਿਆਹ ਕੀਤਾ ਸੀ ਜਿਸ ਨਾਲ ਉਸਦੇ ਦੂਜੇ ਪੁੱਤਰ ਰੰਜੀਤ ਸਿੰਘ ਦਾ ਜਨਮ ਹੋਇਆ।

ਬੰਦਾ ਦੇ ਇਤਿਹਾਸ ਵਿਚ ਲੋਹਗੜ੍ਹ ਤੋਂ ਇਲਾਵਾ ਗੁਰਦਾਸਪੁਰ, ਬਟਾਲਾ ਅਤੇ ਕਲਾਨੌਰ ਕਈ ਵਾਰੀ ਇੱਧਰ ਉੱਧਰ ਡੁੱਬਦੇ ਉੱਭਰਦੇ ਮਿਲਦੇ ਹਨ। ਰੁਸਤਮ ਦਿਲ ਖਾਂ ਅਤੇ ਮੁਹੰਮਦ ਅਮੀਨ ਖਾਂ ਚਿਨ ਬਹਾਦਰ ਵੀ ਇਤਿਹਾਸ ਦੇ ਪਟਲ ਤੇ ਖੱਬੇ -ਸੱਜੇ ਘੁੰਮਦੇ ਦਿੱਸਦੇ ਹਨ। ਲੱਗਦਾ ਹੈ ਬੰਦਾ ਨੇ ਮੌਕਾ ਦੇਖ ਕੇ ਲੁਕਣ-ਮੀਟੀ ਦੀਆਂ ਲੜਾਈਆਂ ਤਾਂ ਕਈ ਲੜੀਆਂ, ਪਰ ਸਰਹੰਦ ਤੋਂ ਬਾਦ ਕਿਸੇ ਵੱਡੀ ਜੰਗ ਤੋਂ ਬਚਦਾ ਰਿਹਾ। ਕਾਰਨ ਸਾਫ਼ ਸੀ। ਮੁਗਲ ਫੌਜਾਂ ਹਮੇਸ਼ਾ ਗਿਣਤੀ ਵਿਚ ਕਿਤੇ ਵੱਧ ਅਤੇ

ਘੋੜੇ, ਗੋਲਾ ਬਰੂਦ ਅਤੇ ਅਸਤਰ-ਸ਼ਸ਼ਤਰਾਂ ਵਿਚ ਸਿੱਖਾਂ ਤੋਂ ਵੱਧ ਤਾਕਤਵਰ ਸਨ। ਅਜਿਹੇ ਵਿਚ ਬਾਰ-ਬਾਰ ਆਪਣੀ ਛੋਟੀ ਫੌਜ ਨੂੰ ਵੱਡੀਆਂ ਫੌਜਾਂ ਨਾਲ ਭੇੜ ਦੇਣਾ ਕੋਈ ਅਕਲਮੰਦੀ ਦੀ ਗੱਲ ਨਹੀਂ ਸੀ। ਜਿੱਥੇ-ਜਿੱਥੇ ਮੁਗਲ ਫੌਜ ਭਾਰੂ ਪਈ, ਉੱਥੇ ਦੋ ਸੌ ਤੋਂ ਲੈ ਕੇ ਪੰਜ ਸੌ ਸਿੱਖਾਂ ਦੇ ਕਟੇ ਸਿਰਾਂ ਦਾ ਨਜ਼ਰਾਨਾ ਵੀ ਲਾਹੌਰ ਅਤੇ ਦਿੱਲੀ ਭੇਜਿਆ ਜਾਂਦਾ ਰਿਹਾ। ਕਈ ਜਗ੍ਹਾ ਦੀਆਂ ਜੰਗਾਂ ਵਿਚ ਬੰਦਾ ਦਾ ਨਾਂ ਉਂਜ ਹੀ ਸ਼ਾਮਲ ਕਰ ਦਿੱਤਾ ਜਾਂਦਾ ਹੈ, ਜਦੋਂ ਕਿ ਇਤਿਹਾਸ ਦੇ ਪੰਨਿਆਂ ਵਿਚ ਉਹ ਹੋਰ ਕਿਤੇ ਸੀ। ਸਰਹੰਦ ਦੀ ਲੜਾਈ ਤੋਂ ਬਾਦ ਕਈ ਸਬੂਤਾਂ ਦੇ ਮੁਤਾਬਕ ਬੰਦਾ ਉੱਤਰ ਪ੍ਰਦੇਸ਼ ਵੱਲ (ਸਹਾਰਨਪੁਰ, ਨਜੀਬਾਬਾਦ) ਕੂਚ ਕਰ ਗਿਆ ਸੀ। ਪਰ ਉਸ ਦਾ ਨਾਂ ਲਗਭਗ ਉਸੇ ਵੇਲੇ ਹੋਈਆਂ ਦੋਆਬਾ ਸਿੱਖਾਂ ਅਤੇ ਮਝੈਲ ਸਿੱਖਾਂ ਦੀਆਂ ਲੜਾਈਆਂ ਵਿਚ ਵੀ ਲਿਆ ਜਾਂਦਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਉਸ ਸਮੇਂ ਦੇ ਮੁਸਲਮਾਨ ਇਤਿਹਾਸਕਾਰਾਂ ਨੂੰ ਬੰਦਾ ਅਜਿਹਾ ਖੌਫਨਾਕ, ਜਿੰਨਨੁਮਾ ਪਾਤਰ ਲੱਗਦਾ ਸੀ ਕਿ ਕੇਵਲ ਇਕ ਭਿਣਕ ਮਿਲਣ ਤੇ ਉਸ ਨੂੰ ਉਹ ਹਰ ਜਗ੍ਹਾ, ਹਰ ਲੜਾਈ ਵਿਚ ਗਿਣਨ ਨੂੰ ਤਿਆਰ ਰਹਿੰਦੇ ਸੀ। ਇਨ੍ਹਾਂ ਹੀ ਇਤਿਹਾਸਕਾਰਾਂ ਦੇ ਛਿੱਟ-ਪੁੱਟ ਵਿਰਤਾਤਾਂ ਉੱਤੇ ਬੰਦਾ ਦਾ ਅੱਜ ਦਾ ਇਤਿਹਾਸ ਲਿਖਿਆ ਗਿਆ ਹੈ।

------

# ਸਹੀ ਜਾਂ ਗਲਤ

## (ਅਕਤੂਬਰ 1713- ਫਰਵਰੀ 1715)

ਡੇਢ ਸਾਲ ਦੇ ਇਸ ਸਮੇਂ ਦੌਰਾਨ ਮੁਗਲ ਪ੍ਰਸ਼ਾਸਨ ਵਿਚ ਫੇਰ ਬਦਲ ਨਜ਼ਰ ਆਉਂਦਾ ਹੈ। ਲੋਹਗੜ੍ਹ ਦੇ ਡਿੱਗਣ ਤੋਂ ਕੁਝ ਸਮਾਂ ਬਾਦ ਬਾਦਸ਼ਾਹ (ਫਰੁਖਸੀਅਰ) ਨੇ ਅਬਦੁਲ ਸਮਦ ਖਾਂ ਨੂੰ ਲਾਹੌਰ ਅਤੇ ਉਸ ਦੇ ਬੇਟੇ ਜ਼ਕਰੀਆ ਖਾਂ ਨੂੰ ਜੰਮੂ ਦਾ ਫੌਜਦਾਰ ਤੈਨਾਤ ਕੀਤਾ। ਦਸੰਬਰ 1713 ਵਿਚ ਜ਼ਕਰੀਆ ਖਾਂ ਨੇ ਬਾਦਸ਼ਾਹ ਨੂੰ ਕਈ ਸਿੱਖਾਂ ਨੇ ਸਿਰ ਭੇਟ ਕੀਤੇ। ਮਾਨ-ਸਨਮਾਨ ਨਾਲ ਜ਼ਕਰੀਆ ਖਾਂ ਨੂੰ ਪਹਿਲਾਂ ਰਾਜਪੁਤਾਨਾ ਅਤੇ ਫੇਰ ਵਾਪਸ ਪੰਜਾਬ (ਜੂਨ 1714) ਭੇਜਿਆ ਗਿਆ। ਚਾਰੇ ਪਾਸੇ ਦੇ ਨਵਾਬਾਂ, ਸੂਬੇਦਾਰਾਂ ਅਤੇ ਫੌਜਕਾਰਾਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ ਕਿ ਬੰਦਾ ਬਹਾਦਰ ਦਾ ਹਰ ਹਾਲਤ ਵਿਚ ਜਿਵੇਂ ਵੀ ਹੋਵੇ, ਪੂਰੀ ਤਰ੍ਹਾਂ ਸਫਾਇਆ ਕਰਕੇ ਬਾਦਸ਼ਾਹ ਨੂੰ ਇਤਲਾਹ ਦਿੱਤੀ ਜਾਵੇ।

ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਮਾਤਾ ਸੁੰਦਰੀ ਜੋ ਕਿ ਆਪਣੇ ਪਤੀ ਦੀ ਮੌਤ ਤੋਂ ਬਾਦ ਦਿੱਲੀ ਵਿਚ ਰਹਿੰਦੀ ਸੀ, ਮੁਗਲ ਬਾਦਸ਼ਾਹ ਦੇ ਦਬਾਓ ਵਿਚ ਆ ਗਈ। ਜਦੋਂ ਫਰੁਖਸੀਅਰ ਨੇ ਵੇਖਿਆ ਕਿ ਉਸਦੇ ਕਿੰਨੇ ਹੀ ਫੌਜਦਾਰ ਮਿਲ ਕੇ ਵੀ ਬੰਦੇ ਨੂੰ ਫੜਨ ਵਿਚ ਕਾਮਯਾਬ ਨਹੀਂ ਹੋ ਰਹੇ ਹਨ ਤਾਂ ਉਸ ਨੇ ਕੂਟਨੀਤੀ ਤੋਂ ਕੰਮ ਲਿਆ। ਉਸਨੇ ਮਾਤਾ ਸੁੰਦਰੀ ਤੇ ਦਬਾਓ ਪਾਇਆ ਕਿ ਉਹ ਬੰਦਾ ਬਹਾਦਰ ਨੂੰ ਚਿੱਠੀ ਲਿਖੇ ਕਿ ਬੰਦਾ ਹੁਣ ਲੜਾਈ ਝਗੜਾ ਛੱਡੇ ਅਤੇ ਬਾਦਸ਼ਾਹ ਤੋਂ ਜਗੀਰ ਲੈ ਕੇ ਸ਼ਾਂਤੀ ਨਾਲ ਰਹੇ। ਇਹ ਕਿੱਸਾ ਕੁਝ ਇਸ ਤਰ੍ਹਾਂ ਵਾਪਰਿਆ ਹੋਵੇਗਾ।

*****

ਕਲਾਨੌਰ ਅਤੇ ਬਟਾਲਾ ਤੋਂ ਉੱਜੜੇ ਮੁਸਲਮਾਨ ਰੋਂਦੇ-ਕਲਪਦੇ ਬਾਦਸ਼ਾਹ ਦੇ ਦਰਬਾਰ ਵਿਚ ਪੇਸ਼ ਹੋਏ। ਰੋਂਦੇ-ਪਿਟਦੇ ਉਨ੍ਹਾਂ ਨੇ ਬੰਦਾ ਬਹਾਦਰ ਦੇ ਜ਼ੁਲਮ ਦੇ ਕਿੱਸੇ ਸੁਣਾਏ। ਹਾਲਾਂਕਿ ਫਰੁਖਸ਼ੀਅਰ ਵੇਖ ਰਿਹਾ ਸੀ ਕਿ ਉਨ੍ਹਾਂ ਨੂੰ ਸਿਰਫ ਲੁਟਿਆ ਗਿਆ ਹੈ, ਕੋਈ ਕਤਲੇ ਆਮ ਨਹੀਂ ਹੋਇਆ, ਅੰਦਰ ਹੀ ਅੰਦਰ ਉਸਦਾ ਪਾਰਾ ਚੜ੍ਹਦਾ ਜਾ

ਰਿਹਾ ਸੀ। ਪਰ ਉੱਪਰੋਂ-ਉੱਪਰੋਂ ਉਸਨੇ ਕਿਹਾ,"ਤੁਹਾਨੂੰ ਸਾਰਿਆਂ ਨੂੰ ਖਜ਼ਾਨੇ ਤੋਂ ਹਰਜਾਨਾ ਦਿੱਤਾ ਜਾਵੇਗਾ। ਕੱਲ੍ਹ ਆਕੇ ਆਪਣਾ ਪੈਸਾ ਲੈ ਜਾਣਾ। ਇਸ ਕਾਫਰ ਨੂੰ ਤਾਂ ਅਸੀਂ ਅਜੇਹਾ ਸਬਕ ਸਿਖਾਵਾਂਗੇ ਕਿ ਉਹ ਫੇਰ ਸਿਰ ਨਹੀਂ ਚੁੱਕ ਸਕੇਗਾ।" ਆਖ ਤਾਂ ਦਿੱਤਾ ਪਰ ਕਰੇ ਕਿਵੇਂ ?

ਉਸਨੂੰ ਪੂਰਾ ਪਤਾ ਸੀ ਕਿ ਉਸ ਦੇ ਬਾਬਾ ਬਹਾਦਰਸ਼ਾਹ ਅਤੇ ਚਾਰੇ ਸ਼ਹਿਜ਼ਾਦਿਆਂ ਨੇ ਇਕ ਲੱਖ ਦੀ ਫੌਜ ਨਾਲ ਬੰਦਾ ਬਹਾਦਰ ਨੂੰ ਇਕ ਛੋਟੇ ਜਿਹੇ ਕਿਲੇ ਵਿਚ ਘੇਰ ਲਿਆ ਸੀ ਪਰ ਫੇਰ ਵੀ ਉਹ ਬਚ ਕੇ ਨਿੱਕਲ ਗਿਆ ਸੀ। ਮਹਿਲ ਵਿਚ ਪਹੁੰਚ ਕੇ ਵੀ ਉਸਨੂੰ ਸਾਰੀ ਰਾਤ ਨੀਂਦ ਨਾ ਆਈ। ਪਰ ਸਵੇਰ ਦੀ ਅਜ਼ਾਨ ਕੰਨ ਵਿਚ ਪੈਂਦੇ-ਪੈਂਦੇ ਦਿਮਾਗ ਵਿਚ ਇਕ ਕੂਟਨੀਤੀ ਘਰ ਕਰ ਗਈ ਸੀ।

ਸਵੇਰੇ-ਸਵੇਰੇ ਅਦਨਾ ਵਜ਼ੀਰ ਦੀ ਪੇਸ਼ੀ ਹੋਈ। "ਕਲ੍ਹ ਜੋ ਮੁਸਲਮਾਨ ਆਏ ਸੀ ਕੀ ਉਹ ਵਾਪਸ ਗਏ ?"

"ਅਜੇ ਨਹੀਂ ਹਜ਼ੂਰ। ਖਜ਼ਾਨਾ ਖੁਲਣ ਤੇ ਉਨ੍ਹਾਂ ਨੂੰ ਪੈਸੇ ਦਿੱਤੇ ਜਾਣਗੇ, ਫੇਰ ਉਹ ਮੁੜਨਗੇ।"

"ਉਨ੍ਹਾਂ ਨੂੰ ਆਖੋ ਕਿ ਇਕ ਵਾਰੀ ਫੇਰ ਸਾਨੂੰ ਮਿਲ ਕੇ ਜਾਣਗੇ।"

"ਜੋ ਹੁਕਮ ਜਹਾਂਪਨਾਹ।"

ਸ਼ਰਨਾਰਥੀ ਫੇਰ ਪੇਸ਼ ਹੋਏ। ਫਰਸ਼ੀ ਸਲਾਮ ਕਰਦੇ ਹੋਏ ਉਨ੍ਹਾਂ ਨੇ ਬਾਦਸ਼ਾਹ ਸਲਾਮਤ ਦਾ ਲੱਖ ਲੱਖ ਸ਼ੁਕਰ ਅਦਾ ਕੀਤਾ ਅਤੇ ਬਾਦਸ਼ਾਹ ਵਾਸਤੇ ਖੁਦਾ ਤੋਂ ਹਜ਼ਾਰਾਂ ਨੇਮਤਾਂ ਮੰਗੀਆਂ। ਬਾਦਸ਼ਾਹ ਨੇ ਹੱਥ ਖੜ੍ਹਾ ਕਰਕੇ ਉਨ੍ਹਾਂ ਨੂੰ ਚੁੱਪ ਕਰਵਾਇਆ।

ਕੀ ਤੁਸੀਂ ਜਾਣਦੇ ਹੋ ਕਿ ਦਿੱਲੀ ਦੇ ਦਰਿਆਗੰਜ ਇਲਾਕੇ ਵਿਚ ਗੁਰੂ ਗੋਬਿੰਦ ਸਿੰਘ ਦੀ ਵਿਧਵਾ ਮਾਤਾ ਸੁੰਦਰੀ ਰਹਿੰਦੀ ਹੈ ?"

ਕਿਸੇ ਨੂੰ ਨਹੀਂ ਪਤਾ ਸੀ।

ਬਾਦਸ਼ਾਹ ਨੇ ਵਜ਼ੀਰ ਨੂੰ ਹਿਦਾਇਤ ਕੀਤੀ।

"ਇਨ੍ਹਾਂ ਬੇਘਰ ਗਰੀਬਾਂ ਨੂੰ ਮਾਤਾ ਸੁੰਦਰੀ ਕੋਲ ਲੈ ਜਾਉ। ਉਨ੍ਹਾਂ ਨੂੰ ਪਤਾ ਤਾਂ ਲੱਗੇ ਕਿ ਧਰਮ ਦੇ ਨਾਂ ਤੇ ਉਨ੍ਹਾਂ ਦਾ ਇਹ ਸਿੱਖ ਪੰਜਾਬ ਵਿਚ ਕੀ-ਕੀ ਜ਼ੁਲਮ ਢਾਹ ਰਿਹਾ ਹੈ ?"

ਬਾਦਸ਼ਾਹ ਨੇ ਵਜ਼ੀਰ ਨੂੰ ਅੱਖ ਦੇ ਕੋਨੇ ਨਾਲ ਇਸ਼ਾਰਾ ਕੀਤਾ।

*****

ਅੱਛਾ, ਇੰਜ ਕੀਤਾ ਉਹਨੇ?" ਮਾਤਾ ਨੇ ਪੁੱਛਿਆ।

"ਮਾਤਾ ਹਜ਼ੂਰ, ਆਪ ਸਾਡੇ ਵਾਸਤੇ ਉਨੇ ਹੀ ਬਜ਼ੁਰਗ ਅਤੇ ਪੂਜਨੀਕ ਹੋ ਜਿੰਨੇ ਗੁਰੂ ਸਾਹਿਬ ਸਨ। ਗੁਰੂ ਸਾਹਿਬ ਇਕ ਉੱਚੇ ਪੀਰ ਸਨ। ਉਨ੍ਹਾਂ ਨੇ ਕਦੀ ਵੀ ਗਰੀਬ ਅਤੇ ਮਜ਼ਲੂਮ ਤੇ ਹਥਿਆਰ ਨਹੀਂ ਚੁੱਕੇ। ਫੇਰ ਆਪਣੇ ਝੰਡੇ ਦੇ ਹੇਠਾਂ ਆਪ ਇਸ ਬੰਦੇ ਨੂੰ ਇਹ ਸਭ ਕਿਉਂ ਕਰਨ ਦੇ ਰਹੇ ਹੋ?"

ਮਾਤਾ ਕੁਝ ਸੋਚ ਵਿਚ ਪੈ ਗਈ। ਮੌਕਾ ਵੇਖ ਕੇ 'ਮਜ਼ਲੂਮਾਂ' ਨੇ ਦੁਹਾਈ ਪਾਈ, "ਸਾਨੂੰ ਬਚਾ ਲਉ ਮਾਤਾ।"

ਵਜ਼ੀਰ ਨੇ ਜ਼ੋਰ ਪਾਇਆ, "ਇਸ ਬੰਦੇ ਨੂੰ ਆਪ ਆਖੋ ਕਿ ਲੜਾਈ ਝਗੜਾ ਛੱਡ ਕੇ ਸ਼ਾਂਤੀ ਨਾਲ ਬੈਠੇ। ਜੇ ਰੁਪਏ ਪੈਸੇ ਦੀ ਕਮੀ ਹੈ ਤਾਂ ਅਸੀਂ ਉਸ ਨੂੰ ਤੇ ਉਸ ਦੇ ਸਾਥੀਆਂ ਨੂੰ ਜਗੀਰ ਲਾ ਦੇਵਾਂਗੇ।"

*****

ਬੰਦਾ ਨੂੰ ਇਹ ਫਰਮਾਨ ਮਾਤਾ ਜੀ ਦੇ ਵਿਸ਼ਵਾਸਪਾਤਰ ਸਿੱਖ ਨੇ ਦਿੱਤਾ। ਬੰਦਾ ਨੇ ਉਸ ਨੂੰ ਚੁੱਪਚਾਪ ਪੜ੍ਹਿਆ ਅਤੇ ਪੜ੍ਹ ਕੇ ਉਸਦਾ ਮੂੰਹ ਲਾਲ ਹੋ ਗਿਆ।

ਬਿਨੋਦ ਸਿੰਘ ਨੇ ਪੁੱਛਿਆ, " ਕੀ ਗੱਲ ਹੈ ਸਰਦਾਰ? ਅਜਿਹਾ ਕੀ ਲਿਖ ਦਿੱਤਾ ਮਾਤਾ ਜੀ ਨੇ?"

ਜਵਾਬ ਵਿਚ ਬੰਦਾ ਨੇ ਬਾਜ਼ ਸਿੰਘ ਤੋਂ ਇਕ ਸਵਾਲ ਪੁੱਛਿਆ, "ਕੀ ਤੂੰ ਦਿੱਲੀ ਦੇ ਬਾਦਸ਼ਾਹ ਤੇ ਵਿਸ਼ਵਾਸ ਕਰੇਂਗਾ ਬਾਜ਼ ਸਿੰਘ?"

"ਉਨਾਂ ਹੀ ਜਿੰਨਾ ਮੈਂ ਇਕ ਸੱਪ ਤੇ ਕਰਾਂਗਾ।"

ਮਾਤਾ ਜੀ ਦਾ ਕਹਿਣਾ ਹੈ ਕਿ ਅਸੀਂ ਲੜਾਈ ਛੱਡ ਦੇਈਏ। ਬਾਦਸ਼ਾਹ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਉਹ ਮੈਨੂੰ ਅਤੇ ਦੂਜੇ ਸਰਦਾਰਾਂ ਨੂੰ ਜਗੀਰਾਂ ਦੇਵੇਗਾ ਅਤੇ ਸਿੱਖ ਸੈਨਿਕਾਂ ਨੂੰ ਸ਼ਾਹੀ ਫੌਜ਼ਾਂ ਵਿਚ ਭਰਤੀ ਕਰ ਲਵੇਗਾ।"

"ਜੇ ਮਾਤਾ ਜੀ ਆਖ ਰਹੇ ਹਨ...." ਬਿਨੋਦ ਨੇ ਸੋਚਦੇ ਸੋਚਦੇ ਕਿਹਾ, "ਤਾਂ ਸ਼ਾਇਦ....?"

"ਭਰੋਸਾ ਤਾਂ ਬਾਦਸ਼ਾਹ ਨੇ ਦਿੱਤਾ ਹੈ ਨਾ, ਸਰਦਾਰ ਬਿਨੋਦ ਸਿੰਘ। ਮਾਤਾ ਜੀ ਨੇ ਥੋੜ੍ਹਾ ਦਿੱਤਾ ਹੈ।"

ਬਿਨਾਂ ਬਿਨੋਦ ਸਿੰਘ ਦੇ ਜਵਾਬ ਦਾ ਇੰਤਜ਼ਾਰ ਕੀਤੇ ਬੰਦਾ ਬਾਜ਼ ਸਿੰਘ ਵੱਲ

ਪਰਤਿਆ, "ਮਾਤਾ ਜੀ ਨੂੰ ਲਿਖ ਦਿਉ, ਬਾਜ਼ ਸਿੰਘ, ਕਿ ਸਾਨੂੰ ਬਾਦਸ਼ਾਹ ਦੀ ਜ਼ੁਬਾਨ ਤੇ ਇਤਬਾਰ ਨਹੀਂ ਹੈ।"

ਸਮਾਂ ਸਤੰਬਰ 1714 ਦਾ ਸੀ। ਇਹ ਵਿਸ਼ਾ ਸਿੱਖ ਸਰਦਾਰਾਂ ਵਿਚ ਇਕ ਮਹੀਨੇ ਬਾਦ ਫੇਰ ਉੱਠਣਾ ਸੀ। ਜਿਵੇਂ ਕਿ ਖਤਰਾ ਸੀ ਫਰੁਕਸ਼ੀਅਰ ਨੇ ਦੋਹਾਂ ਮਾਤਾਵਾਂ ਨੂੰ ਨਜ਼ਰਬੰਦ ਕਰ ਲਿਆ। ਮਾਤਾ ਸੁੰਦਰੀ ਦਾ ਅਗਲਾ ਖਤ, ਫਰਮਾਨ ਦੇ ਰੂਪ ਵਿਚ ਬੰਦਾ ਬਹਾਦਰ ਕੋਲ ਪੁੱਜਾ। ਇਕ ਵਾਰੀ ਫੇਰ ਵੱਡੇ ਸਰਦਾਰਾਂ ਦੀ ਅੰਦਰੂਨੀ ਬੈਠਕ ਜੁੜੀ। ਇਸ ਵਿਚ ਕਾਹਨ ਸਿੰਘ ਅਤੇ ਬਿਨੋਦ ਸਿੰਘ ਨੇ ਉੱਗਰ ਪੱਖ ਲਿਆ।

"ਕੀ ਤੁਸੀਂ ਜਾਣਦੇ ਹੋ ਸਰਦਾਰ, ਕਿ ਮਾਤਾ ਸੁੰਦਰੀ ਨੂੰ ਕਿੰਨਾ ਜ਼ਬਰ ਝੱਲਣਾ ਪੈ ਰਿਹਾ ਹੈ ?" ਕਾਹਨ ਸਿੰਘ ਨੇ ਕਿਹਾ। "ਅਸੀਂ ਤਾਂ ਠਾਠ ਨਾਲ ਰਹਿ ਰਹੇ ਹਾਂ।" ਉਸਦਾ ਇਸ਼ਾਰਾ ਬੰਦਾ ਦੀ ਰੇਸ਼ਮੀ ਪੁਸ਼ਾਕ ਵੱਲ ਸੀ।

ਬੰਦਾ ਦਾ ਅਜੇ ਵੀ ਉਹੀ ਮਤ ਸੀ ਪੰਥ ਦੀ ਇੱਜ਼ਤ ਬਚਾਉਣ ਵਾਸਤੇ ਤਾਂ ਸਾਰਿਆਂ ਨੂੰ ਕਸ਼ਟ ਝੱਲਣੇ ਪੈਣਗੇ, ਔਰਤਾਂ ਨੂੰ ਵੀ।"

ਫਤਹਿ ਸਿੰਘ ਬੋਲਿਆ, "ਅਤੇ ਮਾਤਾ ਜੀ ਤਕਲੀਫ ਵਿਚ ਹਨ। ਸਾਨੂੰ ਕੋਈ ਵੀ ਕੁਰਬਾਨੀ ਕਰਕੇ ਉਨ੍ਹਾਂ ਨੂੰ ਬਚਾਉਣਾ ਪਏਗਾ।"

ਗੁਰੂ ਗੋਬਿੰਦ ਸਿੰਘ ਨੂੰ ਦਿੱਤੇ ਹੋਏ ਵਚਨ ਦਾ ਕੀ ਹੋਵੇਗਾ ? ਜੇ ਅਸੀਂ ਲੜਾਈ ਛੱਡ ਗਏ ਤਾਂ ਸਿੱਖਾਂ ਦੀ ਆਬਰੂ ਲਈ ਕੌਣ ਲੜੇਗਾ ?"

ਫਤਹਿ ਸਿੰਘ ਅਤੇ ਕਾਹਨ ਸਿੰਘ ਨਿਰੁੱਤਰ ਰਹੇ, ਪਰ ਦੋਹਾਂ ਦੀਆਂ ਅੱਖਾਂ ਵਿਚ ਰੋਹ ਭਰਿਆ ਹੋਇਆ ਸੀ।

*****

ਬਾਜ਼ ਸਿੰਘ ਦਾ ਜਵਾਬ ਆਏ ਹੋਏ ਕੁਝ ਹੀ ਦਿਨ ਹੋਏ ਸੀ ਕਿ ਸ਼ਰਨਾਰਥੀਆਂ ਦਾ ਇਕ ਹੋਰ ਹਜੂਮ ਮਾਤਾ ਸੁੰਦਰੀ ਦੇ ਸਾਮ੍ਹਣੇ ਪੁੱਜਾ। ਇਸ ਵਾਰੀ ਉਨ੍ਹਾਂ ਨਾਲ ਆਲ੍ਹਾ ਵਜ਼ੀਰ ਪੇਸ਼ ਹੋਏ। ਵਜ਼ੀਰ ਦੇ ਤਣੇ ਹੋਏ ਚਿਹਰੇ ਨੂੰ ਵੇਖ ਕੇ ਮਾਤਾ ਨੂੰ ਕੁਝ ਚਿੰਤਾ ਹੋਈ। ਇਸ ਝੁੰਡ ਵਿਚ ਕੁਝ ਵਿਧਵਾ ਔਰਤਾਂ ਵੀ ਨਜ਼ਰ ਆ ਰਹੀਆਂ ਸਨ ਜੋ ਛਾਤੀ ਪਿੱਟ-ਪਿੱਟ ਕੇ ਰੋ ਰਹੀਆਂ ਸਨ। ਵਜ਼ੀਰ ਨੇ ਮਾਤਾ ਦਾ ਧਿਆਨ ਉਨ੍ਹਾਂ ਵੱਲ ਦਿਵਾ ਕੇ ਐਲਾਨ ਕੀਤਾ।

"ਇਹ ਗੱਲ ਹੁਣ ਬਰਦਾਸ਼ਤ ਤੋਂ ਬਾਹਰ ਹੁੰਦੀ ਜਾ ਰਹੀ ਹੈ ਮਾਤਾ ਜੀ। ਚੰਗਾ

ਨਹੀਂ ਲੱਗਦਾ ਕਿ ਇੱਧਰ ਤੁਸੀਂ ਬਾਦਸ਼ਾਹ ਦੇ ਮਹਿਮਾਨ ਹੋ ਅਤੇ ਉੱਧਰ ਆਪ ਦਾ ਚੇਲਾ ਪੰਜਾਬ ਵਿਚ ਸਾਡੇ ਹੀ ਲੋਕਾਂ ਤੇ ਜ਼ੁਲਮ ਕਰੇ।"

ਵਜ਼ੀਰ ਦੀ ਆਵਾਜ਼ ਵਿਚ ਛੁਪੀ ਚੇਤਾਉਨੀ ਸਾਫ਼ ਸੀ।

*****

ਮਾਤਾ ਸੁੰਦਰੀ ਦੇ ਅਗਲੇ ਖਤ ਨੇ ਸਭ ਨੂੰ ਸਕਤੇ ਵਿਚ ਪਾ ਦਿੱਤਾ।

"ਗੱਲ ਮੰਨੋ ਵਰਨਾ ਪੰਥ ਵਿਚੋਂ ਛੇਕ ਦਿੱਤੇ ਜਾਉਗੇ।

ਬਾਜ਼ ਸਿੰਘ ਅਜੇ ਵੀ ਬੰਦਾ ਬਹਾਦਰ ਦੇ ਨਾਲ ਖੜ੍ਹਾ ਸੀ। ਪਰ ਬਿਨੋਦ ਸਿੰਘ ਅਤੇ ਕਾਹਨ ਸਿੰਘ ਨੇ ਦੋ-ਟੂਕ ਜਵਾਬ ਦੇ ਦਿੱਤਾ,"ਅਸੀਂ ਪੰਥ ਵਿਚੋਂ ਨਿਕਲਣ ਲਈ ਤਿਆਰ ਨਹੀਂ ਹਾਂ ਸਰਦਾਰ। ਇਹ ਸਿੱਟਾ ਤਾਂ ਤੁਹਾਨੂੰ ਇਕੱਲੇ ਹੀ ਭੁਗਤਣਾ ਪਏਗਾ।"

"ਮੈਂ ਤਾਂ ਸਿਰਫ਼ ਇਕ ਸਿਪਾਹੀ ਹਾਂ ਬਿਨੋਦ ਸਿੰਘ। ਮੇਰਾ ਨਾ ਤਾਂ ਕੋਈ ਦੋਸਤ ਹੈ ਨਾ ਦੁਸ਼ਮਨ। ਮੈਂ ਗੁਰੂ ਗੋਬਿੰਦ ਸਿੰਘ ਨੂੰ ਦਿੱਤੇ ਵਚਨ ਨਾਲ ਬੰਨ੍ਹਿਆ ਹੋਇਆਂ ਹਾਂ। ਮੈਂ ਇਸ ਰਾਹ ਤੋਂ ਨਹੀਂ ਹਟ ਸਕਦਾ।"

ਦੋਵੇਂ ਬਜ਼ੁਰਗ ਤਾਂ ਚੁੱਪ ਰਹੇ ਪਰ ਕਾਹਨ ਸਿੰਘ ਦਾ ਲੜਕਾ ਮੀਰੀ ਸਿੰਘ ਤੜਫ਼ ਕੇ ਬੋਲਿਆ, "ਗੁਰੂ ਦੀ ਆਗਿਆ ਦੀ ਤੁਸੀਂ ਖ਼ੂਬ ਪਾਲਣਾ ਕਰ ਰਹੇ ਹੋ ਸਰਦਾਰ! ਕੀ ਮੈਂ ਗੁਰੂ ਦੇ ਆਪਨੂੰ ਦਿੱਤੇ ਨਿਰਦੇਸ਼ਾਂ ਬਾਰੇ ਸਭ ਨੂੰ ਦੱਸ ਦਿਆਂ?"

ਸਭ ਭੁਚੱਕੇ ਰਹਿ ਗਏ। ਬੰਦਾ ਨੇ ਸ਼ਾਂਤੀ ਨਾਲ ਜਵਾਬ ਦਿੱਤਾ,"ਇਹ ਮੇਰਾ ਨਿੱਜੀ ਮਾਮਲਾ ਹੈ ਮੀਰੀ ਸਿੰਘ। ਗੁਰੂ ਸਾਹਿਬ ਨੇ ਮੇਰੇ ਕੋਲੋਂ ਕੀ ਵਚਨ ਲਏ ਸੀ, ਇਹ ਮੈਨੂੰ ਪਤਾ ਹੈ।"

ਇਕ ਹਿਕਾਰਤ ਭਰੀ 'ਹੁੰਹ' ਨਾਲ ਮੀਰੀ ਸਿੰਘ ਬਾਹਰ ਨਿੱਕਲ ਗਿਆ।

"ਮੈਂ ਵਿਸਾਖੀ ਤੇ ਹਰਮੰਦਰ ਜਾ ਰਿਹਾ ਹਾਂ। ਉੱਥੇ ਹੀ ਮਿਲਾਂਗੇ।" ਸੰਖੇਪ ਸੂਚਨਾ ਦੇ ਕੇ ਬੰਦਾ ਨੇ ਵੀ ਬੈਠਕ ਛੱਡ ਦਿੱਤੀ।

ਬਾਜ਼ ਸਿੰਘ ਉਸਦੇ ਨਾਲ ਗਿਆ, ਕਾਹਨ ਸਿੰਘ ਵਗੈਰਾ ਦੂਜੀ ਦਿਸ਼ਾ ਵਿਚ।

*****

ਹੁਣ ਫਰੁਕਸ਼ੀਅਰ ਨੇ ਤੁਰਪ ਦਾ ਪੱਤਾ ਖੇਡਿਆ।

ਮੁਸਲਮਾਨਾਂ ਦਾ ਅਗਲਾ ਵਫਦ ਜੋ ਮਾਤਾ ਸੁੰਦਰੀ ਕੋਲ ਪੁੱਜਾ, ਉਸ ਵਿਚ ਇਕ ਤਕੜਾ ਜਿਹਾ ਸਿੱਖ ਅਤੇ ਇਕ ਪੜ੍ਹਿਆ ਲਿਖਿਆ ਜਿਹਾ ਮੌਲਾਨਾ ਵੀ ਸ਼ਾਮਲ ਸੀ। ਸਿੱਖ ਪਹਿਲਾਂ ਬੋਲਿਆ;

"ਮੈਂ ਸਿੱਧਾ ਲਾਹੌਰ ਦੇ ਮੈਦਾਨੇ ਜੰਗ ਵਿਚੋਂ ਆ ਰਿਹਾ ਹਾਂ ਮਾਤਾ ਜੀ।"

"ਲਾਹੌਰ ਦੀ ਕੀ ਖਬਰ ਹੈ ਸਰਦਾਰ.......?"

"ਬਖਸ਼ੀਸ਼ ਸਿੰਘ," ਸਿੱਖ ਜਵਾਨ ਨੇ ਵਾਕ ਪੂਰਾ ਕੀਤਾ। "ਸਾਡੀ ਫੌਜ ਲਾਹੌਰ ਫਤਹਿ ਕਰਦੀ-ਕਰਦੀ ਰਹਿ ਗਈ। ਐਨ ਮੌਕੇ ਤੇ ਬੰਦਾ ਬਹਾਦਰ ਨੇ ਹੁਕਮ ਦਿੱਤਾ ਕਿ ਕਿਲਾ ਖਾਲੀ ਕਰ ਦਿਉ, ਨੇੜੇ-ਤੇੜੇ ਦੇ ਪਿੰਡਾਂ ਵਿਚ ਲੁੱਟਮਾਰ ਕਰੋ। ਜੇ ਲਾਹੌਰ ਫਤਹਿ ਕਰ ਲੈਂਦੇ ਤਾਂ ਗੁਰੂ ਸਾਹਿਬ ਦਾ ਸੁਪਨਾ ਪੂਰਾ ਹੋ ਜਾਂਦਾ।"

"ਪਰ ਬੰਦਾ ਬਹਾਦਰ ਨੇ ਇੰਜ ਕਿਉਂ ਕੀਤਾ, ਨੌਜਵਾਨ?"

"ਕੀ ਪਤਾ ਮਾਤਾ ਜੀ। ਇਸ ਸ਼ਖਸ ਨੂੰ ਲੁੱਟਮਾਰ, ਕਤਲੇਆਮ ਵਿਚ ਜ਼ਿਆਦਾ ਮਜ਼ਾ ਆਉਂਦਾ ਹੈ।"

ਸਾਨੂੰ ਲਾਹੌਰ ਅਤੇ ਬਾਕੀ ਥਾਵਾਂ ਤੋਂ ਵੀ ਜੱਥੇ ਮਿਲੇ ਹਨ। ਉਹ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਇਹ ਬੰਦਾ ਆਮ ਮੁਸਲਮਾਨ ਜਨਤਾ ਤੇ ਬਹੁਤ ਜ਼ੁਲਮ ਕਰਦਾ ਹੈ।"

ਇਕੱਠੇ ਹੋਏ ਮੁਸਲਮਾਨਾਂ ਵਿਚੋਂ "ਹਾਏ ਮਰ ਗਏ, ਕਿਤੋਂ ਦਾ ਨਹੀਂ ਛੱਡਿਆ" ਦੀਆਂ ਅਵਾਜ਼ਾਂ ਆਉਣ ਲੱਗੀਆਂ।

"ਕੀ ਸਿੱਖ ਫੌਜ ਉਸ ਤੋਂ ਸੰਤੁਸ਼ਟ ਹੈ?"

"ਨਹੀਂ ਮਾਤਾ। ਉਸਨੇ ਗੁਰੂ ਸਾਹਿਬ ਦੇ ਦਿੱਤੇ ਹੋਏ ਨਾਹਰੇ ਨੂੰ ਵੀ ਬਦਲ ਦਿੱਤਾ ਹੈ।"

"ਅੱਛਾ? ਤਾਂ ਉਹ ਗੁਰੂ ਸਾਹਿਬ ਦਾ ਹੁਕਮ ਵੀ ਨਹੀਂ ਮੰਨਦਾ?" ਹੁਣ ਮੌਲਵੀ ਬੋਲਿਆ। " ਮੈਂ ਨੰਦੇੜ ਤੋਂ ਆ ਰਿਹਾ ਹਾਂ ਹਜ਼ੂਰ। ਗੁਰੂ ਸਾਹਿਬ ਅਤੇ ਬੰਦਾ ਬਹਾਦਰ ਦੀ ਮੁਲਾਕਾਤ ਵੇਲੇ ਮੈਂ ਵੀ ਮੌਜੂਦ ਸੀ। ਸੁਣਿਆਂ ਹੈ ਬੰਦੇ ਨੇ ਵਿਆਹ ਕਰਵਾ ਲਿਆ ਹੈ।"

"ਇਹ ਤਾਂ ਦੋ ਸਾਲ ਪਹਿਲਾਂ ਦੀ ਖਬਰ ਹੈ। ਮੌਲਵੀ ਸਾਹਿਬ।"

"ਪਰ ਗੁਰੂ ਸਾਹਿਬ ਨੇ ਤਾਂ ਬੰਦਾ ਨੂੰ ਵਿਆਹ ਕਰਨ ਤੋਂ ਮਨ੍ਹਾਂ ਕੀਤਾ ਸੀ?"

ਮਾਤਾ ਦੰਗ ਰਹਿ ਗਈ।

"ਸੈਂਕੜੇ ਸੈਨਿਕਾਂ ਅਤੇ ਬੰਦਾ ਦੇ ਅਪਣੇ ਚੇਲਿਆਂ ਸਾਮ੍ਹਣੇ ਇਹ ਹੁਕਮ ਗੁਰੂ ਸਾਹਿਬ ਨੇ ਦਿੱਤਾ ਸੀ। ਆਖੋ ਤਾਂ ਉਨ੍ਹਾਂ ਵਿਚੋਂ ਕੁਝ ਲੋਕਾਂ ਨੂੰ ਪੇਸ਼ ਕਰਾਂ ?"

*****

ਮਾਤਾ ਸੁੰਦਰੀ ਨੇ ਆਪਣੀ ਧਮਕੀ ਪੂਰੀ ਕੀਤੀ। ਉਨ੍ਹਾਂ ਨੇ ਅਗਲੇ ਫਰਮਾਨ ਵਿਚ ਸਾਰੇ ਸਿੱਖ ਸਰਦਾਰਾਂ ਨੂੰ ਇਤਲਾਹ ਦਿੱਤੀ ਗਈ ਕਿ ਬੰਦਾ ਸਿੰਘ ਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ ਹੈ। ਕਾਰਨ ਦਿੱਤੇ ਗਏ, ਗੁਰੂ ਦੀ ਅਵਗਿਆ, ਪੁਰਾਣਾ ਨਾਹਰਾ 'ਵਾਹਿਗੁਰੂ ਜੀ ਕੀ ਫਤਹਿ' ਦੀ ਬਜਾਏ ਫਤਿਹ ਦਰਸ਼ਨ ਲਗਾਉਣਾ, ਖੁਦ ਗੁਰੂ ਬਣਨ ਦੀ ਇੱਛਾ ਰੱਖਣਾ, ਆਦਿ ।

ਫਰਮਾਨ ਮਿਲਦੇ ਹੀ ਕੋਈ ਪੰਜ ਹਜ਼ਾਰ ਸਿੱਖ ਬਿਨੋਦ ਸਿੰਘ ਅਤੇ ਕਾਹਨ ਸਿੰਘ ਦੀ ਅਗਵਾਈ ਵਿਚ ਅੱਡ ਹੋ ਗਏ। ਕਿਉਂਕਿ ਇਹ ਸਿੱਖੀ ਦੇ ਤੱਤ ਦੀ ਸੁਰੱਖਿਆ ਕਰਨ ਵਾਸਤੇ ਅੱਡ ਹੋਏ ਸੀ ਇਸ ਲਈ ਉਹ ਤੱਤਈ ਸਿੱਖ ਅਖਵਾਏ। ਬਾਕੀਆਂ ਦਾ ਨਾਂ ਬੰਦਾਈ ਸਿੱਖ ਪਿਆ।

ਇਸ ਘਟਨਾ ਤੋਂ ਅਨਜਾਣ ਜਾਂ ਉਸ ਦਾ ਪੂਰਾ ਮਹੱਤਵ ਜਾਣੇ ਬਿਨਾਂ ਬੰਦਾ ਵਿਸਾਖੀ ਮਨਾਉਣ ਹਰਮੰਦਰ ਪੁੱਜਾ। ਦੋਹਾਂ ਗੁੱਟਾਂ ਦੇ ਸਿੱਖ ਉੱਥੇ ਮੌਜੂਦ ਸਨ। ਮਾਹੌਲ ਵਿਚ ਤਣਾਉ ਸੀ ਅਤੇ ਕੁਝ ਬੁਰਾ ਹੋਣ ਦਾ ਖਤਰਾ ਸੀ। ਅਜਿਹੇ ਵਿਚ ਬੰਦਾ ਬਹਾਦਰ ਦੀ ਜੈ, ਬਾਬਾ ਬੰਦਾ ਦੀ ਜੈ ਦੇ ਨਾਹਰਿਆਂ ਵਿਚਕਾਰ ਬੰਦਾ ਪੁੱਜਾ ਅਤੇ ਆਪਣਾ ਸਥਾਨ ਗ੍ਰਹਿਣ ਕਰਨ ਲੱਗਾ। ਐਨੇ ਵਿਚ ਅੱਗੇ ਵੱਧ ਕੇ ਬਿਨੋਦ ਸਿੰਘ ਅਤੇ ਕਾਹਨ ਸਿੰਘ ਨੇ ਦੋਹਾਂ ਪਾਸਿਆਂ ਤੋਂ ਬਾਹਾਂ ਤੋਂ ਫੜ ਕੇ ਬੰਦਾ ਨੂੰ ਗੱਦੀ ਤੋਂ ਉਠਾ ਦਿੱਤਾ।

"ਇਕ ਪਤਿਤ ਸਿੱਖ ਨੂੰ ਅਸੀਂ ਸਿੱਖਾਂ ਦੀ ਗੱਦੀ ਤੇ ਨਹੀਂ ਬੈਠਣ ਦਿਆਂਗੇ।" ਉਨ੍ਹਾਂ ਲਲਕਾਰਿਆ।

"ਸ਼ਰਮ-ਸ਼ਰਮ"......"ਬੀਰ ਬੰਦਾ"......"ਮਾਤਾ ਸੁੰਦਰੀ ਦੀ ਆਗਿਆ"......"ਗੁਰੂ ਸਾਹਿਬ ਦਾ ਵਚਨ"......ਫਤਹਿ ਦਰਸ਼ਨ", ਆਦਿ ਦੋਹਾਂ ਪਾਸਿਆਂ ਤੋਂ ਇਕੱਠੇ ਲੱਗੇ ਕਈ ਨਾਹਰਿਆਂ ਨਾਲ ਆਸਮਾਨ ਗੂੰਜ ਉੱਠਿਆ। ਇਸ ਤੋਂ ਪਹਿਲਾਂ ਕਿ ਤਲਵਾਰਾਂ ਨਿੱਕਲ ਆਉਣ ਬੰਦਾ ਆਪ ਖੜ੍ਹਾ ਹੋ ਗਿਆ।

"ਇਹ ਗਲਤ ਹੈ ਬਿਨੋਦ ਸਿੰਘ, ਤੂੰ ਸਿੱਖਾਂ ਵਿਚ ਫੁੱਟ ਪਾ ਰਿਹਾ ਹੈਂ।"

"ਫੁੱਟ ਤੂੰ ਪਾ ਰਿਹਾ ਹੈਂ ਸਰਦਾਰ।" ਬਿਨੋਦ ਸਿੰਘ ਗਰਜ਼ ਕੇ ਬੋਲਿਆ।" ਤੂੰ ਗੁਰੂ ਦੀ ਆਗਿਆ ਦੀ ਪਾਲਣਾ ਨਹੀਂ ਕੀਤੀ। ਤੈਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ ਹੈ।"

"ਮੇਰੇ ਨਾਲੋਂ ਸੱਚਾ ਸਿੱਖ ਕੌਣ ਹੋਵੇਗਾ, ਬਿਨੋਦ ਸਿੰਘ?" ਹੁਣ ਬੰਦਾ ਵੀ ਗਰਮ ਹੋਇਆ। "ਗੁਰੂ ਦੇ ਇਕ ਸ਼ਬਦ ਤੇ ਮੈਂ ਆਸ਼ਰਮ ਛੱਡਿਆ, ਆਪਣਾ ਰਾਹ ਛੱਡਿਆ, ਅਤੇ ਇਕ ਹਜ਼ਾਰ ਮੀਲ ਪੈਦਲ ਚੱਲ ਕੇ ਪੰਜਾਬ ਆਇਆ, ਆਪਣੀ ਜਾਨ ਖਤਰੇ ਵਿਚ ਪਾਈ।"

"ਅਸੀਂ ਸਾਰਿਆਂ ਨੇ ਲੜਾਈਆਂ ਲੜੀਆਂ ਹਨ, ਸਰਦਾਰ", ਕਾਹਨ ਸਿੰਘ ਨੇ ਜ਼ੋਰ ਨਾਲ ਕਿਹਾ। ਮੀਰੀ ਸਿੰਘ ਉਸ ਤੋਂ ਵੀ ਇਕ ਕਦਮ ਅੱਗੇ ਸੀ।" ਜੇ ਸੱਚਾ ਸਿੱਖ ਹੈਂ ਸਰਦਾਰ, ਤਾਂ ਹੁਣੇ ਮਾਸ ਖਾ ਕੇ ਵਿਖਾ, ਹੁਣੇ.....।"

"ਐਨੀਆਂ ਕੁਰਬਾਨੀਆਂ ਤੋਂ ਬਾਦ ਮੈਨੂੰ ਕਿਸੇ ਨੂੰ ਆਪਣੀ ਸਿੱਖੀ ਸਾਬਤ ਕਰਨ ਦੀ ਲੋੜ ਨਹੀਂ ਹੈ ਨੌਜਵਾਨ।"

"ਹੈ, ਹੈ... ਨਹੀਂ, ਨਹੀਂ..." ਦੀਆਂ ਚੀਕਾਂ ਵਿਚਕਾਰ ਬੰਦਾ ਭੀੜ ਤੋਂ ਬਾਹਰ ਆ ਗਿਆ ਅਤੇ ਆਪਣੇ ਚੇਲਿਆਂ ਨਾਲ ਖੇਮੇ ਵੱਲ ਵਧ ਗਿਆ।

*****

ਆਪਣੀ ਕੂਟਨੀਤਕ ਕਾਰਗੁਜ਼ਾਰੀ ਨਾਲ ਬਾਦਸ਼ਾਹ ਫੁੱਲਕੇ ਕੁੱਪਾ ਹੋ ਗਿਆ। ਆਮ ਸਿੱਖਾਂ ਵਿਚ ਉਹ ਇਹ ਭਰਮ ਫੈਲਾਉਣ ਵਿਚ ਸਫਲ ਰਿਹਾ ਕਿ ਗੁਰੂ ਗੋਬਿੰਦ ਸਿੰਘ ਨੇ ਬੰਦਾ ਬਹਾਦਰ ਨੂੰ ਵਿਆਹ ਕਰਨ ਤੋਂ ਮਨ੍ਹਾਂ ਕੀਤਾ ਸੀ। ਅੱਗੇ ਵਧ ਕੇ ਤੱਤਈ ਸਿੱਖ ਗੁੱਟ ਨੂੰ ਉਸਨੇ ਗਲ ਲਾਇਆ ਅਤੇ ਬਹੁਤ ਸਾਰੇ ਹਥਿਆਰ, ਦੁਸ਼ਾਲੇ ਅਤੇ ਹੋਰ ਸਮਾਨ ਭੇਂਟ ਕੀਤਾ। ਪੰਜ ਹਜ਼ਾਰ ਸਿੱਖ ਜੋ ਬੰਦਾ ਬਹਾਦਰ ਨੂੰ ਛੱਡ ਕੇ ਚਲੇ ਗਏ ਸੀ ਉਨ੍ਹਾਂ ਸਾਰਿਆਂ ਨੂੰ ਲਾਹੌਰ ਸੂਬੇਦਾਰ ਨੇ ਆਪਣੀ ਫੌਜ ਵਿਚ ਰੱਖ ਲਿਆ। ਸਿੱਖ ਸੈਨਿਕਾਂ ਦੀ ਤਨਖਾਹ ਉਨ੍ਹਾਂ ਦੇ ਨਾਲ ਦੇ ਮੁਗਲਾਂ ਤੋਂ ਵੱਧ ਰੱਖੀ ਗਈ। ਇਕ ਘੁੜਸਵਾਰ ਨੂੰ ਤੀਹ ਰੁਪਏ ਮਹੀਨਾ, ਪਿਆਦੇ ਨੂੰ ਪੰਦਰਾਂ ਰੁਪਏ ਮਹੀਨਾ ਅਤੇ ਸਿਪਾਹ ਸਾਲਾਰ ਨੂੰ ਰੋਜ਼ ਦੇ ਪੰਜ ਰੁਪਏ ਦਿੱਤੇ ਗਏ। ਝਬਾਲ ਦਾ ਪਰਗਣਾ ਸਿੱਖਾਂ ਨੂੰ ਦੇ ਦਿੱਤਾ ਗਿਆ ਜਿਸ ਨਾਲ ਕਿ ਉਹ ਆਪਣੇ ਲੰਗਰ, ਅਨਾਜ ਅਤੇ ਘੋੜਿਆਂ ਵਾਸਤੇ ਰਸਦ ਦਾ ਇੰਤਜ਼ਾਮ ਕਰ ਸਕਣ।

ਨਵੰਬਰ 1741 ਤੱਤਈ ਸਿੱਖਾਂ ਨੇ ਹਰਮੰਦਰ ਵਿਚ ਦੀਵਾਲੀ ਧੂਮਧਾਮ

ਨਾਲ ਮਨਾਈ। ਬੰਦਾ ਆਪਣੇ ਸਾਥੀਆਂ ਨਾਲ ਦੂਰ ਰਿਹਾ। ਬਲਕਿ ਉਹ ਆਪਣੇ ਅਗਲੇ ਕਦਮ ਦੀ ਤਿਆਰੀ ਕਰਦਾ ਰਿਹਾ। ਪੂਰੀ ਤਿਆਰੀ ਤੋਂ ਬਾਦ ਇਕ ਦਿਨ ਉਹ ਅਚਾਨਕ ਲਾਹੌਰ ਸ਼ਹਿਰ ਦੇ ਬਾਹਰ ਵਿਖਾਈ ਦਿੱਤਾ। ਲਾਹੌਰ ਦੇ ਸੂਬੇਦਾਰ ਨੇ ਡਰ ਕੇ ਇੱਧਰ-ਉੱਧਰ ਸੰਦੇਸ਼ੇ ਭੇਜੇ ਕਿ ਉਸ ਦੀ ਬਹੁਤੀ ਫੌਜ ਕਸੂਰ ਦੇ ਹੁਸੈਨ ਖਾਨ ਖੇਸ਼ਗੀ ਦੀ ਬਗਾਵਤ ਕੁਚਲਣ ਗਈ ਹੈ ਅਤੇ ਉਸ ਨੂੰ ਦੂਜੇ ਫੌਜਦਾਰਾਂ ਤੋਂ ਫੌਜਾਂ ਮੁਹੱਈਆ ਕਰਵਾਈਆਂ ਜਾਣ। ਫੇਰ ਉਸ ਨੂੰ ਇਕ ਵਧੀਆ ਵਿਚਾਰ ਆਇਆ ਜਿਸ ਨਾਲ ਉਸਦੀ ਸਾਰੀ ਚਿੰਤਾ ਦੂਰ ਹੋ ਗਈ। ਦੋ ਦਿਨ ਬਾਦ ਬੰਦਾ ਆਪਣੇ ਘੋੜੇ ਤੇ ਸ਼ਹਿਰ ਵਿਚੋਂ ਦੀ ਲਾਹੌਰ ਦੇ ਕਿਲੇ ਦੇ ਸਾਮ੍ਹਣੇ ਪੁੱਜਾ ਤਾਂ ਉਸ ਨੇ ਵੇਖਿਆ ਕਿ ਤੱਤਈ ਸਿੱਖਾਂ ਦੀ ਪੰਜ ਹਜ਼ਾਰ ਫੌਜ ਕਿਲੇ ਦੀਆਂ ਸੁਰੱਖਿਆ ਪੰਗਤੀਆਂ ਵਿਚ ਸਭ ਤੋਂ ਅੱਗੇ ਖੜ੍ਹੀ ਹੈ। ਸਿੱਖ ਬੰਦੂਕਚੀਆਂ ਦੇ ਸਾਮ੍ਹਣੇ ਦੂਜੇ ਸਿੱਖ ਬੰਦੂਕਚੀ, ਬੰਦਾ ਦੀ ਪੈਦਲ ਫੌਜ ਦੇ ਸਾਮ੍ਹਣੇ ਲਹਿਰਾਉਂਦੀਆਂ ਸਿੱਖ ਤਲਵਾਰਾਂ ਅਤੇ ਉਸਦੇ ਤੀਰਅੰਦਾਜ਼ਾਂ ਨਾਲ ਮੁਕਾਬਲਾ ਕਰਨ ਵਾਸਤੇ ਸਿੱਖ ਤੀਰਅੰਦਾਜ਼ ਡਟੇ ਹੋਏ ਸਨ। ਬੰਦਾ ਜਿਵੇਂ ਚਕਰਾ ਗਿਆ। ਕਿਲੇ ਦੀ ਦੀਵਾਰ ਤੋਂ ਮੁਗਲ ਸੂਬੇਦਾਰ ਇਹ ਤਮਾਸ਼ਾ ਵੇਖ ਕੇ ਹੱਸਦਾ ਰਿਹਾ ਅਤੇ ਭਰਾ-ਭਰਾ ਇਕ-ਦੂਜੇ ਦਾ ਖ਼ੂਨ ਪੀਣ ਵਾਸਤੇ ਆਮ੍ਹੋ-ਸਾਮ੍ਹਣੇ ਡਟੇ ਰਹੇ। ਬਗੈਰ ਕੋਈ ਹੋਰ ਹੁਕਮ ਦਿੱਤੇ ਬੰਦਾ ਨੇ ਆਪਣੀ ਰਾਸ ਮੋੜੀ ਅਤੇ ਪੁੱਠੇ ਪੈਰ ਵਾਪਸ ਹੋ ਲਿਆ। ਸਾਰੇ ਰਾਹ ਬਾਜ਼ ਸਿੰਘ ਤੱਕ ਨੇ ਵੀ ਕੋਈ ਸ਼ਬਦ ਨਾ ਬੋਲਿਆ। ਤਕਰੀਬਨ ਵੀਹ ਮੀਲ ਘੁੜਸਵਾਰੀ ਕਰਕੇ ਉਸਨੇ ਅਮ੍ਰਿਤਸਰ ਆਕੇ ਹੀ ਦਮ ਲਿਆ। ਗਹਿਰੀ ਉਦਾਸੀ ਵਿਚ ਉਸਨੇ ਅਗਲੇ ਕੁਝ ਦਿਨਾਂ ਤੱਕ ਕੋਈ ਕਦਮ ਨਾ ਉਠਾਇਆ।

*****

ਉਪਰ ਲਿਖੀ ਪੂਰੀ ਕਹਾਣੀ, ਬਲਕਿ ਪੂਰਾ ਅਧਿਆਏ ਹੀ ਕਾਲਪਨਿਕ ਹੋ ਸਕਦਾ ਹੈ। ਕਈ ਇਤਿਹਾਸਕਾਰਾਂ ਦੇ ਮਤ ਦੇ ਖਿਲਾਫ ਤੱਥ ਇਹ ਹੈ ਕਿ ਮਾਤਾ ਸੁੰਦਰੀ ਅਤੇ ਬੰਦਾ ਬਹਾਦਰ ਵਿਚਕਾਰ ਦੀ ਕਥਿਤ ਚਿੱਠੀ-ਪੱਤਰੀ ਦਾ ਕੋਈ ਪ੍ਰਮਾਣ ਨਹੀਂ ਮਿਲਦਾ। ਮਾਤਾ ਸੁੰਦਰੀ ਜਿਨ੍ਹਾਂ ਦੇ ਪਤੀ ਗੁਰੂ ਗੋਬਿੰਦ ਸਿੰਘ ਨੇ ਸਾਰਾ ਜੀਵਨ ਜ਼ੁਲਮ ਦੇ ਖਿਲਾਫ ਜੰਗ ਵਿਚ ਲਾਇਆ, ਜਿਨ੍ਹਾਂ ਦੇ 13 ਅਤੇ 11 ਸਾਲ ਦੇ ਪੁੱਤਰਾਂ ਅਜੀਤ ਸਿੰਘ ਅਤੇ ਜੁਝਾਰ ਸਿੰਘ ਨੇ ਛੋਟੀ ਉਮਰ ਵਿਚ ਤਲਵਾਰਾਂ ਵਾਹੀਆਂ ਅਤੇ

ਇਕੱਲੇ ਹਜ਼ਾਰਾਂ ਮੁਗਲ ਸੈਨਿਕਾਂ ਨਾਲ ਲੜਕੇ ਸ਼ਹੀਦ ਹੋਏ, ਜਿਨ੍ਹਾਂ ਦੇ ਦੋ ਛੋਟੇ ਪੁੱਤਰ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਕੰਧਾਂ ਵਿਚ ਜਿਊਂਦੇ ਚਿਣਵਾ ਦਿੱਤੇ ਗਏ ਪਰ ਜੋ ਆਖਰੀ ਦਮ ਤੱਕ ਮੁਗਲਾਂ ਦੇ ਸਾਮ੍ਹਣੇ ਖੜ੍ਹੇ ਰਹੇ, ਅਜਿਹੀ ਮਾਤਾ ਬਾਰੇ ਕੋਈ ਸੋਚ ਵੀ ਨਹੀਂ ਸਕਦਾ ਕਿ ਉਹ ਮੁਗਲਾਂ ਦੇ ਦਬਾਓ ਵਿਚ ਆਕੇ ਆਪਣੀ ਹੀ ਕੌਮ ਨੂੰ ਦੋਫਾੜ ਕਰਨ। ਭਾਵੇਂ ਉਨ੍ਹਾਂ ਨੂੰ ਨਜ਼ਰਬੰਦ ਕਰ ਲਿਆ ਗਿਆ ਹੋਵੇ ਜਾਂ ਤਸੀਹੇ ਵੀ ਦਿੱਤੇ ਗਏ ਹੋਣ, ਪਰ ਘੱਟੋ-ਘੱਟ ਫਰਜ਼ ਅਤੇ ਲੋਕ ਲਾਜ ਦੇ ਦ੍ਰਿਸ਼ਟੀਕੋਣ ਤੋਂ ਮਾਤਾ ਸੁੰਦਰੀ ਦਾ ਬੰਦਾ ਬਹਾਦਰ ਨੂੰ ਇਸ ਤਰ੍ਹਾਂ ਦਾ ਖਤ ਲਿਖਣਾ ਨਾਮੁਮਕਿਨ ਲੱਗਦਾ ਹੈ। ਪਰ ਇਹ ਤਾਂ ਹੋਇਆ ਹੀ ਸੀ ਕਿ ਬੰਦਾ ਬਹਾਦਰ ਦੇ ਪੈਰੋਕਾਰ ਦੋ ਖੇਮਿਆਂ ਵਿਚ ਵੰਡੇ ਗਏ ਅਤੇ ਤੱਤਈ ਸਿੱਖਾਂ ਨੇ 1714 ਦੀ ਦੀਵਾਲੀ ਤੋਂ ਬਾਦ ਕਿਸੇ ਜੰਗ ਵਿਚ ਬੰਦਾ ਦਾ ਸਾਥ ਨਹੀਂ ਦਿੱਤਾ।

------

# ਸਿੱਖ ਸਾਮਰਾਜ

ਬੰਦਾ ਦੀ ਜਿੱਤ ਅਤੇ ਰਾਜ ਦੇ ਬਾਰੇ ਪਹਿਲਾਂ ਵੀ ਲਿਖਿਆ ਜਾ ਚੁੱਕਾ ਹੈ। ਇਕ ਸਮੇਂ ਬੰਦਾ ਬਹਾਦਰ ਦਾ ਪ੍ਰਭਾਵ ਉੱਤਰ ਵਿਚ ਸਤਲੁਜ ਤੋਂ ਦੱਖਣ ਵਿਚ ਕਰਨਾਲ, ਪੱਛਮ ਵਿਚ ਫਿਰੋਜਪੁਰ-ਕਸੂਰ ਅਤੇ ਪੂਰਵ ਵਿਚ ਨਾਲਾਗੜ੍ਹ-ਨਾਹਨ ਤੱਕ ਸੀ। ਦੱਖਣ ਪੂਰਵ ਵਿਚ ਵੀ ਸਹਾਰਨਪੁਰ ਅਤੇ ਨਜੀਬਾਬਾਦ ਤੱਕ ਉਹ ਆਪਣੀ ਧਾਕ ਜਮਾ ਚੁੱਕਾ ਸੀ ਅਤੇ ਉੱਤਰ ਪੱਛਮ ਵਿਚ ਲਾਹੌਰ ਦੇ ਬਾਜ਼ਾਰਾਂ ਨੂੰ ਉਸਦੇ ਦਰਸ਼ਨ ਹੋ ਚੁੱਕੇ ਸਨ।

ਸ਼ਾਇਦ ਇਸ ਲਈ ਬੰਦਾ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਬੰਦਾ ਨੇ 1714-15 ਵਿਚ ਅੰਮ੍ਰਿਤਸਰ-ਲਾਹੌਰ ਦੀ ਯਾਤਰਾ ਅਪਣੀ ਤਾਜਪੋਸ਼ੀ ਵਾਸਤੇ ਕੀਤੀ ਸੀ। ਪਰ ਇਹ ਕੁਝ ਇਤਿਹਾਸਕਾਰਾਂ ਦਾ ਅਪਣਾ ਹੀ ਮਤ ਹੈ। ਬੰਦਾ ਦੀ ਸਭ ਤੋਂ ਵੱਡੀ ਗਲਤੀ ਇਹ ਸੀ ਕਿ ਉਸਨੇ ਜਿੱਤਾਂ ਤੋਂ ਬਾਦ ਸਿੱਖਾਂ ਨੂੰ ਆਪਣੀ ਅਗਵਾਈ ਵਿਚ ਇਕ ਜੁੱਟ ਨਹੀਂ ਕੀਤਾ।

ਬੰਦਾ ਦੇ ਜੀਵਨ ਦੀ ਤੁਲਨਾ ਕਈ ਮਹਾਂਪੁਰਖਾਂ ਨਾਲ ਕੀਤੀ ਜਾਂਦੀ ਹੈ। ਸ਼ਿਵਾਜੀ ਨੇ ਮਰਾਠਿਆਂ ਨੂੰ ਆਪਣੀ ਅਗਵਾਈ ਵਿਚ ਇਕੱਠਾ ਕੀਤਾ ਅਤੇ ਉਨ੍ਹਾਂ ਦੇ ਰਾਜਾ ਬਣੇ। ਛਤਰਪਾਲ ਬੁੰਦੇਲੇ ਨੇ ਔਰੰਗਜ਼ੇਬ ਦੇ ਵਿਰੁੱਧ ਬਗਾਵਤ ਕੀਤੀ ਅਤੇ ਬੁੰਦੇਲਖੰਡ ਨੂੰ ਆਪਣਾ ਰਾਜ ਬਣਾਇਆ। ਬਾਬਰ ਨੇ ਹਿੰਦੂਸਤਾਨ ਦੇ ਤਤਕਾਲੀ ਬਾਦਸ਼ਾਹ ਇਬਰਾਹੀਮ ਲੋਧੀ ਨੂੰ ਹਰਾਇਆ ਅਤੇ ਬਾਦਸ਼ਾਹ ਬਣ ਕੇ ਇਕ ਅਜੇਹੇ ਸਾਮਰਾਜ ਦੀ ਨੀਂਹ ਰੱਖੀ ਜੋ ਕਰੀਬ ਤਿੰਨ ਸੌ ਸਾਲ ਚੱਲਿਆ।

ਦੂਜੇ ਪਾਸੇ ਬੰਦਾ ਬਹਾਦਰ ਨੇ ਤਤਕਾਲੀ ਪੰਜਾਬ, ਹਰਿਆਣਾ ਪ੍ਰਦੇਸ਼ ਅਤੇ ਉੱਤਰ ਭਾਰਤ, ਕਾਫੀ ਕੁਝ ਹਿਮਾਚਲ ਨੂੰ ਜਿੱਤਿਆ ਅਤੇ ਜੰਮੂ ਅਤੇ ਲਾਹੌਰ ਤੱਕ ਆਪਣੀ ਤਲਵਾਰ ਦੀ ਧਾਕ ਜਮਾਈ।

ਪਰ ਇਹ ਕਰਕੇ ਸਭ ਕੁਝ ਵੰਡ ਦਿੱਤਾ। ਬਾਜ਼ ਸਿੰਘ ਨੂੰ ਸਰਹੰਦ, ਫਤਹਿ ਸਿੰਘ ਨੂੰ ਥਾਨੇਸਰ, ਰਾਮ ਸਿੰਘ ਨੂੰ ਲੁਧਿਆਣਾ, ਫੁਲਕੀਆਂ ਰਾਜਿਆਂ ਨੂੰ ਪਟਿਆਲਾ ਆਦਿ ਦੇ ਕੇ ਆਪ ਬੀਆਬਾਨ ਲੋਹਗੜ੍ਹ ਵਿਚ ਜਾ ਬੈਠਾ। ਕਿਉਂਕਿ ਜਿੱਤੇ ਹੋਏ ਪ੍ਰਦੇਸ਼ ਦਾ ਇਕ ਸਿਆਸੀ ਕੇਂਦਰ ਨਹੀਂ ਬਣਿਆ ਇਸ ਲਈ ਰਾਜ ਅਤੇ ਪ੍ਰਸ਼ਾਸਨ

ਇਕ ਜੁੱਟ ਨਾ ਹੋਇਆ। ਨਾ ਹੀ ਕੋਈ ਪੂਰੀ ਪੱਕੀ ਫੌਜ ਬਣੀ। ਆਖਰ ਸ਼ਿਵਾਜੀ ਨੇ ਅਤੇ ਮਹਾਰਾਣਾ ਪ੍ਰਤਾਪ ਨੇ ਆਪਣੇ ਛੋਟੇ ਪਰ ਕੇਂਦਰਤ ਰਾਜਾਂ ਤੋਂ ਹੀ ਇਕ ਮਜ਼ਬੂਤ ਕੇਂਦਰੀ ਮੁਗਲ ਸਰਕਾਰ ਨਾਲ ਲੋਹਾ ਲਿਆ ਸੀ ਅਤੇ ਉਸ ਨੂੰ ਬੁਰੀ ਤਰ੍ਹਾਂ ਦਰੜਿਆ ਸੀ ਪਰ ਬੰਦਾ ਇੰਜ ਨਾ ਕਰ ਸਕਿਆ। ਅਸਲ ਵਿਚ ਬੰਦਾ ਨੇ ਕਦੀ ਆਪਣੇ ਬੈਰਾਗੀ ਬਾਣੇ ਨੂੰ ਖ਼ੁਦ ਤੋਂ ਅੱਡ ਨਹੀਂ ਕੀਤਾ। ਉਸ ਦੀਆਂ ਕੁਰਬਾਨੀਆਂ ਨੂੰ ਸਿੱਖਾਂ ਵਿਚ ਸਿਰਫ ਪੰਜ ਸਾਲ ਵਾਸਤੇ ਅਸਥਾਈ ਨਾਂ ਹੀ ਮਿਲ ਸਕਿਆ।

------

# ਘਰ ਨੂੰ ਲੱਗੀ ਅੱਗ ਘਰ ਦੇ ਚਿਰਾਗ ਨਾਲ

ਅੰਮ੍ਰਿਤਸਰ ਤੋਂ ਮੁੜਨ ਵੇਲੇ ਬੰਦਾ ਉਦਾਸ ਸੀ। ਰਾਹ ਵਿਚ ਉਸਦੇ ਮਨ ਵਿਚ ਤੂਫਾਨ ਉਠਦਾ ਰਿਹਾ। ਘੋੜਿਆਂ ਦੀ ਟਾਪ ਉਸਦੇ ਮਨ ਵਿਚ ਲਗਾਤਾਰ ਥਾਪ ਦੇ ਰਹੀ ਸੀ ਪਰ ਆਪਣੇ ਅੰਤਰ ਦਵੰਦ ਵਿਚ ਖੋਏ ਹੋਏ ਉਸਨੂੰ ਕੁਝ ਵੀ ਸੁਣਾਈ ਨਹੀ ਦੇ ਰਿਹਾ ਸੀ। ਸਿਖਾਂ ਦੀ ਤਾਕਤ ਅੱਧੋ ਅੱਧੇ ਵਿਚ ਵੰਡ ਗਈ ਸੀ। ਗੱਲ ਇਹ ਸੀ ਕਿ ਭਰਾ ਭਰਾ ਤੇ ਤਲਵਾਰ ਚਲਾਈ ਜਾ ਰਿਹਾ ਸੀ। ਕੀ ਇਹ ਵੰਡੀ ਹੋਈ ਕੌਮ ਮੁਗਲ ਸਮਰਾਜ ਦੀ ਤਾਕਤ ਨੂੰ ਚੁਨੌਤੀ ਦੇ ਸਕੇਗੀ? ਇਹ ਸਭ ਕਿਵੇਂ ਹੋਇਆ ਅਤੇ ਕਿਸਨੇ ਕੀਤਾ? ਇਸ ਵਿਚ ਉਸ ਦਾ ਆਪਣਾ ਫਰਜ਼ ਕੀ ਸੀ?

ਬੰਦੇ ਵਰਗਾ ਵਿਹਾਰਕ ਵਿਅਕਤੀ ਕਿਸੇ ਦੇ ਸਵਾਲ ਤੇ ਬਹੁਤਾ ਚਿਰ ਟਿਕਣ ਵਾਲਾ ਨਹੀਂ ਸੀ । ਜੋ ਹੋ ਗਿਆ ਉਸ ਤੇ ਵਧੇਰੇ ਸੋਚਣਾ ਵਰਤਮਾਨ ਦਾ ਅਨਾਦਰ ਕਰਨਾ ਸੀ। ਉਸਨੇ ਜੋ ਕੀਤਾ ਸੀ, ਗੁਰੂ ਦੀ ਆਗਿਆ ਦਾ ਵਡੱਪਣ ਬਣਾ ਕੇ ਰੱਖਣ ਵਾਸਤੇ ਹੀ ਕੀਤਾ ਸੀ। ਜੇ ਗੁਰੂ ਸਾਹਿਬ ਇਸ ਵੇਲੇ ਹੁੰਦੇ ਤਾਂ ਉਨ੍ਹਾਂ ਦੀ ਰਾਏ ਕੀ ਹੁੰਦੀ? ਗੁਰੂ ਦੀ ਹਾਜ਼ਰੀ ਵਿਚ ਆਖ਼ਰ ਉਹ ਕਦੋਂ ਪੇਸ਼ ਹੋਇਆ ਸੀ।

ਘੋੜੇ ਤੇ ਚੱਲਦੇ ਚੱਲਦੇ ਹੀ ਉਸਨੇ ਅਗਲੇ ਕਦਮ ਬਾਰੇ ਆਪਣਾ ਮਨ ਬਣਾ ਲਿਆ ਸੀ। ਫੈਸਲਾ ਕਰਦੇ ਹੀ ਉਸਦੇ ਮਨ ਦੀ ਦੁਚਿੱਤੀ ਟੁੱਟ ਗਈ। ਉਸ ਦਾ ਫਰਜ ਅਜੇ ਵੀ ਉਹੀ ਸੀ,ਜਿਸ ਵਾਸਤੇ ਉਹ ਨੰਦੇੜ ਤੋਂ ਚੱਲਿਆ ਸੀ। ਅੱਧੇ ਜਾਂ ਪੂਰੇ,ਉਸ ਨੂੰ ਅਜੇ ਵੀ ਆਪਣੇ ਉਸੇ ਮਕਸਦ ਵਾਸਤੇ ਲੜਣਾ ਹੋਵੇਗਾ। ਪਰ ਮਾਤਾ ਜੀ ਦੀ ਆਗਿਆ......

ਰਾਤ ਹੁੰਦੇ ਹੁੰਦੇ ਗੁਰਦਾਸਪੁਰ ਸ਼ਹਿਰ ਦੇ ਉੱਤਰ ਵਿਚ ਡੇਰਾ ਬਾਬਾ ਨਾਨਕ ਵਿਚ ਅਜੇ ਪੁਜੇ ਹੀ ਸਨ ਕਿ ਬੰਦਾ ਨੇ ਘੋੜਾ ਰੋਕ ਲਿਆ। ਸੈਨਿਕਾਂ ਨੇ ਛੇਤੀ ਛੇਤੀ ਤੰਬੂ ਗੱਡੇ। ਪਰ ਉਸ ਤੋਂ ਪਹਿਲਾਂ ਹੀ ਬੰਦਾ ਵਖਰਾ ਇਕ ਦਰਖਤ ਦੇ ਥੱਲੇ ਧਿਆਨ ਮਗਨ ਹੋ ਚੁਕਾ ਸੀ। ਸਮਝਦਾਰ ਸੈਨਿਕਾਂ ਨੇ ਸਥਿਤੀ ਭਾਂਪ ਕੇ ਬੰਦੇ ਨੂੰ ਖਾਣਾ ਖਾਣ ਵਾਸਤੇ ਵੀ ਨਹੀਂ ਉਠਾਇਆ।

"ਹੇ ਭਗਵਾਨ, ਹਨੇਰਾ ਹੀ ਹਨੇਰਾ! ਕੀ ਸਵੇਰ ਕਦੀ ਨਹੀ ਹੋਵੇਗੀ? ਇਸ ਵਧਦੀ ਹੋਈ ਕਾਲਖ਼ ਤੋਂ ਮੈਨੂੰ ਬਚਾਉ ਗੁਰੂ ਜੀ।"

ਬੰਦਾ ਦੇ ਚਿਹਰੇ ਤੇ ਆਉਂਦੇ ਜਾਂਦੇ ਭਾਵ ਉਸ ਦੇ ਮਨ ਦੇ ਦਵੰਦ ਦਾ ਸ਼ੀਸ਼ਾ ਬਣੇ ਹੋਏ ਸੀ। ਸਵੇਰ ਹੋ ਚੁਕੀ ਸੀ ਅਤੇ ਬੰਦਾ ਅਜੇ ਵੀ ਅਡੋਲ ਬੈਠਾ ਸੀ। ਉਸ ਦਾ ਮਨ ਰੋ ਰਿਹਾ ਸੀ, ਕੌਮ ਵਾਸਤੇ ਅਤੇ ਗੁਰੂ ਤੱਕ ਨਾ ਪੁੱਜਣ ਕਰਕੇ। ਅਚਾਨਕ ਉਸ ਦੀ ਸਮਝ ਵਿਚ ਆ ਗਿਆ,ਇਹ ਹਨੇਰਾ ਹੀ ਉਸਦੇ ਸਵਾਲਾਂ ਦਾ ਉੱਤਰ ਸੀ।

ਆਪਣੇ ਡੁੱਬਦੇ ਭਵਿੱਖ ਨੂੰ ਉਸਨੇ ਇਸ ਹਨੇਰੇ ਵਿਚ ਵੇਖਿਆ। ਆਸ ਛੱਡਣ ਦੀ ਬਜਾਏ ਉਸ ਨੇ ਮਨ ਨੂੰ ਦ੍ਰਿੜ੍ਹ ਬਣਾਇਆ। "ਮੈਂ ਮੌਤ ਤੋਂ ਨਹੀਂ ਡਰਦਾ, ਗੁਰੂ ਜੀ। ਅੱਜ ਤੁਸੀਂ ਮੇਰੇ ਭਵਿੱਖ ਦੀ ਝਲਕ ਵਿਖਾਕੇ ਮੇਰੇ ਮਨ ਤੋਂ ਇਕ ਵੱਡਾ ਬੋਝ ਚੁੱਕ ਦਿੱਤਾ ਹੈ। ਕੌਮ ਵਾਸਤੇ ਮੇਰਾ ਫਰਜ਼ ਖਤਮ ਹੋਣ ਦਾ ਸਮਾਂ ਆ ਗਿਆ ਹੈ। ਪਰ ਮੇਰੇ ਬਾਦ ਵੀ ਕੌਮ ਫਲੇ-ਫੁੱਲੇਗੀ ਅਤੇ ਅੱਗੇ ਵਧੇਗੀ।"

*****

ਇਸ ਤੋਂ ਬਾਦ ਬੰਦਾ ਸ਼ਾਂਤ ਚਿੱਤ ਸੀ। ਉਸ ਦੇ ਚਿਹਰੇ ਤੇ ਖੁਸ਼ੀ ਦੇ ਭਾਵ ਸਨ। ਹੁੰਦੇ ਵੀ ਕਿਉਂ ਨਾ ਜਦੋਂ ਕਿ ਉਸ ਨੇ ਆਪਣਾ ਮਾਰਗ ਤੈਅ ਕਰ ਲਿਆ ਸੀ ? ਹੁਣ ਉਸ ਦੇ ਮਨ ਵਿਚ ਕੋਈ ਸ਼ੰਕਾ ਨਹੀਂ ਸੀ।

ਗੁਰਦਾਸਪੁਰ, ਬਟਾਲਾ, ਅੰਮ੍ਰਿਤਸਰ ਅਤੇ ਲਾਹੌਰ ਦਾ ਚੱਪਾ-ਚੱਪਾ ਹੁਣ ਬੰਦੇ ਦਾ ਜਾਣਿਆਂ ਹੋਇਆ ਸੀ। ਫਿਲਹਾਲ ਉਸਨੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੀ ਆਪਣੀ ਮੁਹਿੰਮ ਜਾਰੀ ਰੱਖਣ ਦਾ ਫੈਸਲਾ ਕੀਤਾ। ਉਸੇ ਪਲ ਸੂਹੀਆ ਦੌੜਿਆ ਦੌੜਿਆ ਆਇਆ, "ਸਰਦਾਰ, ਲਾਹੌਰ ਤੋਂ ਵੀਹ ਹਜ਼ਾਰ ਦੀ ਮੁਗਲ ਫੌਜ, ਅਬਦੁਸ ਸਮਦ ਖਾਂ ਦੀ ਕਮਾਨ ਵਿਚ ਰਵਾਨਾ ਹੋ ਚੁੱਕੀ ਹੈ।" ਰਵਾਨਾ ਹੋ ਕੇ ਫੌਜ ਕਿਸ ਦੇ ਪਿੱਛੇ ਆਏਗੀ, ਇਹ ਸੋਚਣਾ ਮੁਸ਼ਕਿਲ ਨਹੀਂ ਸੀ। ਫੌਜ ਦੀ ਤਾਦਾਦ ਨੇ ਉਸ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ।

"ਤਾਂ ਅਸੀਂ ਗੁਰਦਾਸਪੁਰ ਵੱਲ ਰਵਾਨਾ ਹੁੰਦੇ ਹਾਂ, ਬਾਜ਼ ਸਿੰਘ।" ਬਾਜ਼ ਸਿੰਘ ਨੂੰ ਬੰਦਾ ਦੀ ਯੁੱਧ ਨੀਤੀ ਤੇ ਪੂਰਾ ਭਰੋਸਾ ਸੀ। ਆਖਰ ਬੰਦਾ ਪੰਜ ਸਾਲਾਂ ਤੋਂ ਬਰਾਬਰ ਛੋਟੀਆਂ ਫੌਜਾਂ ਲੈ ਕੇ ਮੁਗਲਾਂ ਨਾਲ ਲੜ ਰਿਹਾ ਸੀ। ਉਸ ਨੇ ਸਹਿਮਤੀ ਨਾਲ ਸਿਰ ਹਿਲਾਇਆ ਅਤੇ ਫੌਜ ਉੱਤਰ ਪੂਰਵ ਵੱਲ ਵਧ ਚੱਲੀ। ਪਰ ਗੁਰਦਾਸਪੁਰ ਆਪਣੇ ਕਿਲੇ ਤੇ ਖਤਰੇ ਨੂੰ ਥੋੜ੍ਹਾ ਟਾਲਣ ਵਾਸਤੇ ਉਸਨੇ ਕਲਾਨੌਰ ਅਤੇ ਬਟਾਲਾ ਦੇ ਵਿਚਕਾਰ ਇਕ ਪਿੰਡ ਕੋਟ ਮਿਰਜ਼ਾ ਜਾਨ ਵਿਚ ਇਕ ਮਿੱਟੀ ਦਾ ਕਿਲਾ

ਬਣਵਾਇਆ। ਇਹ ਕੰਮ ਪੂਰਾ ਨਹੀਂ ਹੋਇਆ ਉਸ ਤੋਂ ਪਹਿਲਾਂ ਅਬਦੁਸ ਸਮਦ ਖ਼ਾਨ ਅਤੇ ਉਸ ਦੇ ਮਤਹਿਤ ਆਰਿਫ਼ ਬੇਗ ਉੱਥੇ ਪੁੱਜ ਗਏ ਅਤੇ ਪਿੰਡ ਨੂੰ ਘੇਰਾ ਪਾ ਲਿਆ। ਹਾਲਾਤ ਉਲਟ ਹੋਣ ਦੇ ਬਾਵਜੂਦ ਬੰਦਾ ਬਹਾਦਰ ਨੇ ਉੱਥੇ ਪੂਰੀ ਲੜਾਈ ਲੜੀ ਪਰ ਕਿਲਾ ਪੱਕਾ ਨਾ ਹੋਣ ਕਰਕੇ ਛੇਤੀ ਹੀ ਉਸ ਨੂੰ ਛੱਡਣਾ ਪਿਆ। ਬਟਾਲਾ ਦੇ ਨੇੜੇ ਤੱਕ ਪੁੱਜਣ ਤੋਂ ਪਹਿਲਾਂ ਉਸ ਨੂੰ ਇਕ ਹੋਰ ਸੰਦੇਸ਼ਾ ਮਿਲ ਚੁੱਕਾ ਸੀ। ਅਬਦੁਸ ਸਮਦ ਦਾ ਬੇਟਾ ਜ਼ਕਰੀਆ ਖਾਂ, ਜੰਮੂ ਦਾ ਸੂਬੇਦਾਰ, ਕੋਈ ਪੰਜ ਹਜ਼ਾਰ ਦੀ ਫੌਜ ਲੈ ਕੇ ਜੰਮੂ ਤੋਂ ਰਵਾਨਾ ਹੋ ਚੁੱਕਾ ਸੀ। ਇਨ੍ਹਾਂ ਦੋਹਾਂ ਫੌਜਾਂ ਨਾਲ ਇਕੱਠਾ ਲੋਹਾ ਲੈਣ ਦੀ ਹੁਣ ਇਕ ਹੀ ਥਾਂ ਸੀ, ਗੁਰਦਾਸਪੁਰ ਦਾ ਕਿਲਾ। ਪਿਛਲੇ ਸਾਲ ਪਹਾੜਾਂ ਨੂੰ ਜਾਂਦੇ ਸਮੇਂ ਬੰਦਾ ਨੇ ਇਕ ਮਹੱਤਵਪੂਰਨ ਕੰਮ ਕੀਤਾ ਸੀ। ਉਸਨੇ ਵੇਖਿਆ ਕਿ ਜੰਮੂ, ਗੁਰਦਾਸਪੁਰ ਅਤੇ ਬਟਾਲਾ ਆਦਿ ਦਾ ਇਲਾਕਾ ਉਸਦਾ ਮੁਹਿੰਮ ਕੇਂਦਰ ਬਣ ਰਿਹਾ ਸੀ। ਮਾਲਵਾ ਦਾ ਖੇਤਰ ਉਸ ਨੇ ਇਕ ਤੋਂ ਵੱਧ ਵਾਰੀ ਜਿੱਤ ਕੇ ਵੱਖੋ-ਵੱਖਰੇ ਸਰਦਾਰਾਂ ਨੂੰ ਸੌਂਪ ਰੱਖਿਆ ਸੀ। ਹੁਣ ਇਹੀ ਸਰਦਾਰ ਸੁਤੰਤਰ ਰੂਪ ਵਿਚ ਮੁਗਲਾਂ ਨਾਲ ਲੋਹਾ ਲੈਣ ਲੱਗੇ ਸਨ। ਫੇਰ ਗੁਰਦਾਸਪੁਰ ਦੇ ਪਹਾੜੀ ਇਲਾਕੇ ਤੋਂ ਉਹ ਬਿਨਾਂ ਮੈਦਾਨਾਂ ਵਿਚ ਉੱਤਰੇ ਲੋਹਗੜ੍ਹ ਪੁੱਜ ਸਕਦਾ ਸੀ ਜਾਂ ਜੰਮੂ ਤੋਂ ਉੱਪਰ ਜਾ ਕੇ ਰਿਆਸੀ ਵਿਚ ਆਪਣੇ ਸ਼ਾਂਤੀਪੂਰਨ ਡੇਰੇ ਪੁੱਜ ਸਕਦਾ ਸੀ। ਇਸ ਲਈ ਉਸ ਨੇ ਗੁਰਦਾਸਪੁਰ ਵਿਚ ਇਕ ਨਵਾਂ ਕਿਲਾ ਬਣਾਇਆ ਸੀ ਜਿਸ ਵਿਚ ਪਾਣੀ ਅਤੇ ਰਸਦ ਦਾ ਭੰਡਾਰ ਭਰ ਲਿਆ ਸੀ। ਇਸ ਕਿਲੇ ਦੀਆਂ ਦੀਵਾਰਾਂ ਨੀਵੀਆਂ ਪਰ ਅਭੇਦ ਸਨ। ਕਿਲੇ ਵਿਚ ਇਕੋ ਵਾਰੀ ਸੱਠ ਹਜ਼ਾਰ ਫੌਜੀ ਅਤੇ ਨਾਗਰਿਕ ਸਮਾ ਸਕਦੇ ਸਨ।

"ਮੁਗਲ ਫੌਜਾਂ ਦੇ ਆਉਣ ਤੋਂ ਪਹਿਲਾਂ ਸਾਨੂੰ ਗੁਰਦਾਸਪੁਰ ਪੁੱਜਣਾ ਹੋਵੇਗਾ, ਬਾਜ਼ ਸਿੰਘ।"

ਬਾਜ਼ ਸਿੰਘ ਨੇ ਸਹਿਮਤੀ ਜਤਾਈ ਅਤੇ ਪੂਰੇ ਵੇਗ ਨਾਲ ਫੌਜਾਂ ਗੁਰਦਾਸਪੁਰ ਵੱਲ ਵਧ ਚੱਲੀਆਂ। ਹਜ਼ਾਰ ਤੋਂ ਵੱਧ ਘੁੜਸਵਾਰ ਅੱਗੇ ਅਤੇ ਬਾਕੀ ਪੈਦਲ ਪਿੱਛੇ ਪਿੱਛੇ ਹੋ ਲਏ।

ਪਰ ਇਸ ਵਾਰੀ ਕਿਸਮਤ ਨੇ ਬੰਦਾ ਦਾ ਸਾਥ ਨਾ ਦਿੱਤਾ। ਗੁਰਦਾਸਪੁਰ ਅਜੇ ਪੰਜ ਮੀਲ ਰਹਿੰਦਾ ਸੀ ਕਿ ਦੱਖਣ ਤੋਂ ਵਧਦੀ ਇਕ ਹੋਰ ਮੁਗਲ ਫੌਜ ਦੀ ਉੱਡਦੀ ਧੂੜ ਨਜ਼ਰ ਆਈ। ਸਰਹੰਦ ਦੇ ਸੂਬੇਦਾਰ ਖਿਦਮਤ ਤਲਬ ਖਾਂ ਦੇ ਸੱਤ ਹਜ਼ਾਰ ਘੁੜਸਵਾਰਾਂ ਨੇ ਜਿਵੇਂ ਹੀ ਬੰਦੇ ਦੀ ਫੌਜ ਨੂੰ ਵੇਖਿਆ ਉਨ੍ਹਾਂ ਦੀ ਖੁਸ਼ੀ ਦਾ

ਠਿਕਾਣਾ ਨਾ ਰਿਹਾ। 'ਯਾ ਅਲੀ-ਯਾ ਅਲੀ' ਦਾ ਨਾਹਰਾ ਲਾਉਂਦੇ ਫੌਜ ਨੇ ਤਲਵਾਰਾਂ ਧੂਹ ਲਈਆਂ ਅਤੇ ਸਰਪਟ ਅੱਗੇ ਦੌੜਨਾ ਸ਼ੁਰੂ ਕਰ ਦਿੱਤਾ। ਅਬਦੁਸ ਸਮਦ ਦੀ ਫੌਜ ਵੀ ਬਹੁਤੀ ਦੂਰ ਨਹੀਂ ਸੀ। ਉੱਤਰ ਤੋਂ ਆਉਂਦੀ ਫੌਜ ਵੀ ਪਤਾ ਨਹੀਂ ਕਦੋਂ ਸਾਮ੍ਹਣੇ ਆ ਜਾਵੇ, ਬੰਦੇ ਨੂੰ ਖਦਸ਼ਾ ਸੀ। ਗੁਰੂ ਦੇ ਸੁਪਨੇ ਵਾਲਾ ਹਨੇਰਾ ਅੱਖਾਂ ਦੇ ਸਾਮ੍ਹਣੇ ਨਜ਼ਰ ਆਇਆ।

ਦੱਖਣ ਤੋਂ ਆਉਂਦੀ ਫੌਜ ਨੇ ਕੋਲ ਆ ਕੇ ਲੜਾਈ ਸ਼ੁਰੂ ਕਰ ਦਿੱਤੀ। ਜੇ ਬਾਕੀ ਮੁਗਲ ਫੌਜਾਂ ਵੀ ਪੁੱਜ ਗਈਆਂ ਤਾਂ ਉਹ ਖੁਲ੍ਹੇ ਮੈਦਾਨ ਵਿਚ ਤਿੰਨ ਪਾਸਿਉਂ ਫਸ ਜਾਂਦਾ। ਅਜਿਹੇ ਵੇਲੇ ਉਸਨੂੰ ਗੁਰਦਾਸਪੁਰ ਦੇ ਬਚੇ ਪੰਜ ਮੀਲ ਦਾ ਸਫਰ ਵੀ ਦੁੱਭਰ ਲੱਗਾ।

ਸਿਰਫ ਇਕ ਮੀਲ ਅੱਗੇ ਗੁਰਦਾਸ ਨੰਗਲ ਪਿੰਡ (ਹੁਣ ਬੰਦਿਆਂ ਵਾਲਾ) ਵਿਚ ਸੇਠ ਦੁਨੀ ਚੰਦ ਦੀ ਕੋਠੀ ਸੀ। ਬੰਦਾ ਦਾ ਕਿਰਪਾ ਪਾਤਰ ਸੇਠ ਦੁਨੀ ਚੰਦ ਸਥਾਨਕ ਸ਼ਕਤੀਦਲ ਦਾ ਪ੍ਰਧਾਨ ਸੀ। ਚੁਣਵੀਆਂ ਫੌਜਾਂ ਨੂੰ ਇਸ਼ਾਰਾ ਕਰਕੇ ਬੰਦਾ ਨੇ ਉੱਤਰ ਵੱਲ ਇਸੇ ਪਿੰਡ ਵੱਲ ਦੌੜ ਲਾਈ ਜਿੱਥੇ ਪੁਰੋਵਾਲ ਆਦਿ ਸਾਰੇ ਰਾਜਪੂਤਾਂ ਦੇ ਪਿੰਡ ਸਨ। ਦੱਖਣ ਤੋਂ ਆਉਂਦੇ ਮੁਗਲਾਂ ਨੇ ਪੂਰਵ ਵੱਲ ਰੁਖ ਕਰ ਲਿਆ। ਜਿਸ ਨਾਲ ਬੰਦੇ ਨੂੰ ਗੁਰਦਾਸਪੁਰ ਕਿਲੇ ਵਿਚ ਵੜਨੋਂ ਰੋਕਿਆ ਜਾ ਸਕੇ। ਇਸ ਨਾਲ ਬੰਦਾ ਨੂੰ ਇਕ ਪਹਿਰ ਦਾ ਸਮਾਂ ਮਿਲ ਗਿਆ ਜਿਸ ਵਿਚ ਕੋਈ ਤੇਰਾਂ ਸੌ ਸੈਨਿਕ ਦੁਨੀ ਚੰਦ ਦੀ ਹਵੇਲੀ ਵਿਚ ਵੜ ਗਏ। ਫੁਰਤੀ ਨਾਲ ਉਨ੍ਹਾਂ ਨੇ ਅਹਾਤੇ ਦੀਆਂ ਦੀਵਾਰਾਂ ਤੇ ਇੱਟਾਂ ਦੀਆਂ ਕੱਚੀਆਂ ਬੁਰਜੀਆਂ ਬਣਾ ਲਈਆਂ ਅਤੇ ਉਨ੍ਹਾਂ ਵਿਚ ਤੀਰ ਅੰਦਾਜ਼ ਤੈਨਾਤ ਕਰ ਦਿਤੇ। ਇਕ ਦਸਤਾ ਨਾਲ ਦੀ ਨਹਿਰ ਤੋਂ ਕੋਠੀ ਦੇ ਚਾਰੇ ਪਾਸੇ ਵਾਲੀ ਖਾਈ ਵਿਚ ਪਾਣੀ ਖਿੱਚਣ ਲੱਗ ਪਿਆ।

ਜਦੋਂ ਸਰਹੰਦ ਦੀਆਂ ਫੌਜਾਂ ਨੂੰ ਗੁਰਦਾਸਪੁਰ ਵਿਚ ਉਡੀਕ ਕਰਕੇ ਕਾਫੀ ਸਮਾਂ ਗੁਜ਼ਰ ਗਿਆ ਤਾਂ ਉਨ੍ਹਾਂ ਨੇ ਅੰਮ੍ਰਿਤਸਰ ਵੱਲ ਦੌੜ ਲਾਈ। ਇਹ ਵੇਖਣ ਵਾਸਤੇ ਕਿ ਬੰਦਾ ਕਿੱਥੇ ਰਹਿ ਗਿਆ ਹੈ। ਐਨੇ ਵਿਚ ਅਬਦੁਸ ਸਮਦ ਖਾਂ ਦੀ ਵੱਡੀ ਫੌਜ ਵੀ ਪੁੱਜ ਗਈ ਅਤੇ ਦੋਹਾਂ ਨੇ ਮਿਲ ਕੇ ਹਵੇਲੀ ਨੂੰ ਪੂਰਾ ਘੇਰ ਲਿਆ। ਉਦੋਂ ਤੱਕ ਬੰਦਾ ਨੇ ਰਸਦ ਪਾਣੀ ਦਾ ਭੰਡਾਰ ਇਕੱਠਾ ਕਰ ਲਿਆ ਅਤੇ ਘੇਰੇ ਵਾਸਤੇ ਤਿਆਰ ਹੋ ਗਿਆ। ਸਿੱਖਾਂ ਦਾ ਇਕ ਛੋਟਾ ਦਸਤਾ ਘੋੜਿਆਂ ਦੇ ਚਾਰੇ ਲਈ ਬਾਹਰ ਨਿਕਲਿਆ ਸੀ। ਇਹ ਦਸਤਾ ਕਈ ਹਜ਼ਾਰ ਮੁਗਲਾਂ ਵਿਚਕਾਰ ਫਸ ਗਿਆ ਅਤੇ ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੇ ਤਸੀਹੇ ਦੇ ਕੇ ਮਾਰ ਦਿੱਤਾ ਗਿਆ।

ਅਸਲ ਵਿਚ ਬੰਦੇ ਦੀ ਯੋਜਨਾ ਇਹੀ ਸੀ ਕਿ ਮੌਕਾ ਦੇਖ ਕੇ ਰਾਤ ਵੇਲੇ ਕੋਠੀ ਤੋਂ ਭੱਜ ਕੇ ਗੁਰਦਾਸਪੁਰ ਕਿਲੇ ਵਿਚ ਜਾਂ ਸੌ ਮੀਲ ਦੂਰ ਜੰਮੂ ਦੀਆਂ ਪਹਾੜੀਆਂ ਵਿਚ ਸ਼ਰਨ ਲਈ ਜਾਵੇ। ਪਰ ਤਿੰਨ ਦਿਸ਼ਾਵਾਂ ਤੋਂ ਘਿਰਨ ਤੋਂ ਬਾਦ ਹੁਣ ਇਸ ਦਾ ਕੋਈ ਮੌਕਾ ਨਹੀਂ ਸੀ। ਦੂਜੇ ਪਾਸੇ ਮੁਗਲ ਫੌਜਾਂ ਵਾਸਤੇ ਵੀ ਅੰਦਰ ਵੜਨਾ ਉਨਾ ਹੀ ਮੁਸ਼ਕਿਲ ਸੀ। ਦੀਵਾਰਾਂ ਤੇ ਕੋਈ ਵੀਹ ਬੁਰਜ ਬਣੇ ਹੋਏ ਸਨ ਜਿੱਥੋਂ ਚੁਕੰਨੇ ਸਿੱਖ ਤੀਰਅੰਦਾਜ਼ ਆੜ ਵਿਚੋਂ ਲਗਾਤਾਰ ਘਾਤਕ ਤੀਰ ਵਰਸਾਅ ਰਹੇ ਸਨ ਅਤੇ ਗੋਲੀਆਂ ਚਲਾ ਰਹੇ ਸਨ।

ਘੇਰੇ ਦੇ ਤੀਜੇ ਹੀ ਦਿਨ ਮੁਗਲ ਫੌਜ ਦੇ ਹਜ਼ਾਰ ਹਜ਼ਾਰ ਦੇ ਤਿੰਨ ਦਸਤਿਆਂ ਨੇ ਤਿੰਨ ਪਾਸਿਉਂ ਹਮਲਾ ਕਰ ਦਿੱਤਾ। ਪੌੜੀਆਂ ਅਤੇ ਫੱਟੇ ਰੱਖ ਕੇ ਖਾਈ ਨੂੰ ਪਾਰ ਕੀਤਾ। ਐਨੇ ਵਿਚ ਚੁਕੰਨੇ ਬੁਰਜਮਾਨਾਂ ਨੇ ਸ਼ੋਰ ਮਚਾ ਦਿੱਤਾ ਅਤੇ ਕਈ ਹੋਰ ਸਿੱਖ ਸੂਰਮੇ ਬੁਰਜੀਆਂ ਦੇ ਇੱਧਰੋ-ਉੱਧਰੋਂ ਪ੍ਰਗਟ ਹੋ ਗਏ। ਸਿਰਫ ਇਕ ਪੈਰ ਬੁਰਜੀ ਤੇ ਟਿਕਿਆ ਹੋਣ ਤੇ ਵੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਉਨ੍ਹਾਂ ਨੇ ਤੀਰਾਂ ਦੀ ਬੁਛਾੜ ਕੀਤੀ। ਮੁਗਲਾਂ ਦੇ ਸਰੀਰਾਂ ਨਾਲ ਖਾਈ ਭਰ ਦਿੱਤੀ ਗਈ।

ਹੁਣ ਮੁਗਲ ਤੀਰ ਅੰਦਾਜ਼ਾਂ ਨੇ ਵੀ ਆੜ ਲੈ ਕੇ ਸਿੱਖਾਂ ਨੂੰ ਡੇਗਣਾ ਸ਼ੁਰੂ ਕਰ ਦਿੱਤਾ। ਥੋੜ੍ਹੀ ਹੀ ਦੇਰ ਵਿਚ ਪਾਸਾ ਪਲਟ ਗਿਆ ਅਤੇ ਦਰਜਨਾਂ ਪੌੜੀਆਂ ਦੀਵਾਰ ਤੇ ਟਿਕ ਗਈਆਂ। ਛੇਤੀ ਛੇਤੀ ਚੜ੍ਹ ਕੇ ਕੁਝ ਮੁਗਲ ਦੀਵਾਰ ਤੇ ਉੱਤੇ ਪੁੱਜੇ ਤਾਂ ਸਿੱਖ ਸੂਰਮਿਆਂ ਦੇ ਰੂਪ ਵਿਚ ਉਨ੍ਹਾਂ ਨੂੰ ਸਾਖਿਆਤ ਕਾਲ ਨੂੰ ਹੀ ਆਪਣੀਆਂ ਅੱਖਾਂ ਵਿਚ ਝਾਕਦੇ ਪਾਇਆ। ਇਕ ਹੀ ਝਟਕੇ ਵਿਚ ਉਪਰ ਵਾਲਾ ਪਿਆਦਾ ਮਾਰਿਆ ਗਿਆ ਤੇ ਪੌੜੀਆਂ ਉਲਟਾ ਦਿੱਤੀਆਂ ਗਈਆਂ। ਦੋ ਇਕ ਮੁਗਲ ਸਿਪਾਹੀ ਜੋ ਅੰਦਰ ਵੜੇ ਉਹ ਗਸ਼ਤੀ ਸਿੱਖ ਪਿਆਦਿਆਂ ਨੇ ਫੌਰਨ ਮਾਰ ਦਿੱਤੇ। ਮੁਗਲ ਹਮਲਾ ਅਸਫਲ ਹੋਇਆ। ਹਵਾ ਵਿਚ ਕੌੜਾ ਨਮਕ ਛਿੜਕਣ ਲਈ ਇਕ ਸਿੱਖ ਦਸਤਾ ਚੌਥੇ ਪਾਸੇ ਦਾ ਦਰਵਾਜ਼ਾ ਖੋਲ੍ਹ ਕੇ ਬਾਹਰ ਨਿੱਕਲਿਆ ਅਤੇ ਮੁਗਲ ਸਿਪਾਹੀਆਂ ਦਾ ਨੁਕਸਾਨ ਕਰਕੇ ਬਿਨਾਂ ਕਿਸੇ ਹਾਨੀ ਦੇ ਵਾਪਸ ਦੀਵਾਰਾਂ ਦੇ ਅੰਦਰ ਆ ਵੜਿਆ।

ਮੁਗਲ ਸਿਪਾਹੀਆਂ ਨੇ ਬਾਦ ਵਿਚ ਪਛਾਣਿਆਂ ਕਿ ਵਿਚ-ਵਿਚ ਬੁਰਜੀਆਂ ਤੇ ਚੜ੍ਹ ਕੇ ਇਕ ਘਣੀ ਦਾੜ੍ਹੀ ਵਾਲਾ ਮਜਬੂਤ ਸਿੱਖ ਤੀਰਾਂ ਦੀ ਵਰਖਾ ਕਰ ਰਿਹਾ ਸੀ। ਬਾਦ ਵਿਚ ਕਈ ਮੁਗਲਾਂ ਨੇ ਕਸਮ ਵੀ ਖਾ ਕੇ ਕਿਹਾ ਕਿ ਬੰਦਾ ਇਕੋ ਵੇਲੇ ਕਈ ਬੁਰਜੀਆਂ ਤੇ ਮੌਜੂਦ ਸੀ। ਉਹਦੇ ਤੀਰ ਨਾਪ ਤੋਲ ਕੇ ਛੱਡੇ ਜਾਂਦੇ ਅਤੇ ਸ਼ਾਇਦ ਹੀ ਕੋਈ ਤੀਰ ਨਿਸ਼ਾਨੇ ਤੋਂ ਭਟਕਦਾ ਹੋਵੇ। ਕਦੀ ਪੌੜੀ ਤੇ ਸਭ ਤੋਂ ਪਹਿਲਾ ਮੁਗਲ

ਸੈਨਿਕ ਤੇ ਕਦੀ ਕੋਈ ਸਿਪਾਹ ਸਾਲਾਰ, ਬੰਦੇ ਨੇ ਚੁਣ-ਚੁਣ ਕੇ ਸਭ ਨੂੰ ਮਾਰ ਗਿਰਾਇਆ। ਮੁਗਲ ਸੈਨਿਕ ਬੰਦਾ ਦੀ ਤਾਂਤਰਿਕ ਵਿਦਿਆ ਨਾਲ ਇਸ ਕਦਰ ਡਰੇ ਹੋਏ ਸਨ ਕਿ ਬੰਦਾ ਬਾਰੇ ਕਿਸੇ ਵੀ ਖਬਰ ਤੇ ਵਿਸ਼ਵਾਸ ਕਰ ਸਕਦੇ ਸਨ।

ਇਸ ਅਸਫਲ ਹਮਲੇ ਨੇ ਮੁਗਲਾਂ ਨੂੰ ਗਹਿਰੀ ਸੋਚ ਵਾਸਤੇ ਮਜ਼ਬੂਰ ਕਰ ਦਿੱਤਾ। ਸਿੱਖਾਂ ਦੇ ਸਿਰਫ ਪੰਜ ਛੇ ਸੈਨਿਕ ਮਰੇ ਸੀ, ਜਦੋਂ ਕਿ ਘੱਟੋ-ਘੱਟ ਸੌ ਮੁਗਲ ਸਿਪਾਹੀ ਢੇਰ ਹੋ ਚੁੱਕੇ ਸਨ ਅਤੇ ਵੀਹ ਹਾਏ ਹਾਏ ਕਰ ਰਹੇ ਸਨ।

ਇਸ ਤੇ ਵੀ ਜਲਾਲਤ ਇਹ ਕਿ ਹਰ ਰੋਜ਼ ਸਿੱਖਾਂ ਦੇ ਛੋਟੇ-ਛੋਟੇ ਦਸਤੇ ਰਾਤ ਨੂੰ ਮੂੰਹ ਤੇ ਕਾਲਾ ਰੰਗ ਪੋਤ ਕੇ ਨਿੱਕਲਦੇ ਅਤੇ ਚਾਰਾ ਵਗੈਰਾ ਇਕੱਠਾ ਕਰਕੇ ਕਿਲੇ ਵਿਚ ਮੁੜ ਜਾਂਦੇ। ਅਬਦੁਸਮਦ ਖਾਂ ਨੇ ਆਪਣੇ ਵੱਡੇ ਸਿਪਾਹ ਸਾਲਾਰ ਕਮਰੁਦੀਨ ਖਾਂ ਅਤੇ ਬੇਟੇ ਜ਼ਕਰੀਆ ਖਾਂ ਨਾਲ ਸਲਾਹ ਕੀਤੀ।

"ਅਸੀਂ ਇਨ੍ਹਾਂ ਤੇ ਸਾਰੇ ਤੀਹ ਹਜ਼ਾਰ ਫੌਜੀ ਇਕੱਠੇ ਲੈ ਕੇ ਧਾਵਾ ਬੋਲੀਏ।" ਕਮਰੁਦੀਨ ਦੀ ਸਲਾਹ ਸੀ।

"ਪਰ ਪਿੱਛੇ-ਪਿੱਛੇ ਦਸ ਹਜ਼ਾਰ ਦੂਜੇ ਪਾਸਿਉਂ ਭੱਜਣ ਤੋਂ ਰੋਕਣ ਲਈ ਵੀ ਤਾਂ ਚਾਹੀਦੇ ਹਨ, "ਅਬਦੁਸਮਦ ਖਾਂ ਨੇ ਕਿਹਾ।

"ਅਤੇ ਫੇਰ ਅਜੇ ਉਨ੍ਹਾਂ ਕੋਲ ਗੋਲਾ-ਬਰੂਦ ਵੀ ਕਾਫੀ ਹੈ।" ਜ਼ਕਰੀਆਂ ਖਾਂ ਬੋਲਿਆ।

ਯਾਨੀ ਕਿ ਉਨ੍ਹਾਂ ਨੂੰ ਸਿੱਖਾਂ ਦਾ ਗੋਲਾ-ਬਰੂਦ ਖਤਮ ਹੋਣ ਦਾ ਇੰਤਜ਼ਾਰ ਕਰਨਾ ਪਏਗਾ, ਜ਼ਕਰੀਆ ਖਾਂ ਦਾ ਅੰਤਮ ਮਤ ਸੀ।

ਅਜੇ ਘੇਰੇ ਨੂੰ ਸ਼ੁਰੂ ਹੋਏ ਪੰਦਰਾਂ ਦਿਨ ਵੀ ਨਹੀਂ ਹੋਏ ਸੀ ਅਤੇ ਇੱਧਰ ਇਸ ਵਿਸ਼ਾਲ ਫੌਜ ਵਿਚ ਨਿਰਾਸ਼ਾ ਦੇ ਬੀਜ ਵੀ ਪੁੰਗਰਨ ਲੱਗ ਪਏ ਸਨ। ਅਬਦੂਸਮਦ ਖਾਂ ਦੀ ਰਾਏ ਵਿਚ ਤੀਹ ਹਜ਼ਾਰ ਸਿਪਾਹੀਆਂ ਨਾਲ ਇਹ ਕੱਚਾ ਪੱਕਾ ਕਿਲਾ ਫਤਹਿ ਹੋ ਹੀ ਜਾਣਾ ਚਾਹੀਦਾ ਸੀ। ਪਰ ਰਸਦ ਅਤੇ ਅਸਲਾ ਚੱਲਦੇ-ਚਲਾਉਂਦੇ ਇਨ੍ਹਾਂ ਥੋੜੇ ਜਿਹੇ ਸੂਰਮਿਆਂ ਨੂੰ ਹੀ ਸੰਭਾਲਣਾ ਭਾਰੀ ਪੈ ਰਿਹਾ ਸੀ।

ਜ਼ਕਰੀਆ ਖਾਂ ਨੇ ਫੇਰ ਕਿਹਾ, "ਇਨ੍ਹਾਂ ਦਾ ਰਸਦ ਅਤੇ ਚਾਰਾ ਇਕੱਠਾ ਕਰਨਾ ਬਿਲਕੁਲ ਬੰਦ ਕਰ ਦਿੱਤਾ ਜਾਣਾ ਚਾਹੀਦਾ ਹੈ।"

"ਪਰ ਕਿਵੇਂ ?" ਉਸਦੇ ਵਾਲਿਦ ਸਾਹਿਬ ਦਾ ਸਵਾਲ ਸੀ।

"ਸਾਨੂੰ ਇਨ੍ਹਾਂ ਦੇ ਚਾਰੇ ਪਾਸੇ ਕੰਧ ਖੜ੍ਹੀ ਕਰਨੀ ਪਏਗੀ ਅਤੇ ਹੌਲੀ ਹੌਲੀ ਇਨ੍ਹਾਂ ਦੇ ਕੋਲ ਆਉਣਾ ਪਏਗਾ।

ਦੀਵਾਰ ਖੜ੍ਹੀ ਕਰਨੀ ਮੁਸ਼ਕਿਲ ਨਹੀਂ ਸੀ। ਚਾਰੇ ਪਾਸਿਉਂ ਮਿੱਟੀ ਇਕੱਠੀ ਕਰਕੇ ਹਰੇਕ ਤੰਬੂ ਦੇ ਸਾਮ੍ਹਣੇ ਕੱਚੀ ਦੀਵਾਰ ਬਣਾਈ ਗਈ। ਇਸ ਜੱਦੋ-ਜਹਿਦ ਵਿਚ ਡੇਢ ਮਹੀਨਾ ਲੰਘ ਗਿਆ। ਫੇਰ ਵੀ ਦੀਵਾਰਾਂ ਦੇ ਅੰਦਰ ਸਿੱਖ ਦਸਤੇ ਪੰਜਾਹ-ਸੌ ਦੀ ਤਾਦਾਦ ਵਿਚ੍ਹ ਤੰਬੂਆਂ ਵਿਚ ਹੀ ਵੜ ਜਾਂਦੇ। ਜਾਨ ਤਲੀ ਤੇ ਲੈ ਕੇ ਤੰਬੂ ਵਿਚ ਜੋ ਕੁਝ ਮਿਲਦਾ ਉਹ ਖਿੱਚ ਕੇ ਵਾਪਸ ਦੌੜਦੇ। ਜਦੋਂ ਮੁਗਲ ਸਿਪਾਹੀ ਪਿੱਛਾ ਕਰਦੇ ਤਾਂ ਜਿਵੇਂ ਜਾਦੂ ਨਾਲ ਦੀਵਾਰ ਤੇ ਪੰਜਾਹ-ਸੱਠ ਸਿੱਖ ਪ੍ਰਗਟ ਹੋ ਕੇ ਤੀਰਾਂ ਅਤੇ ਗੋਲੀਆਂ ਦੀ ਬੁਛਾੜ ਨਾਲ ਮੁਗਲਾਂ ਦਾ ਰਾਹ ਰੋਕ ਲੈਂਦੇ। ਇਸ ਖਿੱਚ-ਧੂਹ ਵਿਚ ਪੰਦਰਾਂ ਦਿਨ ਹੋਰ ਨਿਕਲ ਗਏ। ਜਦੋਂ ਮੁਗਲ ਰਾਤ ਨੂੰ ਸਾਵਧਾਨ ਰਹਿਣ ਲੱਗ ਪਏ ਤਾਂ ਇਕ ਦਿਨ ਮੌਕਾ ਵੇਖ ਕੇ ਦਿਨ ਦਿਹਾੜੇ ਸਿੱਖਾਂ ਦੇ ਦੋ ਦਸਤੇ ਵੱਖੋ-ਵੱਖ ਥਾਵਾਂ ਤੇ ਲੁੱਟ ਮਚਾ ਗਏ। ਸਿੱਟਾ ਉਹੀ ਰਿਹਾ। ਤਿੰਨ ਮਹੀਨੇ ਬੀਤ ਗਏ।

*****

ਮੁਗਲ ਫੌਜ ਹੋਰ ਨਿਰਾਸ ਹੋ ਗਈ। ਪਰ ਜ਼ਕਰੀਆ ਖਾਂ ਨੇ ਹਾਰ ਨਹੀਂ ਮੰਨੀ। ਉਹ ਜੰਗ ਤਨ-ਬਦਨ ਅਤੇ ਦਿਮਾਗ ਦੋਹਾਂ ਨਾਲ ਲੜਦਾ ਸੀ। ਤੰਬੂਆਂ ਦੇ ਵਿਚਕਾਰਲੀ ਜਗ੍ਹਾ ਇਕ ਦਰਵਾਜ਼ੇ ਨੂੰ ਛੱਡ ਕੇ ਪੂਰੀ ਤਰ੍ਹਾਂ ਬੰਦ ਕਰ ਦਿੱਤੀ ਗਈ ਹੁਣ ਸਿੱਖਾਂ ਦਾ ਮੁਗਲ ਤੰਬੂਆਂ ਵਿਚ ਵੜਨਾ ਔਖਾ ਹੋ ਗਿਆ। ਕੋਠੀ ਦੇ ਚੌਥੇ ਪਾਸੇ ਸਥਾਨਕ ਜਿਮੀਂਦਾਰਾਂ ਦਾ ਪਹਿਰਾ ਲਾਇਆ ਗਿਆ। ਫੇਰ ਵੀ ਸਿੱਖ ਉਸ ਪਾਸੇ ਤੋਂ ਨਿੱਕਲਦੇ, ਜਾਨਵਰਾਂ ਦਾ ਚ੍ਹਾਰਾ ਇਕੱਠਾ ਕਰਦੇ, ਦੋ ਚਾਰ ਆਦਮੀਆਂ ਨੂੰ ਮਾਰਦੇ ਅਤੇ ਫੇਰ ਦੀਵਾਰ ਦੇ ਅੰਦਰ ਆ ਵੜਦੇ।

ਇੰਨੀ ਘੱਟ ਉਮਰ ਵਿਚ ਵੀ ਸਮਝਦਾਰ ਹਾਲਾਂਕਿ ਘੱਟ ਅਨੁਭਵੀ ਜ਼ਕਰੀਆ ਖਾਂ ਆਪਣੀ ਤਿੱਖੀ ਨਜ਼ਰ ਨਾਲ ਸਿੱਖ ਫੌਜ ਵਿਚ ਇਕ ਖਿਚਾਉ ਵੇਖ ਰਿਹਾ ਸੀ। ਉਸ ਦੀ ਬੁੱਧੀ ਨੇ ਉਸ ਨੂੰ ਦੱਸਿਆ ਕਿ ਸਿੱਖਾਂ ਦਾ ਅਸਲਾ ਅਤੇ ਰਸਦ ਘੱਟਣ ਲੱਗੀ ਹੈ। ਜੇਕਰ ਲੜਾਈ ਵਿਚ ਮੁਗਲ ਅੱਗੇ ਨਹੀਂ ਵਧ ਸਕਦੇ ਸਨ ਤਾਂ ਸਿੱਖਾਂ ਦਾ ਖਾਣਾ-ਪਾਣੀ ਬੰਦ ਕਰਕੇ ਹੀ ਉਨ੍ਹਾਂ ਨੂੰ ਹਰਾਉਣਾ ਪਏਗਾ। ਉਸ ਦੀ ਸਲਾਹ ਦੇ ਮੁਤਾਬਕ ਕਈ ਮਣ ਲੱਕੜ ਇਕੱਠੀ ਕਰਵਾਈ ਗਈ। ਲੱਕੜਾਂ ਦਾ ਇਕ ਆਰਜ਼ੀ ਘੇਰਾ ਤੰਬੂਆਂ ਦੀਆਂ ਕਤਾਰਾਂ ਤੋਂ ਕਾਫੀ ਅੱਗੇ ਬਣਾਇਆ ਗਿਆ। ਇਸ ਨਾਲ ਹਮਲਾ ਰੇਖਾ ਹੁਣ ਦੀਵਾਰ ਦੇ ਕਾਫੀ ਨੇੜੇ ਆ ਗਈ। ਪਰ ਘੇਰਾ ਪਾ ਕੇ ਬੈਠਿਆਂ ਨੂੰ

ਹੁਣ ਪੂਰੇ ਪੰਜ ਮਹੀਨੇ ਨਿੱਕਲ ਚੁੱਕੇ ਸਨ।

ਅਬਦੁਸ ਸਮਦ ਖਾਨ ਪ੍ਰੇਸ਼ਾਨ ਸੀ। ਪਿਛਲੇ ਪੰਜਾਂ ਸਾਲ ਤੋਂ ਬੰਦਾ ਬਹਾਦਰ ਉਸ ਦੇ ਸਾਰੇ ਘੇਰਿਆਂ ਵਿਚੋਂ ਨਿੱਕਲ ਚੁੱਕਾ ਸੀ। ਮੁਗਲ ਫੌਜ ਦੇ ਵੱਡੇ-ਵੱਡੇ ਫੌਜਦਾਰ ਵੀ ਉਸ ਨੂੰ ਰੋਕ ਨਹੀਂ ਸਕੇ ਸਨ। ਪਰ ਬਾਦਸ਼ਾਹ ਫਰੁਕਸ਼ੀਅਰ ਨੇ ਉਸ ਨੂੰ ਇਹ ਖਾਸ ਹਦਾਇਤ ਦੇ ਕੇ ਲਾਹੌਰ ਦਾ ਸੂਬੇਦਾਰ ਬਣਾਇਆ ਸੀ ਕਿ ਬੰਦਾ ਨੂੰ ਜ਼ਿੰਦਾ ਜਾਂ ਮੁਰਦਾ ਫੜ ਕੇ ਪੇਸ਼ ਕਰੇ।

ਇਕ ਵਾਰੀ ਤਾਂ ਉਸ ਦੇ ਮਨ ਵਿਚ ਆਇਆ ਕਿ ਜੇ ਬੰਦਾ ਬਹਾਦਰ ਇਸ ਘੇਰੇ ਵਿਚੋਂ ਵੀ ਭੱਜ ਗਿਆ ਤਾਂ ਬਾਦਸ਼ਾਹ ਨੂੰ ਕਿਹਾ ਜਾ ਸਕਦਾ ਹੈ ਕਿ ਜਹਾਂਪਨਾਹ ਇਹ ਕਾਫ਼ਰ ਤਾਂ ਤੰਤਰ ਮੰਤਰ ਕਰਦਾ ਹੈ, ਵੇਖੋ ਨਾ, ਪਹਿਲਾਂ ਵੀ ਕਿਸੇ ਦੇ ਹੱਥ ਨਹੀਂ ਆਇਆ। ਉਸ ਨੂੰ ਅਤੇ ਉਸ ਦੇ ਸਿਪਾਹੀਆਂ ਨੂੰ ਡਰ ਸੀ ਕਿ ਕਿਸੇ ਦਿਨ ਜੇਕਰ ਬੰਦਾ ਬਹਾਦਰ ਇਕ ਦਮ ਅੰਦਰੋਂ ਸਾਰੀ ਫੌਜ ਲੈ ਕੇ ਨਿੱਕਲ ਆਇਆ ਤੇ ਰਾਤ ਦੇ ਹਨੇਰੇ ਵਿਚ ਤੂਫਾਨ ਅਤੇ ਅੱਗ ਉਗਲਦਾ ਹੋਇਆ ਮੁਗਲ ਫੌਜ ਦੇ ਵਿਚਕਾਰ ਆ ਖੜ੍ਹਾ ਹੋਇਆ ਤਾਂ ਉਸ ਦੀ ਹਾਰ ਬੜੀ ਸ਼ਰਮਨਾਕ ਹੋਵੇਗੀ। ਇਸ ਤੋਂ ਤਾਂ ਚੰਗਾ ਸੀ ਇਹ ਮੁਰਦਾਰ ਭੱਜ ਹੀ ਜਾਵੇ।

*****

"ਜਿੱਥੇ ਪੰਜ ਸਾਲ ਨਿੱਕਲ ਗਏ, ਉੱਥੇ ਪੰਜ ਮਹੀਨੇ ਹੋਰ ਸਹੀ।" ਜ਼ਕਰੀਆ ਖਾਂ ਦਾ ਕਹਿਣਾ ਸੀ। ਕਿਉਂਕਿ ਹੋਰ ਕੋਈ ਰਾਹ ਨਹੀਂ ਵਿਖਾਈ ਦੇ ਰਿਹਾ ਸੀ, ਇਸ ਲਈ ਖਾਨ ਦੀ ਗੱਲ ਮੰਨ ਲਈ ਗਈ। ਖਾਨ ਨੇ ਆਪਣੇ ਫੌਜਦਾਰਾਂ ਅਤੇ ਸਿਪਾਹਸਾਲਾਰਾਂ ਨੂੰ ਕਿਹਾ ਕਿ ਆਪਣੀ ਸੀਮਾ ਦੀਵਾਰ ਤੱਕ ਖਿਸਕਾਉਣ ਵਿਚ ਸਾਨੂੰ ਕਿਸੇ ਵਿਰੋਧ ਦਾ ਸਾਮ੍ਹਣਾ ਨਹੀਂ ਕਰਨਾ ਪਿਆ ਹੈ, ਇਸ ਦਾ ਮਤਲਬ ਉਨ੍ਹਾਂ ਦੀ ਸ਼ਰੀਰਕ ਸ਼ਕਤੀ ਅਤੇ ਗੋਲੀ-ਸਿੱਕਾ ਘੱਟ ਰਿਹਾ ਹੈ। ਛੇ ਮਹੀਨੇ।

ਲੱਕੜ ਦੀ ਵਾੜ ਦੇ ਚਾਰੇ ਪਾਸੇ ਫੇਰ ਮਿੱਟੀ ਦੇ ਚਬੂਤਰੇ ਬਣਾਏ ਗਏ। ਹੁਣ ਚਬੂਤਰਿਆਂ ਤੇ ਚੜ੍ਹ ਕੇ ਸਿਪਾਹੀ ਦੀਵਾਰ ਦੀ ਉਚਾਈ ਦੇ ਬਰਾਬਰ ਜਾ ਸਕਦੇ ਸਨ। ਕੁਝ ਨੇ ਉਚਕ ਕੇ ਅੰਦਰ ਝਾਕਣ ਦੀ ਕੋਸ਼ਿਸ਼ ਵੀ ਕੀਤੀ।

*****

"ਹੁਣ ਤੋਂ ਅਸੀਂ ਇਕ ਵੇਲੇ ਖਾਣਾ ਖਾਵਾਂਗੇ।" ਬੰਦਾ ਨੇ ਐਲਾਨ ਕੀਤਾ। ਕੁਝ ਫੌਜੀ ਸਵੇਰੇ ਖਾਂਦੇ ਤੇ ਕੁਝ ਸ਼ਾਮ ਨੂੰ। ਸਭ ਨੇ ਬਿਨਾਂ ਹੀਲ-ਹੁੱਜਤ ਤੋਂ ਮੰਨ ਲਿਆ। ਜੋ ਖਾਣਾ ਖਾਂਦੇ ਉਹ ਤੈਨਾਤ ਰਹਿੰਦੇ ਤੇ ਦੂਜੇ ਆਰਾਮ ਕਰਦੇ।

ਹੁਣ ਬੁਰਜੀਆਂ ਤੇ ਪਹਿਰੇਦਾਰਾਂ ਨੂੰ ਛੱਡ ਕੇ ਕੋਈ ਹੋਰ ਉਦੋਂ ਹੀ ਚੜ੍ਹਦਾ ਜਦੋਂ ਲੋੜ ਹੁੰਦੀ। ਨਹੀਂ ਤਾਂ ਆਪਣੀ ਤਾਕਤ ਬਚਾਉਣ ਵਿਚ ਲੱਗੇ ਰਹਿੰਦੇ। ਕੋਠੀ ਦੇ ਵਿਚਕਾਰ ਮੈਦਾਨ ਵਿਚ ਬੈਠੇ ਰਹਿੰਦੇ ਜਾਂ ਮੈਦਾਨ ਵਿਚ ਪਏ ਰਹਿੰਦੇ। ਇੰਜ ਹੀ ਲੇਟੇ ਪਏ ਇਕ ਦਿਨ ਬੰਦਾ ਨੇ ਵੇਖਿਆ, ਇੱਕਾ-ਦੁੱਕਾ ਮੁਗਲ ਚਿਹਰਾ ਦੀਵਾਰ ਦੇ ਉੱਤੋਂ ਝਾਕ ਰਿਹਾ ਹੈ। ਵੇਖਦੇ-ਵੇਖਦੇ ਦੋ ਦੇ ਚਾਰ ਹੋ ਗਏ ਅਤੇ ਫੇਰ.......।

ਚੀਖ ਕੇ ਬੰਦਾ ਨੇ ਸਾਰਿਆਂ ਦਾ ਧਿਆਨ ਉਸ ਪਾਸੇ ਖਿੱਚਿਆ। ਬਿਨਾਂ ਸੋਚੇ ਆਪਣਾ ਤੀਰ ਕਮਾਨ ਚੁੱਕਿਆ ਅਤੇ ਛੇਤੀ ਨਾਲ ਤਿੰਨ-ਚਾਰ ਤੀਰ ਛੱਡੇ। ਕੁਝ ਜੋਧਿਆਂ ਨੇ ਬੰਦੂਕ ਚੁੱਕੀ ਅਤੇ ਚਾਰੇ ਪਾਸੇ ਗੋਲੀਆਂ ਚਲਾਈਆਂ। ਮੁਗਲ ਚਿਹਰੇ ਗਾਇਬ ਹੋ ਗਏ। ਪਰ ਪਹਿਰੇਦਾਰ ਨੇ ਕਿਉਂ ਪਹਿਲਾਂ ਹੀ ਸਾਵਧਾਨ ਨਹੀਂ ਕੀਤਾ? ਗੁੱਸੇ ਵਿਚ ਭਰੇ ਹੋਏ ਬੰਦਾ ਨੇ ਪਹਿਲਾਂ ਉੱਪਰ ਵੇਖਿਆ ਤੇ ਫੇਰ ਹੇਠਾਂ। ਭੁੱਖ ਅਤੇ ਥਕਾਵਟ ਨਾਲ ਪਹਿਰੇਦਾਰ ਆਪਣੇ ਆਪ ਨੂੰ ਸੰਭਾਲ ਨਹੀਂ ਸਕਿਆ ਸੀ ਅਤੇ ਨੀਚੇ ਡਿੱਗ ਕੇ ਬੇਹੋਸ਼ ਹੋ ਗਿਆ ਸੀ।

ਇਸ ਥੋੜ੍ਹੀ ਜਿਹੀ ਕਸਰਤ ਨਾਲ ਹੀ ਸਭ ਦੇ ਹੱਥ-ਪੈਰ ਕੰਬ ਰਹੇ ਸਨ। ਇਕ ਦੂਜੇ ਨੂੰ ਸਹਾਰਾ ਦਿੰਦੇ ਹੋਏ ਸਾਰੇ ਬੈਠੇ। ਸੱਤ ਮਹੀਨੇ।

*****

ਦੂਜੇ ਹੀ ਦਿਨ ਰਸਦ ਤੇ ਲੱਗੇ ਸਿੱਖ ਨੇ ਕਿਹਾ, "ਖਾਣਾ ਸਿਰਫ਼ ਅੱਜ ਸ਼ਾਮ ਤੱਕ ਹੈ ਸਰਦਾਰ।"

ਬੰਦਾ ਬੋਲਿਆ, "ਇਕ ਦਿਨ ਦਾ ਖਾਣਾ ਸਾਰਿਆਂ ਲਈ ਬਚਾ ਲਉ। ਪਤਾ ਨਹੀਂ ਕਦੋਂ ਕੰਮ ਆਵੇ।"

ਫੇਰ ਕੁਝ ਰੁਕ ਕੇ ਬੋਲਿਆ, "ਵੇਖੋ ਦਰਖ਼ਤਾਂ ਤੇ ਕੋਈ ਫਲ ਬਚਿਆ ਹੈ?

ਸਾਰੇ ਦਰਖ਼ਤਾਂ ਤੇ ਮਿਲਾ ਕੇ ਇਕ ਦਿਨ ਵਾਸਤੇ ਨਿੰਬੋਲੀ, ਔਲੇ ਅਤੇ ਬਿਲ ਇਕੱਠੇ ਹੋਏ। ਇਕ ਕੌੜੀ ਬੇਸਵਾਦ ਸਬਜ਼ੀ ਬਣਾ ਕੇ ਇਕ ਦਿਨ ਦਾ ਕੰਮ ਸਰਿਆ।

*****

ਸਿੱਖ ਰਸੋਈਏ ਦੀ ਨਜ਼ਰ ਦਰਖਤਾਂ ਦੇ ਸੱਕ ਤੇ ਪਈ। ਸੱਕ ਲਾਹ ਕੇ ਕੁੱਟ ਕੇ ਆਟਾ ਬਣਿਆ। ਕਲ੍ਹ ਹੀ ਮਰੇ ਘੋੜੇ ਦਾ ਮਾਸ ਕੱਟ ਕੇ ਉਸ ਦਾ ਸਲੂਣਾ ਬਣਿਆਂ। ਮੂੰਹ ਬਣਾਉਂਦੇ ਬਣਾਉਂਦੇ ਸਾਰਿਆਂ ਨੇ ਖਾਧਾ। ਬੰਦੇ ਨੇ ਰੁੱਖੀ ਰੋਟੀ ਖਾਧੀ।

*****

ਸ਼ਾਮ ਦੇ ਘੁੰਦਲਕੇ ਵਿਚ ਅਬਦੁਸ ਸਮਦ ਖਾਂ ਦੇ ਨਿੱਜੀ ਅੰਗ ਰਖਿਅਕ ਨੇ ਦੀਵਾਰ ਦੇ ਉੱਤੋਂ ਵੇਖਿਆ ਕਿ ਇਕ ਸਿੱਖ ਉਸ ਦਾ ਧਿਆਨ ਖਿੱਚਣ ਵਾਸਤੇ ਜ਼ੋਰ ਨਾਲ ਹੱਥ ਹਿਲਾ ਰਿਹਾ ਹੈ।

"ਕੀ ਗੱਲ ਹੈ ?" ਮੁਗਲ ਨੇ ਪੁੱਛਿਆ।

"ਆਪਣੇ ਸੂਬੇਦਾਰ ਨੂੰ ਲੈ ਕੇ ਆਉ। ਇਕ ਖਾਸ ਗੱਲ ਕਰਨੀ ਹੈ।"

ਮੁਗਲ ਬੋਲਿਆ, "ਇਹ ਕੀ ਮਜ਼ਾਕ ਹੈ ? ਸੂਬਰੇਦਾਰ ਅਜੇਹੇ ਸੈਨਿਕਾਂ ਦੇ ਆਖਣ ਤੇ ਨਹੀਂ ਆਉਂਦਾ।"

"ਬਹੁਤ ਜ਼ਰੂਰੀ ਹੈ। ਸਾਡੇ ਸਰਦਾਰ ਨੇ ਗੱਲ ਕਰਨੀ ਹੈ।" ਮੁਗਲ ਨੇ ਕੁਝ ਸੋਚ ਕੇ ਕਿਹਾ, " ਠਹਿਰੋ! ਮੈਂ ਸੂਬੇਦਾਰ ਤੋਂ ਪੁੱਛ ਕੇ ਆਉਂਦਾ ਹਾਂ।"

ਅਬੁਦਸ ਸਮਦ ਕੋਲ ਜ਼ਕਰੀਆ ਖਾਂ ਬੈਠਾ ਸੀ। ਜਦੋਂ ਅੰਗ ਰਖਿਅਕ ਨੇ ਇਹ ਸੰਦੇਸ਼ਾ ਦਿੱਤਾ ਤਾਂ ਸੂਬੇਦਾਰ ਨੇ ਜ਼ਕਰੀਆ ਖਾਂ ਵੱਲ ਵੇਖਿਆ। ਦੋਹਾਂ ਨੇ ਅੱਖਾਂ ਹੀ ਅੱਖਾਂ ਵਿਚ ਸਲਾਹ ਕੀਤੀ ਅਤੇ ਜ਼ਕਰੀਆ ਬੋਲਿਆ, "ਤੁਸੀਂ ਠਹਿਰੋ ਮੈਂ ਜਾ ਕੇ ਵੇਖਦਾ ਹਾਂ।"

ਜ਼ਕਰੀਆ ਅੰਗ ਰੱਖਿਅਕ ਦੇ ਨਾਲ ਨਾਲ ਗਿਆ ਅਤੇ ਉਸ ਦੇ ਪਿੱਛੇ ਖੜ੍ਹਾ ਰਿਹਾ। ਸਿੱਖ ਨੇ ਫੇਰ ਕਿਹਾ, "ਇਸ ਨੂੰ ਨਹੀਂ ਸੂਬੇਦਾਰ ਨੂੰ ਲੈ ਕੇ ਆਉ।"

ਜ਼ਕਰੀਆ ਨੇ ਕਿਹਾ, "ਪਹਿਲਾਂ ਬੰਦਾ ਨੂੰ ਬੁਰਜ਼ੀ ਤੇ ਬਗੈਰ ਹਥਿਆਰ ਦੇ ਲਿਆਉ। ਤਾਂ ਹੀ ਸੂਬੇਦਾਰ ਅੱਗੇ ਆਉਣਗੇ।"

"ਮੈਂ ਲਿਆਉਂਦਾ ਹਾਂ।" ਸਿੱਖ ਬੋਲਿਆ ਅਤੇ ਹੇਠਾਂ ਉੱਤਰ ਗਿਆ।

ਥੋੜ੍ਹੀ ਦੇਰ ਵਿਚ ਹੀ ਜ਼ਕਰੀਆ ਨੇ ਵੇਖਿਆ ਕਿ ਬੰਦਾ ਬਹਾਦਰ ਬੁਰਜ਼ੀ ਤੇ ਚੜ੍ਹਿਆ ਹੋਇਆ ਸੀ। ਉਸ ਨੇ ਆਪਣਾ ਮੋਢਾ ਅਤੇ ਕਮਰ ਬੰਦ ਵਿਖਾਇਆ, ਇਹ ਦੱਸਣ ਲਈ ਕਿ ਉਸ ਕੋਲ ਕੋਈ ਹਥਿਆਰ ਨਹੀਂ ਹੈ।

"ਇੱਧਰ-ਉਧਰ ਤਾਂ ਕੋਈ ਸਿੱਖ ਨਹੀਂ ਖੜ੍ਹੇ ਕੀਤੇ ਹੋਏ ?"

ਬੰਦਾ ਨੇ ਨਕਾਰਾਤਮਕ ਢੰਗ ਨਾਲ ਸਿਰ ਹਿਲਾਇਆ। ਜ਼ਕਰੀਆ ਮੁੜ ਕੇ ਆਪਣੇ ਤੰਬੂ ਵਿਚ ਗਿਆ ਅਤੇ ਸੂਬੇਦਾਰ ਨੂੰ ਬਾਹਰ ਲਿਆਇਆ। ਅਜੇ ਵੀ ਉਸ ਨੇ ਨਾਲ ਦੇ ਤੰਬੂ ਵਿਚੋਂ ਦੋ ਸਿਪਾਹੀਆਂ ਅਤੇ ਨਿੱਜੀ ਅੰਗ ਰੱਖਿਅਕ ਨੂੰ ਅੱਗੇ ਰੱਖਿਆ ਅਤੇ ਅਬਦੁਸ ਸਮਦ ਖਾਂ ਉਨ੍ਹਾਂ ਦੇ ਪਿੱਛੇ ਜ਼ਕਰੀਆ ਨਾਲ ਖੜ੍ਹਾ ਹੋਇਆ।

ਬੰਦਾ ਨੇ ਹੌਲੀ ਜਿਹੀ ਕਿਹਾ, "ਦਸ ਲੱਖ ਰੁਪਏ ਲਉਗੇ ? ਸਾਨੂੰ ਘੇਰੇ ਵਿਚੋਂ ਨਿੱਕਲ ਜਾਣ ਦਿਉ।" ਅਬਦੁਸ ਸਮਦ ਭੁੱਚਕਾ ਜਿਹਾ ਰਹਿ ਗਿਆ। ਹਾਲਾਂਕਿ ਦਸ ਲੱਖ ਮੋਟੀ ਰਕਮ ਸੀ, ਹੁਣ ਅੱਠ ਮਹੀਨੇ ਬਾਦ ਉਸ ਵਾਸਤੇ ਹਾਂ ਕਹਿਣੀ ਬੜੀ ਮੁਸ਼ਕਿਲ ਸੀ।" ਨਹੀਂ...."ਜ਼ੋਰ ਨਾਲ ਚੀਖ਼ ਕੇ ਉਸ ਨੇ ਕਿਹਾ।" "ਵੀਹ ਲੱਖ!" ਬੰਦਾ ਨੇ ਕੀਮਤ ਵਧਾਈ। ਅਬਦੁਸ ਸਮਦ ਦੇ ਮਨ ਵਿਚ ਲਾਲਚ ਆਇਆ, ਪਰ ਹੁਣ ਤੱਕ ਉਹ ਆਪਣੇ ਆਪ ਨੂੰ ਬੰਨ੍ਹ ਚੁੱਕਾ ਸੀ। ਲਚਾਰ ਪੁੱਠੇ ਪੈਰੀਂ ਮੁੜ ਗਿਆ। ਬੰਦਾ ਨੇ ਇਹ ਉਸ ਦਾ ਜਵਾਬ ਮੰਨਿਆਂ। ਹਾਲਾਂਕਿ ਉਸ ਨੂੰ ਆਸ ਸੀ ਕਿ ਸ਼ਾਇਦ ਅਗਲੇ ਦਿਨ ਕੋਈ ਜਵਾਬ ਆਵੇ। ਪਰ ਇੰਜ ਨਹੀਂ ਹੋਇਆ।

ਅੱਠਵੇਂ ਮਹੀਨੇ ਦੇ ਵੀ ਦਸ ਦਿਨ ਨਿੱਕਲ ਚੁੱਕੇ ਸਨ। ਅੱਜ ਕੁਝ ਸਿੱਖਾਂ ਨੇ ਦੋ ਹੋਰ ਘੋੜੇ ਮਾਰੇ। ਕੁਝ ਹੀ ਮਾਸ ਨਿੱਕਲਿਆ, ਬਾਕੀ ਹੱਡੀਆਂ ਸਨ। ਪਕਾਉਣ ਦਾ ਸਵਾਲ ਨਹੀਂ ਸੀ। ਮਾਸ ਕੱਚਾ ਖਾਧਾ। ਹੱਡੀਆਂ ਦਾ ਚੂਰਾ ਬਣਾਇਆ ਅਤੇ ਉਸ ਨੂੰ ਕਿਸੇ ਤਰ੍ਹਾਂ ਗਲ ਤੋਂ ਹੇਠਾਂ ਲਾਹਿਆ।

ਰਾਤ ਨੂੰ ਹੀ ਜੋਧਿਆਂ ਦੇ ਪੇਟ ਵਿਚ ਭਿਆਨਕ ਦਰਦ ਉੱਠਿਆ। ਸਵੇਰੇ ਹਿੱਲਣ ਜੋਗੇ ਨਹੀਂ ਸਨ। ਜਬਰਦਸਤ ਭੁੱਖ ਪਿਆਸ, ਉੱਤੋਂ ਇਹ ਜਾਨਲੇਵਾ ਦਰਦ, ਜੰਗ ਕਿਸ ਤਰ੍ਹਾਂ ਕਰਦੇ ? ਦੀਵਾਰ ਉੱਤੋਂ ਦੀ ਤਿੰਨ ਮੁਗਲ ਚਿਹਰੇ ਨਜ਼ਰ ਆਏ। ਫੇਰ ਦਸ ਸਿਪਾਹੀਆਂ ਨੇ ਅੰਦਰ ਝਾਕਿਆ। ਲੇਟੇ ਹੋਏ ਸਿੱਖਾਂ ਵੱਲੋਂ ਕੋਈ ਪ੍ਰਤਿਕਿਰਿਆ ਨਹੀਂ ਹੋਈ। ਪਰ ਮੁਗਲ ਸੈਨਿਕ ਅੰਦਰ ਨਹੀਂ ਕੁੱਦੇ। ਉੱਤਰ ਕੇ ਆਪਣੇ ਸਿਪਾਹਸਾਲਾਰਾਂ ਨੂੰ ਖਬਰ ਦਿੱਤੀ।

*****

ਕੁਝ ਲੋਕਾਂ ਦਾ ਮੰਨਣਾ ਹੈ ਕਿ ਬਿਨੋਦ ਸਿੰਘ ਅਤੇ ਕਾਹਨ ਸਿੰਘ ਆਪਣੇ ਸਾਥੀਆਂ ਨਾਲ ਬੰਦਾ ਬਹਾਦਰ ਨਾਲ ਫੇਰ ਆ ਰਲੇ ਸਨ ਅਤੇ ਗੁਰਦਾਸ ਨੰਗਲ ਵਿਚ ਕੋਠੀ ਦੇ ਅੰਦਰ ਮੌਜੂਦ ਸਨ। ਪਰ ਇਨ੍ਹਾਂ ਹੀ ਲੋਕਾਂ ਦਾ ਕਹਿਣਾ ਹੈ ਕਿ

ਆਤਮ ਸਮਰਪਣ ਤੋਂ ਇਕ ਦਿਨ ਪਹਿਲਾਂ ਉਹ ਦੋਵੇਂ ਕੁਝ ਸੈਨਿਕਾਂ ਨਾਲ ਇਕੱਲੇ ਕਿਲੇ ਤੋਂ ਬਾਹਰ ਨਿੱਕਲੇ ਤੇ ਤਲਵਾਰ ਚਲਾਉਂਦੇ ਹੋਏ ਭੱਜ ਨਿੱਕਲੇ। ਅਤੀਤ ਦੇ ਹਨੇਰਿਆਂ ਵਿਚ ਕਾਹਨ ਸਿੰਘ ਦਾ ਇੱਧਰ ਜਾਂ ਉੱਧਰ ਰਹਿਣ ਦਾ ਕੋਈ ਪ੍ਰਮਾਣ ਨਹੀਂ ਮਿਲਦਾ।

*****

"ਮੈਂ ਨਹੀਂ ਮੰਨਦਾ ਸੂਬੇਦਾਰ ਖਾਨ ਬਹਾਦਰ, ਇਹ ਵੀ ਉਸ ਕਾਫਰ ਬੰਦਾ ਦਾ ਜਾਦੂ ਹੈ। ਉਸ ਦੇ ਸਿਪਾਹੀ ਲੇਟੇ ਹੋਏ ਹਨ, ਪਰ ਜਿਵੇਂ ਹੀ ਅਸੀਂ ਅੰਦਰ ਉੱਤਰਾਂਗੇ, ਸਾਰੇ ਖੜ੍ਹੇ ਹੋ ਜਾਣਗੇ ਅਤੇ ਸਾਨੂੰ ਗੋਲੀਆਂ ਨਾਲ ਭੁੰਨ ਦੇਣਗੇ।" ਇਕ ਉੱਤੇਜਤ ਸੈਨਿਕ ਨੇ ਬਿਆਨ ਕੀਤਾ।

"ਠੀਕ ਹੈ।" ਅਬਦੁਸ ਸਮਦ ਬੋਲਿਆ।" ਅਸੀਂ ਫੌਜਦਾਰ ਸਾਹਿਬ ਨੂੰ ਕਹਿੰਦੇ ਹਾਂ ਕਿ ਉਹ ਉੱਪਰ ਜਾਂ ਕੇ ਵੇਖਣ ਕਿ ਮਾਜਰਾ ਕੀ ਹੈ?"

ਅਬਦੁਸ ਸਮਦ ਦੇ ਮੁਤਾਬਕ ਐਨੇ ਦਿਨਾਂ ਅਤੇ ਹਫਤਿਆਂ ਤੋਂ ਜ਼ਕਰੀਆ ਖਾਂ ਹੀ ਇਸੇ ਕਾਰਵਾਈ ਦੇ ਹੱਕ ਵਿਚ ਸੀ। ਅੱਜ ਇਸ ਮੌਕੇ ਖੁਦ ਹੀ ਜਾ ਕੇ ਵੇਖੇਗਾ ਕਿ ਉਸ ਦੀ ਰਣਨੀਤੀ ਕਿੱਥੋਂ ਤੱਕ ਸਫਲ ਹੋਈ ਹੈ। ਸੋ ਜ਼ਕਰੀਆ ਖਾਂ ਖੁਦ ਇਕ ਚਬੂਤਰੇ ਤੇ ਚੜ੍ਹਿਆ ਅਤੇ ਅੰਦਰ ਝਾਕਿਆ।

*****

"ਅੱਜ ਕੀ ਖਾਧਾ?" ਉੱਤਰ ਵਿਚ ਸੈਨਿਕ ਨੇ ਇਕ ਲੰਮਾ ਸਾਹ ਲੈ ਕੇ ਕਿਹਾ," ਘੋੜੇ ਤਾਂ ਪਹਿਲਾਂ ਹੀ ਚਲੇ ਗਏ ਸਿੰਘ ਜੀ। ਹੁਣ ਤਾਂ....।"

ਫੇਰ ਉਹ ਦਰਦ ਨਾਲ ਕਰਾਹਿਆ। ਆਪਣੇ ਪੱਟ ਤੇ ਉਸ ਨੇ ਵੱਡੀ ਸਾਰੀ ਪੱਟੀ ਬੰਨ੍ਹੀ ਹੋਈ ਸੀ।

ਬਾਜ਼ ਸਿੰਘ ਨੇ ਇਕ ਸੈਨਿਕ ਨੂੰ ਕਿਹਾ,"ਉਜਾਗਰ, ਜ਼ਰਾ ਵੇਖੋ ਇਹ ਉੱਤੋਂ ਕੌਣ ਝਾਕ ਰਿਹਾ ਹੈ?"

ਉਜਾਗਰ ਨੇ ਲੰਮਾਂ ਸਾਹ ਭਰ ਕੇ ਕਿਹਾ,"ਹੁਣ ਵੇਖਣ ਦਿਉ ਸਿੰਘ ਜੀ, ਹੁਣ ਹੋਰ ਨਹੀਂ ਚੱਲਣਾ।"

ਕੋਲ ਬੈਠੇ ਬੰਦਾ ਨੇ ਵੀ ਕੋਈ ਪ੍ਰਤਿਕਿਰਿਆ ਨਹੀਂ ਵਿਖਾਈ। ਜ਼ਕਰੀਆ ਖਾਂ ਉੱਤਰਿਆ। ਆਪਣੇ ਮਨ ਵਿਚ ਉਹ ਨਿਸ਼ਚਿੰਤ ਸੀ ਕਿ ਸਿੱਖ ਹੁਣ ਕਿਸੇ ਹਮਲੇ ਦਾ ਵਿਰੋਧ ਨਹੀਂ ਕਰਨਗੇ। ਉਸ ਨੇ ਇਹੀ ਗੱਲ ਆਪਣੇ ਪਿਤਾ ਨੂੰ ਦੱਸ ਦਿੱਤੀ। ਅਬਦੁਸ ਸਮਦ ਖਾਂ ਫਿਰ ਵੀ ਇਕ ਸੌ ਇਕ ਫੀਸਦ ਪੱਕਾ ਕਰਨਾ ਚਾਹੁੰਦਾ ਸੀ। ਜੇਕਰ ਸਿੱਖ ਚਲਾਕੀ ਵੀ ਕਰ ਰਹੇ ਹੋਣ ਤਾਂ ਉਸ ਉੱਪਰ ਕੋਈ ਜਿੰਮੇਵਾਰੀ ਨਾਲ ਆਵੇ, ਨਹੀਂ ਤਾਂ ਅੱਠ ਮਹੀਨੇ ਦੀ ਬਣੀ-ਬਣਾਈ ਖੇਡ ਵਿਗੜ ਜਾਂਦੀ।

ਹਵੇਲੀ ਦੇ ਮੁੱਖ ਦਰਵਾਜੇ ਤੇ ਜੋ ਹੁਣ ਤੱਕ ਕਾਫੀ ਬੋਦਾ ਹੋ ਚੁੱਕਾ ਸੀ, ਮੂੰਹ ਤੇ ਦੋਵੇਂ ਹੱਥ ਰੱਖਕੇ ਉਹ ਚਿੱਲਾਇਆ,"ਜੇਕਰ ਤੁਸੀਂ ਲੋਕ ਹਥਿਆਰ ਸੁੱਟ ਦੇਵੋ ਤਾਂ ਮੈਂ ਤੁਹਾਨੂੰ ਬਾਦਸ਼ਾਹ ਤੋਂ ਸਜ਼ਾ ਮਾਫ ਕਰਵਾ ਦੇਵਾਂਗਾ।

ਕੋਈ ਜਵਾਬ ਨਹੀਂ ਮਿਲਿਆ। ਉਹ ਫੇਰ ਨਾਟਕੀ ਅੰਦਾਜ਼ ਵਿਚ ਚਿੱਲਾਇਆ, "ਤਾਂ ਅਸੀਂ ਅੰਦਰ ਆ ਰਹੇ ਹਾਂ।

(ਕਹਿੰਦੇ ਕਹਿੰਦੇ ਰੁਕ ਗਿਆ) ਆ ਜਾਈਏ ?"

ਚਾਰ ਸੈਨਿਕ ਅੱਗੇ, ਬਤੌਰ ਢਾਲ, ਪਿੱਛੇ ਅਬਦੁਸ ਸਮਦ ਅਤੇ ਹਜ਼ਾਰਾਂ ਸੈਨਿਕ ਅੰਦਰ ਵੜੇ ਚਾਰੇ ਪਾਸੇ ਸਰੀਰ ਬਿੱਖਰੇ ਪਏ ਸੀ, ਅਧਮਰੀ ਹਾਲਤ ਵਿਚ। ਦੋ ਚਾਰ ਨੂੰ ਮੁਗਲਾਂ ਨੇ ਤਲਵਾਰਾਂ ਚੁਭੋ ਕੇ ਵੇਖਿਆ। ਕੋਈ ਨਹੀਂ ਚੀਖਿਆ, ਨਾ ਕਿਸੇ ਨੇ ਵਿਰੋਧ ਹੀ ਕੀਤਾ।

ਸੂਬੇਦਾਰ ਖਾਨ ਨੇ ਇਸ਼ਾਰਾ ਕੀਤਾ। ਮੁਗਲਾਂ ਨੇ ਇਕ ਇਕ ਕਰਕੇ ਸਿੱਖਾਂ ਦੀਆਂ ਮੁਸ਼ਕਾਂ ਕੱਸ ਦਿੱਤੀਆਂ। ਬੰਦਾ ਬਹਾਦਰ ਨੇ ਹੱਥ ਅੱਗੇ ਕਰ ਦਿੱਤੇ ਪਰ ਮੁਗਲਾਂ ਨੇ ਉਸ ਨੂੰ ਫੇਰ ਵੀ ਡਰ ਡਰ ਕੇ ਹੱਥ ਲਾਇਆ।

ਅਤਿਅੰਤ ਗੰਭੀਰ ਅਤੇ ਤਣਾਉ ਭਰੇ ਮਾਹੌਲ ਵਿਚ ਇਹ ਕੰਮ ਪੂਰਾ ਹੋਇਆ। ਗਿਣ-ਗਿਣ ਕੇ ਜਦੋਂ ਸਾਰੇ ਜੋਧਿਆਂ ਨੂੰ ਗਿਰਫ਼ਤਾਰ ਕਰ ਲਿਆ ਗਿਆ ਤਾਂ ਸੂਬੇਦਾਰ ਦੇ ਮੂੰਹ ਤੇ ਮੁਸਕਾਨ ਆਈ। ਉਸ ਨੇ ਤਲਵਾਰ ਉੱਤੇ ਚੁੱਕ ਕੇ ਲਹਿਰਾਈ ਅਤੇ ਜੋਰ ਨਾਲ ਚੀਖਿਆ,"ਯਾ ਅਲੀ।"

ਹਜ਼ਾਰਾਂ ਮੁਗਲ ਫੌਜੀਆਂ ਨੇ ਆਵਾਜ਼ ਵਿਚ ਆਵਾਜ ਮਿਲਾਈ,"ਯਾ ਅਲੀ....। ਸੂਬੇਦਾਰ ਖਾਨ ਜ਼ਿੰਦਾਬਾਦ।"

ਸਾਰੇ ਪਾਸੇ ਸ਼ੋਰ ਮੱਚ ਗਿਆ। ਹਜ਼ਾਰਾਂ ਸੈਨਿਕਾਂ ਨੇ ਤਲਵਾਰਾਂ ਲਹਿਰਾਈਆਂ। ਹਵਾ ਵਿਚ ਗੋਲੀਆ ਦਾਗੀਆਂ। ਸੈਨਿਕਾਂ ਨੇ ਇਕ ਦੂਜੇ ਨੂੰ ਗਲ ਨਾਲ ਲਾਇਆ। ਕੁਝ ਨੇ ਸਿੱਖਾਂ ਨੂੰ ਠੁੱਡੇ ਮਾਰੇ, ਪਰ ਖਾਨਾਂ ਨੇ ਰੋਕਿਆ।

"ਬਹੁਤ ਮੌਕੇ ਮਿਲਣਗੇ", ਜ਼ਕਰੀਆ ਖਾਂ ਸੰਖਿਪਤ ਜਿਹਾ ਬੋਲਿਆ। ਕੋਠੀ ਤੋਂ ਬਾਹਰ ਨਿੱਕਲ ਕੇ ਤਾਂ ਸੈਨਿਕ ਜਿਵੇਂ ਪਾਗਲ ਜਿਹੇ ਹੋ ਗਏ। ਕੁਝ ਨੇ ਦੀਵਾਰਾਂ ਤੇ ਚੜ੍ਹ ਕੇ ਬੁਰਜੀਆਂ ਤੋੜ ਦਿੱਤੀਆਂ। ਜ਼ਬਤ ਕੀਤੇ ਹਥਿਆਰ ਹਵਾ ਵਿਚ ਉਛਾਲੇ ਅਤੇ ਤੀਰ ਕਮਾਨ ਤੋੜਨ ਫੋੜਨ ਲੱਗੇ। ਕਈ ਸੈਨਿਕ ਇਨ੍ਹਾਂ ਵਿਚੋਂ ਕੁਝ ਹਥਿਆਰ ਬਤੌਰ ਇਨਾਮ ਘਰ ਲੈ ਜਾਂਦੇ ਪਰ ਫੇਰ ਜ਼ਕਰੀਆ ਖਾਂ ਨੇ ਰੋਕਿਆ। ਕੁੱਲ ਹਥਿਆਰਾਂ ਦੀ ਫਹਿਰਿਸ਼ਤ ਬਣਾਈ ਗਈ ਜੋ ਇਸ ਤਰ੍ਹਾਂ ਨਿੱਕਲੀ....।

| | | | |
|---|---|---|---|
| 1. | ਤਲਵਾਰ | : | 1000 |
| 2. | ਢਾਲ | : | 278 |
| 3. | ਕਿਰਪਾਨ | : | 217 |
| 4. | ਬੰਦੂਕ | : | 180 |
| 5. | ਕਮਾਨ | : | 173 |
| 6. | ਛੁਰੇ | : | 114 |
| 7 | ਰੁਪਏ | : | 600 |
| 8. | ਮੋਹਰਾਂ | : | 23 |

ਇਸ ਵਿਚ ਕਮਾਨਾਂ ਤੇ ਚੜ੍ਹਾਉਣ ਲਈ ਤੀਰ ਅਤੇ ਬੰਦੂਕਾਂ ਵਿਚ ਭਰਨ ਲਈ ਗੋਲੀਆਂ ਤਕਰੀਬਨ ਖਤਮ ਸੀ। ਸਿਰਫ ਹਜ਼ਾਰ ਸਿੱਖਾਂ ਦਾ ਲਗਭਗ ਹਜ਼ਾਰ ਹਥਿਆਰਾਂ ਨਾਲ ਤੀਹ ਹਜ਼ਾਰ ਅਸਤਰ-ਸ਼ਸ਼ਤਰਾਂ ਨਾਲ ਲੈਸ ਮੁਗਲ ਫੌਜਾਂ ਨੂੰ ਅੱਠ ਮਹੀਨੇ ਤੱਕ ਬਾਹਰ ਖੜ੍ਹੇ ਰੱਖਣਾ ਆਪਣੇ ਆਪ ਵਿਚ ਇਕ ਅਭੁੱਲ ਅਤੇ ਇਤਿਹਾਸਕ ਘਟਨਾ ਹੈ।

ਪਰ ਮੁਗਲਾਂ ਦੀ ਘਿਰਣਾ ਦੀ ਮੁਹਿੰਮ ਇੱਥੇ ਹੀ ਨਹੀਂ ਰੁਕੀ। ਜਦੋਂ ਸ਼ੋਰ ਮਚਾਉਂਦੇ ਮੁਗਲ ਫੌਜੀ ਸਿੱਖਾਂ ਨੂੰ ਬਾਹਰ ਕੱਢ ਰਹੇ ਸਨ ਤਾਂ ਉਨ੍ਹਾਂ ਨੂੰ ਘਸੀਟਿਆ ਗਿਆ ਅਤੇ ਲੱਤ ਮੁੱਕਿਆਂ ਨਾਲ ਕੁੱਟਿਆ ਵੀ ਗਿਆ। ਵੇਖਦੇ ਵੇਖਦੇ ਤਲਵਾਰਾਂ ਨਿੱਕਲ ਆਈਆਂ ਅਤੇ ਕੈਦੀਆਂ ਨਾਲ ਖਤਰਨਾਕ ਖੇਡਾਂ ਖੇਡੀਆਂ ਜਾਣ ਲੱਗੀਆਂ। ਜੇਕਰ ਸਾਰੇ ਰਾਜਪੂਤ ਸਰਦਾਰ ਅਤੇ ਮੁਗਲਾਂ ਦੇ ਸਿਪਾਹਸਾਲਾਰ ਉਨ੍ਹਾਂ ਨੂੰ ਜ਼ੋਰ ਪਾਕੇ ਨਾ ਰੋਕਦੇ ਤਾਂ ਸ਼ਾਇਦ ਸਿੱਖਾਂ ਦਾ ਕਤਲੇਆਮ ਉੱਥੇ ਹੀ ਹੋ ਜਾਂਦਾ।

ਅਬਦੁਸ ਸਮਦ ਖਾਂ ਨੂੰ ਇਕ ਸਮਝੌਤਾ ਕਰਨਾ ਪਿਆ। ਲਗਭਗ ਤਿੰਨ ਸੌ ਸਿੱਖਾਂ ਦੇ ਹੱਥ-ਪੈਰ ਬੰਨ੍ਹ ਕੇ ਮੁਗਲ ਸੈਨਿਕਾਂ ਨੂੰ ਸੌਂਪਣਾ ਪਿਆ। ਜਿਸ ਨਾਲ ਕਿ

ਉਹ ਉਨ੍ਹਾਂ ਤਿੰਨ ਸੌ ਨਾਲ ਆਪਣੀ ਖੂੰਖਾਰ ਖੇਡ ਖੇਡ ਸਕਣ ਅਤੇ ਬਾਕੀ ਸੱਤ ਸੌ ਪੰਜਾਹ ਬੰਦੀਆਂ ਨੂੰ ਛੱਡ ਦੇਣ। ਉਨ੍ਹਾਂ ਤਿੰਨ ਸੌ ਉਪਰ ਅਕੱਥ ਜ਼ੁਲਮ ਕੀਤੇ ਗਏ ਅਤੇ ਅੰਤ ਵਿਚ ਉਨ੍ਹਾਂ ਨੂੰ ਮਾਰ ਸੁੱਟਿਆ ਗਿਆ। ਅੱਠ ਮਹੀਨੇ ਦੀ ਖਿਝ ਅਤੇ ਨਿਰਾਸ਼ਾ ਤੋਂ ਬਾਦ ਜਦੋਂ ਸਿੱਖ ਜੋਧੇ ਭੁੱਖੀ ਮੁਗਲ ਫੌਜ ਦੇ ਹੱਥ ਲੱਗੇ ਤਾਂ ਇਹੀ ਹੋਣਾ ਸੀ।

------

# ਕੈਦ ਅਤੇ ਅਪਮਾਨ

"ਉਹ ਵੇਖੋ, ਜਲੂਸ ਇਸੇ ਪਾਸੇ ਆ ਰਿਹਾ ਹੈ।" ਇਕ ਛੋਟੀ ਜਿਹੀ ਲੜਕੀ ਉਤਸੁਕਤਾ ਨਾਲ ਆਪਣੀ ਮਾਂ ਨੂੰ ਬੋਲੀ।

ਸਥਾਨ ਲਾਹੌਰ । ਜਨਵਰੀ 1716

ਅਬਦੁਸ ਸਮਦ ਖਾਂ ਬੰਦਾ ਅਤੇ ਉਸਦੇ ਸਿੱਖਾਂ ਨੂੰ ਲਾਹੌਰ ਲਿਆਇਆ ਜਿਸ ਨਾਲ ਉਸਦੀ (ਅਬਦੁਸ ਸਮਦ ਦੀ) ਬਹਾਦਰੀ ਦਾ ਸਬੂਤ ਉਸਦੇ ਆਪਣੇ ਸ਼ਹਿਰ ਵਾਲੇ ਵੀ ਵੇਖਣ ਅਤੇ ਸਲਾਹੁਣ।

ਪਰ ਅਜੇਹੇ ਡਰਾਉਣੇ ਜਲੂਸ ਨੂੰ ਵੇਖਣ ਵਾਲਿਆਂ ਦਾ ਜਿਗਰਾ ਵੀ ਮਜ਼ਬੂਤ ਹੋਣਾ ਚਾਹੀਦਾ ਹੈ। ਛੋਟੀ ਲੜਕੀ ਨੇ ਸਿੱਖਾਂ ਦੇ ਕਟੇ ਸਿਰ ਵੇਖੇ ਅਤੇ ਇਕ ਚੀਕ ਮਾਰ ਕੇ ਬੇਹੋਸ਼ ਹੋ ਗਈ।

ਜਲੂਸ ਅੱਗੇ ਚੱਲਦਾ ਗਿਆ। ਸਭ ਤੋਂ ਅੱਗੇ ਢੋਲ-ਨਗਾੜੇ ਅਤੇ ਬੈਂਡ ਵਾਜਾ। ਪਿੱਛੇ ਦੋ ਹਜ਼ਾਰ ਮੁਗਲ ਸੈਨਿਕ, ਹਰੇਕ ਦੇ ਹੱਥ ਵਿਚ ਇਕ ਬਰਛਾ ਜਿਸ ਉੱਤੇ ਇਕ ਸਿੱਖ ਦੇ ਕਟੇ ਸਿਰ ਨੂੰ ਖੋਖਲਾ ਕਰਕੇ ਉਸ ਵਿਚ ਸੁੱਕਾ ਭੂਸਾ ਭਰਿਆ ਗਿਆ ਸੀ ਤਾਂਕਿ ਸਿਰ ਜਲਦੀ ਨਾ ਸੜ ਜਾਵੇ। ਪਰ ਅੱਖਾਂ ਦੇ ਛੇਦ , ਖੁਲੀ ਦਾੜ੍ਹੀ ਅਤੇ ਲੰਮੇ ਲਹਿਰਾਉਂਦੇ ਸਿਰ ਦੇ ਵਾਲ ਅਜੇਹਾ ਭਿਆਨਕ ਨਜ਼ਾਰਾ ਪੇਸ਼ ਕਰ ਰਹੇ ਸੀ ਕਿ ਦਰਸ਼ਕਾਂ ਵਿਚੋਂ ਵਧੇਰੇ ਸੁੰਨ ਹੋਏ ਵੇਖ ਰਹੇ ਸਨ। ਵਿਚ-ਵਿਚ ਜ਼ਿੰਦਾਬਾਦ ਤੇ ਮੁਰਦਾਬਾਦ ਦੇ ਨਾਹਰੇ ਵੀ ਲੱਗ ਰਹੇ ਸਨ। ਉਨ੍ਹਾਂ ਦੇ ਪਿੱਛੇ ਫੌਜਦਾਰ, ਅਮੀਰ ਅਤੇ ਰਾਜੇ ਆਪਣੀਆਂ ਆਪਣੀਆਂ ਫੌਜਾਂ ਦੇ ਨਾਲ। ਕਟੇ ਸਿਰ ਤੇ ਅਮੀਰ-ਉਮਰਾ ਵਿਚਕਾਰ ਸੱਤ ਸੌ ਚਾਲੀ ਕੈਦੀ ਅਤੇ ਉਨ੍ਹਾਂ ਤੋਂ ਬਾਦ ਬੰਦਾ ਬਹਾਦਰ ਸੀ। ਕੈਦੀਆਂ ਨੂੰ ਲੰਗੜੇ ਗੰਦੇ ਗਧੇ ਅਤੇ ਊਠਾਂ ਤੇ ਬਿਠਾਇਆ ਗਿਆ ਸੀ। ਅਤੇ ਉਨ੍ਹਾਂ ਦੇ ਸਿਰਾਂ ਤੇ ਜੋਕਰਾਂ ਵਾਲੀਆਂ ਕਾਗਜ਼ ਦੀਆਂ ਉੱਚੀਆਂ ਟੋਪੀਆਂ ਸਨ।

ਬੰਦਾ ਦੀ ਤਾਂਤਰਿਕ ਪ੍ਰਸਿੱਧੀ ਅਜੇ ਵੀ ਉਸ ਦੇ ਨਾਲ ਚੱਲ ਰਹੀ ਸੀ। ਉਸਨੂੰ ਬਚ ਕੇ ਭੱਜਣ ਤੋਂ ਰੋਕਣ ਵਾਸਤੇ ਇਕ ਪਿੰਜਰੇ ਵਿਚ ਬੰਦ ਕੀਤਾ ਗਿਆ ਸੀ। ਪੈਰਾਂ ਵਿਚ ਬੇੜੀਆਂ, ਗਲ ਦੇ ਚਾਰੇ ਪਾਸੇ ਲੋਹੇ ਦਾ ਮੋਟਾ ਸੰਗਲ ਅਤੇ ਉਸ ਨਾਲ ਬੰਨੀਆਂ ਮੋਟੀਆਂ ਜੰਜ਼ੀਰਾਂ ਜੋ ਕਿ ਪਿੰਜਰੇ ਦੇ ਚਾਰ ਖੂੰਜਿਆਂ ਵਿਚ ਕਿੱਲਾਂ ਨਾਲ

ਲੱਕੜੀ ਵਿਚ ਜੜੀਆਂ ਹੋਈਆਂ ਸਨ। ਪਿੰਜਰਾ ਹਾਥੀ ਦੀ ਪਿੱਠ ਤੇ ਹੌਦੇ ਦੀ ਥਾਂ ਬੰਨ੍ਹਿਆ ਹੋਇਆ ਸੀ। ਇਨ੍ਹਾਂ ਸਾਰਿਆਂ ਦੇ ਬਾਦ ਵੀ ਹਾਥੀ ਦੀ ਪਿੱਠ ਤੇ ਦੋ ਮੁਗਲ ਸੈਨਿਕ ਦੋਵੇਂ ਪਾਸੇ ਬੰਦਾ ਦੇ ਨਾਲ ਹੀ ਬੰਨ੍ਹੇ ਹੋਏ ਸਨ ਜਿਸ ਤੋਂ ਕਿਸੇ ਵੀ ਹਾਲਤ ਵਿਚ ਬੰਦਾ ਇਕੱਲਾ ਨਾ ਭੱਜ ਸਕੇ। ਇਸ ਡਰਾਉਣੇ ਦ੍ਰਿਸ਼ ਨੂੰ ਵੇਖਣ ਵਾਸਤੇ ਲਾਹੌਰ ਦੀ ਸ਼ਾਹੀ ਸੜਕ ਦੇ ਦੋਵੇਂ ਪਾਸੇ ਸਾਰਾ ਸ਼ਹਿਰ ਇਕੱਠਾ ਹੋਇਆ ਹੋਇਆ ਸੀ।

ਅਬਦੁਸ ਸਮਦ ਤਾਂ ਚਾਹੁੰਦਾ ਸੀ ਕਿ ਬੰਦਾ ਨੂੰ ਲੈਕੇ ਉਹ ਦਿੱਲੀ ਜਾਵੇ ਅਤੇ ਆਪਣੇ ਪੰਜ ਤਾਰਾ ਕੈਦੀ ਨੂੰ ਬਾਦਸ਼ਾਹ ਦੇ ਸਾਮ੍ਹਣੇ ਖੁਦ ਪੇਸ਼ ਕਰੇ। ਪਰ ਬਾਦਸ਼ਾਹ ਨੇ ਦਿੱਲੀ ਆਉਣ ਦੀ ਇਜਾਜ਼ਤ ਸਿਰਫ਼ ਜ਼ਕਰੀਆ ਖਾਂ ਅਤੇ ਕਮਰੁਦੀਨ ਖਾਂ ਨੂੰ ਦਿੱਤੀ। ਇਹੀ ਜਲੂਸ ਸਰਹੰਦ ਸ਼ਹਿਰ ਵਿਚ ਵੀ (ਜੋ ਹੁਣ ਫੇਰ ਮੁਗਲਾਂ ਦੇ ਕਬਜ਼ੇ ਵਿਚ ਆ ਚੁੱਕਾ ਸੀ) ਕੱਢਿਆ ਗਿਆ।

*****

ਲਾਹੌਰ ਤੋਂ ਦਿੱਲੀ ਦੇ ਰਾਹ ਵਿਚ ਜਿੰਦਾ ਅਤੇ ਮੁਰਦਾ ਸਿੱਖਾਂ ਦੀ ਗਿਣਤੀ ਵਧਦੀ ਗਈ। ਕਾਰਨ.... ਜ਼ਕਰੀਆ ਖਾਂ ਨੂੰ ਲੱਗਾ ਕਿ ਸੱਤ ਸੌ ਕੈਦੀ ਅਤੇ ਦੋ ਹਜ਼ਾਰ ਸਿੱਖ ਸਿਰ ਬਾਦਸ਼ਾਹ ਨੂੰ ਭੇਂਟ ਕਰਨ ਲਈ ਕਾਫ਼ੀ ਨਹੀਂ ਹਨ। ਤਾਂ ਰਸਤੇ ਭਰ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਜਿੰਨੇ ਸਿੱਖ ਹੱਥ ਲੱਗੇ, ਸਭ ਨੂੰ ਜ਼ਿੰਦਾ ਜਾਂ ਮੁਰਦਾ ਫੜ ਕੇ ਜਲੂਸ ਨਾਲ ਜੋੜ ਲਿਆ ਗਿਆ, ਦੋਹੀਂ ਥਾਵੀਂ ਜਲੂਸ ਵਿਚ ਸਿੱਖਾਂ ਤੇ ਥਾਂ-ਥਾਂ ਥੁੱਕਿਆ ਗਿਆ ਅਤੇ ਉਨ੍ਹਾਂ ਨਾਲ ਸ਼ਰਮਨਾਕ ਹਰਕਤਾਂ ਕੀਤੀਆਂ ਗਈਆਂ। ਪਰ ਵਾਹ ਬੰਦਾ ਅਤੇ ਉਸਦੇ ਸਿੱਖ। ਹਰ ਅਪਮਾਨ ਨੂੰ ਸਹਿੰਦੇ ਰਹੇ ਅਤੇ ਉੱਚੀ ਅਵਾਜ਼ ਵਿਚ ਇਕੱਠੇ ਸ਼ਬਦ ਗਾਉਂਦੇ ਰਹੇ। ਵੇਖਣ ਵਾਲੇ ਇਸ ਪ੍ਰਕਿਰਿਆ ਤੋਂ ਹੈਰਾਨ ਰਹਿ ਗਏ।

27 ਫਰਵਰੀ 1716 ਨੂੰ ਜਲੂਸ ਦਿੱਲੀ ਦੇ ਬਾਜ਼ਾਰਾਂ ਵਿਚੋਂ ਕੱਢਿਆ ਗਿਆ। ਸਭ ਤੋਂ ਪਹਿਲਾਂ ਉਹੀ ਦੋ ਹਜ਼ਾਰ ਸਿਰ, ਬਾਂਸਾਂ ਤੇ ਚੜ੍ਹਾਏ ਹੋਏ। ਦੋ ਹਜ਼ਾਰ ਇਕਵੇਂ ਬਾਂਸ ਤੇ ਇਕ ਬਿੱਲੀ ਦੀ ਲਾਸ਼ ਸੀ। ਇਹ ਵਿਖਾਉਣ ਵਾਸਤੇ ਕਿ ਮੁਗਲਾਂ ਵਾਸਤੇ ਸਿੱਖਾਂ ਦਾ ਕੀ ਮੁੱਲ ਸੀ। ਬੰਦਾ ਆਪਣੇ ਹਾਥੀ ਉੱਤੇ ਪਿੰਜਰੇ ਵਿਚ ਬੰਦ ਸੀ। ਇਸ ਵਾਰੀ ਉਸ ਦੇ ਜਿਸਮ ਤੇ ਰਾਜਸੀ ਕੱਪੜੇ ਅਤੇ ਲਾਲ ਰੰਗ ਦੀ ਪਗੜੀ ਸੀ ਜਿਸ ਤੇ ਜ਼ਰੀ ਦਾ ਕੰਮ ਕੀਤਾ ਹੋਇਆ ਸੀ। ਉਸਨੂੰ ਵੇਖ ਕੇ ਦਿੱਲੀ ਦੇ ਮੁਸਲਮਾਨਾਂ ਨੇ ਬੜੀ ਖਿੱਲੀ ਉਡਾਈ।

"ਅੱਛਾ, ਤਾਂ ਇਹ ਸੀ ਤੁਹਾਡਾ ਸਰਦਾਰ?"

"ਹੁਣ ਕਿੱਥੇ ਗਏ ਇਸ ਦੇ ਤੰਤਰ-ਮੰਤਰ?"

"ਹੁਣ ਵੇਖਦੇ ਹਾਂ ਕਿਵੇਂ ਭੱਜਦਾ ਹੈ।"

ਉਸਦੇ ਹਾਥੀ ਤੇ ਪਿੱਛੇ ਇਕ ਅਫਗਾਨ ਫੌਜੀ ਖੜ੍ਹਾ ਸੀ, ਨੰਗੀ ਤਲਵਾਰ ਸੂਤ ਕੇ। ਸੱਤ ਸੌ ਚਾਲੀ ਸਿੱਖ ਕੈਦੀ ਪਿੱਛੇ ਸਨ। ਉਨ੍ਹਾਂ ਦੇ ਸਿਰਾਂ ਤੇ ਤਮਾਸ਼ੇ ਵਾਲੀਆਂ ਉੱਚੀਆਂ ਟੋਪੀਆਂ ਸਨ। ਕੁਝ ਟੋਪੀਆਂ ਭੇਡ ਦੀ ਖੱਲ ਦੀਆਂ ਬਣੀਆਂ ਹੋਈਆਂ ਸਨ ਜਿਨ੍ਹਾਂ ਦੀ ਉੱਨ ਬਾਹਰ ਵੱਲ ਸੀ। ਉਨ੍ਹਾਂ ਦੇ ਉੱਤੇ ਕੱਚ ਦੇ ਰੰਗ-ਬਰੰਗੇ ਟੁਕੜੇ ਸਨ। ਕਈਆਂ ਨੂੰ ਸਾਰੇ ਜਿਸਮ ਤੇ ਭੇਡ ਦੀ ਖੱਲ ਦੀ ਪੁਸ਼ਾਕ ਉੱਨ ਬਾਹਰ ਰੱਖ ਕੇ ਪਵਾਈ ਗਈ ਸੀ ਜਿਸ ਨਾਲ ਉਹ ਜਾਨਵਰ ਵਰਗੇ ਲੱਗਣ। ਕੁੱਲ ਮਿਲਾ ਕੇ ਉਨ੍ਹਾਂ ਦਾ ਮਜ਼ਾਕ ਉਡਾਉਣ ਵਿਚ ਕੋਈ ਕਸਰ ਬਾਕੀ ਨਹੀਂ ਰੱਖੀ ਗਈ ਸੀ।

ਪਰ ਮਜ਼ਾਕ ਅਲੱਗ, ਉਨ੍ਹਾਂ ਦੇ ਕਿਸੇ ਤਰ੍ਹਾਂ ਵੀ ਭੱਜ ਜਾਣ ਦੀ ਹਾਲਤ ਨਹੀਂ ਸੀ। ਇਕ ਹੱਥ ਗਰਦਨ ਦੇ ਪਿੱਛੇ ਲੱਕੜ ਦੇ ਦੋ ਟੁਕੜਿਆਂ ਵਿਚਕਾਰ ਲੋਹੇ ਦੀਆਂ ਕਿੱਲਾਂ ਨਾਲ ਫਸਾਇਆ ਹੋਇਆ ਸੀ। ਇਸ ਹਾਲਤ ਵਿਚ ਵੀ ਕੈਦੀ ਦੋ-ਦੋ ਕਰਕੇ ਪਿੱਠ ਨਾਲ ਪਿੱਠ ਜੋੜ ਕੇ ਬਗੈਰ ਕਾਠੀ ਦੇ ਊਠਾਂ ਤੇ ਬਿਠਾਏ ਗਏ ਸਨ। ਕੁਝ ਨੂੰ ਇਕੱਠੇ ਗੱਡਿਆਂ ਵਿਚ ਲੱਦ ਦਿੱਤਾ ਗਿਆ ਸੀ। ਆਪਣੀ ਕਾਰਗੁਜ਼ਾਰੀ ਤੇ ਠੱਪਾ ਲਾਉਂਦੇ ਹੋਏ ਪਿੱਛੇ ਤਿੰਨ ਫੌਜਦਾਰ, ਚਿਨ ਬਹਾਦਰ, ਉਸ ਦਾ ਛੋਟਾ ਬੇਟਾ ਕਮਰੁਦੀਨ ਅਤੇ ਜ਼ਕਰੀਆ ਖਾਂ ਵਧੀਆ ਘੋੜਿਆਂ ਤੇ ਸਵਾਰ ਪੂਰੇ ਫੌਜੀ ਲਿਬਾਸ ਵਿਚ ਸਜੇ ਬੈਠੇ ਸਨ। ਚਾਂਦਨੀ ਚੌਂਕ, ਕੋਤਵਾਲੀ, ਜਾਮਾ ਮਸਜਿਦ, ਦਰਿਆ ਗੰਜ, ਇਨ੍ਹਾਂ ਮੀਲ ਪੱਥਰਾਂ ਨੂੰ ਅੱਜ ਵੀ ਦਿੱਲੀ ਵਾਲੇ ਪਛਾਣ ਲੈਣਗੇ। ਕਈ ਮੀਲ ਰਸਤੇ ਵਿਚ ਦੋਵੇਂ ਪਾਸੇ ਫੌਜਾਂ ਤੈਨਾਤ ਸਨ ਅਤੇ ਵੇਖਣ ਵਾਸਤੇ ਦੂਰ-ਦੂਰ ਤੋਂ ਸ਼ਹਿਰ ਦੇ ਨਿਵਾਸੀ ਇਕੱਠੇ ਹੋਏ ਸਨ।

ਦਿੱਲੀ ਵਿਚ ਵੀ ਮਜ਼ਾਕ ਤਾਂ ਉੱਡ ਰਿਹਾ ਸੀ ਪਰ ਦਿੱਲੀ ਵਾਲਿਆਂ ਵਿਚ ਬੰਦਾ ਪ੍ਰਤਿ ਦਹਿਸ਼ਤ ਵਾਲਾ ਆਦਰ ਵੀ ਸੀ। ਕੁਝ ਤਾਂ ਕਾਰਨ ਇਹ ਸੀ ਕਿ ਬੰਦਾ ਦਾ ਕਾਰਜ ਖੇਤਰ ਦਿੱਲੀ ਤੋਂ ਬਹੁਤ ਦੂਰ ਸੀ ਅਤੇ ਦਿੱਲੀ ਵਾਲਿਆਂ ਵਿਚ ਬੰਦਾ ਵਾਸਤੇ ਅਜਿਹੀ ਘਿਰਣਾ ਨਹੀਂ ਸੀ ਜਿਹੋ ਜਿਹੀ ਪੰਜਾਬ ਦੇ ਮੁਸਲਮਾਨਾਂ ਵਿਚ ਸੀ। ਫਿਰ ਦਿੱਲੀ ਦੇ ਗਲੀ-ਕੂਚਿਆਂ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਹਿੰਦੂ-ਸਿੱਖ ਰਹਿੰਦੇ ਸਨ ਜਿਨ੍ਹਾਂ ਵਿਚ ਬੰਦਾ ਵਾਸਤੇ ਅਤਿਅੰਤ ਅਚਰਜ ਸੀ। ਕਿਹੋ ਜਿਹਾ ਸੀ ਇਹ ਸਿੱਖ ਜੋਧਾ ਜਿਸ ਨੇ ਕੁਝ ਸੌ ਜਾਂ ਕੁਝ ਹਜ਼ਾਰ ਫੌਜ ਨਾਲ ਹਿੰਦੁਸਤਾਨ ਦੇ

ਬਾਦਸ਼ਾਹ ਨੂੰ ਨੱਕ ਚਣੇ ਚਬਵਾ ਦਿੱਤੇ ਸੀ? ਅਤੇ ਕੀ ਅਜੀਬ ਜਲੂਸ ਸੀ ਇਹ, ਜਿਸ ਵਿਚ ਜਿੱਤੇ ਹੋਏ ਸੈਨਿਕਾਂ ਤੋਂ ਘਿਰੇ ਹੋਏ ਸਿੱਖ ਜੋਧੇ ਨਿਡਰ ਹੋ ਕੇ ਸਫਰ ਕਰ ਰਹੇ ਸਨ, ਹਾਲਾਂਕਿ ਉਨ੍ਹਾਂ ਨੂੰ ਪਤਾ ਸੀ ਕਿ ਸ਼ਰਤੀਆ ਇਹ ਉਨ੍ਹਾਂ ਦਾ ਆਖਰੀ ਸਫਰ ਸੀ। ਇਹੀ ਨਹੀਂ ਉਹ ਉੱਚੀ ਆਵਾਜ਼ ਵਿਚ ਸੁਰੀਲੇ ਸ਼ਬਦ ਵੀ ਗਾ ਰਹੇ ਸਨ। ਅਜਿਹੇ ਮਾਹੌਲ ਦੇ ਬਾਵਜੂਦ ਉਨ੍ਹਾਂ ਦੇ ਉਤਸ਼ਾਹ ਵਿਚ ਕੋਈ ਕਮੀ ਨਹੀਂ ਸੀ।

ਸਿੱਖ ਕੈਦੀ ਇਕ ਪਾਨ ਦੀ ਦੁਕਾਨ ਦੇ ਸਾਮ੍ਹਣਿਉਂ ਨਿੱਕਲੇ। ਕੁਝ ਦੇਰ ਤਾਂ ਗਰੀਬਦਾਸ ਪਾਨ ਵਾਲਾ ਵੇਖਦਾ ਰਿਹਾ, ਫੇਰ ਆਖਰੀ ਕੈਦੀ ਦੇ ਨਾਲ-ਨਾਲ ਚੱਲਦਾ ਪੁੱਛ ਹੀ ਬੈਠਿਆ, "ਤੁਸੀਂ ਲੋਕ ਸਾਡੇ ਸਾਰਿਆਂ ਵਾਂਗ ਹੀ, ਯਾਨੀ ਆਮ ਲੋਕਾਂ ਵਾਂਗ ਹੀ ਲੱਗਦੇ ਹੈ। ਫਿਰ ਤੁਸੀਂ ਮੁਸਲਮਾਨ ਔਰਤਾਂ ਤੇ ਬੱਚਿਆਂ ਦੀਆਂ ਜਾਨਾਂ ਕਿਉਂ ਲਈਆਂ?"

ਮੁਗਲਾਂ ਦਾ ਦੁਰਪ੍ਰਚਾਰ, ਜ਼ਾਹਿਰ ਹੈ, ਦਿੱਲੀ ਵਿਚ ਪੂਰੀ ਤਰ੍ਹਾਂ ਅਸਰਦਾਰ ਸੀ। ਹਰ ਦਿੱਲੀ ਵਾਲੇ ਨੂੰ ਇਹ ਦੱਸਿਆ ਗਿਆ ਸੀ ਕਿ ਸਿੱਖ ਦਾਨਵ ਹਨ ਅਤੇ ਔਰਤਾਂ, ਬੱਚਿਆਂ ਨੂੰ ਵੀ ਨਹੀਂ ਛੱਡਦੇ।

"ਇਹ ਸੱਚ ਨਹੀਂ ਹੈ।" ਇਕ ਅਧੇੜ ਉਮਰ ਦਾ ਕੈਦੀ ਬੋਲਿਆ। "ਸਰਹੰਦ ਸ਼ਹਿਰ ਦਾ ਹਰੇਕ ਆਦਮੀ, ਔਰਤ ਅਤੇ ਬੱਚਾ ਪਾਪੀ ਸੀ ਕਿਉਂਕਿ ਗੁਰੂ ਸਾਹਿਬ ਦੇ ਬੱਚਿਆਂ ਨੂੰ ਉਨ੍ਹਾਂ ਦੀਆਂ ਅੱਖਾਂ ਦੇ ਸਾਮ੍ਹਣੇ ਦੀਵਾਰ ਵਿਚ ਚਿਣ ਦਿੱਤਾ ਗਿਆ ਸੀ ਅਤੇ ਉਹ ਕੁਝ ਨਹੀਂ ਬੋਲੇ ਸਨ। ਇਸ ਲਈ ਅਸੀਂ ਉਨ੍ਹਾਂ ਨੂੰ ਸਜ਼ਾ ਦਿੱਤੀ। ਇਸ ਤੋਂ ਇਲਾਵਾ ਅਸੀਂ ਕਦੀ ਕਿਸੇ ਔਰਤ ਜਾਂ ਬੱਚੇ ਤੇ ਹੱਥ ਨਹੀਂ ਚੁੱਕਿਆ।"

ਇਕ ਮੁਸਲਮਾਨ ਨੇ ਪੁੱਛਿਆ,"ਇਹ ਸਭ ਕਰਦੇ ਹੋਏ ਤੁਹਾਨੂੰ ਡਰ ਨਹੀਂ ਲੱਗਿਆ ਕਿ ਬਾਦਸ਼ਾਹ ਦੀਆਂ ਫੌਜਾਂ ਸਜ਼ਾ ਦੇਣਗੀਆਂ? ਮੁਗਲ ਫੌਜਾਂ ਤੋਂ ਤੁਸੀਂ ਕਦੋਂ ਤੱਕ ਬਚਦੇ ਰਹਿੰਦੇ?"

ਦੂਜੇ ਸਿੱਖ ਨੇ ਹੱਸ ਕੇ ਜਵਾਬ ਦਿੱਤਾ, "ਲੜਨ ਤੋਂ ਅਸੀਂ ਕਦੋਂ ਪਿੱਛੇ ਹਟੇ ਹਾਂ? ਰਸਦ ਅਸਲਾ ਖਤਮ ਹੋਣ ਤੇ ਸਾਨੂੰ ਪਿੱਛੇ ਹਟਣਾ ਪਿਆ ਹੈ, ਨਹੀਂ ਤਾਂ ਅਸੀਂ ਕਦੀ ਵੀ ਹਾਰ ਨਾ ਮੰਨਦੇ।"

"ਹੁਣ ਤਾਂ ਤੁਹਾਨੂੰ ਮਾਰ ਦਿੱਤਾ ਜਾਵੇਗਾ। ਤੁਹਾਨੂੰ ਡਰ ਨਹੀਂ ਲੱਗ ਰਿਹਾ?"

ਦੋ-ਤਿੰਨ ਕੈਦੀ ਇਕੱਠੇ ਬੋਲੇ,"ਅਸੀਂ ਮੌਤ ਤੋਂ ਨਹੀਂ ਡਰਦੇ। ਇਕ ਦਿਨ ਤਾਂ ਜਾਣਾ ਹੀ ਹੈ। ਜੇਕਰ ਡਰਦੇ ਤਾਂ ਲੜਦੇ ਹੀ ਕਿਉਂ? ਅਜੇ ਵੀ ਹਥਿਆਰ ਮਿਲ ਜਾਣ ਤਾਂ ਦੋ-ਦੋ ਹੱਥ ਵਿਖਾ ਦੇਵਾਂਗੇ।"

ਇਕ ਝਟਕਾ ਲੱਗਾ ਅਤੇ ਅੱਗੇ ਵੱਧ ਗਏ। "ਬੜਾ ਹੰਕਾਰ ਹੈ ਤੈਨੂੰ ਆਪਣੀ ਤਾਕਤ ਦਾ.........।" ਮੁਸਲਮਾਨ ਤੋਂ ਰਿਹਾ ਨਾ ਗਿਆ।
ਸਿੱਖ ਨੇ ਆਪਣੇ ਮੱਥੇ ਨੂੰ ਹੱਥ ਲਾਇਆ, ਫਿਰ ਦੋਵੇਂ ਹੱਥ ਆਸਮਾਨ ਵੱਲ ਚੁੱਕੇ....ਸਭ ਕੁਝ ਪਹਿਲਾਂ ਹੀ ਲਿਖਿਆ ਸੀ।

ਜ਼ਜ਼ੀਰਾਂ ਵਿਚ ਜਕੜਿਆ ਹੋਇਆ ਬੰਦਾ ਬਿਲਕੁਲ ਸ਼ਾਂਤ ਸੀ। ਹਾਲਾਂਕਿ ਨੀਂਦ ਕੋਹਾਂ ਦੂਰ ਸੀ, ਬੰਦਾ ਦੇ ਮਨ ਵਿਚ ਕੋਈ ਸਵਾਲ, ਕੋਈ ਮਲਾਲ, ਕੋਈ ਸ਼ਿਕਾਇਤ ਨਹੀ ਸੀ। ਉਸਦਾ ਮਨ ਇਸ ਆਖਰੀ ਘੜੀ ਵਿਚ ਸਿਰਫ਼ ਆਪਣੇ ਗੁਰੂ ਜੀ ਨੂੰ ਢੂੰਡ ਰਿਹਾ ਸੀ। ਅਮ੍ਰਿਤ ਵੇਲੇ ਗੁਰੂ ਜੀ ਪ੍ਰਗਟ ਹੋਏ। ਸ਼ਾਂਤ ਤੇਜਮਈ ਪਰ ਬੋਲੇ ਕੁਝ ਨਹੀਂ। ਬੰਦਾ ਦੇ ਮਨ ਵਿਚ ਜਗਿਆਸਾ ਸੀ,"ਕੌਮ ਦਾ ਕੀ ਹੋਵੇਗਾ ਗੁਰੂ ਸਾਹਿਬ?"

"ਭਵਿੱਖ ਦੀ ਚਿੰਤਾ ਤੂੰ ਨਾ ਕਰ, ਬੰਦਾ ਬਹਾਦਰ ਤੂੰ ਆਪਣੀ ਕੁਰਬਾਨੀ ਦੇ ਦਿੱਤੀ ਹੈ। ਹੱਸਦੇ ਹੱਸਦੇ ਫਾਂਸੀ ਦਾ ਫੰਦਾ ਚੁੰਮ।"
"ਕੌਮ ਵਾਸਤੇ ਕੁਝ ਹੋਰ ਕਰ ਲੈਣ ਦਿੰਦੇ ਗੁਰੂ ਜੀ....।"
"ਜਿੰਨਾਂ ਤੇਰੇ ਹਿੱਸੇ ਵਿਚ ਸੀ, ਉਹ ਤੂੰ ਕਰ ਵਿਖਾਇਆ ਹੈ। ਕਰਮ ਅਤੇ ਫਲ ਵਾਹਿਗੁਰੂ ਨੇ ਪਹਿਲਾਂ ਹੀ ਲਿਖ ਦਿੱਤਾ ਸੀ ਬੀਰ ਬੰਦਾ ਬਹਾਦਰ।"

ਬੰਦਾ ਚੁਪ ਹੋ ਗਿਆ। ਆਪਣੀ ਕਥਨੀ ਅਤੇ ਕਰਨੀ ਦਾ ਫਲ ਉਸ ਦੇ ਮਨ ਵਿਚ ਉੱਭਰ ਆਇਆ। ਜੇਕਰ ਉਸਨੂੰ ਇਕ ਹੋਰ ਮੌਕਾ ਮਿਲੇ ਤਾਂ ਉਹ ਜ਼ਰੂਰ.........। ਪਰ ਪੂਰਨ ਕਰਮ ਦਾ ਇਹ ਮੌਕਾ ਲੰਘ ਜਾਣ ਤੇ ਵੀ ਬੰਦਾ ਦੇ ਮਨ ਵਿਚ ਚਿੰਤਾ ਨਹੀ ਸੀ। ਉਸਨੂੰ ਪਤਾ ਸੀ ਕਿ ਉਸਦਾ ਅੰਤ ਤੈਅ ਹੋ ਚੁਕਾ ਹੈ। ਕੱਲ ਜੋ ਹੋਵੇਗਾ,ਵੇਖੀ ਜਾਏਗੀ।

*****

ਕਤਲੇਆਮ 5 ਮਾਰਚ 1716 ਨੂੰ ਸ਼ੁਰੂ ਹੋਏ। ਸਿਖਾਂ ਨੂੰ ਤਿੰਨ ਮਹੀਨੇ ਕੈਦ ਵਿਚ ਇਸ ਲਈ ਰੱਖਿਆ ਗਿਆ ਸੀ ਕਿ ਉਹ ਭੈਅ ਅਤੇ ਤਨਾਉ ਦੀ ਵਜਾਹ ਨਾਲ ਸ਼ਾਇਦ ਪਲਟ ਜਾਣ ਅਤੇ ਮੁਸਲਮਾਨ ਬਣਨ ਨੂੰ ਰਾਜ਼ੀ ਹੋ ਜਾਣ। ਸ਼ਾਇਦ ਕੁਝ ਤੋਂ ਇਹ ਵੀ ਉਮੀਦ ਸੀ ਕਿ ਬੰਦਾ ਬਹਾਦਰ ਦੇ ਲੁੱਟੇ ਹੋਏ ਖਜ਼ਾਨੇ ਬਾਰੇ ਮੁਗਲਾਂ ਨੂੰ ਦੱਸ ਦੇਣ। ਪਰ ਅਜੇਹਾ ਕੁਝ ਨਹੀਂ ਹੋਇਆ। ਆਖਰ ਖ਼ੂਨੀ ਦਰਵਾਜ਼ੇ ਉੱਤੇ ਸੌ ਕੈਦੀਆਂ ਨੂੰ ਇਕ ਕਤਾਰ ਵਿਚ ਖੜਾ ਕਰ ਲਿਆ ਗਿਆ। ਇਹ ਜਗ੍ਹਾ ਕੋਤਵਾਲੀ ਦੇ

ਕੋਲ(ਮੌਜੂਦਾ ਦਰਿਆ ਗੰਜ) ਸੀ ਜਿੱਥੇ ਤਿੰਨ ਰਾਹ ਆ ਕੇ ਮਿਲਦੇ ਸੀ (ਤ੍ਰਿਪੋਲੀਆ)। ਇਸ ਕਤਲਗਾਹ ਵਿਚ ਇਕੱਠੇ ਹੁੰਦੇ ਹੀ ਕੈਦੀਆਂ ਨੇ ਉੱਚੀ ਅਵਾਜ਼ ਵਿਚ ਸ਼ਬਦ ਗਾਉਣੇ ਸ਼ੁਰੂ ਕਰ ਦਿੱਤੇ। ਸਿਪਾਹੀ ਨੇ ਇਕ ਕੈਦੀ ਨੂੰ ਕਤਲ ਕਰਨ ਵਾਸਤੇ ਅੱਗੇ ਬੁਲਾਇਆ। ਪਰ ਇਹ ਕੀ ? ਇਕ ਬਜ਼ੁਰਗ ਦਿੱਸਣ ਵਾਲਾ ਸਿੱਖ ਜੋਧਾ ਬੋਲਿਆ, ਨਹੀਂ ਨਹੀਂ, ਪਹਿਲਾ ਨੰਬਰ ਮੇਰਾ ਹੈ। ਦੇਖੋ ਮੇਰੀ ਚਿੱਟੀ ਦਾੜ੍ਹੀ। ਮੁਕਤੀ ਪਹਿਲਾਂ ਮੈਨੂੰ ਮਿਲਣੀ ਚਾਹੀਦੀ ਹੈ।" ਕਹਿੰਦੇ ਹੋਏ ਉਹ ਖੜ੍ਹਾ ਹੋ ਗਿਆ ਅਤੇ ਜੱਲਾਦ ਨੂੰ ਆਪਣੇ ਕੋਲ ਆਉਣ ਦਾ ਇਸ਼ਾਰਾ ਕੀਤਾ।

ਤਿੰਨ ਚਾਰ ਹੋਰ ਖੜ੍ਹੇ ਹੋ ਗਏ, "ਚੱਲ ਭਾਈ, ਮੈਨੂੰ ਵੀ ਛੇਤੀ ਦੇਣੀ ਦਾਤਾ ਕੋਲ ਪੁਚਾਅ ਦੇ।" ਜਲਾਦ ਭੁਚੱਕਾ ਹੋਇਆ ਖੜ੍ਹਾ ਸੀ। ਮਰਨ ਦਾ ਇਹ ਜਜ਼ਬਾ ਉਸਨੇ ਪਹਿਲਾਂ ਕਦੀ ਨਹੀਂ ਵੇਖਿਆ ਸੀ। ਉਸ ਦੇ ਤਜ਼ਰਬੇ ਵਿਚ ਮੌਤ ਦੀ ਸਜ਼ਾ ਦੇ ਲੋਕ ਰੋਂਦੇ-ਕਲਪਦੇ ਹੀ ਜਾਂਦੇ ਸਨ। ਬਹੁਤੇ ਗਿੜਗਿੜਾ ਕੇ ਜ਼ਿੰਦਗੀ ਦੀ ਭੀਖ ਮੰਗਦੇ ਸਨ। ਇਨ੍ਹਾਂ ਜਨੂੰਨੀ ਲੋਕਾਂ ਤੋਂ ਖੁਦਾ ਖੈਰ ਕਰੇ। ਉਸ ਨੇ ਮਨ ਹੀ ਮਨ ਸੋਚਿਆ।

ਤਮਾਸ਼ਾ ਸ਼ੁਰੂ ਹੋਣ ਤੋਂ ਪਹਿਲਾਂ ਸਰਬਰਾਹ ਖਾਂ ਨੇ ਉੱਚੀ ਅਵਾਜ਼ ਵਿਚ ਸ਼ਾਹੀ ਫਰਮਾਨ ਪੜ੍ਹ ਕੇ ਸੁਣਾਇਆ, 'ਸ਼ਹਿਨਸ਼ਾਹ ਫਰੁਕਸ਼ੀਅਰ ਨੇ ਜੋ ਸਿੱਖ ਮੁਸਲਮਾਨ ਬਣ ਜਾਂਦਾ ਹੈ ਉਸ ਨੂੰ ਮਾਫ਼ੀ ਦੇਣ ਦਾ ਐਲਾਨ ਕੀਤਾ ਹੈ।"

ਇਕ ਮਜ਼ਾਕ ਦਾ ਹਾਸਾ ਕੈਦੀਆਂ ਵਿਚੋਂ ਉੱਠਿਆ। ਇਕ ਬੋਲਿਆ,"ਇੱਥੇ ਅਜਿਹਾ ਕੋਈ ਨਹੀਂ ਲੱਭਣਾ ਕੋਤਵਾਲ। ਤੂੰ ਆਪਣਾ ਕੰਮ ਸ਼ੁਰੂ ਕਰ।" ਵਾਕਈ ਸੌ ਵਿਚੋਂ ਇਕ ਵੀ ਕੈਦੀ ਅੱਗੇ ਨਹੀਂ ਵਧਿਆ। ਵਾਹ ਸਿੱਖ ਜੋਧੇ ਅਤੇ ਵਾਹ ਵਾਹ ਇਹ ਜਾਂਬਾਜ਼ ਕੌਮ। ਸਿਰ ਇਸ ਕੁਰਬਾਨੀ ਦੇ ਸਾਮ੍ਹਣੇ ਆਪਣੇ ਆਪ ਹੀ ਝੁਕ ਜਾਂਦਾ ਹੈ।

ਕਤਲ ਸ਼ੁਰੂ ਹੋਏ। ਜੱਲਾਦ ਦੀ ਕੁਲਹਾੜੀ ਨੇੜੇ ਆਉਣ ਤੇ ਸਾਰੇ ਕਰਮ ਬਰਾਬਰ ਹੋ ਜਾਂਦੇ ਹਨ। ਇਕ ਹੀ ਪਲ ਦੀ ਚਮਕ ਵਿਚ ਪ੍ਰਾਣ ਪੰਖੇਰੂ ਉੱਡ ਜਾਂਦੇ ਹਨ ਅਤੇ ਸਰੀਰ ਮਿੱਟੀ ਵਿਚ ਮਿਲ ਜਾਂਦਾ ਹੈ। ਪਹਿਲਾਂ ਕੁਝ ਕਤਲਾਂ ਵੇਲੇ ਦਰਸ਼ਕਾਂ ਨੇ ਖੁਸ਼ੀ ਦਾ ਨਾਦ ਕੀਤਾ। ਪਹਿਲਾਂ ਮੁਰਦਾਬਾਦ ਦੇ ਨਾਹਰੇ ਵੀ ਲਾਏ ਪਰ ਜਦੋਂ ਜਲਾਦਾਂ ਨੇ ਆਪਣੇ ਪਰੰਪਰਾਗਤ ਕੌਸ਼ਲ ਨਾਲ ਕੁਹਾੜਾ ਚਲਾਉਣਾ ਸ਼ੁਰੂ ਕੀਤਾ ਤਾਂ ਲੋਕ ਬੱਸ ਇਕ ਭਿਆਨਕ ਆਕ੍ਰਸ਼ਣ ਨਾਲ ਟਿਕਟਿਕੀ ਲਾਈ ਇਸ ਨੂੰ ਵੇਖਦੇ ਰਹਿ ਗਏ। ਸਿਪਾਹੀ ਇਕ ਕੈਦੀ ਨੂੰ ਫੜ ਕੇ ਲਿਆਉਂਦੇ, ਉਸ ਦਾ ਸਿਰ ਜਲਾਦ ਦੇ ਪੱਥਰ ਤੇ ਰੱਖ ਦਿੱਤਾ ਜਾਂਦਾ ਅਤੇ ਕੁਹਾੜਾ ਉਸ ਉੱਪਰ ਉੱਚਾਈ ਤੋਂ ਡਿੱਗਦਾ.....

ਖੱਚ। ਇਕ ਹੀ ਝਟਕੇ ਵਿਚ ਸਿਰ ਧੜ ਤੋਂ ਅੱਡ ਹੋ ਜਾਂਦਾ। ਨਾ ਕੋਈ ਹੀਲ ਨਾ ਹੁੱਜਤ ਨਾ ਕੋਈ ਨਾਟਕ। ਦਰਸ਼ਕਾਂ ਨੂੰ ਲੱਗਾ ਕਿ ਉਨ੍ਹਾਂ ਦਾ ਮਜ਼ਾ ਅੱਧਾ ਹੀ ਰਹਿ ਰਿਹਾ ਹੈ।

ਅੱਠ-ਅੱਠ ਗਰਦਨਾਂ ਅੱਡ ਕਰਕੇ ਜੱਲਾਦਾਂ ਨੇ ਕੋਲ ਬੈਠੇ ਲੁਹਾਰਾਂ ਨੂੰ ਕੁਹਾੜੇ ਫੜਾ ਦਿੱਤੇ ਕਿ ਉਨ੍ਹਾਂ ਨੂੰ ਬਲਦੀ ਭੱਠੀ ਵਿਚ ਦੋਬਾਰਾ ਤੇਜ਼ ਕਰਕੇ ਦਿੱਤਾ ਜਾਵੇ। ਉਦੋਂ ਤੱਕ ਦੂਜੇ ਕੁਹਾੜਿਆਂ ਨਾਲ ਕੰਮ ਚਾਲੂ ਰੱਖਿਆ ਗਿਆ। ਵਿਚ-ਵਿਚ ਉੱਚੀ ਅਵਾਜ਼ ਵਿਚ ਜਾਪ ਚੱਲਦਾ ਰਿਹਾ, ਵਾਹਿਗੁਰੂ, ਵਾਹਿਗੁਰੂ। ਵਾਹਿਗੁਰੂ, ਵਾਹਿਗੁਰੂ......। ਅਤੇ ਸੋਲਾਂ ਨੂੰ ਕਤਲ ਕਰਕੇ ਜਲਾਦਾਂ ਨੇ ਦੋ ਘੜੀ ਸਾਹ ਲਿਆ। ਕੋਲ ਰੱਖੀ ਸੁਰਾਹੀ ਵਿਚੋਂ ਥੋੜ੍ਹੀ ਜਿਹੀ ਸ਼ਰਾਬ ਸੰਘ ਵਿਚ ਸੁੱਟੀ। ਸਿਪਾਹੀਆਂ ਨੇ ਝੱਟ-ਪੱਟ ਸਿਰ ਕਟੀਆਂ ਲੋਥਾਂ ਦਾ ਇਕ ਪਾਸੇ ਢੇਰ ਲਾ ਦਿੱਤਾ। ਸਿਰਾਂ ਨੂੰ ਵੱਖਰਾ ਇਕ ਗੱਡੇ ਵਿਚ ਜਮਾਂ ਕਰ ਦਿੱਤਾ ਗਿਆ। ਇਨ੍ਹਾਂ ਨੂੰ ਸਿੱਧਾ ਇਕ ਟੋਆ ਪੁੱਟ ਕੇ ਦਫ਼ਨ ਕਰ ਦਿੱਤਾ ਜਾਵੇਗਾ। ਲੋਥਾਂ ਵੱਧ ਮੁੱਲਵਾਨ ਸਨ। ਉਨ੍ਹਾਂ ਨੂੰ ਦਿੱਲੀ ਦੇ ਚਾਰੇ ਪਾਸੇ ਸੜਕਾਂ ਤੇ ਦਰਖਤਾਂ ਨਾਲ ਟੰਗਿਆ ਗਿਆ, ਜਿਸ ਨਾਲ ਆਉਂਦੇ ਜਾਂਦੇ ਸਿੱਖਾਂ ਨੂੰ ਹਮੇਸ਼ਾ ਵਾਸਤੇ ਚੇਤਾਵਨੀ ਮਿਲਦੀ ਰਹੇ।

ਥੋੜ੍ਹੀ-ਥੋੜ੍ਹੀ ਦੇਰ ਬਾਦ ਜਲਾਦ ਰੁਕਦੇ ਰਹੇ। ਆਪਣੇ ਮਨੋਬਲ ਨੂੰ ਸ਼ਰਾਬ ਨਾਲ ਉੱਚਾ ਕਰਦੇ ਰਹੇ ਅਤੇ ਮਿਹਨਤ ਨਾਲ ਆਪਣੇ ਕੰਮ ਵਿਚ ਜੁੱਟੇ ਰਹੇ। ਦਿੱਲੀ ਵਿਚ ਮਾਰਚ ਵਿਚ ਗਰਮੀ ਸ਼ੁਰੂ ਹੋ ਜਾਂਦੀ ਹੈ ਜੋ ਸੂਰਜ ਚੜ੍ਹਦੇ-ਚੜ੍ਹਦੇ ਤੇਜ਼ੀ ਨਾਲ ਵਧ ਜਾਂਦੀ ਹੈ। ਸੋ ਸਿਰ ਕੱਟਣ ਵਿਚ ਜਲਾਦ ਸੱਤ-ਸੱਤ ਵਾਰੀ ਰੁਕੇ। ਲੋਕ ਖੜ੍ਹੇ ਰਹੇ ਅਤੇ ਮੂਕ ਦਰਸ਼ਕ ਬਣ ਕੇ ਵੇਖਦੇ ਰਹੇ। ਉਸ ਰਾਤ ਸੁਪਨਿਆਂ ਵਿਚ ਸੈਂਕੜੇ ਲੋਕਾਂ ਨੇ ਇਹੀ ਦ੍ਰਿਸ਼ ਵੇਖੇ ਹੋਣਗੇ...... ਸਿੱਖਾਂ ਦੀ ਕਤਾਰ..... ਲੈ ਚੱਲ....... ਖੱਚ........ਅਗਲਾ!

------

# ਮੈਂ ਵੀ ਜਾਣਾ ਹੈ

ਕਤਲਾਂ ਦੇ ਅਗਲੇ ਹੀ ਦਿਨ ਇਕ ਹਿਰਦਾ ਵੇਧੀ ਘਟਨਾ ਵੇਖਣ ਨੂੰ ਮਿਲੀ। ਇਕ ਨੌਜਵਾਨ ਸਿੰਘ ਜਿਸ ਦੀਆਂ ਮੁੱਛਾਂ ਅਜੇ ਫੁੱਟੀਆਂ ਹੀ ਸਨ, ਜਲਾਦ ਕੋਲ ਲਿਆਂਦਾ ਜਾ ਰਿਹਾ ਸੀ। ਜਦੋਂ ਉਸ ਦਾ ਨਾ ਬੋਲਿਆ ਗਿਆ ਤਾਂ ਉਸ ਨੇ ਜ਼ੋਰ ਨਾਲ ਨਾਹਰਾ ਲਾਇਆ, "ਬੋਲੇ ਸੋ ਨਿਹਾਲ....।" ਬਾਕੀ ਬਚੇ ਸਾਰੇ ਕੈਦੀਆਂ ਨੇ ਆਵਾਜ਼ ਮਿਲਾਈ .... "ਸਤਿ ਸ੍ਰੀ ਅਕਾਲ।"

ਪੂਰੇ ਜੋਸ਼ ਨਾਲ ਨੌਜਵਾਨ ਅੱਗੇ ਵਧਿਆ। ਪਰ ਇਹ ਕੀ ? ਸਰਬਰਾਹ ਖਾਨ ਨੇ ਉਸ ਨੂੰ ਵਿਚਕਾਰ ਹੀ ਰੋਕ ਲਿਆ।

ਇਹ ਬੱਚਾ ਜਬਰਦਸਤੀ ਸਿੱਖ ਫੌਜ ਵਿਚ ਰੱਖਿਆ ਗਿਆ ਸੀ ਇਸਦਾ ਕੋਈ ਕਸੂਰ ਨਹੀਂ ਹੈ, ਇਸ ਨੂੰ ਛੱਡ ਦਿਉ।'

ਜਦੋਂ ਸਿਪਾਹੀ ਉਸ ਦੇ ਬੰਧਨ ਖੋਲ੍ਹਣ ਲੱਗੇ ਤਾਂ ਬੱਚਾ ਲੋਹਾ ਲਾਖਾ ਹੋ ਗਿਆ। ਉਸ ਨੇ ਸਿਪਾਹੀਆਂ ਨਾਲ ਹੱਥੋ-ਪਾਈ ਸ਼ੁਰੂ ਕਰ ਦਿੱਤੀ ਅਤੇ ਚਿਲਾਇਆ, "ਇਹ ਕੀ ਜ਼ਿਆਦਤੀ ਹੈ ? ਮੈਂ ਆਪਣੀ ਮਰਜ਼ੀ ਨਾਲ ਸਿੱਖ ਫੌਜ ਵਿਚ ਭਰਤੀ ਹੋਇਆ ਹਾਂ। ਮੈਨੂੰ ਵੀ ਉਹੀ ਫਲ ਮਿਲਣਾ ਚਾਹੀਦਾ ਹੈ ਜੋ ਮੇਰੇ ਸਾਥੀਆਂ ਨੂੰ ਦਿੱਤਾ ਜਾ ਰਿਹਾ ਹੈ।"

ਐਨੇ ਵਿਚ ਉਸਨੇ ਦਰਸ਼ਕਾਂ ਵਿਚਕਾਰ ਬੈਠੀ ਆਪਣੀ ਬੁੱਢੀ ਮਾਂ ਨੂੰ ਵੇਖਿਆ ਜਿਸ ਦੇ ਹੰਝੂ ਬੇਰੋਕ ਵਹਿ ਰਹੇ ਸਨ। ਹਟਕੋਰੇ ਲੈਂਦੀ ਹੋਈ ਉਹ ਬੋਲੀ, "ਪੁੱਤਰ ਤੇਰੇ ਵਾਸਤੇ ਮੈਂ ਦੀਵਾਨ ਜੀ ਕੋਲ ਗਈ ਸੀ। ਉਹ ਮੈਨੂੰ ਬਾਦਸ਼ਾਹ ਕੋਲ ਲੈ ਗਏ ਸਨ ਅਤੇ ਬਾਦਸ਼ਾਹ ਨੇ ਮੈਨੂੰ ਗਰੀਬਣੀ ਨੂੰ ਦਾਨ ਬਖਸ਼ ਦਿੱਤਾ ਹੈ। ਮੇਰਾ ਦੁਨੀਆਂ ਵਿਚ ਹੋਰ ਕੋਈ ਨਹੀਂ ਹੈ। ਪੁੱਤਰ ....ਤੂੰ ਵਾਪਸ ਆ ਜਾ। ਇਹ ਤੇਰੀ ਨਵੀਂ-ਨਵੇਲੀ ਦੁਲਹਨ ਵੀ ਮੇਰੇ ਨਾਲ ਆਈ ਹੈ।" ਉਸ ਨੇ ਕੋਲ ਖੜ੍ਹੀ ਲਾਲ ਦੁੱਪਟੇ ਵਿਚ ਸਜੀ ਇਕ ਔਰਤ ਵੱਲ ਇਸ਼ਾਰਾ ਕੀਤਾ।

"ਕੀਹਦੀ ਮਾਂ ? ਕੀਹਦੀ ਪਤਨੀ ? ਮੈਂ ਕੁਝ ਨਹੀਂ ਜਾਣਦਾ। ਇਨ੍ਹਾਂ ਗੱਲਾਂ ਦਾ ਮੇਰੇ ਤੇ ਕੋਈ ਅਸਰ ਨਹੀਂ ਹੈ। ਮੇਰੇ ਸਾਥੀ ਜਾ ਚੁੱਕੇ ਹਨ। ਵਕਤ ਭੱਜਾ ਜਾ ਰਿਹਾ ਹੈ। ਮੈਂ ਵੀ ਉਨ੍ਹਾਂ ਦੇ ਨਾਲ ਹੀ ਜਾਣਾ ਹੈ। ਜਲਾਦ ਜੀ ਤੁਸੀਂ ਆਪਣਾ ਕੰਮ ਜਾਰੀ

ਰੱਖੋ।" ਅਤੇ ਉਸਨੇ ਆਪਣੇ ਆਪ ਹੀ ਜਲਾਦ ਤੱਕ ਜਾ ਕੇ ਕੰਬਦੇ ਹੋਏ ਆਪਣਾ ਸਿਰ ਝੁਕਾਅ ਦਿੱਤਾ। ਸਰਬਰਾਹ ਖਾਂ ਨੇ ਗਹਿਰਾ ਸਾਹ ਛੱਡਿਆ, ਜਿਵੇਂ ਕਹਿ ਰਿਹਾ ਹੋਵੇ, ਹੁਣ ਦੱਸੋ ਮੈਂ ਇਨ੍ਹਾਂ ਪਾਗਲਾਂ ਦਾ ਕੀ ਕਰਾਂ?

ਸਿਰ ਇਕ ਪਾਸੇ ਹਲਕਾ ਜਿਹਾ ਝੁਕਾ ਕੇ ਉਸ ਨੇ ਜਲਾਦ ਨੂੰ ਆਪਣਾ ਕੰਮ ਕਰਨ ਦਾ ਇਸ਼ਾਰਾ ਕੀਤਾ। ਕੁਹਾੜੀ ਹੇਠਾਂ ਡਿੱਗੀ ਤੇ ਕੰਮ ਤਮਾਮ। ਇਕ ਹੋਰ ਸ਼ਹੀਦ ਦਾ ਖ਼ੂਨ ਮਿੱਟੀ ਵਿਚ ਮਿਲ ਗਿਆ।

*****

ਦੰਤ ਕਥਾਵਾਂ ਪਿੱਛਾ ਨਹੀਂ ਛੱਡਦੀਆਂ। ਕੋਈ ਆਖਦਾ ਹੈ ਕਾਹਨ ਸਿੰਘ ਬੰਦਾ ਦੇ ਨਾਲ ਸੀ, ਪਰ ਮਾਤਾ ਸੁੰਦਰੀ ਨੇ ਕਹਿ-ਕਹਾ ਕੇ ਉਸ ਨੂੰ ਛੁਡਾ ਲਿਆ। ਕਿਸੇ ਦਾ ਦਾਅਵਾ ਹੈ ਕਿ ਕਾਹਨ ਸਿੰਘ ਨਹੀਂ, ਫਤਹਿ ਸਿੰਘ ਸੀ, ਅਤੇ ਉਸ ਨੂੰ ਛੁਡਵਾ ਲਿਆ ਗਿਆ। ਪਰ ਜਿਵੇਂ ਅਸੀਂ ਇਸ ਨੌਜਵਾਨ ਨੂੰ ਵੇਖਿਆ ਹੈ ਕਿਸੇ ਵੀ ਸਿੱਖ ਜੋਧੇ ਦਾ ਕਿਸੇ ਵੀ ਵਜਾਹ ਕਰਕੇ ਜਾਨ ਬਚਾ ਲੈਣ ਦਾ ਮਾਹੌਲ ਉੱਥੇ ਨਹੀਂ ਸੀ। ਦੋ ਚਾਰ ਹੋਰ ਭਾਵੇਂ ਨਾਲ ਰਲ ਗਏ ਹੋਣ।

------

# ਤਸੀਹੇ ਅਤੇ ਮੌਤ

"ਸੂਰਾ ਸੋ ਪਹਿਚਾਨੀਏ,
ਜੁ ਲਰੈ ਦੀਨ ਕੇ ਹੇਤੁ
ਪੁਰਜ਼ਾ ਪੁਰਜ਼ਾ ਕਟਿ ਮਰੈ
ਕਬਹੂੰ ਨਾ ਛਾਡੈ ਖੇਤੁ"

ਹੁਣ ਅਸੀਂ ਇਸ ਲੰਮੀ ਕਹਾਣੀ ਦੇ ਅੰਤਮ ਪੜਾਅ ਤੇ ਪੁੱਜ ਗਏ ਹਾਂ। ਬੰਦਾ ਬਹਾਦਰ ਅਤੇ ਉਸ ਦੇ ਛੱਬੀ ਖਾਸ ਸਾਥੀਆਂ ਨੂੰ, ਜਿਨ੍ਹਾਂ ਵਿਚ ਬਾਜ਼ ਬਖਸ਼ੀ, (ਲੋਹਗੜ੍ਹ ਵਿਚ ਬੰਦਾ ਦਾ ਭੇਸ ਬਣਾ ਕੇ ਮੁਗਲਾਂ ਨੂੰ ਚਕਮਾ ਦੇਣ ਵਾਲਾ) ਅਤੇ ਅਲੀ ਸਿੰਘ ਸ਼ਾਮਿਲ ਸਨ, ਬਾਕੀ ਕੈਦੀਆਂ ਨਾਲ ਮਾਰਚ ਵਿਚ ਕਤਲ ਨਹੀਂ ਕੀਤਾ ਗਿਆ ਸੀ। ਕਹਿੰਦੇ ਹਨ ਕਿ ਇਨ੍ਹਾਂ ਛੱਬੀਆਂ ਨੂੰ (ਅਤੇ ਇਨ੍ਹਾਂ ਤੋਂ ਪਹਿਲਾਂ ਸੱਤ ਸੌ ਨੂੰ) ਬਾਰ ਬਾਰ ਪੁੱਛਿਆ ਗਿਆ ਕਿ ਬੰਦਾ ਬਹਾਦਰ ਨੇ ਖਜਾਨਾ ਕਿੱਥੇ ਛੁਪਾਇਆ ਹੈ ਪਰ ਕਿਸੇ ਨੇ ਵੀ ਕੋਈ ਸੁਰਾਗ ਨਾ ਦਿੱਤਾ।

ਆਖਰ 19 ਜੂਨ 1716 ਨੂੰ ਇਨ੍ਹਾਂ ਸਤਾਈ ਸੂਰਮਿਆਂ ਨੂੰ ਦਿੱਲੀ ਦੇ ਕੈਦਖਾਨੇ ਵਿਚੋਂ ਕੱਢਿਆ ਗਿਆ। ਬੰਦਾ ਦੀ ਗੋਦੀ ਵਿਚ ਉਸ ਦਾ ਚਾਰ ਸਾਲ ਦਾ ਪੁੱਤਰ ਅਜੈ ਸਿੰਘ ਸੀ। ਬੰਦਾ ਦੇ ਮੂੰਹ ਤੇ ਕਿਸੇ ਤਰ੍ਹਾਂ ਦਾ ਉਦਾਸੀ ਦਾ ਨਿਸ਼ਾਨ ਨਹੀਂ ਸੀ। ਉਸਦੇ ਉਲਟ ਉਸ ਦੇ ਮੁੱਖ ਮੰਡਲ ਤੇ ਸ਼ਾਂਤੀ ਅਤੇ ਕਾਂਤੀ ਦੋਵੇਂ ਹੀ ਬਿਰਾਜਮਾਨ ਸਨ।

ਇਸ ਵਾਰੀ ਜਲੂਸ ਛੋਟਾ ਹੀ ਸੀ। ਸਭ ਤੋਂ ਅੱਗੇ ਕੋਤਵਾਲ ਅਤੇ ਮੀਰ ਆਤਿਸ਼ (ਤੋਪਖਾਨੇ ਦਾ ਨਾਇਕ), ਫਿਰ ਹਾਥੀ ਤੇ ਬੰਦਾ ਬਹਾਦਰ, ਜ਼ਰੀ ਦੇ ਕੰਮ ਵਾਲੀ ਪੁਸ਼ਾਕ ਅਤੇ ਪਗੜੀ ਪਾਈ ਹੋਈ, ਪਰ ਭਾਰੀ ਜ਼ੰਜੀਰਾਂ ਵਿਚ ਬੰਨ੍ਹਿਆਂ ਹੋਇਆ। ਪਿੱਛੇ ਛੱਬੀ ਸਿੱਖ ਜ਼ੰਜ਼ੀਰਾਂ ਵਿਚ। ਦੋਵੇਂ ਪਾਸੇ ਫੌਜ ਦੇ ਸੈਨਿਕ, ਘੇਰਾ ਪਾਇਆ ਹੋਇਆ। ਦਿੱਲੀ ਦੇ ਕਿਲੇ ਤੋਂ ਨਿੱਕਲ ਕੇ ਇਨ੍ਹਾਂ ਨੂੰ ਸ਼ਾਹਜ਼ਹਾਨਾਬਾਦ ਦੀਆਂ ਗਲੀਆਂ ਵਿਚ ਘੁਮਾਇਆ ਗਿਆ। ਫੇਰ ਇਹ ਜਲੂਸ ਖਾਰੀ ਬਾਬੜੀ-ਚਾਵੜੀ ਬਾਜ਼ਾਰ ਦੇ ਕੋਲ ਲਾਹੌਰੀ ਦਰਵਾਜੇ ਤੋਂ ਕੁਤਬ ਮਾਰਗ ਤੇ ਚੱਲ ਪਿਆ। ਕਰੀਬ ਬਾਰਾਂ ਮੀਲ ਦੀ ਇਸ ਸੜਕ ਦੇ ਦੋਵੇਂ ਪਾਸੇ ਪਿੰਡਾਂ ਦੇ ਲੋਕ ਜਮਾਂ ਹੋ ਗਏ ਅਤੇ ਤਮਾਸ਼ੇ ਤੇ

ਤਾਲੀਆਂ ਅਤੇ ਜ਼ਿੰਦਾਬਾਦ-ਮੁਰਦਾਬਾਦ ਦਾ ਸ਼ੋਰ ਕਰਦੇ ਰਹੇ।

ਅਖੀਰ ਵਿਚ ਜਲੂਸ ਕੁਤਬ ਮੀਨਾਰ ਤੇ ਪੁੱਜਾ ਜਿੱਥੇ ਲਾਲ ਪੱਥਰ ਦੀ ਸ਼ਾਨਦਾਰ ਮੀਨਾਰ ਪ੍ਰਿਥਵੀਰਾਜ ਚੌਹਾਨ ਦੇ ਕਿਲੇ ਦੀਆਂ ਡਿੱਗਦੀਆਂ ਦੀਵਾਰਾਂ ਵਿਚਕਾਰ ਆਪਣਾ ਸੰਗਮਰਮਰ ਦਾ ਸਫੇਦ ਸਿਰ ਉੱਚਾ ਚੁੱਕੀਂ ਖੜ੍ਹੀ ਸੀ। ਬੰਦਾ ਬਹਾਦਰ ਨੂੰ ਜੰਜ਼ੀਰਾਂ ਵਿਚ ਬੰਨ੍ਹੀ ਹੀ ਬਹਾਦਰ ਸ਼ਾਹ (ਦੀ ਕਬਰ) ਨੂੰ ਵਿਖਾਇਆ ਗਿਆ। ਨੇੜੇ ਹੀ ਬਣੀ ਖਵਾਜ਼ਾ ਕੁਤਬੁਦੀਨ ਬਖ਼ਤਿਆਰ ਕਾਕੀ ਦੀ ਮਜ਼ਾਰ ਨੇ ਵੀ ਮੂਕ ਸਾਰਾ ਤਮਾਸ਼ਾ ਵੇਖਿਆ। ਹਾਲ ਹੀ ਦੇ ਇਤਿਹਾਸ ਦੀ ਨਿਸ਼ਾਨੀ ਵੇਖ ਕੇ ਵੀ ਬੰਦਾ ਬਹਾਦਰ ਦੇ ਚਿਹਰੇ ਤੇ ਕੋਈ ਭਾਵ ਪ੍ਰਗਟ ਨਹੀਂ ਹੋਏ।

ਬੰਦਾ ਨੂੰ ਹਾਥੀ ਤੋਂ ਉਤਾਰ ਕੇ ਮੈਦਾਨ ਦੇ ਵਿਚਕਾਰ ਬਿਠਾ ਦਿੱਤਾ ਗਿਆ। ਸਰਬਰਾਹ ਖਾਂ ਨੇ ਬਾਦਸ਼ਾਹ ਦਾ ਫਰਮਾਨ ਮੁਸਲਮਾਨ ਬਣ ਜਾਣ ਦਾ ਪ੍ਰਸਤਾਵ ਪੇਸ਼ ਕੀਤਾ ਹਾਲਾਂ ਕਿ ਕਿਸੇ ਨੂੰ ਸ਼ੱਕ ਨਹੀਂ ਸੀ ਕਿ ਬੰਦਾ ਇਸ ਪ੍ਰਸਤਾਵ ਨੂੰ ਠੁਕਰਾ ਦੇਵੇਗਾ। ਇੰਜ ਹੀ ਹੋਇਆ।

ਹੁਣ 'ਤਸੀਹੇ ਤੋਂ ਬਾਦ ਮੌਤ' ਦਾ ਦਾਨਵੀ ਦ੍ਰਿਸ਼ ਸਾਮ੍ਹਣੇ ਆਇਆ। ਇਸ ਦਾ ਵੀ ਉਸ ਤੋਂ ਪਹਿਲਾਂ ਕਦੀ ਕੋਈ ਸਾਨੀ ਨਹੀਂ ਰਿਹਾ ਹੋਵੇਗਾ। ਚਾਰ ਸਾਲਾ ਅਜੈ ਨੂੰ ਬੰਦਾ ਦੀ ਗੋਦੀ ਵਿਚ ਬਿਠਾ ਦਿੱਤਾ ਗਿਆ। ਕੋਤਵਾਲ ਦੇ ਹੁਕਮ ਤੇ ਜਲਾਦ ਨੇ ਇਕ ਲੰਬਾ ਛੁਰਾ ਬੰਦਾ ਦੇ ਹੱਥ ਵਿਚ ਫੜਾ ਦਿੱਤਾ। ਬੱਚਾ ਰੋਣ ਲੱਗਾ।

" ਇਸ ਬੱਚੇ ਨੂੰ ਛੁਰਾ ਮਾਰ।" ਬੰਦਾ ਨੇ ਮਨ੍ਹਾਂ ਕਰ ਦਿੱਤਾ।

" ਸੌਖਾ ਹੀ ਹੈ।" ਜਲਾਦ ਮਜ਼ਾਕ ਉਡਾਕੇ ਬੋਲਿਆ ਅਤੇ ਉਸੇ ਛੁਰੇ ਨਾਲ ਬੱਚੇ ਦਾ ਹੱਥ ਕੱਟ ਦਿੱਤਾ। ਖ਼ੂਨ ਦਾ ਫਵਾਰਾ ਨਿੱਕਲਿਆ ਅਤੇ ਇਕ ਹਿਰਦੇ ਵੇਧਕ ਚੀਖ਼ ਨਾਲ ਬੱਚਾ ਬੇਹੋਸ਼ ਹੋ ਗਿਆ। ਪਰ ਬੰਦਾ ਦੇ ਮੂੰਹ ਤੋਂ 'ਉਫ਼' ਤੱਕ ਨਾ ਨਿੱਕਲੀ।

"ਇਹ ਵੇਖ ਛੁਰੀ ਤੇਜ਼ ਹੈ।' ਜਲਾਦ ਨੇ ਦੂਜਾ ਹੱਥ ਵੀ ਕੱਟ ਦਿੱਤਾ।

ਸਿੱਖ ਖਾਮੋਸ਼ ਸਨ ਪਰ ਜੰਜ਼ੀਰਾਂ ਵਿਚ ਬੰਨ੍ਹੇ ਹੋਏ ਵੀ ਅੰਦਰ ਹੀ ਅੰਦਰ ਕਸਮਸਾ ਰਹੇ ਸਨ। ਜਦੋਂ ਜਲਾਦ ਨੇ ਇਕ-ਇਕ ਕਰਕੇ ਬੱਚੇ ਦੇ ਪੈਰ ਤੇ ਫ਼ੇਰ ਉਸ ਦੀਆਂ ਲੱਤਾਂ ਵੀ ਵੱਢ ਦਿੱਤੀਆਂ ਤਾਂ ਸਿੱਖਾਂ ਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ। ਜੇਕਰ ਦੁੱਗਣੀਆਂ ਮੋਟੀਆਂ ਹਥਕੜੀਆਂ-ਬੇੜੀਆਂ ਨਾ ਪਾਈਆਂ ਹੁੰਦੀਆਂ ਤਾਂ ਸਿੱਖ ਉਨ੍ਹਾਂ ਨੂੰ ਤੋੜ ਕੇ ਸੈਨਿਕਾਂ ਤੇ ਟੁੱਟ ਪੈਂਦੇ, ਪਰ ਜੰਜ਼ੀਰਾਂ ਵਿਚ ਬੰਨੇ ਹੋਣ ਕਾਰਨ ਕੋਈ ਕੁਝ ਨਾ ਕਰ ਸਕਿਆ। ਕਿਸੇ ਨੇ ਅੱਖਾਂ ਮੀਚ ਕੇ ਰੱਖੀਆਂ ਅਤੇ ਕੋਈ ਲਹੂ ਦੇ ਹੰਝੂ ਕੇਰਦਾ ਰਿਹਾ। ਪਰ ਬੰਦਾ ਇਕ ਦਮ ਖਾਮੋਸ਼ ਸੀ।

ਬੱਚੇ ਦਾ ਅੰਗ-ਅੰਗ ਕੱਟ ਦੇਣ ਤੋਂ ਬਾਦ ਮਾਸੂਮ ਦੀ ਛਾਤੀ ਚੀਰ ਕੇ ਜਲਾਦ ਨੇ ਉਸ ਦਾ ਫੜਫੜਾਉਂਦਾ ਦਿਲ ਬਾਹਰ ਕੱਢ ਲਿਆ। ਦੋ ਪਾਸਿਆਂ ਤੋਂ ਸੈਨਿਕਾਂ ਨੇ ਬੰਦਾ ਦਾ ਮੂੰਹ ਖੋਲ੍ਹਿਆ ਅਤੇ ਜਲਾਦ ਨੇ ਇਕ ਝਟਕੇ ਨਾਲ ਲਹੂਲੁਹਾਣ ਦਿਲ ਬੰਦਾ ਦੇ ਮੂੰਹ ਵਿਚ ਪਾ ਦਿੱਤਾ। ਫੇਰ ਵੀ ਬੰਦਾ ਦੇ ਚਿਹਰੇ ਤੇ ਕੋਈ ਭਾਵ ਨਹੀਂ ਆਏ। ਖੁਲ੍ਹੇ ਮੂੰਹ ਵਿਚੋਂ ਬੱਚੇ ਦਾ ਦਿਲ ਆਪਣੇ ਆਪ ਨਿੱਕਲ ਕੇ ਧਰਤੀ ਤੇ ਡਿੱਗ ਪਿਆ।

ਵੇਖ ਕੇ ਮੁਗਲ ਸੈਨਿਕ ਅਤੇ ਉਨ੍ਹਾਂ ਦੇ ਸਰਦਾਰ ਵੀ ਦੰਗ ਸਨ। ਤਮਾਸ਼ਬੀਨ ਚਿਨ ਬਹਾਦਰ ਵੀ ਬੰਦਾ ਤੋਂ ਪ੍ਰਭਾਵਤ ਹੋਏ ਬਿਨਾਂ ਨਾ ਰਹਿ ਸਕਿਆ।

" ਮੈਂ ਹੈਰਾਨ ਹਾਂ", ਉਸ ਨੇ ਬੰਦਾ ਨੂੰ ਸਿੱਧਾ ਸਵਾਲ ਕੀਤਾ," ਐਨੇ ਰੁਹਬਦਾਰ ਨੈਣ ਨਕਸ਼ ਅਤੇ ਅਜਿਹੇ ਰਾਜਸੀ ਵਿਹਾਰ ਵਾਲਾ ਬੰਦਾ ਮੁਸਲਮਾਨ ਔਰਤਾਂ ਅਤੇ ਮੁਸਲਮਾਨ ਬੱਚਿਆਂ ਤੇ ਅਜਿਹੇ ਜ਼ੁਲਮ ਕਿਵੇਂ ਕਰ ਸਕਦਾ ਹੈ ? "

ਸ਼ਾਂਤ ਚਿੱਤ ਨਾਲ ਬੰਦਾ ਨੇ ਕਿਹਾ, " ਇਸ ਦਾ ਜਵਾਬ ਮੈਂ ਦਿੰਦਾ ਹਾਂ। ਜਦੋਂ ਕੋਈ (ਮੁਗਲਾਂ ਵਰਗਾ) ਇਨਸਾਨ ਐਨਾ ਡਿੱਗ ਜਾਂਦਾ ਹੈ ਕਿ ਹਰ ਕਿਸਮ ਦੀਆਂ ਜ਼ਿਆਦਤੀਆਂ, ਬੇਈਮਾਨੀ ਅਤੇ ਜ਼ੁਲਮ ਤੇ ਉਤਰ ਆਉਂਦਾ ਹੈ, ਉਦੋਂ ਪ੍ਰਮਾਤਮਾ ਇਕ ਮੇਰੇ ਵਰਗੇ ਨੂੰ ਸਜ਼ਾ ਦੇਣ ਵਾਸਤੇ ਪੈਦਾ ਕਰਦਾ ਹੈ। ਪਰ ਜਦੋਂ ਮੇਰੇ ਕੰਮ ਹੀ ਅਪਰਾਧ ਬਣਨ ਵੱਲ ਚੱਲ ਪੈਂਦੇ ਹਨ ਤਾਂ ਮੈਨੂੰ ਸਜ਼ਾ ਦੇਣ ਲਈ ਤੇਰੇ ਵਰਗਾ ਕੋਈ ਹੋਰ ਪੈਦਾ ਹੋ ਜਾਂਦਾ ਹੈ।"

ਇਸ ਸਜ਼ਾ ਦਾ ਵਕਤ ਵੀ ਛੇਤੀ ਹੀ ਆ ਗਿਆ। ਹੁਣ ਤੱਕ ਜਲਾਦ ਆਪਣੇ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇਣ ਵਾਲੇ ਔਜ਼ਾਰਾਂ ਨੂੰ ਬਲਦੀ ਭੱਠੀ ਵਿਚ ਗਰਮ ਕਰ ਰਿਹਾ ਸੀ। ਇਨ੍ਹਾਂ ਵਿਚ ਸੀ ਇਕ ਲੰਮਾ ਛੁਰਾ ਜਿਸ ਨਾਲ ਅਜੈ ਸਿੰਘ ਨੂੰ ਮਾਰਿਆ ਗਿਆ ਸੀ, ਦਰਾਂਤੀ (ਇਕ ਹੱਥ ਦੀ ਛੋਟੀ ਆਰੀ) ਚਿਮਟਾ, ਸਰੌਤਾ, ਸੰਡਾਸੀ, ਤਲਵਾਰ ਆਦਿ। ਸਭ ਤੋਂ ਪਹਿਲਾਂ ਲੰਮੇ ਛੁਰੇ ਦੀ ਤਿੱਖੀ ਨੋਕ ਨੂੰ ਬੰਦਾ ਦੀ ਅੱਖ ਤੇ ਇਕ ਪਾਸੇ ਰੱਖ ਕੇ ਖੱਬੇ ਹੱਥ ਨਾਲ ਵਿਚਾਲੇ ਦਬਾਉ ਦੇ ਕੇ ਸੱਜੇ ਹੱਥ ਨੂੰ ਤਿਰਛਾ ਕਰਕੇ ਇਕ ਹੀ ਝਟਕੇ ਨਾਲ ਅੱਖ ਬਾਹਰ ਕੱਢ ਦਿੱਤੀ ਗਈ। ਅੱਖ ਵਰਗਾ ਕੋਮਲ ਅੰਗ ਤ੍ਰਾਹੀ ਤ੍ਰਾਹੀ ਕਰ ਉੱਠਿਆ ਹੋਵੇਗਾ, ਪਰ ਬੰਦਾ ਦੇ ਮੂੰਹ ਤੋਂ 'ਸੀ' ਵੀ ਨਾ ਨਿੱਕਲੀ। ਜਦੋਂ ਦੂਜੀ ਅੱਖ ਵੀ ਇਸੇ ਹੀ ਤਰ੍ਹਾਂ ਬਿਨ੍ਹਾਂ ਚੀਕੇ-ਚਿੱਲਾਏ ਕੱਢ ਲਈ ਗਈ ਤਾਂ ਦਰਸ਼ਕਾਂ ਦਾ ਮਜ਼ਾ ਥੋੜ੍ਹਾ ਘੱਟਣ ਲੱਗਾ। ਖੱਬੇ ਪੈਰ ਨੂੰ ਸਰੋਤੇ ਦੇ ਇਕ ਹੀ ਵਾਰ ਨਾਲ ਗਿੱਟੇ ਤੋਂ ਅੱਡ ਕਰ ਦਿੱਤਾ ਗਿਆ। ਸੱਜਾ ਹੱਥ ਕਲਾਈ ਤੋਂ ਦਰਾਂਤੀ ਨਾਲ ਅੱਧਾ ਕੱਟ ਕੇ ਜਲਾਦ ਨੇ ਉੱਪਰ ਵੇਖਿਆ ਪਰ ਬੰਦਾ ਦੇ ਮੁੱਖ ਮੰਡਲ ਤੇ ਅਜੇ

ਵੀ ਕੋਈ ਭਾਵ ਨਹੀਂ ਸੀ। ਖਿਝ ਕੇ ਉਸ ਨੇ ਬੰਦਾ ਦੇ ਦੋਵੇਂ ਹੱਥ ਕੱਟ ਕੇ ਅੱਡ ਕਰ ਦਿੱਤੇ।

ਫੇਰ ਉੱਠ ਕੇ ਸੰਨ੍ਹੀ ਚੁੱਕੀ ਜਿਸ ਦੀਆਂ ਦੋਵੇਂ ਤਿੱਖੀਆਂ ਨੋਕਾਂ ਕੋਈ ਇਕ ਘੰਟੇ ਤੋਂ ਬਲਦੀ ਅੱਗ ਵਿਚ ਗਰਮ ਹੋ ਰਹੀਆਂ ਸਨ ਅਤੇ ਲਾਲ ਹੋ ਗਈਆਂ ਸਨ। ਉਸ ਦੇ ਦੋਵੇਂ ਲੱਕੜੀ ਦੇ ਹੱਥਿਆਂ ਨੂੰ ਦੋਹਾਂ ਹੱਥਾਂ ਵਿਚ ਫੜ ਕੇ ਮੂੰਹ ਤੇ ਹਲਕੀ ਜਿਹੀ ਮੁਸਕਣੀ ਲੈ ਕੇ ਉਹ ਬੜੇ ਪਿਆਰ ਨਾਲ ਅੱਗੇ ਵਧਿਆ। ਦੋਹਾਂ ਨੋਕਾਂ ਨੂੰ ਅੱਧਾ ਇੰਚ ਦੂਰ ਰੱਖਕੇ ਇਕ ਝਟਕੇ ਨਾਲ ਉਸ ਨੇ ਬੰਦਾ ਦੇ ਮੋਢੇ ਦੇ ਹੇਠਾਂ ਇਕ ਸੰਵੇਦਨਸ਼ੀਲ ਥਾਂ ਤੇ ਅੱਧਾ ਇੰਚ ਅੰਦਰ ਖੁਭੋ ਦਿੱਤਾ। ਨਾਲ ਹੀ ਜਿਸਮ ਦੇ ਅੰਦਰ ਦੋਹਾਂ ਨੋਕਾਂ ਨੂੰ ਝਟਕੇ ਨਾਲ ਇਕੱਠਾ ਕਰਕੇ ਉਸੇ ਕਿਰਿਆ ਵਿਚ ਚੁਟਕੀ ਭਰ ਮਾਸ ਬਾਹਰ ਖਿੱਚ ਲਿਆ। ਇੰਜ ਕਰਨ ਵਿਚ ਜੋਰ ਲਾਉਂਦੇ ਹੋਏ ਉਸਦਾ ਆਪਣਾ ਮੂੰਹ ਟੇਢਾ ਹੋ ਗਿਆ। ਪਰ ਬੰਦਾ ਦੇ ਚਿਹਰੇ ਤੇ ਕੋਈ ਦਰਦ ਦੀ ਸ਼ਿਕਨ ਵੀ ਵਿਖਾਈ ਨਾ ਦਿੱਤੀ। ਮਨ ਵਿਚ ਕਰੂਰਤਾ ਲਿਆਉਂਦੇ ਹੋਏ ਉਸ ਨੇ ਦੂਜੇ ਮੋਢੇ ਤੇ ਫੇਰ ਢਿੱਡ ਤੇ ਹਮਲਾ ਕੀਤਾ। ਕੋਈ ਅਸਰ ਨਾ ਹੁੰਦਾ ਵੇਖ ਗੁੱਸੇ ਵਿਚ ਭਰਕੇ ਸਾਰੇ ਜਿਸਮ ਤੇ ਜੋਰ-ਜੋਰ ਨਾਲ ਅੱਗ ਵਰਗੀ ਤੱਤੀ ਸੰਡਾਸੀ ਖੋਭਖੋਭ ਕੇ ਮਾਸ ਖਿੱਚਿਆ। ਫੇਰ ਵੀ ਕੋਈ ਅਸਰ ਨਾ ਹੋਇਆ।

ਪਾਠਕ ਹੈਰਾਨ ਨਾ ਹੋਣ। ਜਦੋਂ ਗੁਰੂ ਅਰਜੁਨ ਦੇਵ ਨੂੰ ਦੇਗ ਵਿਚ ਉਬਾਲਿਆ ਗਿਆ ਸੀ, ਤਾਂ ਕੀ ਉਹ ਚੀਕੇ-ਚਿੱਲਾਏ ਸਨ ? ਭਾਈ ਸਤਿਦਾਸ ਨੂੰ ਰੂੰ ਵਿਚ ਵਲੇਟ ਕੇ ਅੱਗ ਲਾ ਦਿੱਤੀ ਗਈ ਸੀ ਅਤੇ ਭਾਈ ਮਤੀਦਾਸ ਨੂੰ ਜਿਉਂਦਾ ਸਿਰ ਤੋਂ ਪੈਰ ਤੱਕ ਆਰੇ ਨਾਲ ਚੀਰ ਦਿੱਤਾ ਗਿਆ ਸੀ ਤਾਂ ਕੀ ਉਹ ਦਰਦ ਦੇ ਮਾਰੇ ਚੀਕੇ ਸਨ ? ਗੁਰੂ ਤੇਗ ਬਹਾਦਰ ਨੇ 'ਸਿਰ ਦੀਆਂ ਪਰ ਸਿਰੁਰ ਨਾ ਦੀਆ', ਮਤਲਬ ਸ਼ਹੀਦ ਹੋ ਗਏ ਪਰ ਆਪਣਾ ਸਿਰੁਰ ਨਾ ਦਿੱਤਾ। ਹੱਸਦੇ-ਹੱਸਦੇ ਸ਼ਹੀਦ ਹੋ ਜਾਣਾ ਸਿੱਖ ਕੌਮ ਦੀ ਇਕ ਅਜਿਹੀ ਸ਼ਕਤੀ ਹੈ ਜਿਸ ਦਾ ਸੰਸਾਰ ਵਿਚ ਕੋਈ ਸਾਨੀ ਨਹੀਂ ਹੈ।

ਜਲਾਦ ਦੇ ਪਸੀਨੇ ਛੁਟ ਗਏ ਅਤੇ ਉਸ ਦੇ ਸਾਰੇ ਹਥਿਆਰ ਬੇਕਾਰ ਗਏ। ਖਿੱਝ ਕੇ ਉਸ ਨੇ ਤਲਵਾਰ ਚੁੱਕੀ ਅਤੇ ਬਾਕੀ ਅੰਗ ਲਾਪ੍ਰਵਾਹੀ ਨਾਲ ਕੱਟ-ਕੱਟ ਕੇ ਸੁੱਟਣੇ ਸ਼ੁਰੂ ਕਰ ਦਿੱਤੇ। ਬੰਦਾ ਮੂਰਤੀ ਵਾਂਗ ਬੈਠਾ ਰਿਹਾ ਅਤੇ ਆਖਰ ਜਲਾਦ ਨੇ ਇਕ ਝਟਕੇ ਨਾਲ ਸਿਰ ਧੜ ਤੋਂ ਅੱਡ ਕਰ ਦਿੱਤਾ। ਲਛਮਨ ਦੇਵ ਬੈਰਾਗੀ, ਮਾਧੋਦਾਸ ਤਾਂਤਰਿਕ ਗੁਰੂ ਅਤੇ ਬੰਦਾ ਬਹਾਦਰ ਅਸੀਮ ਜੋਧੇ ਦੀ ਜੀਵਨ ਲੀਲਾ ਇਸ ਤਰ੍ਹਾਂ ਸਮਾਪਤ ਹੋਈ।

**ਸਮਾਪਤ**

# ਉਪ ਸੰਹਾਰ

ਮਸ਼ਹੂਰ ਇਤਿਹਾਸਕਾਰ ਡਾਕਟਰ ਗੰਡਾ ਸਿੰਘ ਦਾ ਮਤ ਹੈ ਕਿ ਬੰਦਾ ਬਹਾਦਰ ਨੇ ਸਿੱਖ ਰਹਿਤ ਮਰਿਆਦਾ ਦਾ ਕੋਈ ਕਾਨੂੰਨ ਨਹੀਂ ਤੋੜਿਆ। ਗੁਰੂ ਗੋਬਿੰਦ ਸਿੰਘ ਦੇ ਹੱਥੀਂ ਸਿੱਖ ਸੱਜਣ ਤੋਂ ਬਾਦ ਉਸ ਨੇ ਕਦੀ ਕੇਸ ਨਹੀਂ ਕਟਵਾਏ। ਤੰਬਾਕੂ ਦਾ ਸੇਵਨ ਨਹੀਂ ਕੀਤਾ ਅਤੇ ਨਾ ਹੀ ਕਦੇ ਹਲਾਲ ਮਾਸ ਖਾਧਾ। ਸ਼ਾਦੀ ਤੋਂ ਬਾਹਰ ਕਿਸੇ ਪਰਾਈ ਔਰਤ ਨਾਲ ਦੁਰਾਚਾਰ ਨਹੀਂ ਕੀਤਾ।

ਇਨ੍ਹਾਂ ਨੂੰ ਛੱਡ ਕੇ ਬੰਦਾ ਦੇ ਖਿਲਾਫ਼ ਧਾਰਮਕ ਆਧਾਰ ਤੇ ਦੋ ਹੀ ਇਲਜ਼ਾਮ ਲੱਗਦੇ ਹਨ ਅਤੇ ਦੋਵੇਂ ਹੀ ਸਿੱਖ ਧਰਮ ਦੇ ਖਿਲਾਫ਼ ਨਹੀਂ, ਬਲਕਿ ਗੁਰੂ ਗੋਬਿੰਦ ਸਿੰਘ ਦੇ ਕਥਿਤ ਹੁਕਮਾਂ ਦੇ ਖਿਲਾਫ਼ ਜਾਣ ਬਾਰੇ ਹਨ। ਡਾਕਟਰ ਗੰਡਾ ਸਿੰਘ ਦਾ ਕਹਿਣਾ ਹੈ ਕਿ ਬੰਦਾ ਨੇ ਫਤਹਿ ਦਰਸ਼ਨ ਦੇ ਨਾਹਰੇ ਤੇ ਕਦੀ ਜ਼ੋਰ ਨਹੀਂ ਦਿੱਤਾ। ਜਦੋਂ ਤੱਤਈ ਸਿੱਖਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਬੰਦੇ ਨੇ ਇਸ ਨਾਹਰੇ ਨੂੰ ਛੱਡ ਦਿੱਤਾ। ਜੇਕਰ ਇਸ ਨਾਹਰੇ ਦੀ ਵਜਾਹ ਨਾਲ ਫਤਹਿ ਸਿੰਘ ਅਤੇ ਕਾਹਨ ਸਿੰਘ ਨੇ ਬੰਦਾ ਦਾ ਸਾਥ ਛੱਡਿਆ ਵੀ ਸੀ ਤਾਂ ਇਹ ਆਖਰੀ ਮਹੱਤਵਪੂਰਨ ਸਮੇਂ ਵਿਚ ਬੰਦਾ ਨਾਲ ਆ ਮਿਲੇ ਸਨ।

ਕਈ ਲੋਕਾਂ ਦਾ ਮਤ ਹੈ ਕਿ ਗੁਰੂ ਨੇ ਬੰਦਾ ਨੂੰ ਵਿਆਹ ਨਾ ਕਰਨ ਦੇ ਨਿਰਦੇਸ਼ ਬਿਲਕੁਲ ਨਹੀਂ ਦਿੱਤੇ ਸੀ। ਇਹ ਫਰੁਕਸ਼ੀਅਰ ਦੀ ਇਕ ਚਾਲ ਸੀ ਜਿਸ ਨਾਲ ਕਿ ਬੰਦਾ ਨੂੰ ਮਾਤਾ ਸੁੰਦਰੀ ਦੇ ਸਾਮ੍ਹਣੇ ਬਦਨਾਮ ਕੀਤਾ ਜਾਵੇ। ਮਾਤਾ ਨੂੰ ਦੱਸਿਆ ਗਿਆ ਕਿ ਬੰਦਾ ਗੁਰੂ ਗੋਬਿੰਦ ਸਿੰਘ ਦੇ ਹੁਕਮਾਂ ਦੇ ਖਿਲਾਫ਼ ਜਾ ਰਿਹਾ ਹੈ। ਮਸ਼ਹੂਰ ਵਰਤਮਾਨ ਇਤਿਹਾਸਕਾਰ ਸ੍ਰੀ ਗਰੇਵਾਲ, ਜਿਨ੍ਹਾਂ ਨੇ ਫਾਰਸੀ ਵਿਚ ਬੰਦਾ ਬਹਾਦਰ ਬਾਰੇ ਲਿਖੇ ਮੌਲਿਕ ਲੇਖਾਂ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਕੀਤਾ ਹੈ, ਇਹ ਕਹਿਣਾ ਹੈ ਕਿ ਪਹਿਲੇ ਗੁਰੂ ਨਾਨਕ ਦੇਵ ਨੇ ਗ੍ਰਹਿਸਥ ਨੂੰ ਬਹੁਤ ਉੱਚੇ ਆਸਣ ਤੇ ਬਿਠਾਇਆ ਹੈ। ਇਸ ਲਈ ਇਹ ਕਤਈ ਮੁਮਕਿਨ ਨਹੀਂ ਲੱਗਦਾ ਕਿ ਦਸ਼ਮ ਗੁਰੂ ਬੰਦਾ ਬਹਾਦਰ ਨੂੰ ਸ਼ਾਦੀ ਨਾ ਕਰਨ ਦੇ ਨਿਰਦੇਸ਼ ਦੇਣ। ਡੇਰਾ ਬੰਦਾ ਬਹਾਦਰ ਰਿਆਸੀ ਵਿਚ ਮੈਨੂੰ ਜਾਣਕਾਰ ਸਿੱਖ ਮਿਲੇ ਜਿਨ੍ਹਾਂ ਨੇ ਇਹੀ ਗੱਲ ਦੁਹਰਾਈ। ਅਗਰ ਗੁਰੂ ਗੋਬਿੰਦ ਸਿੰਘ ਨੇ ਅਜੇਹਾ ਕੁਝ ਕਿਹਾ ਵੀ ਸੀ ਤਾਂ ਉਹ ਇਸ ਲਈ ਹੋਵੇਗਾ ਕਿ

ਕਬੀਲਦਾਰੀ ਵਿਚ ਫਸ ਕੇ ਬੰਦਾ ਆਪਣਾ ਮਕਸਦ ਦਾ ਭੁੱਲ ਜਾਵੇ। ਪਰ ਇਤਿਹਾਸ ਗਵਾਹ ਹੈ ਕਿ ਬੰਦਾ ਨੇ ਮਰਦੇ ਦਮ ਤੱਕ ਫਰਜ਼ ਨੂੰ ਆਪਣੇ ਪਰਿਵਾਰ ਤੋਂ ਉੱਤੇ ਹੀ ਰੱਖਿਆ।

ਬੰਦਾ ਨੇ ਆਪਣੀ ਗੁਰੂ ਭਗਤੀ ਤੇ ਕੋਈ ਆਂਚ ਨਹੀਂ ਆਉਣ ਦਿੱਤੀ। ਸਾਰੇ ਚੰਗੇ ਕੰਮ ਗੁਰੂ ਨੂੰ ਸਮਰਪਤ ਕੀਤੇ ਅਤੇ ਉਨ੍ਹਾਂ ਦੇ ਨਾਂ ਦਾ ਹੀ ਸਿੱਕਾ ਚਲਾਇਆ। ਬੈਰਾਗ, ਜੰਗ ਅਤੇ ਕੁਰਬਾਨੀ, ਤਿੰਨਾ ਵਿਚ ਹੀ ਬੰਦਾ ਕਿਸੇ ਤੋਂ ਪਿੱਛੇ ਨਹੀਂ ਰਿਹਾ। ਆਪਣੇ ਅੱਠ ਸਾਲ ਦੇ ਸੂਰਮਾ ਜੀਵਨ ਵਿਚ ਉਸ ਨੇ ਲਗਭਗ ਹਮੇਸ਼ਾਂ ਛੋਟੀ ਅਤੇ ਅਸਿੱਖਿਅਤ ਫੌਜ ਨਾਲ, ਬਗੈਰ ਤੋਪਖਾਨਾ, ਫੀਲਖਾਨਾ (ਹਾਥੀ) ਜਾਂ ਜ਼ਰਾਹ ਬਖਤਰ ਦੇ, ਆਕਾਰ ਵਿਚ ਕਿਤੇ ਵੱਡੀਆਂ ਫੌਜਾਂ ਨੂੰ ਚਕਮਾ ਵੀ ਦਿੱਤਾ ਅਤੇ ਮਾਤ ਵੀ ਦਿੱਤੀ। ਜਿੱਥੇ-ਜਿੱਥੇ ਜੰਮ ਕੇ ਜੰਗ ਹੋਈ ਉੱਥੇ ਭੂਗੋਲਕ ਪਰਿਸਥਤੀਆਂ (ਪਹਾੜ, ਨਦੀ ਆਦਿ) ਦੀ ਮੱਦਦ ਨਾਲ ਦੁਸ਼ਮਨ ਨੂੰ ਚੰਗਾ ਚਿੱਤ ਕੀਤਾ।

ਨਿੱਜੀ ਪੱਧਰ ਤੇ ਤੀਰ ਕਮਾਨ ਚਲਾਉਣ ਵਿਚ ਉਸ ਨੂੰ ਪੂਰੀ ਨਿਪੁੰਨਤਾ ਹਾਸਲ ਸੀ। ਜੰਗ ਦੇ ਵਿਚਕਾਰ ਤੀਰ ਕਮਾਨ ਨਾਲ ਉਸ ਨੇ ਚੁਣ-ਚੁਣ ਕੇ ਜੋਧੇ ਮਾਰੇ। ਰਣਖੇਤਰ ਵਿਚ ਉਸ ਦੀ ਕੁਸ਼ਲਤਾ ਅਤੇ ਬਹਾਦਰੀ ਦੀ ਹਰੇਕ ਇਤਿਹਾਸਕਾਰ ਨੇ ਤਾਰੀਫ਼ ਕੀਤੀ ਹੈ। ਆਪਣੇ ਸੀਮਤ ਸੂਰਮਿਆਂ ਤੋਂ ਪੂਰਾ ਰਣਕੌਸ਼ਲ ਕਢਵਾਉਣ ਵਿਚ ਉਹ ਬੜਾ ਮਾਹਿਰ ਸੀ। ਜੰਗ ਦੇ ਮੈਦਾਨ ਵਿਚ ਉਹ ਆਪਣੀਆਂ ਫੌਜਾਂ ਦੇ ਅੱਗੇ ਰਹਿੰਦਾ ਅਤੇ ਨਿੱਜੀ ਮਿਸਾਲ ਨਾਲ ਸਭ ਨੂੰ ਪ੍ਰੇਰਤ ਕਰਦਾ। ਉਸ ਦੀ ਬਹਾਦਰੀ ਦੀ ਅਤੇ ਉਸ ਤੋਂ ਪਹਿਲਾਂ ਤੰਤਰ-ਸ਼ਕਤੀ ਦੀ ਪ੍ਰਸਿੱਧੀ ਐਨੇ ਜ਼ੋਰ-ਸ਼ੋਰ ਨਾਲ ਫੈਲੀ ਹੋਈ ਸੀ ਕਿ ਮੁਗਲ ਫੌਜੀ ਉਸ ਦੇ ਨਾਂ ਤੋਂ ਕੰਬਦੇ ਸਨ। ਕੁਝ ਦਾ ਆਖਣਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨੰਦੇੜ ਵਿਚ ਰਹਿਣ ਵਾਲੇ ਇਸ ਗੁਰੂ ਦਾ ਨਾਂ ਹਜ਼ਾਰ ਮੀਲ ਦੂਰ ਰਾਜਸਥਾਨ ਵਿਚ ਕਿਸੇ ਖੱਤਰੀ ਤੋਂ ਸੁਣਿਆ ਸੀ। ਗੁਰਦਾਸ ਨੰਗਲ ਵਿਚ ਸਾਢੇ ਬਾਰਾਂ ਸੌ ਫੌਜੀਆਂ ਨਾਲ, ਇਕ ਆਮ ਹਵੇਲੀ ਵਿਚ ਅੱਠ ਮਹੀਨੇ ਤੀਹ ਹਜ਼ਾਰ ਮੁਗਲਾਂ ਨੂੰ ਉਸਨੇ ਜਿਵੇਂ ਬਾਹਰ ਖੜ੍ਹਾ ਰੱਖਿਆ, ਇਹ ਇਤਹਾਸ ਦੀ ਇਕ ਬੇਮਿਸਾਲ ਕਹਾਣੀ ਹੈ। ਇਤਹਾਸਕਾਰ ਮੈੱਕਗ੍ਰੇਗਰ ਨੇ ਬੰਦਾ ਬਹਾਦਰ ਨੂੰ ਸੰਸਾਰ ਦੇ ਸਭ ਤੋਂ ਮਹਾਨ ਸੈਨਾਨਾਇਕਾਂ ਵਿਚ ਸ਼ਾਮਿਲ ਕੀਤਾ ਹੈ। ਵਰਤਮਾਨ ਇਤਿਹਾਸ ਵਿਚ ਉਸ ਦੀ ਤੁਲਨਾ "ਗੁਆਵੇਰਾ" ਨਾਲ ਸ਼ਾਇਦ ਕੀਤੀ ਜਾ ਸਕੀ ਹਾਲਾਂਕਿ ਉਹ ਸਿਰਫ ਛਾਪਾਮਾਰ ਜੋਧਾ ਹੀ ਰਿਹਾ।

ਪਰ ਬੰਦਾ ਬਹਾਦਰ ਨੇ ਜੰਗ ਵਿਚ ਜੋ ਕੁਰਬਾਨੀਆਂ ਦਿੱਤੀਆਂ ਉਨ੍ਹਾਂ ਤੋਂ

ਕਿਤੇ ਵਧ-ਚੜ੍ਹ ਕੇ ਉਸ ਦੀ ਕੁਰਬਾਨੀ ਸੀ। ਪਹਿਲਾਂ ਆਪਣੇ ਗਹਿਰੇ ਸਾਥੀਆਂ ਅਤੇ ਫੇਰ ਆਪਣੇ ਚਾਰ ਸਾਲਾ ਪੁੱਤਰ ਦਾ ਕਤਲ ਵੇਖ ਕੇ ਉਹ ਬਿਲਕੁਲ ਨਾ ਡੋਲਿਆ। ਅੰਗ-ਅੰਗ ਗਰਮ ਸਲਾਖਾਂ ਨਾਲ ਦਾਗੇ ਗਏ, ਚੂੰਡੇ ਗਏ, ਪਰ ਦਰਦ ਦਾ ਜ਼ਰਾ ਵੀ ਅਹਿਸਾਸ ਪ੍ਰਗਟ ਨਾ ਕਰਕੇ ਉਹ ਅਮਰ ਸ਼ਹੀਦਾਂ ਦੀ ਸ਼੍ਰੇਣੀ ਵਿਚ ਪੁੱਜ ਗਿਆ।

------

# ਵਿਭਿੰਨ ਘਟਨਾਵਾਂ ਦੀਆਂ ਤਰੀਕਾਂ (1674-1716)

| | ਘਟਨਾ ਦਾ ਵੇਰਵਾ | ਡਾ.ਗੰਡਾ ਸਿੰਘ ਅਨੁਸਾਰ | ਪ੍ਰੋ. ਹਰੀ ਰਾਮ ਗੁਪਤਾ ਅਨੁਸਾਰ |
|---|---|---|---|
| 1. | ਲਛਮਨ ਦੇਵ ਦਾ ਜਨਮ | 1670 | 1670 |
| | ਬੈਰਾਗ ਅਤੇ 'ਮਾਧੋਦਾਸ' ਦਾ ਨਾਮਕਰਨ | 1685 | 1685 |
| 2. | ਬੈਰਾਗੀ ਬਾਬਾ ਰਾਮਦਾਸ ਨਾਲ | 1681 | |
| 3. | ਨੰਦੇੜ ਵਿਚ ਆਉਣਾ | 1691 | |
| 4. | ਬਹਾਦਰਸ਼ਾਹ ਵੱਲੋਂ ਆਗਰਾ ਵਿਚ ਗੁਰੂ ਗੋਬਿੰਦ ਸਿੰਘ ਦਾ ਸਨਮਾਨ, ਗੁਰੂ ਗੋਬਿੰਦ ਸਿੰਘ ਦੀ ਬਾਦਸ਼ਾਹ ਨਾਲ ਦੱਖਣ ਨੂੰ ਰਵਾਨਗੀ | 2-10-1707 | |
| 5. | ਗੁਰੂ ਸਾਹਿਬ ਤੇ ਮਾਧੋਦਾਸ | 09-1708 | |
| 6. | ਬੈਰਾਗੀ ਦਾ ਮਿਲਣ | (ਆਖਰੀ ਹਫ਼ਤਾ) | |
| 7. | ਬੰਦਾ ਬਹਾਦਰ ਦੀ ਪੰਜਾਬ ਨੂੰ ਰਵਾਨਗੀ | 10-1708 | |
| 8. | ਸਮਾਨਾ ਦੀ ਜੰਗ | 26-11-1709 | 26-11-1709 |
| 9. | ਛੱਪੜ-ਝਿੜੀ ਦੀ ਜੰਗ | 22-05-1710 | 12-05-1710 |
| 10. | ਸਰਹੰਦ ਸ਼ਹਿਰ ਵਿਚ ਦਾਖਲਾ | 24-05-1710 | 13-05-1710 |
| 11. | ਅਜਮੇਰ ਵਿਚ ਬਹਾਦਰਸ਼ਾਹ ਨੂੰ ਬੰਦਾ ਬਹਾਦਰ ਬਾਰੇ ਪਹਿਲੀ ਵਾਰੀ ਸੂਚਨਾਵਾਂ | 30-05-1710 | |

| | | | |
|---|---|---|---|
| 12. | ਪੰਜਾਬ ਤੋਂ ਭੇਜੇ ਹੋਏ ਮੁਸਲਮਾਨਾਂ ਦੀ ਬਹਾਦਰਸ਼ਾਹ ਨੂੰ ਅਪੀਲ | 22-06-1710 | 06-1710 |
| 13. | ਬੰਦਾ ਮਾਲੇਰਕੋਟਲਾ ਵਿਚ, ਫਿਰ ਲੋਹਗੜ੍ਹ ਕਿਲੇ ਨੂੰ ਰਵਾਨਗੀ | 06-1710 | |
| 14. | ਸਿੱਖ ਫੌਜਾਂ ਦਾ ਦੋਆਬਾ, ਬਟਾਲਾ-ਕਲਾਨੌਰ ਤੇ ਕਬਜ਼ਾ, ਲਾਹੌਰ ਤੱਕ ਪੁੱਜਣਾ | 06-1710 | |
| 15. | ਜੈਨੁਦੀਨ ਅਹਿਮਦ ਖਾਂ ਨੂੰ ਸਰਹੰਦ ਦਾ ਸੂਬੇਦਾਰ ਨਿਯੁਕਤ ਕਰਨਾ | 18-07-1710 | 07-1710 |
| 16. | ਨਾਨੌਤਾ (ਉੱਤਰ ਪ੍ਰਦੇਸ਼) ਦੀ ਫਤਹਿ | 21-07-1710 | |
| 17. | ਸਹਾਰਨਪੁਰ, ਜਲਾਲਾਬਾਦ ਦੀ ਜੰਗ | 07-1710 | |
| 18. | ਫਿਰੋਜ਼ ਖਾਂ ਮੇਵਾਤੀ ਦੀ ਕਮਾਨ ਵਿਚ ਅਗੇਤੀ ਮੁਗਲ ਫੌਜ ਰਵਾਨਾ | 07-08-1710 | |
| 19. | ਸਈਅਦ ਵਜ਼ੀਰੂਦੀਨ ਖਾਂ ਦੀ ਕਮਾਨ ਵਿਚ ਹੋਰ ਫੌਜ ਬੰਦਾ ਦੇ ਖਿਲਾਫ਼ ਰਵਾਨਾ | 22-08-1710 | |
| 20. | ਕੋਕਲਤਾਸ਼ ਖਾਂ ਦਾ ਸੋਨੀਪਤ ਵਿਚ ਆ ਕੇ ਪ੍ਰਸ਼ਾਸ਼ਨ ਸੰਭਾਲਣਾ | 25-08-1710 | |
| 21. | ਹੈਦਰੀ ਝੰਡਾ | 10-1710 | |
| 22. | ਰਾਹੋਂ ਦੀ ਲੜਾਈ | 11-10-1710 | 11-10-1710 |
| 23. | ਬਾਦਸ਼ਾਹ ਖੁਦ ਸੋਨੀਪਤ ਵਿਚ | 22-10-1710 | |
| 24. | ਰਾਹੋਂ ਦੀ ਲੜਾਈ ਦੀ | 26-10-1710 | |

| | | | |
|---|---|---|---|
| | ਬਾਦਸ਼ਾਹ ਨੂੰ ਖਬਰ | | |
| 25. | ਫਿਰੋਜ਼ ਖਾਂ ਦੀ ਸਿੱਖਾਂ ਵਿਰੁੱਧ ਪਹਿਲੀ ਜਿੱਤ ਦੀ ਬਾਦਸ਼ਾਹ ਨੂੰ ਸੂਚਨਾ, ਨਾਲ 300 ਸਿੱਖਾਂ ਦੇ ਕਟੇ ਸਿਰ | 10-1710 | |
| 26. | ਫਿਰੋਜ਼ ਖਾਂ ਸਰਹੰਦ ਦਾ ਸੂਬੇਦਾਰ ਨਿਯੁਕਤ | 04-11-1710 | |
| 27. | ਬਾਦਸ਼ਾਹ ਵੱਲੋਂ ਰਫ਼ੀ-ਉਸ-ਸ਼ਾਨ, ਜਹਾਂਦਾਰ ਸ਼ਾਹ, ਜਮਦਾਤ ਉਲ-ਮੁਲਕ, ਮਹਾਬਤ ਖਾਂ ਦੀ ਕਮਾਨ ਵਿਚ ਸੱਠ ਹਜ਼ਾਰ ਘੁੜਸਵਾਰਾਂ ਦੀ ਫੌਜ ਤਿਆਰ ਕਰਨ ਦੀ ਘੋਸ਼ਣਾ | 9-19/11/1710 | |
| 28. | ਤਰਾਵੜੀ ਦੀ ਲੜਾਈ, ਫਿਰੋਜ ਖਾਂ ਵੱਲੋਂ ਬਿਨੋਦ ਸਿੰਘ ਨੂੰ ਕਰਾਰੀ ਹਾਰ | 11/1710 | |
| 29. | ਮੁਹੰਮਦ ਅਮੀਨ ਖਾਂ(ਚਿਨ ਬਹਾਦੁਰ) ਨੂੰ ਸਰਹੰਦ ਦਾ ਘੇਰਾ ਪਾਉਣ ਦਾ ਹੁਕਮ, ਚਿਨ ਬਹਾਦਰ ਦੇ ਪੁੱਜਣ ਤੋਂ ਪਹਿਲਾਂ ਬਾਜ਼ਿਦ ਖਾਂ ਅਤੇ ਸ਼ਮਸ ਖਾਂ ਦੀ ਸਰਹੰਦ ਵਿਚ ਬਾਜ਼ ਸਿੰਘ ਤੇ ਜਿੱਤ | 27/11/1710 | |
| 30. | ਬਹਾਦਰ ਸ਼ਾਹ ਸਢੌਰਾ ਵਿਚ | 4/12/1710 | |
| | ਬਹਾਦਰਸ਼ਾਹ ਸੋਮ ਨਦੀ ਦੇ ਕੰਢੇ | 9/12/1710 | |
| | ਲੋਹਗੜ੍ਹ ਤੇ 60 ਹਜ਼ਾਰ ਮੁਗਲ ਫੌਜ ਦਾ ਹਮਲਾ | 10/12/1710 | 10/12/1710 |
| 31. | ਬੰਦਾ ਬਹਾਦਰ ਲੋਹਗੜ੍ਹ ਕਿਲੇ ਤੋਂ ਗਾਇਬ | 10/12/1710 ਦੀ ਰਾਤ | 10/12/1710 ਦੀ ਰਾਤ |
| 32. | ਬੰਦਾ ਕੀਰਤਪੁਰ ਵਿਚ | 12/12/1710 | |

33. ਅੱਠ ਲੱਖ ਰੁਪਏ ਤੇ 16/12/1710
ਅਸ਼ਰਫੀਆਂ ਲੋਹਗੜ ਦੇ ਟੀਲੇ
ਦੀ ਖੁਦਾਈ ਵਿਚ ਬਰਾਮਦ

34. ਜੌਨਪੁਰ ਦੇ ਖਾਲਸਾ ਨੂੰ
ਹੁਕਮਨਾਮਾ 26/12/1710 12/1710

35. ਬੰਦਾ ਬਹਾਦਰ ਪਹਾੜਾਂ ਵਿਚ 10/1711 ਲਾਹੌਰ ਵਿਚ
ਅਲੋਪ, ਬਾਦਸ਼ਾਹ ਸਢੌਰਾ, ਭਰੌਲੀ,
ਰੋਪੜ, ਸਤਲੁਜ ਦਾ ਕੰਢਾ,
ਹੋਸ਼ਿਆਰਪੁਰ, ਬਿਆਸ, ਕਾਹਨੂੰਵਾਨ,
ਕਲਾਨੌਰ ਅਤੇ ਪੰਜਗਰਾਈਂ ਹੁੰਦੇ ਹੋਏ।

36. ਬਾਦਸ਼ਾਹ ਵੱਲੋਂ ਤਿੰਨ 11/01 ਤੋਂ 31/05/1711 ਤੱਕ
ਵੱਖ-ਵੱਖ ਫੌਜਾਂ, ਸਾਫ਼ ਸ਼ਿਕਨ
ਬਹਾਦਰ, ਹਾਮਿਦ ਖਾਂ ਅਤੇ ਚਿਨ
ਬਹਾਦਰ ਦੀ ਕਮਾਨ ਵਿਚ
ਬੰਦਾ ਬਹਾਦਰ ਨੂੰ ਫੜਨ ਵਾਸਤੇ
ਭੇਜੀਆਂ ਗਈਆਂ

37. ਬੰਦਾ ਬਹਾਦਰ ਰਾਇਪੁਰ-ਬਹਿਰਾਮਪੁਰ 28/03/1711
ਵੱਲੋਂ ਪਹਾੜਾਂ ਵਿਚ ਉੱਤਰਿਆ ਤੇ
ਪੰਜਾਬ ਵਿਚ ਦਾਖਲ ਹੋਇਆ

38. ਬੰਦਾ ਬਹਾਦਰ ਅਤੇ ਮੁਗਲਾਂ 04/06/1711
ਵਿਚਕਾਰ ਹੋਈ ਬਹਿਰਾਮਪੁਰ
ਦੀ ਲੜਾਈ ਵਿਚ ਸ਼ਮਸ ਖਾਂ
ਦੀ ਮੌਤ ਅਤੇ ਬਾਜ਼ਿਦ ਖਾਂ
ਗੰਭੀਰ ਰੂਪ ਵਿਚ ਜ਼ਖ਼ਮੀ

39. ਬੰਦਾ ਬਹਾਦਰ ਦੀ ਰੁਸਤਮਦਿਲ 14/06/1711
ਅਤੇ ਚਿਨ ਬਹਾਦਰ ਨਾਲ
ਪਸਰੂਰ ਵਿਚ ਝੜੱਪ, ਬੰਦਾ
ਬਹਾਦਰ ਜੰਮੂ ਦੀਆਂ

| | | | |
|---|---|---|---|
| | ਪਹਾੜੀਆਂ ਵਿਚ ਫੇਰ ਗਾਇਬ, ਪਿੱਛੇ ਮੁਗਲਾਂ ਦਾ ਕਠੂਆ ਵਿਚ ਹਿੰਦੂਆਂ ਤੇ ਜ਼ੁਲਮ, ਕਈਆਂ ਨੂੰ ਗੁਲਾਮ ਬਣਾ ਕੇ ਮੰਡੀਆਂ ਵਿਚ ਵੇਚਿਆ | | |
| 40. | ਬਹਾਦਰਸ਼ਾਹ ਨੂੰ ਲਾਹੌਰ ਵਿਚ ਚਿਨ ਬਹਾਦਰ ਤੋਂ ਮਿਲੀ ਰੁਸਤਮ ਦਿਲ ਦੇ ਖਿਲਾਫ਼ ਸ਼ਿਕਾਇਤ, ਰੁਸਤਮ ਦਿਲ ਖਾਂ ਲਾਹੌਰ ਕਿਲੇ ਵਿਚ ਨਜ਼ਰਬੰਦ | 1/09/1711 | 9/1711 |
| 41. | ਰੁਸਤਮ ਦਿਲ ਖਾਂ ਬਾਇੱਜ਼ਤ ਬਰੀ ਨਵਾਂ ਖ਼ਿਤਾਬ 'ਗਜ਼ਨਫ਼ਰਖਾਨ' | 30/11/1711 | |
| 42. | ਬਹਾਦਰ ਸ਼ਾਹ ਬੀਮਾਰ | 25/01/1711 | |
| 43. | ਬਹਾਦਰ ਸ਼ਾਹ ਦੀ ਮੌਤ | 28/02/1712 | |
| 44. | ਜਹਾਂਦਰ ਸ਼ਾਹ ਬਾਦਸ਼ਾਹ ਬਣਿਆ | 29/03/1712 | 29/03/1712. |
| 45. | ਫਰੂਖਸ਼ੀਅਰ ਬਾਦਸ਼ਾਹ ਬਣਿਆਂ | 11/02/1713 | 11/02/1713 |
| 46. | 1712-13 ਦੌਰਾਨ ਬੰਦਾ ਬਹਾਦਰ ਦਾ ਬਟਾਲਾ ਤੇ ਕਲਾਨੌਰ ਦੋਬਾਰਾ ਜਿੱਤਣਾ, ਬਾਦ ਵਿਚ ਸਢੌਰਾ ਅਤੇ ਲੋਹਾਗੜ੍ਹ ਵੀ ਜਿੱਤਣਾ | 1712-13 | 1712-13 |
| 47. | ਬਾਦਸ਼ਾਹ ਫਰੂਖਸ਼ੀਅਰ ਨੇ ਅਬਦੁਲ ਸਮਦ ਖਾਂ ਨੂੰ ਲਾਹੌਰ ਦਾ ਸੂਬੇਦਾਰ ਅਤੇ ਉਸਦੇ ਬੇਟੇ ਜ਼ਕਰੀਆ ਖਾਂ ਨੂੰ ਜੰਮੂ ਦਾ ਫੌਜਦਾਰ ਬਣਾਇਆ। ਬੰਦਾ ਬਹਾਦਰ ਦੇ ਖਿਲਾਫ ਮੁਹਿੰਮ ਤੇਜ | 02/1713 | |
| 48. | (ਬਗੈਰ ਬੰਦਾ ਬਹਾਦਰ ਤੋਂ) ਸੱਤ ਹਜ਼ਾਰ ਸਿੱਖਾਂ ਦਾ ਖਵਾਜ਼ਾ ਮੁਕੱਰਮ | 26/08/1713 | |

ਨੂੰ ਹਰਾ ਕੇ ਰੋਪੜ ਤੇ ਕਬਜ਼ਾ

49. ਬੰਦਾ ਬਹਾਦਰ ਦਾ ਸਢੌਰਾ ਅਤੇ ਲੋਹਗੜ੍ਹ ਤੋਂ ਫੇਰ ਕੱਢਿਆ ਜਾਣਾ — 09/10/1713

50. ਬੰਦਾ ਬਹਾਦਰ ਜੰਮੂ ਦੀਆਂ ਪਹਾੜੀਆਂ ਵਿਚ, — 10/1713 ਤੋਂ

50. ਸਾਹਿਬ ਕੌਰ ਨਾਲ ਦੂਜਾ ਵਿਆਹ — 02/1715

51. ਬੰਦਾਈ ਅਤੇ ਤੱਤਈ ਸਿੱਖਾਂ ਵਿਚ ਫੁੱਟ — 11/1714

52. ਬੰਦਾ ਪਹਾੜਾਂ ਤੋਂ ਉੱਤਰਿਆ ਬਟਾਲਾ ਕਲਾਨੌਰ ਫਿਰ ਸਿੱਖਾਂ ਦੇ ਹੱਥ — 02/1715

53. ਬਾਦਸ਼ਾਹ ਫਰੁਖਸ਼ੀਅਰ ਦਾ ਆਪਣੇ ਸਾਰੇ ਸੂਬੇਦਾਰਾਂ ਅਤੇ ਫੌਜਦਾਰਾਂ ਨੂੰ ਸਖ਼ਤ ਹੁਕਮ, ਬੰਦਾ ਬਹਾਦਰ ਨੂੰ ਕਿਸੇ ਵੀ ਹਾਲਤ ਵਿਚ ਪੇਸ਼ ਕੀਤਾ ਜਾਵੇ — 20/03/1715

54. ਬੰਦਾ ਬਹਾਦਰ ਗੁਰਦਾਸਨੰਗਲ ਵਿਚ 1250 ਫੌਜੀਆਂ ਨਾਲ ਘੇਰੇ ਵਿਚ, ਘੇਰਾ ਅਬਦੁਸ ਸਮਦ ਖਾਂ, ਜ਼ਕਰੀਆ ਖਾਂ ਅਤੇ ਕਮਰੁਦੀਨ ਨੇ ਪਾਇਆ — 17/04/1715

55. ਗੁਰਦਾਸ ਨੰਗਲ ਵਿਚ ਬੰਦਾ ਬਹਾਦਰ ਦਾ ਆਤਮ-ਸਮਰਪਣ — 17/12/1715

56. ਬੰਦਾ ਬਹਾਦਰ ਅਤੇ ਹੋਰ ਸਿੱਖ ਕੈਦੀਆਂ ਦਾ ਦਿੱਲੀ ਵਿਚ ਜਲੂਸ — 27/12/1715

57. ਸੌ-ਸੌ ਕੈਦੀਆਂ ਦਾ ਰੋਜ਼ ਕਤਲ ਸ਼ੁਰੂ — 05/03/1716

58. ਬੰਦਾ ਬਹਾਦਰ ਨੂੰ ਤਸੀਹੇ, ਅੰਤ ਵਿਚ ਕਤਲ — 19/06/1716

# Bibliography


Ganda Singh(Dr),*Life of Banda Singh Bahadur*

Hari Ram Gupta(Prof.), *History of the Sikhs, volume-II*

G.S.Deol,*Banda Bahadur*

O.P. Ralha (Edited),*Banda Bahadur, Asht Ratnas etc.*

Bhai Parmanand,*Banda Bairagi* (Hindi)

Harnam Das Sehrai,*Lohgarh* (Punjabi)

Piara Singh Data, *Mahabali Banda Singh Bahadur* (Punjabi)

J.S. Grewal & Irfan Habib, *Sikh history from Persian sources*

A.H.Bigley,*The Sikhs*

Virginia Fass,*The forts of India*

McGregor, *Brave generals of the world*

District Gazetteer of Patiala

# ਬੰਦਾ ਨਿਵਾਸ ਦੀ ਯਾਤਰਾ

ਲੋਹਗੜ੍ਹ ਤੋਂ ਪੰਚਕੂਲਾ ਅਤੇ ਕਾਲਾ ਅੰਬ ਹੁੰਦੇ ਹੋਏ ਪਾਉਂਟਾ ਸਾਹਿਬ ਦੇ ਰਾਹ ਵਿਚ ਇਕ ਪਿੰਡ ਆਉਂਦਾ ਹੈ, ਕੌਲਰ...। ਇੱਥੋਂ ਅੰਦਰ ਦੇ ਨੀਮ ਪਹਾੜੀ ਇਲਾਕਿਆਂ ਵਿਚ ਜੰਗਲਾਂ ਅਤੇ ਘਾਟੀਆਂ ਦੀ ਗੋਦ ਵਿਚ ਦੂਜਾ ਪਹਾੜੀ ਪਿੰਡ ਹੈ, ਹਰਿਪੁਰ। ਬੱਸ ਇੱਥੋਂ ਹੀ ਯਾਤਰਾ ਅੱਗੇ ਸ਼ੁਰੂ ਹੁੰਦੀ ਹੈ ਲੋਹਗੜ੍ਹ ਵਾਸਤੇ ਜੋ ਕਿ ਸੂਰਬੀਰ ਬੰਦਾ ਬਹਾਦਰ ਦਾ ਆਪਣਾ ਕਿਲਾ ਸੀ। ਲੋਹਗੜ੍ਹ ਨੂੰ ਸਥਾਨਕ ਭਾਸ਼ਾ ਵਿਚ ਲੋਗੱੜ ਕਿਹਾ ਜਾਂਦਾ ਹੈ। ਅਤੇ ਇਸੇ ਕਿਲੇ ਦੇ ਨਾਂ ਤੇ ਇਕ ਪਿੰਡ ਵੀ ਹੈ ਜਿਸ ਵਿਚ ਪੰਜਾਹ-ਸੱਠ ਘਰ ਵੱਸੇ ਹੋਏ ਹਨ।

ਜੂਨ ਦੀ ਪੂਰੀ ਗਰਮੀ ਵਿਚ ਇਕ ਦਿਨ ਅਸੀਂ ਸਵੇਰੇ-ਸਵੇਰੇ ਦਨਦਨਾਦੇ ਹੋਏ ਲੋਹਗੜ੍ਹ ਵੱਲ ਚੱਲ ਪਏ। ਰਾਹ ਵਿਚ ਪਿੰਡ ਦੇ ਇਕ ਆਦਮੀ ਨੂੰ ਨਾਲ ਲਿਆ ਜੋ ਕਿ ਕਿਲੇ ਬਾਰੇ ਜਾਣਕਾਰੀ ਦੇਣ ਅਤੇ ਉੱਥੇ ਤੱਕ ਪੁਚਾਉਣ ਵਾਸਤੇ ਤਿਆਰ ਹੋ ਗਿਆ। ਜਿਸ ਚੌਪਾਲ ਤੋਂ ਗਾਈਡ ਲਿਆ ਉੱਥੇ ਇਕ ਬਜ਼ੁਰਗ ਸੱਜਣ ਵੀ ਬੈਠੇ ਸੀ ਜੋ ਕਿ ਬੰਦਾ ਬਹਾਦਰ ਦੇ ਮਾਮਲੇ ਵਿਚ ਅੜ ਗਏ,"ਅਸੀਂ ਤਾਂ ਇੱਥੇ ਕਦੀ ਬੰਦਾ ਬਹਾਦਰ ਦਾ ਨਾਂ ਨਹੀਂ ਸੁਣਿਆਂ। ਅਜੇਹਾ ਕੋਈ ਸੀ ਹੀ ਨਹੀਂ ਇੱਥੇ। ਹਾਂ, ਜਦੋਂ ਮੈਂ ਰਾਜੌਰੀ ਵਿਚ ਸੰਨ 1950 ਤੋਂ 1954 ਤੱਕ ਨਿਯੁਕਤ ਸੀ, ਉਦੋਂ ਇਕ ਵੱਡਾ ਸਾਰਾ ਕਿਲਾ ਬੰਦਾ ਬਹਾਦਰ ਦੇ ਕਿਲੇ ਦੇ ਨਾਂ ਨਾਲ ਮਸ਼ਹੂਰ ਸੀ। ਉੱਥੇ ਲੋਕ ਕਹਿੰਦੇ ਹੁੰਦੇ ਸੀ ਕਿ ਬੰਦਾ ਇੱਥੋਂ ਹੋ ਕੇ ਹੀ ਪੰਜਾਬ ਪੁੱਜਾ ਸੀ।"

ਜੇ ਰਾਜੌਰੀ ਤੋਂ ਹੋ ਕੇ ਬੰਦਾ ਪੁੱਜਾ ਸੀ ਤਾਂ ਚੱਲਿਆ ਕਿੱਥੋਂ ਸੀ? ਕਾਬੁਲ ਤੋਂ? ਇਸ ਦਾ ਉਸ ਕੋਲ ਕੋਈ ਜਵਾਬ ਨਹੀਂ ਸੀ। ਬੜਾ ਸਮਝਾਉਣ ਤੋਂ ਬਾਦ ਵੀ ਉਹ ਨਹੀਂ ਮੰਨੇ ਕਿ ਨੰਦੇੜ ਵਿਚ ਗੁਰੂ ਗੋਬਿੰਦ ਸਿੰਘ ਨੂੰ ਮਿਲ ਕੇ ਉਹ ਗੁਜਰਾਤ, ਰਾਜਸਥਾਨ ਅਤੇ ਹਰਿਆਣਾ ਹੁੰਦੇ ਹੋਏ ਸਰਹੰਦ ਪੁੱਜਾ ਸੀ। ਅਤੇ ਜੰਗ ਤੋਂ ਬਾਦ ਅਸਲਾ ਅਤੇ ਪੈਸਾ ਉਸ ਨੇ ਲੋਹਗੜ੍ਹ ਦੇ ਕਿਲੇ ਵਿਚ ਜਮ੍ਹਾਂ ਕੀਤਾ ਸੀ।

ਉਹ ਮੰਨਦੇ ਸੀ ਕਿ ਮਹਾਰਾਸ਼ਟਰ ਵਿਚ ਨੰਦੇੜ ਵਿਖੇ ਬੰਦਾ ਦੀ ਗੁਰੂ ਗੋਬਿੰਦ ਸਿੰਘ ਨਾਲ ਮੁਲਾਕਾਤ ਜ਼ਰੂਰ ਹੋਈ ਸੀ ਪਰ ਪੰਜਾਬ ਉਹ ਪੁੱਜਾ ਸੀ ਰਾਜੌਰੀ ਹੋ ਕੇ ਹੀ। ਕਿਉਂਕਿ 1950 ਤੋਂ 1954 ਤੱਕ ਜਦੋਂ ਉਹ ਰਾਜੌਰੀ ਨਿਯੁਕਤ ਸੀ..........।

ਆਧੁਨਿਕ ਭਾਰਤ ਵਿਚ ਪੁਰਾਣੇ ਅਰਬੀ ਘੋੜੇ ਦੇ ਮੁਕਾਬਲੇ ਵਰਤਮਾਨ

ਵਿਚ ਸਾਡੀ ਸੂਮੋ ਗੱਡੀ ਹੈ ਜੋ ਕਿ ਪਹਾੜ, ਨਦੀ ਆਦਿ ਤੇ ਚੇਤਕ ਵਰਗਾ ਹੀ ਹਮਲਾ ਕਰ ਸਕਦੀ ਹੈ। ਚੰਗਾ ਹੋਇਆ ਕਿ ਅਸੀਂ ਇਸੇ ਗੱਡੀ ਵਿਚ ਗਏ ਕਿਉਂਕਿ ਹਰਿਪੁਰ ਤੋਂ ਬਾਦ ਰਾਹ ਕੱਚਾ ਸੀ ਅਤੇ ਵਿਚਕਾਰ ਘੱਟੋ-ਘੱਟ ਤਿੰਨ ਬਰਸਾਤੀ ਨਾਲੇ ਪਾਰ ਕਰਨੇ ਪਏ। ਅਖੀਰਲੀ ਚੌੜੇ ਪਾਟ ਵਾਲੀ ਬਰਸਾਤੀ ਨਦੀ ਪਾਰ ਕਰਦਿਆਂ ਹੀ ਇਕ ਰੁੱਖ ਦੇ ਹੇਠਾਂ ਕੋਈ ਤੀਹ ਆਦਮੀ, ਔਰਤਾਂ ਅਤੇ ਬੱਚਿਆਂ ਦਾ ਇਕ ਝੁੰਡ ਵਿਖਾਈ ਦਿੱਤਾ ਜੋ ਜਮੀਨ ਤੇ ਬੈਠਾ ਰੁੱਖ ਦੇ ਪੱਤਿਆਂ ਨਾਲ ਪਤਾ ਨਹੀਂ ਕੀ ਕਰ ਰਿਹਾ ਸੀ।

ਸਾਨੂੰ ਵੇਖਦਿਆਂ ਹੀ ਸਾਰੇ ਖੜ੍ਹੇ ਹੋ ਹਏ ਅਤੇ ਗੱਡੀ ਦਾ ਰਾਹ ਰੋਕ ਲਿਆ। ਕੁਝ ਮਰਦ ਲੱਗੇ ਵਧੇ ਅਤੇ ਉਨ੍ਹਾਂ ਵਿਚੋਂ ਇਕ ਬਜ਼ੁਰਗ ਜਿਹਾ ਦਿੱਸਣ ਵਾਲੇ ਨੇ ਆਵਾਜ਼ ਮਾਰ ਕੇ ਕਿਹਾ, "ਇੱਥੇ ਦਾ ਠੇਕਾ ਅਸੀਂ ਲਿਆ ਹੋਇਆ ਹੈ। ਇੱਥੋਂ ਦੇ ਪੱਤੇ ਅਸੀਂ ਹੀ ਚੁੱਕਾਂਗੇ।"

ਬੰਦਾ ਬਹਾਦਰ ਦੇ ਪਿਛੋਕੜ ਅਤੇ ਉਨ੍ਹਾਂ ਦੀਆਂ ਸੂਰਬੀਰਤਾ ਦੀਆਂ ਗਾਥਾਵਾਂ ਯਾਦ ਕਰਦਿਆਂ ਜਦੋਂ ਪੱਤਿਆਂ ਦੀ ਲੜਾਈ ਸਾਮ੍ਹਣੇ ਆਈ ਤਾਂ ਅਜੀਬ ਜਿਹਾ ਲੱਗਾ। ਇੰਜ ਮਹਿਸੂਸ ਹੋਇਆ ਕਿ ਐਨੇ ਮਹਾਨ ਕਾਰਜਾਂ ਵਿਚ ਇਕ ਗੌਣ ਜਿਹਾ ਨੁਕਤਾ ਆ ਗਿਆ ਹੈ। ਖੈਰ, ਡਰਾਈਵਰ ਨਾਲ ਗੱਲ ਕਰਦੇ ਪਤਾ ਲੱਗਾ ਕਿ ਇਹ ਸਾਰੇ ਲੋਕ ਤੇਂਦੂ ਪੱਤਾ ਇੱਕਠਾ ਕਰਕੇ ਲੈ ਜਾ ਰਹੇ ਹਨ। ਇਨ੍ਹਾਂ ਪੱਤਿਆਂ ਦੀਆਂ ਬੀੜੀਆਂ ਬਣਾ ਕੇ ਬਾਜ਼ਾਰ ਵਿਚ ਵੇਚੀਆਂ ਜਾਣਗੀਆਂ। ਉਦੋਂ ਤੱਕ ਕੁਝ ਆਦਮੀਆਂ ਨੇ ਬਾਂਸ ਦੇ ਡੰਡੇ, ਰੁੱਖਾਂ ਦੀਆਂ ਟਾਹਣੀਆਂ ਅਤੇ ਦੋ ਨੇ ਕੁਹਾੜੇ ਵੀ ਚੁੱਕ ਲਏ ਸਨ ਅਤੇ ਆਪਣੇ ਹੱਕਾਂ ਦੀ ਰਾਖੀ ਕਰਨ ਵਾਸਤੇ ਪੂਰੀ ਤਰ੍ਹਾਂ ਮੁਸਤੈਦ ਹੋ ਗਏ ਸਨ। ਅਸੀਂ ਉਨ੍ਹਾਂ ਨੂੰ ਸਮਝਾਇਆ ਕਿ ਨਾ ਸਾਡਾ ਤੇਂਦੂ ਪੱਤੇ ਨਾਲ ਕੋਈ ਵਾਸਤਾ ਹੈ ਤੇ ਨਾਹੀ ਸਾਡੇ ਨਾਇਕ ਨੇ ਤੇਂਦੂ ਪੱਤੇ ਲਈ ਕੋਈ ਲੜਾਈ ਲੜੀ।

ਨਾਇਕ ਦਾ ਨਾਂ ਸੁਣਕੇ ਉਹ ਚੌਂਕੇ। ਬੰਦਾ ਬਹਾਦਰ?

ਕੌਣ ਬੰਦਾ ਬਹਾਦਰ? ਕੋਈ ਗੋਰਖਾ ਸੀ?

ਬੜੀ ਮੁਸ਼ਕਲ ਨਾਲ ਉਨ੍ਹਾਂ ਨੂੰ ਸਮਝਾ ਕੇ ਇਕ ਪਾਸੇ ਕਰਕੇ ਗੱਡੀ ਅੱਗੇ ਵਧਾਈ।

ਇਕ ਉੱਚੇ ਜਿਹੇ ਹਰੇ-ਹਰੇ ਰੁੱਖਾਂ ਵਾਲੇ ਟੀਲੇ ਦੇ ਹੇਠਾਂ ਗੁਰਦੁਆਰੇ ਕੋਲ ਗੱਡੀ ਰੁਕ ਗਈ। ਗਾਈਡ ਨੇ ਦੱਸਿਆ ਕਿ ਹੁਣ ਪੈਦਲ ਹੀ ਜਾਣਾ ਪਏਗਾ! "ਪਰ ਕਿਲਾ ਹੈ ਕਿੱਥੇ?" ਅਸੀਂ ਪੁੱਛਿਆ। "ਥੋੜ੍ਹਾ ਉੱਪਰ ਜਾਕੇ ਦਿੱਸੇਗਾ", ਗਾਈਡ ਨੇ

ਦੱਸਿਆ।

ਮੈਂ, ਗਾਰਡ ਅਤੇ ਮੇਰੇ ਗਾਈਡ ਨੇ ਚੜ੍ਹਾਈ ਸ਼ੁਰੂ ਕੀਤੀ ਜੋ ਅੰਦਾਜ਼ੇ ਦੇ ਮੁਕਾਬਲੇ ਕਾਫੀ ਮੁਸ਼ਕਲ ਨਿੱਕਲੀ। ਕੰਡਿਆਂ ਤੋਂ ਬਚਦੇ-ਬਚਾਉਂਦੇ ਅਤੇ ਹੰਭਦੇ ਹੋਏ ਕਾਫ਼ੀ ਦੂਰ ਚੱਲਣ ਤੋਂ ਬਾਦ ਫਿਰ ਗਾਈਡ ਤੋਂ ਪੁੱਛਿਆ। ਫੇਰ ਉਹੀ ਜਵਾਬ। ਹੋਰ ਥੋੜ੍ਹਾ ਉੱਪਰ ਚੜ੍ਹ ਕੇ ਅਸੀਂ ਰੁਕੇ ਤਾਂ ਇਸ ਮੌਕੇ ਸਾਡਾ ਵਫਾਦਾਰ ਗਾਰਡ ਜੋ ਪਿੱਛੇ-ਪਿੱਛੇ ਚੱਲ ਰਿਹਾ ਸੀ, ਕੁਝ ਚਿੰਤਾ ਨਾਲ ਬੋਲਿਆ, "ਇੰਥੇ ਤਾਂ ਕੁਝ ਵੀ ਵਿਖਾਈ ਨਹੀਂ ਦੇ ਰਿਹਾ।" ਉਦੋਂ ਤੱਕ ਬੁਰੀ ਤਰਾਂ ਪਸੀਨਾ ਵਗਣ ਲੱਗਾ ਸੀ। ਗਾਈਡ ਨੇ ਆਰਾਮ ਨਾਲ ਆਪਣੀ ਕਮੀਜ਼ ਉਤਾਰ ਲਈ ਅਤੇ ਲੰਮੀਆਂ-ਲੰਮੀਆਂ ਡਿੰਘਾਂ ਨਾਲ ਉਸ ਪਗਡੰਡੀ ਤੇ, ਜਿਸ ਤੇ ਸ਼ਾਇਦ ਇਕ ਘੋੜਾ ਹੀ ਕਦੀ ਚੱਲ ਸਕਦਾ ਹੋਵੇ, ਆਸਾਨੀ ਨਾਲ ਅੱਗੇ ਵਧ ਰਿਹਾ ਸੀ।

ਚੜ੍ਹਦੇ-ਚੜ੍ਹਦੇ ਸਾਡਾ ਨੌਜਵਾਲ ਗਾਰਡ ਫੇਰ ਬੋਲਿਆ," ਹੁਣ ਤਾਂ ਇਕ ਕਿਲੋਮੀਟਰ ਤੋਂ ਵੀ ਵੱਧ ਚੜ੍ਹ ਲਏ," ਦੁਖਦੀਆਂ ਪਿੰਜਣੀਆਂ ਨੂੰ ਪਲੋਸਦੇ ਅਸੀਂ ਹਾਮੀ ਭਰੀ ਪਰ ਗਾਈਡ ਦੇ ਤਿਰਸਕਾਰ ਤੋਂ ਬਚਣ ਲਈ ਚੜ੍ਹਦੇ ਰਹੇ। ਜੇਕਰ ਅਸੀਂ ਉਸ ਜ਼ਮਾਨੇ ਦੇ ਸਿਪਾਹਸਾਲਾਰ ਹੁੰਦੇ ਤਾਂ ਬਹਾਦਰ ਸ਼ਾਹ ਨੂੰ ਕਹਿੰਦੇ, "ਛੱਡੋ ਮੀਆਂ, ਕਿੱਥੇ ਦਿੱਲੀ ਦੇ ਮਹਿਲਾਂ ਨੂੰ ਛੱਡ ਕੇ ਜੰਗਲ ਬੀਆਬਾਨ ਵਿਚ ਸਾਨੂੰ ਫਸਾਉਂਦੇ ਹੋ। ਸਾਡੀ ਤਾਂ ਉਂਜ ਹੀ ਜਾਨ ਨਿੱਕਲੀ ਜਾ ਰਹੀ ਹੈ।"

ਉਸੇ ਵੇਲੇ ਗਾਈਡ ਬੋਲਿਆ," ਵੇਖੋ, ਕਿਲੇ ਦੀਆਂ ਪੌੜੀਆਂ ਸ਼ੁਰੂ ਹੋ ਗਈਆਂ ਹਨ।" ਅਸੀਂ ਵੇਖਿਆ ਕੁਝ ਪੱਥਰ ਜਿਹੇ ਪਗਡੰਡੀ ਤੇ ਗੱਡੇ ਨਜ਼ਰ ਆਏ।

" ਪਰ ਕਿਲਾ ਕਿੱਥੇ ਹੈ ?" ਅਸੀਂ ਫੇਰ ਪੁੱਛਿਆ।

" ਬੱਸ ਆਉਣ ਵਾਲਾ ਹੈ।" ਗਾਈਡ ਨਿਸ਼ਚਿੰਤ ਹੋਕੇ ਬੋਲਿਆ।

ਕਰੀਬ-ਕਰੀਬ ਦਸ ਕਦਮ ਚੱਲ ਕੇ ਉਹ ਪੱਧਰੀ ਜਿਹੀ ਜ਼ਮੀਨ ਤੇ ਪਹੁੰਚ ਕੇ ਰੁਕ ਗਿਆ," ਕਿਲਾ ਇਸ ਜਗ੍ਹਾ ਸੀ।"

ਵਰਤਮਾਨ 'ਹੈ' ਨੂੰ ਭੂਤਕਾਲ 'ਸੀ' ਵਿਚ ਬਦਲਦੇ ਵੇਖ ਕੇ ਮਨ ਕੁਝ ਡੋਲਿਆ, ਇਕ ਅਨਜਾਣੇ ਖਦਸ਼ੇ ਤੋਂ ਭੈਅ ਲੱਗਾ। ਥੋੜ੍ਹਾ ਉਪਰ ਚੜ੍ਹ ਕੇ ਗਾਈਡ ਦੇ ਕੋਲ ਆਕੇ ਵੇਖਿਆ..... ਠੈਂਗਾ।

ਕੁਝ ਵੀ ਨਹੀਂ ਸੀ। ਬਿਲਕੁਲ, ਕੁਝ ਵੀ ਨਹੀਂ।

" ਕੁਝ ਵੀ ਨਹੀਂ ਕਿਵੇਂ ਸਾਹਿਬ," ਗਾਈਡ ਵਿਗੜ ਗਿਆ।

" ਤੁਸੀਂ ਜਿੱਥੇ ਖੜ੍ਹੇ ਹੋ ਉਥੇ ਦੀਵਾਰ ਸੀ ਜੋ ਉਸ ਦੂਰ ਤੱਕ ਗਈ ਹੈ।"

ਵੇਖਿਆ ਦੂਰ ਇਕ ਹਲਕੀ ਜਿਹੀ ਲਕੀਰ ਨਜ਼ਰ ਆਈ ਜੋ ਸ਼ਾਇਦ ਕਦੀ ਕਿਲੇ ਦੀ ਸੀਮਾ ਰਹੀ ਹੋਵੇਗੀ। ਹੋਰ ਧਿਆਨ ਨਾਲ ਵੇਖਣ ਤੇ ਇਕ ਪੱਥਰਾਂ ਨਾਲ ਪੂਰਿਆ ਖੂਹ ਜਿਹਾ ਵੀ ਨਜ਼ਰ ਆਇਆ। ਕਿਲੇ ਦਾ ਆਕਾਰ ਤਕਰੀਬਨ ਦੋ ਏਕੜ ਰਿਹਾ ਹੋਵੇਗਾ।

ਕਿਲੇ ਦੇ ਬਾਹਰ ਦੀ ਚਾਰਦੀਵਾਰੀ ਦਾ ਕੁਝ ਬਚਿਆ-ਖੁਚਿਆ ਹੀ ਨਜ਼ਰ ਆਇਆ ਜਿਨ੍ਹਾਂ ਦਾ ਘੇਰਾ ਘੱਟੋ-ਘੱਟ ਪੰਜ ਏਕੜ ਰਿਹਾ ਹੋਵੇਗਾ। ਹੋਰ ਸੋਚਣ ਨਾਲ ਗੱਲ ਸਮਝ ਵਿਚ ਆਈ ਕਿ ਬੰਦਾ ਬਹਾਦਰ ਨੇ ਐਨੀ ਦੁਰਗਮ ਪਹਾੜੀ ਤੇ ਆਪਣਾ ਕਿਲਾ ਕਿਉਂ ਬਣਾਇਆ। ਉਸ ਜ਼ਮਾਨੇ ਵਿਚ 1710 ਈਸਵੀ ਮਤਲਬ ਲਗਭਗ ਤਿੰਨ ਸੌ ਸਾਲ ਪਹਿਲਾਂ ਅੱਵਲ ਤਾਂ ਇਸ ਥਾਂ ਬਾਰੇ ਕੋਈ ਜਾਣਦਾ ਨਹੀਂ ਹੋਵੇਗਾ। ਜੇ ਜਾਣਦਾ ਵੀ ਤਾਂ ਉਸ ਹਿੰਸਕ ਜੰਗਲੀ ਜਾਨਵਰਾਂ ਨਾਲ ਭਰੇ ਜੰਗਲਾਂ ਅਤੇ ਨਦੀਆਂ ਨੂੰ ਲੰਘ ਕੇ ਕਿਲੇ ਤੱਕ ਪਹੁੰਚਣਾ ਹੀ ਬੜਾ ਮੁਸ਼ਕਲ ਹੁੰਦਾ। ਕਿਲੇ ਤੋਂ ਹੇਠਾਂ ਵੇਖਿਆ ਤਾਂ ਦਸ ਕਦਮ ਬਾਦ ਹੀ ਪਗਡੰਡੀ ਵੀ ਜੰਗਲ ਵਿਚ ਅਲੋਪ ਹੁੰਦੀ ਨਜ਼ਰ ਆਈ। ਵਾਹ ਬਈ ਬੰਦਾ ਬਹਾਦਰ, ਅਸੀਂ ਉੱਥੇ ਹੀ ਉਸ ਨੂੰ ਮੱਥਾ ਟੇਕ ਦਿੱਤਾ।

ਹੇਠਾਂ ਗੁਰਦੁਆਰੇ ਵਿਚ ਆਕੇ ਇਕ ਵਾਰੀ ਫੇਰ ਉਨ੍ਹਾਂ ਨੂੰ ਨਮਸਕਾਰ ਕੀਤਾ ਅਤੇ ਬੇਨਤੀ ਕੀਤੀ ਕਿ ਆਪਣੀ ਜੀਵਨੀ ਬਾਰੇ ਸਾਨੂੰ ਕੁਝ ਵਿਸਤਾਰ ਨਾਲ ਦੱਸਣ। ਜਾਂ ਫਿਰ ਜਦੋਂ ਅਸੀਂ ਲਿਖਣਾ ਸ਼ੁਰੂ ਕਰੀਏ ਤਾਂ ਉਹ ਸਿੱਧੇ ਸਾਡੀ ਕਲਮ ਵਿਚ ਹੀ ਪਹੁੰਚ ਜਾਣ।

ਵਾਪਸ ਮੁੜਦਿਆਂ ਵੀ ਛੋਟਾ-ਮੋਟਾ ਰੋਮਾਂਚ ਹੋ ਹੀ ਗਿਆ। ਥੱਕੇ-ਹਾਰੇ ਦੋਬਾਰਾ ਨੀਮ ਪਹਾੜੀ ਇਲਾਕਿਆਂ ਦੀਆਂ ਸੜਕਾਂ ਤੇ ਸੂਮੋ ਵਿਚ ਵਾਪਸ ਚੱਲੇ। ਥੋੜੀ ਹੀ ਦੂਰ ਜਾਕੇ ਸੜਕ ਦੇ ਕਿਨਾਰੇ ਇਕ ਪਹਾੜੀ ਪਰਿਵਾਰ ਦਿੱਸਿਆ। ਪਤੀ ਪਤਨੀ ਲੱਗਦਾ ਸੀ ਕਿਸੇ ਪਿੰਡ ਵਿਚੋਂ ਨਿਕਲੇ ਹਨ ਅਤੇ ਇਕ ਦਿਨ ਦੀ ਛੁਟੀ ਮਨਾਉਣ ਚੰਡੀਗੜ੍ਹ ਵੱਲ ਜਾ ਰਹੇ ਹਨ। ਗੋਦੀ ਇਕ ਬੱਚਾ, ਨਾਲ ਵੀ ਦੋ-ਤਿੰਨ ਬੱਚੇ ਅਤੇ ਕੁਝ ਅੱਗੇ ਚੱਲਦੇ ਹੋਏ ਹੋਰ ਦੋ ਬੱਚੇ ਨਜ਼ਰ ਆਏ। ਬੱਚੇ ਪਹਿਲਾਂ ਤਾਂ ਜ਼ਰੂਰ ਉਤਸ਼ਾਹ ਵਿਚ ਨਿੱਕਲੇ ਹੋਣਗੇ ਪਰ ਗਰਮੀ ਵਿਚ ਅਤੇ ਧੁੱਪ ਵਿਚ ਕੁਝ ਦੇਰ ਚੱਲਦੇ ਹੋਏ ਉਤਸ਼ਾਹ ਖਤਮ ਹੋ ਗਿਆ ਲੱਗਦਾ ਸੀ। ਸਭ ਤੋਂ ਅੱਗੇ ਦੀ ਬੱਚੀ ਕਰੀਬ ਗਿਆਰਾਂ ਸਾਲ ਦੀ ਹੋਵੇਗੀ ਅਤੇ ਆਪਣਾ ਸਭ ਤੋਂ ਵਧੀਆ ਰੇਸ਼ਮ ਦਾ ਸਲਵਾਰ ਸੂਟ ਪਾਕੇ ਅੱਗੇ-ਅੱਗੇ ਚੱਲ ਰਹੀ ਸੀ। ਸਿਰ ਤੇ ਚਮਕਦਾਰ ਸੰਤਰੀ ਰੰਗ ਦਾ ਦੁਪੱਟਾ ਅਤੇ ਦਹਿਕਦਾ ਰੰਗ, ਪਰ ਮੱਥੇ ਤੇ ਸ਼ਿਕਨ ਅਤੇ ਵੱਗਦਾ ਪਸੀਨਾ। ਉਸਨੇ ਸਾਨੂੰ ਇਕ

ਨਜ਼ਰ ਵੇਖਿਆ। ਉਸ ਨਿਗਾਹ ਵਿਚ ਥਕਾਨ ਸੀ, ਪ੍ਰੇਸ਼ਾਨੀ ਸੀ, ਗਿਆਰਾਂ ਸਾਲ ਦੀ ਉਮਰ ਦਾ ਉਤਸ਼ਾਹ ਅਤੇ ਇਕ ਟੁੱਟਦੀ ਜਿਹੀ ਆਸ, ਕਿ ਸ਼ਾਇਦ ਇਹ ਗੱਡੀ ਸਾਨੂੰ ਬਿਠਾ ਹੀ ਲਵੇ। ਬੱਸ ਉਸ ਇਕ ਨਜ਼ਰ ਨੇ ਸਾਨੂੰ ਇਕਦਮ ਝੰਜੋੜ ਦਿੱਤਾ। ਡਰਾਈਵਰ ਨੇ ਤਿਰਸਕਾਰ ਨਾਲ ਇਸ ਪਰਿਵਾਰ ਨੂੰ ਵੇਖਿਆ ਲੇਕਿਨ ਅਸੀਂ ਉਸ ਨੂੰ ਸਖ਼ਤੀ ਨਾਲ ਗੱਡੀ ਰੋਕਣ ਦਾ ਹੁਕਮ ਦਿੱਤਾ। ਸਾਰੇ ਬੱਚੇ ਅਤੇ ਪਤੀ-ਪਤਨੀ ਸੂਮੋ ਦੀਆਂ ਪਿਛਲੀਆਂ ਸੀਟਾਂ ਤੇ ਡੱਟ ਗਏ ਅਤੇ ਸਭ ਤੋਂ ਛੋਟਾ ਬੱਚਾ ਸਾਡੇ ਸਿਰ ਤੇ ਆ ਬਿਰਾਜਮਾਨ ਹੋਇਆ। ਸੋਚਿਆ ਸੀ ਥੋੜੀ ਦੇਰ ਦੀ ਗੱਲ ਹੈ, ਪਰ ਜਦੋਂ ਚੰਡੀਗੜ੍ਹ ਪਹੁੰਚ ਕੇ ਬੱਚਾ ਸਾਡੇ ਸਿਰ ਅਤੇ ਮੋਢਿਆਂ ਤੋਂ ਉੱਤਰਿਆ ਤਾਂ ਦਰਦ ਦੇ ਮਾਰੇ ਅੱਖਾਂ ਤਿਰਛੀਆਂ ਹੋ ਗਈਆਂ ਸਨ। ਅਸੀਂ ਕਸਮ ਖਾਧੀ ਕਿ ਅੱਗੇ ਤੋਂ ਐਨੇ ਵੱਡੇ ਪਰਿਵਾਰ ਨੂੰ (ਰੱਬ ਉਨ੍ਹਾਂ ਦਾ ਭਲਾ ਕਰੇ) ਕਦੀ ਲਿਫ਼ਟ ਨਹੀਂ ਦੇਵਾਂਗੇ।

ਘਰ ਪਹੁੰਚ ਕੇ ਡਰਦੇ ਮਾਰੇ ਪਤਨੀ ਨੂੰ ਨਹੀਂ ਦੱਸਿਆ ਕਿ ਲਿਫ਼ਟ ਦਿੱਤੀ ਸੀ ਅਤੇ ਮੋਢਾ ਦਰਦ ਕਰ ਰਿਹਾ ਹੈ, ਨਹੀਂ ਕੁਝ ਹੋਰ ਡਾਂਟ ਪੈ ਜਾਂਦੀ। ਕੀ ਲੋੜ ਸੀ ਫਾਲਤੂ ਪੰਗੇ ਲੈਣ ਦੀ? ਖੈਰ, ਅਸੀਂ ਗੱਲ-ਬਾਤ ਦੇ ਦੌਰਾਨ ਦੱਸਿਆ ਕਿ ਨਦੀ ਦੇ ਸੁੱਕੇ ਤਲ ਅਤੇ ਕਿਨਾਰੇ ਤੇ ਬੜੇ ਸੋਹਣੇ ਗੋਲ-ਗੋਲ ਪੱਥਰ ਨਜ਼ਰ ਆ ਰਹੇ ਸਨ। ਡਾਂਟ ਤਾਂ ਪੈਣੀ ਹੀ ਸੀ, ਇਹ ਮੌਕਾ ਮਿਲ ਗਿਆ। ਕਿਉਂ ਨਹੀਂ ਲੈ ਕੇ ਆਏ ਦੋ ਪੱਥਰ? ਤੁਹਾਨੂੰ ਪਤਾ ਹੈ ਕਿ ਵਿਸ਼ਨੂੰ ਨੂੰ ਸਿਲ ਤੇ ਚਟਨੀ ਬਣਾਉਣ ਵਿਚ ਕਿੰਨੀ ਪ੍ਰੇਸ਼ਾਨੀ ਹੁੰਦੀ ਹੈ? ਐਨੀ ਦੂਰ ਗਏ ਵੀ ਪਰ ਇਕ ਵੀ ਚੱਜ ਦਾ ਕੰਮ ਨਹੀਂ ਕਰਕੇ ਆਏ।

ਦੇਵਤਿਆਂ ਨੂੰ ਨਮਸਕਾਰ ਕਰਕੇ ਅਸੀਂ ਇਹ ਵੀ ਸਹਿ ਲਿਆ। ਬੰਦਾ ਬਹਾਦਰ ਕੁਝ ਤਾਂ ਜ਼ਰੂਰ ਖੁਸ਼ ਹੋਏ ਹੋਣਗੇ ਕਿਉਂਕਿ ਲਿਖਦੇ-ਲਿਖਦੇ ਉਨ੍ਹਾਂ ਦੀ ਜੀਵਨੀ ਕਲਮ ਵਿਚ ਸਮਾਉਂਦੀ ਗਈ ਅਤੇ ਆਸਾਨੀ ਨਾਲ ਪੰਨਿਆਂ ਤੇ ਉੱਤਰਦੀ ਚਲੀ ਗਈ।